
**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets

Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
rajsshergill@yahoo.com

Raj Shergill
Associate Broker



Twenty First Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 13, March 28, 2020 20451 N. Plum Grove Rd., Palatine, IL 60074 Ph:847-359-0746, Fax:847-705-9388


## ਕਰੋਨਾ ਨੇ ਮਹਾਮਾਰੀ ਦਾ ਰੂਪ ਧਾਰਿਆ

### ਭਾਰਤ ਅਤੇ ਪੰਜਾਬ ਵਿਚ ਵੀ ਮਰੀਜ਼ਾਂ ਦੀ ਗਿਣਤੀ ਵਧਣ ਲੱਗੀ

**ਚੰਡੀਗੜ੍ਹ:** ਚੀਨ ਵਿਚ ਪੈਦਾ ਹੋਏ ਕਰੋਨਾ ਵਾਇਰਸ ਨੇ ਪੂਰੀ ਦੁਨੀਆਂ ਵਿਚ ਹਾਹਾਕਾਰ ਮਚਾ ਦਿੱਤੀ ਹੈ। ਹੁਣ ਤੱਕ ਇਹ ਰੋਗ ਸੰਸਾਰ ਦੇ 190 ਤੋਂ ਵੱਧ ਦੇਸ਼ਾਂ ਵਿਚ ਫੈਲ ਚੁੱਕਾ ਹੈ ਅਤੇ ਹਜ਼ਾਰਾਂ ਜਾਨਾਂ ਜਾ ਚੁੱਕੀਆਂ ਹਨ। ਇਕੱਲੇ ਯੂਰਪ ਵਿਚ 6 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਜਾਨ ਗਈ ਹੈ ਅਤੇ ਹੁਣ ਇਸ ਦਾ ਮੁੱਖ ਪ੍ਰਭਾਵ ਇਟਲੀ, ਸਪੇਨ ਅਤੇ ਜਰਮਨੀ ਵਿਚ ਦੇਖਿਆ ਜਾ ਰਿਹਾ ਹੈ।

ਹੁਣ ਦੁਨੀਆਂ ਦਾ ਕੋਈ ਵੀ ਉਪ-ਮਹਾਂਦੀਪ ਇਸ ਵਾਇਰਸ ਦੀ ਮਾਰ ਤੋਂ ਬਾਹਰ ਨਹੀਂ ਹੈ। ਇਸ ਸਮੇਂ ਇਹ ਵਾਇਰਸ ਭਾਰਤ ਵਿਚ ਵੱਡੇ ਪੱਧਰ ਉਤੇ ਫੈਲ ਰਿਹਾ ਹੈ। ਭਾਰਤ ਸਰਕਾਰ ਨੇ ਪੂਰੇ ਮੁਲਕ ਦੀ 21 ਦਿਨਾਂ (14 ਅਪਰੈਲ ਤੱਕ) ਲਈ ਤਾਲਾਬੰਦੀ ਕਰ ਦਿੱਤੀ ਗਈ ਹੈ। ਹਾਲਾਂਕਿ ਪੰਜਾਬ ਨੇ ਮੋਦੀ ਸਰਕਾਰ ਦੇ ਇਸ ਐਲਾਨ ਤੋਂ ਪਹਿਲਾਂ ਹੀ ਸੂਬੇ ਵਿਚ ਕਰਫਿਊ ਲਾ ਦਿੱਤਾ। ਪੰਜਾਬ ਸਮੇਤ ਪੂਰੇ ਮੁਲਕ ਦੇ ਲੋਕ ਘਰਾਂ ਵਿਚ ਕੈਦ ਹਨ। ਪੰਜਾਬ ਸਰਕਾਰ ਨੇ ਕੇਂਦਰ ਕੋਲ ਪਹੁੰਚ ਕਰਕੇ ਖਦਸ਼ਾ ਜਤਾਇਆ ਹੈ ਕਿ ਸੂਬੇ ਨੂੰ ਇਸ ਜਾਨਲੇਵਾ ਵਾਇਰਸ ਦੀ ਸਭ ਤੋਂ ਵੱਧ ਮਾਰ ਪੈ ਸਕਦੀ ਹੈ, ਕਿਉਂਕਿ ਪਿਛਲੇ ਇਕ-ਦੋ ਮਹੀਨਿਆਂ ਤੋਂ ਸੂਬੇ ਵਿਚ 80 ਹਜ਼ਾਰ ਦੇ ਨੇੜੇ ਲੋਕ ਹੋਰਾਂ ਦੇਸ਼ਾਂ ਵਿਚੋਂ ਪੁੱਜੇ ਹਨ ਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਸਰਕਾਰ ਦੇ ਸੰਪਰਕ ਵਿਚ ਨਾ ਆ ਕੇ ਲੁਕੇ ਹੋਏ ਹਨ।

ਇਹ ਲੋਕ ਵੱਡੇ ਪੱਧਰ ਉਤੇ ਬਿਮਾਰੀ ਫੈਲਾ ਸਕਦੇ ਹਨ। ਇਸੇ ਨੂੰ ਮੁੱਖ ਰੱਖ ਕੇ ਪੰਜਾਬ ਵਿਚ ਕਰਫਿਊ ਲਾਉਣਾ ਪਿਆ, ਪਰ ਇਸ ਸਖਤੀ ਤੋਂ ਬਾਅਦ ਜੋ ਹਾਲਾਤ ਬਣ ਰਹੇ ਹਨ, ਉਹ ਮਹਾਮਾਰੀ ਤੋਂ ਵੀ ਡਰਾਉਣੇ ਹਨ। ਇਕ ਪਾਸੇ ਬਿਮਾਰੀ ਦੇ ਨਾਲ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ; ਦੂਸਰੇ ਪਾਸੇ ਇਸ ਤੋਂ ਪੈਦਾ ਹੋਇਆ ਸਹਿਮ ਲੋਕਾਂ ਨੂੰ ਹੋਰ ਡਰਾ ਰਿਹਾ ਹੈ। ਘਰਾਂ ਵਿਚ ਡੱਕੇ ਲੋਕਾਂ ਨੂੰ ਖਾਣ-ਪੀਣ ਦਾ ਸਾਮਾਨ, ਦਵਾਈਆਂ ਅਤੇ ਜ਼ਰੂਰਤ ਦੀਆਂ ਵਸਤਾਂ ਦੀ ਵੱਡੀ ਕਿੱਲਤ ਆ ਰਹੀ ਹੈ। ਰੋਜ਼ ਕਮਾਓ-ਰੋਜ਼ ਖਾਓ ਵਾਲੇ, ਛੋਟੇ ਦੁਕਾਨਦਾਰ, ਫੜ੍ਹੀਆਂ ਵਾਲੇ, ਰਿਕਸ਼ਿਆਂ-ਰੇਹੜੀਆਂ ਵਾਲੇ, ਮਜ਼ਦੂਰ ਤੇ ਕੱਚੇ ਮੁਲਾਜ਼ਮ ਇਸ ਆਰਥਿਕ ਮੰਦੀ ਦੀ ਮਾਰ ਹੇਠ ਦਬਣ ਵੱਲ ਵਧ ਰਹੇ ਹਨ। ਛੋਟੇ ਅਤੇ ਦਰਮਿਆਨੇ ਕਾਰੋਬਾਰ ਠੱਪ ਹੋ ਰਹੇ ਹਨ। ਸਭ ਤੋਂ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਵੀ ਅਜਿਹੇ ਲੋਕਾਂ ਲਈ ਰਾਹਤ ਦਾ ਐਲਾਨ ਕਰਨ ਤੋਂ ਭੱਜ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ 2 ਵਾਰ ਰਾਸ਼ਟਰ ਨੂੰ ਸੰਬੋਧਨ ਕਰਨ ਦੇ ਬਾਵਜੂਦ ਉਨ੍ਹਾਂ ਦੇ ਮੂੰਹੋਂ ਅਜਿਹੇ ਲੋਕਾਂ ਲਈ ਰਾਹਤ ਦਾ ਕੋਈ ਬੋਲ ਨਹੀਂ ਨਿਕਲਿਆ। ਦੇਸ਼ ਵਿਚ ਵੱਡੇ ਵੱਡੇ ਹੋਟਲ, ਸ਼ਾਪਿੰਗ ਮਾਲਜ਼ ਅਤੇ ਕਾਰੋਬਾਰ ਦੇ ਹੋਰ ਕੇਂਦਰ ਬੰਦ ਕਰ ਦਿੱਤੇ ਗਏ ਅਤੇ ਕਈ ਲੋਕਾਂ ਨੂੰ ਨੌਕਰੀ ਤੋਂ ਜਵਾਬ ਮਿਲ ਗਿਆ ਹੈ।

*(ਬਾਕੀ ਸਫਾ 6 ਉਤੇ)*



### ਸਿੱਖ ਭਾਈਚਾਰਾ ਅੱਗੇ ਆਇਆ

ਕਰੋਨਾ ਵਾਇਰਸ ਕਾਰਨ ਪੈਦਾ ਹੋਈ ਬਿਪਤਾ ਵਿਚ ਸਿੱਖ ਭਾਈਚਾਰਾ ਆਲਮੀ ਪੱਧਰ ਉਤੇ ਮਦਦ ਲਈ ਅੱਗੇ ਆਇਆ ਹੈ। ਇੰਗਲੈਂਡ, ਕੈਨੇਡਾ ਸਮੇਤ ਕਈ ਦੇਸ਼ਾਂ ਵਿਚ ਸਿੱਖਾਂ ਨੇ ਘਰਾਂ ਵਿਚ ਡੱਕੇ ਲੋਕਾਂ ਲਈ ਖਾਣਾ ਪਹੁੰਚਾਉਣ ਦਾ ਜਿੰਮਾ ਲਿਆ ਹੈ। ਇਸ ਤੋਂ ਇਲਾਵਾ ਭਾਰਤ ਵਿਚ ਵੀ ਭਾਈਚਾਰੇ ਵੱਲੋਂ ਵੱਡੇ ਪੱਧਰ ਉਤੇ ਲੋਕ ਸੇਵਾ ਕੀਤੀ ਜਾ ਰਹੀ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਮ ਸੰਦੇਸ਼ ਜਾਰੀ ਕਰਕੇ ਬਿਪਤਾ ਮਾਰਿਆਂ ਦੀ ਮਦਦ ਲਈ ਅੱਗੇ ਆਉਣ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਨੇ ਪੀੜਤ ਲੋਕਾਂ ਲਈ ਆਪਣੀਆਂ ਸਰਾਵਾਂ ਵਰਤਣ ਦੀ ਇਜਾਜ਼ਤ ਦੇਣ ਤੋਂ ਇਲਾਵਾ ਹਰ ਮਦਦ ਦਾ ਭਰੋਸਾ ਦਿੱਤਾ ਹੈ। ਦਿੱਲੀ ਗੁਰਦੁਆਰਾ ਕਮੇਟੀ ਨੇ ਦਿੱਲੀ ਸਰਕਾਰ ਨੂੰ ਮਦਦ ਦੀ ਪੇਸ਼ਕਸ਼ ਕੀਤੀ ਹੈ।

## ਪਰਵਾਸੀ ਪੰਜਾਬੀਆਂ ਦੀ ਆਮਦ ਕਾਰਨ ਦਹਿਸ਼ਤ

**ਚੰਡੀਗੜ੍ਹ:** ਪੰਜਾਬ ਅੰਦਰ ਕਰੋਨਾ ਵਾਇਰਸ ਦਾ ਜ਼ਰੀਆ ਇਸ ਵੇਲੇ ਵਿਦੇਸ਼ਾਂ ਤੋਂ ਆਏ ਲੋਕ ਹੀ ਬਣੇ ਹੋਏ ਹਨ ਤੇ ਪਿਛਲੇ ਤਕਰੀਬਨ ਪੌਣੇ ਕੁ ਦੋ ਮਹੀਨੇ ਵਿਚ ਵਿਦੇਸ਼ਾਂ ਤੋਂ ਹਜ਼ਾਰਾਂ ਲੋਕ ਪੰਜਾਬ ਆਏ ਦੱਸੇ ਜਾਂਦੇ ਹਨ।



ਹੁਣ ਤੱਕ ਚੰਡੀਗੜ੍ਹ, ਮੁਹਾਲੀ ਤੇ ਬੰਗਾ ਖੇਤਰ 'ਚ ਸਾਹਮਣੇ ਆਏ ਕਰੋਨਾ ਵਾਇਰਸ ਦੇ ਪੀੜਤ ਵਿਦੇਸ਼ਾਂ ਵਿਚੋਂ ਆਏ ਲੋਕ ਹੀ ਹਨ ਜਾਂ ਉਹ ਵਿਅਕਤੀ ਹਨ ਜੋ ਵਿਦੇਸ਼ ਤੋਂ ਆਏ ਲੋਕਾਂ ਦੇ ਸੰਪਰਕ ਵਿਚ ਰਹੇ ਹਨ। ਪੰਚਾਇਤ ਵਿਭਾਗ ਨੇ ਪਿੰਡਾਂ ਦੇ ਸਰਪੰਚਾਂ ਨੂੰ ਆਨਲਾਈਨ ਤੇ ਵ੍ਹਟਸਐਪ ਉਤੇ ਹਦਾਇਤਾਂ ਕੀਤੀਆਂ ਹਨ ਕਿ ਉਹ ਆਪਣੇ ਪਿੰਡਾਂ ਵਿਚ ਵਿਦੇਸ਼ਾਂ ਤੋਂ ਆਉਣ ਵਾਲੇ ਵਿਅਕਤੀਆਂ 'ਤੇ ਨਜ਼ਰ ਰੱਖਣ ਤੇ ਇਨ੍ਹਾਂ ਬਾਰੇ ਤੁਰਤ ਸਿਹਤ ਅਤੇ ਪੁਲਿਸ ਵਿਭਾਗ ਨੂੰ ਸੂਚਿਤ ਕਰਨ। ਅਜਿਹਾ ਨਾ ਕਰਨ 'ਤੇ ਧਾਰਾ 188 ਤਹਿਤ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਇਟਲੀ, ਜਰਮਨੀ, ਸਵਿਟਜ਼ਰਲੈਂਡ, ਡੈਨਮਾਰਕ ਸਮੇਤ ਹੋਰ ਯੂਰਪੀ ਦੇਸ਼ਾਂ 'ਚੋਂ ਵੱਡੀ ਗਿਣਤੀ ਪਰਵਾਸੀ ਪੰਜਾਬੀ ਪਿਛਲੇ ਦੋ ਮਹੀਨਿਆਂ ਤੋਂ ਆਪਣੇ ਪਿੰਡਾਂ

*(ਬਾਕੀ ਸਫਾ 6 ਉਤੇ)*

### ਪਰਵਾਸੀਆਂ ਦਾ ਮਜ਼ਾਕ ਨਾ ਉਡਾਇਆ ਜਾਵੇ: ਜਥੇਦਾਰ


**ਤਲਵੰਡੀ ਸਾਬੋ:** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਆਪਣੇ ਰਿਸ਼ਤੇਦਾਰਾਂ ਕੋਲ ਭਾਰਤ ਆਏ ਪਰਵਾਸੀਆਂ ਦਾ ਮਜ਼ਾਕ ਨਾ ਉਡਾਇਆ ਜਾਵੇ ਤੇ ਉਨ੍ਹਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੁਨੀਆਂ ਭਰ ਵਿਚ ਬਹੁਤ ਸਾਰਾ ਸਿੱਖ ਭਾਈਚਾਰਾ ਵਸਦਾ ਹੈ ਤੇ ਕਈ ਅਜਿਹੇ ਮੁਲਕ ਹਨ, ਜਿਥੇ ਸਿੱਖ ਭਾਈਚਾਰਾ ਵੱਡੀ ਗਿਣਤੀ 'ਚ ਰਹਿ ਰਿਹਾ ਹੈ, ਉਨ੍ਹਾਂ ਮੁਲਕਾਂ ਵਿਚ ਕਰੋਨਾ ਵਾਇਰਸ ਕਾਰਨ ਵੱਡੀ ਆਫਤ ਆਈ ਹੋਈ ਹੈ। ਉਨ੍ਹਾਂ ਸਮੁੱਚੇ ਵਿਸ਼ਵ ਵਿਚ ਵਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਅਕਾਲ ਪੁਰਖ 'ਤੇ ਭਰੋਸਾ ਰੱਖਣ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਸਾਰੀ ਦੁਨੀਆਂ ਦੇ ਸਿੱਖਾਂ ਨਾਲ ਹਮਦਰਦੀ ਰੱਖਦਾ ਹੈ।


**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine

12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com







# ਕਰੋਨਾ ਦਾ ਸਹਿਮ: ਪੰਜਾਬ ਭਰ 'ਚ ਕਰਫਿਊ ਲਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਕਰੋਨਾ ਵਾਇਰਸ (ਕੋਵਿਡ-19) ਦੇ ਖਤਰੇ ਨੂੰ ਦੇਖਦਿਆਂ ਸਮੁੱਚੇ ਸੂਬੇ ਵਿਚ ਕਰਫਿਊ ਲਗਾ ਦਿੱਤਾ ਹੈ। ਕਰੋਨਾ ਵਾਇਰਸ ਦੀ ਮਹਾਮਾਰੀ ਦੇ ਮੱਦੇਨਜਰ ਲੋਕਾਂ ਨੂੰ ਘਰਾਂ ਅੰਦਰ ਹੀ ਰਹਿਣਾ ਯਕੀਨੀ ਬਣਾਉਣ ਲਈ ਇਹ ਫੈਸਲਾ ਲਿਆ ਗਿਆ ਹੈ। ਪੰਜਾਬ ਸਰਕਾਰ ਵਲੋਂ 23 ਮਾਰਚ ਤੋਂ 31 ਮਾਰਚ ਤੱਕ (ਲਾਕਡਾਊਨ) ਸਮੁੱਚੇ ਕਾਰੋਬਾਰ ਜ਼ਰੂਰੀ ਵਸਤਾਂ ਦੀ ਸਪਲਾਈ ਨੂੰ ਛੋਟ ਦੇ ਕੇ ਬੰਦ ਕਰਨ ਦਾ ਐਲਾਨ ਕੀਤਾ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਸਰਕਾਰ ਵਲੋਂ ਦਫਾ 144 ਦੇ ਹੁਕਮਾਂ ਨੂੰ ਲਾਗੂ ਕਰਨ 'ਚ ਪਰੇਸ਼ਾਨੀ ਆ ਰਹੀ ਸੀ ਤੇ ਲੋਕ ਸਥਿਤੀ ਦੀ ਗੰਭੀਰਤਾ ਨੂੰ ਸਮਝ ਨਹੀਂ ਸੀ ਰਹੇ। ਇਸ ਕਰਕੇ ਕਰਫਿਊ ਲਾਉਣ ਦਾ ਫੈਸਲਾ ਕੀਤਾ ਹੈ। ਤਾਜਾ ਹੁਕਮਾਂ ਮੁਤਾਬਕ ਡਿਪਟੀ ਕਮਿਸ਼ਨਰਾਂ ਮੌਕੇ ਦੀ ਨਜ਼ਾਕਤ ਮੁਤਾਬਕ ਫੈਸਲਾ ਲੈਣ ਤੇ ਕਾਨੂੰਨ ਮੁਤਾਬਕ ਕਾਰਵਾਈ ਦਾ ਅਧਿਕਾਰ ਦਿੱਤਾ ਗਿਆ ਹੈ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਵਿਸ਼ੇਸ਼ ਹਾਲਾਤਾਂ ਮੁਤਾਬਕ ਕਿਸੇ ਖਾਸ ਸਥਿਤੀ ਨੂੰ ਧਿਆਨ 'ਚ ਰੱਖਦਿਆਂ ਕਿਸੇ ਕਿਸਮ ਦੀ ਰਾਹਤ ਵਿਅਕਤੀ ਵਿਸ਼ੇਸ਼ ਨੂੰ ਦਿੱਤੀ ਜਾ ਸਕਦੀ ਹੈ।

ਡੀ.ਜੀ.ਪੀ. ਨੂੰ ਵਾਧੂ ਪੁਲਿਸ ਫੋਰਸ ਤਾਇਨਾਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਨਵਾਂ ਸ਼ਹਿਰ ਵਿਚ ਕਰੋਨਾ ਵਾਇਰਸ ਤੋਂ ਪ੍ਰਭਾਵਿਤ ਵਿਅਕਤੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ 14 ਹੈ। ਪਠਵਾਲਾ ਦੇ ਬਲਦੇਵ ਸਿੰਘ ਦੀ ਮੌਤ ਹੋਣ ਤੋਂ ਬਾਅਦ ਇਸ ਪਿੰਡ ਵਿਚ ਹੀ 10 ਦੇ ਕਰੀਬ ਵਿਅਕਤੀ ਕਰੋਨਾ ਵਾਇਰਸ ਤੋਂ ਪੀੜਤ ਸਾਹਮਣੇ ਆਏ ਹਨ। ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ 2, ਹੁਸ਼ਿਆਰਪੁਰ ਜ਼ਿਲ੍ਹੇ ਦੇ 2 ਅਤੇ ਮੁਹਾਲੀ ਜ਼ਿਲ੍ਹੇ ਦੇ 4 ਅਤੇ ਜਲੰਧਰ ਦੇ ਇਕ ਵਿਅਕਤੀਆਂ ਸਮੇਤ ਕੁੱਲ 25 ਜਣੇ ਇਸ ਸਮੇਂ ਹਸਪਤਾਲਾਂ ਵਿਚ ਇਲਾਜ ਅਧੀਨ ਹਨ। ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਖਤਰਨਾਕ ਵਾਇਰਸ ਤੋਂ ਪ੍ਰਭਾਵਿਤ ਵਿਅਕਤੀਆਂ ਦੀ ਗਿਣਤੀ ਵਧ ਸਕਦੀ ਹੈ।




ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਪਾਬੰਦੀ ਦੇ ਹੁਕਮਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਜ਼ਿਲ੍ਹਾ ਪ੍ਰਸ਼ਾਸਨ ਨੂੰ ਐਸੋਸੀਏਸ਼ਨ ਆਦਿ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਹੈ ਤਾਂ ਕਿ ਦੁੱਧ, ਭੋਜਨ, ਦਵਾਈਆਂ ਆਦਿ ਸਬਜ਼ੀਆਂ ਅਤੇ ਫਲਾਂ ਸਮੇਤ ਸਾਰੀਆਂ ਜ਼ਰੂਰੀ ਵਸਤਾਂ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਪੰਜਾਬ ਸਰਕਾਰ ਨੇ ਜ਼ਰੂਰੀ ਵਸਤੂਆਂ ਦੀ ਸੂਚੀ ਜਾਰੀ ਕੀਤੀ ਹੈ ਜੋ ਕਿ ਜ਼ਰੂਰੀ ਵਸਤੂਆਂ ਐਕਟ 1955 ਦੀਆਂ ਧਾਰਾਵਾਂ ਅਨੁਸਾਰ ਲਾਗੂ ਕੀਤੀ ਗਈ ਹੈ। ਜ਼ਰੂਰੀ ਚੀਜ਼ਾਂ ਵਿਚ ਮਾਸਕ ਅਤੇ ਸੈਨੇਟਾਈਜ਼ਰ ਸ਼ਾਮਲ ਹਨ। ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਕੁਝ ਸੇਵਾਵਾਂ ਨੂੰ ਜ਼ਰੂਰੀ ਸੇਵਾਵਾਂ ਐਲਾਨਿਆ ਗਿਆ ਹੈ। ਇਨ੍ਹਾਂ ਵਿਚ ਕਰਿਆਨੇ ਦੀ ਸਪਲਾਈ, ਪੀਣ ਵਾਲੇ ਪਦਾਰਥਾਂ ਦੀ ਸਪਲਾਈ, ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਸਪਲਾਈ, ਪੀਣ ਵਾਲੇ ਪਾਣੀ ਦੀ ਸਪਲਾਈ ਸ਼ਾਮਲ ਹੈ।

ਮੁੱਖ ਸਕੱਤਰ ਨੇ ਕਿਹਾ ਕਿ ਗੁਆਂਢੀਆਂ ਨੂੰ ਸੁਰੱਖਿਅਤ ਰੱਖਣ ਅਤੇ ਜਾਣਕਾਰੀ ਦੇਣ ਲਈ 'ਇਕਾਂਤਵਾਸ' ਵਿਅਕਤੀਆਂ ਦੇ ਘਰਾਂ ਦੇ ਬਾਹਰ ਸਟਿੱਕਰ ਚਿਪਕਾਇਆ ਜਾਣਾ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਲਾਜ਼ਮੀ ਕੁਆਰੰਟੀਨ ਤੋਂ ਪਹਿਲਾਂ ਆਏ ਲੋਕਾਂ ਨੂੰ ਸਿਹਤ ਟੀਮਾਂ ਨੂੰ ਹਰ ਰੋਜ਼ ਆਪਣੀ ਸਿਹਤ ਦੀ ਸਥਿਤੀ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਲੋੜ ਪੈਣ ਉਤੇ ਕੁਆਰੰਟੀਨ ਲਾਗੂ ਕਰਨਾ ਚਾਹੀਦਾ ਹੈ।

## ਸੁਖਬੀਰ ਬਾਦਲ ਵਲੋਂ ਪਰਵਾਸੀਆਂ ਦੀ ਮਦਦ ਲਈ ਪ੍ਰਧਾਨ ਮੰਤਰੀ ਨੂੰ ਅਪੀਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਰੋਨਾ ਵਾਇਰਸ ਕਾਰਨ ਵਿਦੇਸ਼ਾਂ ਵਿਚ ਫਸੇ ਪਰਵਾਸੀਆਂ ਅਤੇ ਬਾਕੀ ਪੰਜਾਬੀਆਂ ਦੀ ਮਦਦ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ।

ਸ੍ਰੀ ਬਾਦਲ ਨੇ ਭਾਰਤ ਸਰਕਾਰ ਨੂੰ ਵਿਦੇਸ਼ਾਂ ਵਿਚ ਸਾਰੇ ਭਾਰਤੀ ਮਿਸ਼ਨਾਂ ਅੰਦਰ ਖਾਸ ਕਰਕੇ ਕੈਨੇਡਾ, ਅਮਰੀਕਾ, ਇੰਗਲੈਂਡ, ਇਟਲੀ, ਸਪੇਨ, ਫਰਾਂਸ, ਜਰਮਨੀ ਵਿਚ ਪੰਜਾਬੀ ਪਰਵਾਸੀਆਂ ਲਈ ਹੈਲਪਲਾਈਨ ਨੰਬਰਾਂ ਵਾਲੇ ਸਪੈਸ਼ਲ ਸੈੱਲ ਸਥਾਪਤ ਕਰਨ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਮਿਡਲ ਈਸਟ ਵਿਚ ਵੱਡੀ ਗਿਣਤੀ ਸਿੱਖ ਰਹਿੰਦੇ ਹਨ, ਉਨ੍ਹਾਂ ਦੀ ਮਦਦ ਲਈ ਵਿਸ਼ੇਸ਼ ਸੈਲ ਕਾਇਮ ਕੀਤੇ ਜਾਣ। ਉਨ੍ਹਾਂ ਵਿਦੇਸ਼ ਮੰਤਰੀ ਨੂੰ ਵੀ ਪਰਵਾਸੀਆਂ ਦੀ ਘਰ ਵਾਪਸੀ ਯਕੀਨੀ ਬਣਾਉਣ ਲਈ ਅਪੀਲ ਕੀਤੀ ਹੈ।

## ਕੈਪਟਨ ਵਲੋਂ ਕਰੋਨਾ ਵਾਇਰਸ ਖਿਲਾਫ ਜੰਗ ਵਿੱਢਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਿਆਨਕ ਕਰੋਨਾ ਵਾਇਰਸ ਵਿਰੁੱਧ ਜੰਗੀ ਪੱਧਰ ਉਤੇ ਲੜਾਈ ਛੇੜਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਔਖੇ ਸਮੇਂ ਲਈ ਪੂਰੀ ਤਰ੍ਹਾਂ ਨਾਲ ਤਿਆਰ ਰਹਿਣਾ ਚਾਹੀਦਾ ਹੈ।



ਕੈਪਟਨ ਨੇ ਕੇਂਦਰ ਸਰਕਾਰ ਨੂੰ ਮਸ਼ਵਰਾ ਦਿੱਤਾ ਕਿ ਕਰੋਨਾ ਵਾਇਰਸ ਕਾਰਨ ਰੋਜ਼ੀ-ਰੋਟੀ ਤੋਂ ਮੁਥਾਜ਼ ਹੋਣ ਵਾਲੇ ਗਰੀਬ ਤਬਕੇ ਦੇ ਲੋਕਾਂ ਦੀ ਸਹਾਇਤਾ ਲਈ ਪੰਜਾਬ ਦੇ ਗੋਦਾਮਾਂ ਅੰਦਰ ਪਿਆ ਅਨਾਜ ਵੰਡਣ ਦੀ ਮਨਜ਼ੂਰੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰੀ ਖੁਰਾਕ ਨਿਗਮ ਨੇ ਸੂਬੇ ਵਿਚੋਂ 20 ਮਿਲੀਅਨ ਟਨ ਅਨਾਜ ਚੁੱਕਣਾ ਹੈ। ਇਸ ਔਖੇ ਸਮੇਂ ਵਿਚ ਲੋੜਵੰਦਾਂ ਦੀ ਮਦਦ ਲਈ ਅਨਾਜ ਵੰਡਣ ਦਾ ਫੈਸਲਾ ਕੇਂਦਰ ਸਰਕਾਰ ਉਤੇ ਨਿਰਭਰ ਕਰਦਾ ਹੈ। ਕਰੋਨਾ ਵਾਇਰਸ ਦੀ ਰੋਕਥਾਮ ਲਈ ਹੋਰ ਗੰਭੀਰ ਅਤੇ ਸਖਤ ਕਦਮ ਚੁੱਕਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਲੋਂ ਕਈ ਇਹਤਿਆਤੀ ਫੈਸਲੇ ਲਏ ਗਏ ਹਨ ਤੇ ਸੂਬੇ ਦੀ ਕਮਜ਼ੋਰ ਵਿੱਤੀ ਹਾਲਤ ਨੂੰ ਕਰੋਨਾਵਾਇਰਸ ਵਿਰੁੱਧ ਲੜਾਈ ਵਿਚ ਅੜਿੱਕਾ ਨਹੀਂ ਬਣਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਜਾਂਚ, ਇਕਾਂਤ 'ਚ ਰੱਖਣ ਤੇ ਇਲਾਜ ਸਹੂਲਤਾਂ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ।

# ਸਿਹਤਮੰਦ ਤੇ ਸਾਵਧਾਨ ਰਹਿ ਕੇ ਕਰੋਨਾ ਵਾਇਰਸ ਦੇ ਟਾਕਰੇ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਵਾਇਰਸ ਦੀ ਲਪੇਟ ਵਿਚ ਆਉਣ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਸਰਕਾਰ ਅਤੇ ਸੂਬੇ ਦੇ ਸਿਹਤ ਵਿਭਾਗ ਵਲੋਂ ਇਹਤਿਆਤ ਵਜੋਂ ਕਈ ਸਖਤ ਕਦਮ ਚੁੱਕੇ ਗਏ ਹਨ। ਇਸ ਹਾਲਾਤ ਵਿਚ ਮਾਹਿਰਾਂ ਵਲੋਂ ਵੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਅਫਵਾਹਾਂ ਤੋਂ ਬਚ ਕੇ ਇਸ ਬਿਮਾਰੀ ਦਾ ਟਾਕਰਾ ਕਰਨ ਦੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ।

ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਪ੍ਰੋ. ਸ਼ਿਆਮ ਸੁੰਦਰ ਦੀਪਤੀ ਦਾ ਕਹਿਣਾ ਹੈ ਕਿ ਬਿਮਾਰੀ ਤੋਂ ਬਚਣ ਲਈ ਸਭ ਤੋਂ ਪਹਿਲਾਂ ਜੀਵਨ ਸ਼ੈਲੀ ਵਿਚ ਤਬਦੀਲੀ ਕਰਨ ਜਾਂ ਕੁਝ ਸਿਹਤਮੰਦ ਢੰਗ ਅਪਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਵਾਇਰਸ ਹਵਾ ਰਾਹੀਂ ਨਹੀਂ ਫੈਲਦਾ। ਖਾਂਸੀ ਜਾਂ ਛਿੱਕ ਦੀਆਂ ਬੂੰਦਾਂ ਨਾਲ ਜਰਮ ਬਾਹਰ ਆਉਂਦੇ ਹਨ, ਇਸ ਲਈ ਮਾਸਕ ਦੀ ਲੋੜ ਲੱਛਣਾਂ ਵਾਲੇ ਵਿਅਕਤੀ ਨੂੰ ਹੈ, ਨਾ ਕਿ ਸਿਹਤਮੰਦ ਵਿਅਕਤੀ ਨੂੰ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਾਰਨ ਵਾਇਰਸ ਹੱਥ ਉੱਪਰ ਆ ਜਾਂਦੇ ਹਨ, ਜਿਥੇ ਉਹ 6 ਤੋਂ 12 ਘੰਟੇ ਜਿਊਂਦੇ ਰਹਿੰਦੇ ਹਨ ਅਤੇ ਉਸ ਦੌਰਾਨ ਤੁਸੀਂ ਕਿਸੇ ਮਸ਼ੀਨ ਜਾਂ ਸਾਮਾਨ ਨੂੰ ਇਸਤੇਮਾਲ ਕਰਦੇ ਹੋ, ਦਰਵਾਜ਼ਾ ਖੋਲ੍ਹਦੇ ਹੋ, ਕਿਸੇ ਨਾਲ ਹੱਥ ਮਿਲਾਉਂਦੇ ਹੋ ਤਾਂ ਤੁਸੀਂ ਉਹ ਜਰਮ ਫੈਲਾ ਰਹੇ ਹੁੰਦੇ ਹੋ। ਇਸੇ ਤਰ੍ਹਾਂ ਇਹ ਜਰਮ ਜੇਕਰ ਕਿਸੇ ਸਾਮਾਨ, ਦਰਵਾਜ਼ੇ ਜਾਂ ਕਿਸੇ ਹੋਰ ਅਜਿਹੀ ਥਾਂ ਉਤੇ ਪਹੁੰਚੇ ਹੋਏ ਹੋਣ ਤਾਂ ਕਿਸੇ ਵੀ ਤਰ੍ਹਾਂ ਦੇ ਸ਼ੱਕ ਦੀ ਸੂਰਤ ਵਿਚ ਉਸ ਥਾਂ/ਸਾਮਾਨ ਨੂੰ ਛੂਹਣ ਮਗਰੋਂ, ਉਸ ਹੱਥ ਨੂੰ ਆਪਣੇ ਨੱਕ, ਮੂੰਹ, ਅੱਖਾਂ ਤੋਂ ਬਚਾ ਕੇ ਰੱਖਿਆ ਜਾਵੇ ਅਤੇ ਫੌਰਨ ਹੱਥਾਂ ਨੂੰ ਸਾਬਣ ਨਾਲ ਧੋਇਆ ਜਾਵੇ। ਸਮਝਣ ਅਤੇ ਸੁਚੇਤ ਹੋਣ ਦੀ ਸਾਧਾਰਨ ਜਿਹੀ ਵਿਧੀ ਹੈ, ਛਿੱਕਣ ਦੀ ਸਿਹਤਮੰਦ ਕਲਾ ਸਿੱਖਣਾ ਅਤੇ ਹੱਥਾਂ ਨੂੰ ਸ਼ੱਕੀ ਥਾਂ ਦੇ ਛੋਹੇ ਜਾਣ ਮਗਰੋਂ ਸਾਬਣ ਨਾਲ ਧੋਣ ਨਾਲ ਬਿਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ। ਇਸ ਸਮੇਂ ਦੌਰਾਨ ਕਿਸੇ ਨਾਲ ਹੱਥ ਨਾ ਮਿਲਾਇਆ ਜਾਵੇ।

ਡਾ. ਕੇ.ਪੀ. ਸਿੰਘ ਦਾ ਕਹਿਣਾ ਹੈ ਕਿ ਘਰ ਵਿਚ ਰੋਜ਼ਾਨਾ ਇਸਤੇਮਾਲ ਹੋਣ ਵਾਲੀਆਂ ਵਸਤਾਂ ਜਿਵੇਂ ਦੁੱਧ, ਪਨੀਰ, ਦਹੀਂ, ਲੱਸੀ, ਸਬਜ਼ੀਆਂ, ਫਲ, ਦਾਲਾਂ, ਉਨ੍ਹਾਂ ਕਿਹਾ ਕਿ ਇਨ੍ਹਾਂ ਵਸਤਾਂ ਦੀ ਵਰਤੋਂ ਬਿਨਾਂ ਜ਼ਿੰਦਗੀ ਚੱਲ ਨਹੀਂ ਸਕਦੀ। ਇਸ ਲਈ ਲੋੜ ਡਰਨ ਦੀ ਨਹੀਂ ਸਗੋਂ ਇਹਤਿਆਤ ਵਰਤਣ ਦੀ ਹੈ। ਉਨ੍ਹਾਂ ਕਿਹਾ ਕਿ ਸਾਵਧਾਨੀ ਹਰ ਪਾਸਿਉਂ ਵਰਤੇ ਜਾਣ ਦੀ ਜ਼ਰੂਰਤ ਹੈ। ਇਸ ਵਾਇਰਸ ਤੋਂ ਪੀੜਤ ਵਿਅਕਤੀ ਜਰਮ ਨੂੰ ਜਿਸ ਜਗ੍ਹਾ ਉਤੇ ਵੀ ਛੱਡੇਗਾ, ਵਾਇਰਸ ਦੇ ਅੱਗੇ ਇਕ ਤੋਂ ਦੂਜੇ ਵਿਅਕਤੀ ਦੇ ਅੰਦਰ ਜਾਣ ਦਾ ਖਤਰਾ ਹੁੰਦਾ ਹੈ। ਇਸ ਲਈ ਇਨ੍ਹਾਂ ਖਤਰਿਆਂ ਦਾ ਟਾਕਰਾ ਸਿਹਤਮੰਦ ਅਤੇ ਸਾਵਧਾਨ ਰਹਿ ਕੇ ਹੀ ਕੀਤਾ ਜਾ ਸਕਦਾ ਹੈ।

ਡਾ. ਦੀਪਤੀ ਦਾ ਕਹਿਣਾ ਹੈ ਕਿ ਕਿਸੇ ਵੀ ਭੀੜ-ਭੜੱਕੇ ਵਾਲੇ ਇਲਾਕੇ ਦਾ ਹਿੱਸਾ ਬਣਨ ਤੋਂ ਪਰਹੇਜ਼ ਕੀਤਾ ਜਾਵੇ। ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਲੋਕਾਂ ਵਿਚ ਬਿਮਾਰੀ ਘਾਤਕ ਸਿੱਧ ਹੋਈ ਹੈ, ਉਨ੍ਹਾਂ ਵਿਚ 50 ਫੀਸਦੀ ਅਜਿਹੇ ਸਨ ਜਿਨ੍ਹਾਂ ਨੂੰ ਪਹਿਲਾਂ ਕੋਈ ਹੋਰ ਬਿਮਾਰੀ, ਜਿਵੇਂ ਦਿਲ ਦੀ ਬਿਮਾਰੀ, ਸ਼ੂਗਰ ਰੋਗ, ਦਮਾ ਜਾਂ ਸਾਹ ਦੀ ਬਿਮਾਰੀ ਆਦਿ ਸੀ; ਅਤੇ ਦੂਸਰੇ ਜੋ ਲੋਕ ਪ੍ਰਭਾਵਿਤ ਹੋਏ ਹਨ, ਉਹ 70 ਸਾਲ ਤੋਂ ਵੱਡੀ ਉਮਰ ਦੇ ਸਨ। ਇਸ ਲਈ ਖਾਸ ਤੌਰ ਉਤੇ ਅਜਿਹੇ ਲੋਕ ਇਕੱਠ ਵਾਲੀ ਥਾਂ ਤੋਂ ਦੂਰ ਰਹਿਣ। ਆਹਾਰ ਵਿਗਿਆਨੀ ਡਾ. ਸ਼ਰੁਤੀ ਸ਼ਰਮਾ ਦਾ ਕਹਿਣਾ ਹੈ ਕਿ ਇਸ ਬਿਮਾਰੀ ਤੋਂ ਬਚਣ ਲਈ ਸਭ ਤੋਂ ਵੱਧ ਜ਼ਰੂਰਤ ਪੌਸ਼ਟਿਕ ਖਾਣਾ ਖਾਣ ਦੀ ਹੈ। ਘਰ ਵਿਚ ਆਮ ਬਣਿਆ ਭਰ-ਪੇਟ ਖਾਣਾ ਖਾਓ। ਉਨ੍ਹਾਂ ਦੱਸਿਆ ਕਿ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਦੇ ਸਮਰੱਥ ਬਣਾਉਣ ਲਈ ਵਿਟਾਮਿਨ ਸੀ, ਬੀ ਅਤੇ ਡੀ ਲੋੜੀਂਦੀ ਮਾਤਰਾ ਵਿਚ ਜਾਂ ਇਨ੍ਹਾਂ ਵਿਟਾਮਿਨਾਂ-ਯੁਕਤ ਖਾਣਾ ਖਾਧਾ ਜਾਵੇ।

## ਸੁਖਬੀਰ ਤੇ ਹਰਸਿਮਰਤ ਵਲੋਂ ਹਸਪਤਾਲਾਂ ਨੂੰ ਫੰਡ ਦੇਣ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸਾਰੇ ਸੰਸਦ ਮੈਂਬਰਾਂ ਨੂੰ ਆਪੋ ਆਪਣੇ ਅਖਤਿਆਰੀ ਕੋਟੇ ਵਿਚੋਂ



ਕਰੋਨਾ ਵਾਇਰਸ ਵਿਰੁੱਧ ਲੜਾਈ ਲਈ ਲੋੜੀਂਦਾ ਮੈਡੀਕਲ ਸਾਜ਼ੋ-ਸਾਮਾਨ ਖਰੀਦਣ ਵਾਸਤੇ ਹਸਪਤਾਲਾਂ ਨੂੰ ਫੰਡ ਜਾਰੀ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕਿਆਂ ਫਿਰੋਜ਼ਪੁਰ ਅਤੇ ਬਠਿੰਡਾ ਦੇ ਸਾਰੇ ਹਸਪਤਾਲ ਇਸ ਮੰਤਵ ਲਈ ਫੰਡ ਹਾਸਲ ਕਰ ਸਕਣਗੇ।

ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਮੈਡੀਕਲ ਸਾਜ਼ੋ-ਸਾਮਾਨ ਅਤੇ ਟੈਸਟਿੰਗ ਕਿੱਟਾਂ ਦੀ ਕਮੀ ਦੀਆਂ ਰਿਪੋਰਟਾਂ ਆ ਰਹੀਆਂ ਹਨ। ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਹਸਪਤਾਲਾਂ ਨਾਲ ਸੰਪਰਕ ਕਰ ਸਕਦਾ ਹੈ ਅਤੇ ਵਿਸ਼ੇਸ਼ ਮੈਡੀਕਲ ਸਾਜ਼ੋ-ਸਾਮਾਨ ਲਈ ਲੋੜੀਂਦੇ ਫੰਡ ਉਨ੍ਹਾਂ ਦੇ ਅਖ਼ਤਿਆਰੀ ਕੋਟੇ ਵਿਚੋਂ ਜਾਰੀ ਕੀਤੇ ਜਾਣਗੇ। ਉਨ੍ਹਾਂ ਨੇ ਪੰਜਾਬ ਅਤੇ ਦੇਸ਼ ਦੇ ਬਾਕੀ ਸੰਸਦ ਮੈਂਬਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਸਰਕਾਰੀ ਹਸਪਤਾਲਾਂ ਲਈ ਫੰਡ ਜਾਰੀ ਕਰ ਕੇ ਇਸ ਮਹਾਂਮਾਰੀ ਖਿਲਾਫ ਲੜਾਈ ਵਿਚ ਯੋਗਦਾਨ ਪਾਉਣ।

ਉਨ੍ਹਾਂ ਕਿਹਾ ਕਿ ਸਾਰੇ ਚੁਣੇ ਹੋਏ ਨੁਮਾਇੰਦਿਆਂ ਅਤੇ ਜਨਤਾ ਵੀ ਨੂੰ ਇਸ ਕਾਰਜ ਵਿਚ ਸਹਾਇਤਾ ਕਰਨੀ ਚਾਹੀਦੀ ਹੈ ਤੇ ਇਹ ਰਾਹਤ ਕਾਰਜ ਤੁਰਤ ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾਂ ਐਸ.ਜੀ.ਪੀ.ਸੀ. ਨੂੰ ਵੀ ਅਪੀਲ ਕੀਤੀ ਕਿ ਉਹ ਮਾਸਕ ਅਤੇ ਸੈਨੇਟਾਈਜ਼ਰ ਵੰਡ ਕੇ ਇਸ ਕਾਰਜ ਵਿਚ ਆਪਣਾ ਯੋਗਦਾਨ ਪਾਉਣ।

## ਸੜਕ ਹਾਦਸਿਆਂ 'ਚ 10 ਫੀਸਦੀ ਕਮੀ ਆਈ

**ਨਵੀਂ ਦਿੱਲੀ:** ਲੋਕ ਸਭਾ ਵਿਚ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੇ ਪ੍ਰਸ਼ਨ ਕਾਲ ਦੌਰਾਨ ਜਾਣਕਾਰੀ ਦਿੱਤੀ ਕਿ ਸਖਤ ਆਵਾਜਾਈ ਨੇਮਾਂ ਕਾਰਨ ਦੇਸ਼ ਭਰ ਵਿਚ ਸੜਕ ਹਾਦਸਿਆਂ ਵਿਚ 10 ਫੀਸਦੀ ਕਮੀ ਆਈ ਹੈ। ਉਨ੍ਹਾਂ ਦੱਸਿਆ ਕਿ ਦਿੱਲੀ, ਉੱਤਰ ਪ੍ਰਦੇਸ਼, ਜੰਮੂ ਕਸ਼ਮੀਰ, ਆਂਧਰਾ ਪ੍ਰਦੇਸ਼ ਅਤੇ ਮਨੀਪੁਰ ਵਿਚ ਸੜਕ ਹਾਦਸਿਆਂ ਵਿਚ ਕਮੀ ਆਈ ਹੈ ਤੇ ਕੇਰਲਾ ਅਤੇ ਅਸਾਮ ਵਿਚ ਸੜਕ ਹਾਦਸਿਆਂ ਵਿਚ ਵਾਧਾ ਹੋਇਆ ਹੈ।


## ਕਰੋਨਾ ਵਾਇਰਸ ਨਾਲ ਨਜਿੱਠਣ ਦੇ ਨੁਕਤੇ...

ਕਰੋਨਾ ਵਾਇਰਸ ਨਾਲ ਆਲਮੀ ਮਹਾਮਾਰੀ ਵਰਗੀ ਹਾਲਤ ਬਣ ਜਾਣ ਕਾਰਨ ਇਸ ਬਿਮਾਰੀ ਪ੍ਰਤੀ ਜਾਗਰੂਕਤਾ ਘੱਟ ਤੇ ਡਰ ਵੱਧ ਹੈ। ਡਰਨਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦਾ। ਡਰ ਨਾਲ ਸਗੋਂ ਆਦਮੀ ਆਪਣਾ ਮਾਨਸਿਕ ਸੰਤੁਲਨ ਵਿਗਾੜ ਬੈਠਦਾ ਹੈ ਤੇ ਕਾਰਗਰ ਫੈਸਲੇ ਕਰਨ ਤੋਂ ਭਟਕ ਜਾਂਦਾ ਹੈ।

ਇਸ ਬਿਮਾਰੀ ਬਾਰੇ ਵਿਗਿਆਨਕ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

-ਬਿਮਾਰੀ ਖਾਂਸੀ/ਖੰਘ ਜਾਂ ਛਿੱਕ ਰਾਹੀਂ ਬਾਹਰ ਨਿਕਲਣ ਵਾਲੇ ਤਰਲ ਪਦਾਰਥ ਤੋਂ ਫੈਲਦੀ ਹੈ।

-ਇਸ ਤਰਲ ਪਦਾਰਥ ਵਿਚ ਵਾਇਰਸ ਹੁੰਦਾ ਹੈ ਜੋ ਸਿੱਧਾ ਤੁਹਾਡੇ ਮੂੰਹ ਉਤੇ (ਨੱਕ, ਅੱਖ, ਮੂੰਹ ਅੰਦਰ) ਪੈ ਕੇ ਫੈਲ ਸਕਦਾ ਹੈ ਜਾਂ ਕੋਈ ਅਜਿਹਾ ਕਣ, ਹੱਥਾਂ ਤੋਂ ਹੁੰਦਾ ਹੋਇਆ ਕਿਸੇ ਦਰਵਾਜ਼ੇ ਦੇ ਹੈਂਡਲ, ਸਵਿਚ-ਬਟਨ, ਪੌੜੀਆਂ ਦੀ ਰੇਲਿੰਗ ਉਤੇ ਲੱਗ ਕੇ, ਕਿਸੇ ਹੋਰ ਦੇ ਹੱਥਾਂ ਰਾਹੀਂ ਵੀ ਫੈਲ ਜਾਂਦਾ ਹੈ।



-ਸਰੀਰ ਵਿਚ ਦਾਖਲ ਹੋ ਕੇ ਇਹ ਗਲੇ, ਸਾਹ ਨਾਲੀ ਤੋਂ ਹੁੰਦਾ ਫੇਫੜਿਆਂ ਤਕ ਪਹੁੰਚਦਾ ਹੈ ਤੇ ਸੁੱਕੀ ਖਾਂਸੀ ਤੋਂ ਲੱਛਣ ਸ਼ੁਰੂ ਹੋ ਕੇ ਨਿਮੋਨੀਏ ਤੱਕ ਜਾਂਦੇ ਹਨ।

- ਜਿਸ ਕਿਸੇ ਨੂੰ ਵੀ ਖਾਂਸੀ/ਜ਼ੁਕਾਮ ਹੋਇਆ ਹੈ, ਭਾਵੇਂ ਉਹ ਕਿਸੇ ਵੀ ਕਾਰਨ ਹੈ, ਚਾਹੇ ਮੌਸਮ ਬਦਲਾਅ ਕਰਕੇ ਵੀ ਹੈ, ਉਹ ਸਾਵਧਾਨੀ ਵਰਤੇ।

-ਉਹ ਮਾਸਕ ਪਾ ਕੇ ਰੱਖੇ; ਰੁਮਾਲ, ਚੁੰਨੀ ਨਾਲ ਵੀ ਕੰਮ ਸਰ ਸਕਦਾ ਹੈ। ਇਹ ਸਾਰੇ ਇਕੋ ਜਿਹੇ ਅਸਰਦਾਰ ਹਨ।

-ਜੇ ਇਕੋ ਦਮ ਖਾਂਸੀ/ਛਿੱਕ ਆ ਜਾਂਦੀ ਹੈ ਤਾਂ ਉਹ ਆਪਣੀ ਕੂਹਣੀ, ਗੁੱਟ ਵਾਲੇ ਹਿੱਸੇ ਨੂੰ ਇਸਤੇਮਾਲ ਕਰੇ।

-ਜੇ ਆਦਤਨ ਹੱਥਾਂ ਦਾ ਇਸਤੇਮਾਲ ਹੋ ਜਾਂਦਾ ਹੈ ਤਾਂ ਉਨ੍ਹਾਂ ਹੱਥਾਂ ਨਾਲ ਕਿਸੇ ਸਾਮਾਨ, ਹੈਂਡਲ, ਬਟਨ, ਪੌੜੀਆਂ ਦੇ ਰੇਲਿੰਗ ਨੂੰ ਛੂਹਣ ਤੋਂ ਪਹਿਲਾਂ ਹੱਥਾਂ ਨੂੰ ਧੋਵੇ।

-ਹਾਲਤ ਗੰਭੀਰ ਹੋ ਜਾਵੇ ਤਾਂ ਹਸਪਤਾਲ ਪਹੁੰਚੇ।

-ਸ਼ੁਰੂ ਵਿਚ ਗਰਮ ਤਰਲ ਪਦਾਰਥਾਂ ਦਾ ਸੇਵਨ ਵੀ ਰਾਹਤ ਪਹੁੰਚਾਉਂਦਾ ਹੈ।

ਜੇ ਤੁਸੀਂ ਸਿਹਤਮੰਦ ਹੋ ਤਾਂ:

-ਕਿਸੇ ਖਾਂਸੀ ਵਾਲੇ ਸ਼ਖਸ ਤੋਂ ਦੂਰੀ ਬਣਾ ਕੇ ਰੱਖੋ।

-ਇਕੱਠ ਵਿਚ ਜਾਣ ਤੋਂ ਬਚੋ। ਜੇ ਜਾਣਾ ਹੀ ਪਵੇ ਤਾਂ ਰੁਮਾਲ, ਮਾਸਕ, ਚੁੰਨੀ ਜਾਂ ਕੁਝ ਵੀ ਅਜਿਹੀ ਚੀਜ਼ ਨਾਲ ਨੱਕ-ਮੂੰਹ ਨੂੰ ਢਕੋ।

-ਜੇਕਰ ਕਿਸੇ ਹੈਂਡਲ, ਬਟਨ ਜਾਂ ਰੇਲਿੰਗ ਦਾ ਇਸਤੇਮਾਲ ਕਰਨਾ ਪਵੇ ਤਾਂ ਉਨ੍ਹਾਂ ਹੱਥਾਂ ਨਾਲ ਆਪਣਾ ਨੱਕ-ਮੂੰਹ ਨਾ ਛੂਹੋ ਅਤੇ ਉਸ ਤੋਂ ਪਹਿਲਾਂ ਸਾਬਣ ਨਾਲ ਹੱਥ ਧੋਵੋ।

-ਪੌਸ਼ਟਿਕ ਖਾਣਾ ਭਰ-ਪੇਟ ਖਾਓ। ਰਸੋਈ ਵਿਚ ਇਸਤੇਮਾਲ ਹੋਣ ਵਾਲੀਆਂ ਰੋਜ਼ਮਰਾ ਵਸਤਾਂ ਹਲਦੀ, ਅਦਰਕ, ਲਸਣ, ਕਾਲੀ ਮਿਰਚ ਤੋਂ ਸਿਵਾ ਤੁਲਸੀ, ਸ਼ਹਿਦ, ਨਿੰਬੂ, ਫਲ ਆਦਿ ਵਾਇਰਸਾਂ ਅਤੇ ਬੈਕਟੀਰੀਆ ਨਾਲ ਲੜਨ ਦੀ ਤਾਕਤ ਵਧਾਉਂਦੇ ਹਨ।

# ਸਿੱਖ ਸੁਸਾਇਟੀ ਆਫ ਇੰਡੀਆਨਾ ਦੇ ਯੂਥ ਵਿੰਗ ਵਲੋਂ ਲੋੜਵੰਦਾਂ ਦੀ ਮਦਦ ਦਾ ਉਪਰਾਲਾ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਕਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਕਾਰਨ ਸਿੱਖ ਸੁਸਾਇਟੀ ਆਫ ਇੰਡੀਆਨਾ ਦੇ ਯੂਥ ਵਿੰਗ ਵਲੋਂ ਇੰਡੀਅਨਐਪੋਲਿਸ ਸਿਟੀ 'ਚ ਲੋੜਵੰਦ ਬਜੁਰਗਾਂ ਨੂੰ ਇਕ ਹਫਤੇ ਦਾ ਜਰੂਰੀ ਭੋਜਨ ਫਰੀ ਦੇਣ ਅਤੇ ਫਰੀ ਘਰ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸੁਸਾਇਟੀ ਦੇ ਯੂਥ ਵਿੰਗ ਵਲੋਂ ਛਪਵਾਏ ਗਏ ਫਲਾਇਰ 'ਚ ਦੱਸੇ ਫੋਨ ਨੰਬਰ 'ਤੇ ਜੋ ਵੀ ਲੋੜਵੰਦ ਮੈਸੇਜ ਜਾਂ ਫੋਨ ਕਰ ਕੇ ਆਪਣੇ ਘਰ ਦਾ ਅਡਰੈਸ ਭੇਜਦਾ ਹੈ, ਉਸ ਦੇ ਘਰ ਫਰੀ ਭੋਜਨ ਪਹੁੰਚਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸੁਸਾਇਟੀ ਦੇ ਯੂਥ ਵਿੰਗ ਵਲੋਂ ਹਮੇਸ਼ਾ ਹੀ ਸਮਾਜ ਦੇ ਭਲੇ ਲਈ ਕਾਰਜ ਕੀਤੇ ਜਾਂਦੇ ਹਨ।

ਸੁਸਾਇਟੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸਿੱਖ ਕੌਮ ਹਮੇਸ਼ਾ ਸਰਬਤ ਦੇ ਭਲੇ ਲਈ ਅਰਦਾਸ ਕਰਦੀ ਹੈ ਅਤੇ ਲੋੜ ਪੈਣ 'ਤੇ ਹਰ ਤਰ੍ਹਾਂ ਦੀ ਸੇਵਾ ਕਰਨ ਲਈ ਵਚਨਬੱਧ ਹੈ। ਸੁਸਾਇਟੀ ਦੇ ਯੂਥ ਵਿੰਗ ਵਲੋਂ ਪੀਣ ਵਾਲੇ ਪਾਣੀ ਦੀਆਂ ਬੋਤਲਾਂ, ਦੋ ਬੰਡਲ ਬਰੈਡ, ਇਕ ਗੈਲਨ ਦੁੱਧ ਅਤੇ ਪੰਜ ਕੈਨ ਭੋਜਨ-ਕਿਸੇ ਵੀ ਬਜੁਰਗ ਜਾਂ ਲੋੜਵੰਦ, ਜੋ ਸੁਸਾਇਟੀ ਨਾਲ ਸੰਪਰਕ ਕਰੇਗਾ, ਉਸ ਦੇ ਘਰ ਇਹ ਸਮਾਨ ਪਹੁੰਚਾਇਆ ਜਾਵੇਗਾ।

ਸੁਸਾਇਟੀ ਅਨੁਸਾਰ ਸਥਨਾਕ ਗੁਰਦੁਆਰਾ ਸਿੱਖ ਸਤਿਸੰਗ ਅਤੇ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਨੇ ਇਸ ਕਾਰਜ ਵਿਚ ਸਾਥ ਦੇਣ ਦਾ ਵਾਅਦਾ ਕੀਤਾ ਹੈ। ਦੂਜੇ ਗੁਰੂ ਘਰਾਂ ਦੀ ਸੰਗਤ ਅਤੇ ਕਮੇਟੀ ਮੈਂਬਰਾਂ ਨੇ ਵੀ ਸਾਥ ਦੇਣ ਦੀ ਪੁਸ਼ਟੀ ਕੀਤੀ ਹੈ।

ਸੁਸਾਇਟੀ ਅਨੁਸਾਰ ਯੂਥ ਵਿੰਗ ਵਲੋਂ ਦੂਜਾ ਕਾਰਜ ਮਾਸਕ ਬਣਾਉਣ ਦਾ ਅਰੰਭਿਆ ਗਿਆ ਹੈ। ਇਹ ਮਾਸਕ ਸੇਵਾਦਾਰ ਆਪਣੇ ਆਪਣੇ ਘਰਾਂ ਵਿਚ ਬਣਾ ਰਹੇ ਹਨ, ਜੋ ਸੀ. ਡੀ. ਸੀ. ਦੇ ਨਿਰਦੇਸ਼ਾਂ ਅਨੁਸਾਰ ਬਣਾਏ ਜਾ ਰਹੇ ਹਨ, ਜੋ ਯੂਥ ਵਿੰਗ ਦੇ ਵਰਕਰ ਵੰਡਣਗੇ। ਯੂਥ ਵਿੰਗ ਨੇ ਘਰ ਬੈਠੀਆਂ ਬੀਬੀਆਂ ਨੂੰ ਵੀ ਮਾਸਕ ਬਣਾਉਣ ਦੀ ਬੇਨਤੀ ਕੀਤੀ ਹੈ। ਮਾਸਕ ਬਣਾਉਣ ਦੀ ਵਿਧੀ ਸੁਸਾਇਟੀ ਵਲੋਂ ਛਪਵਾਏ ਫਲਾਇਰ 'ਤੇ ਦਿੱਤੀ ਗਈ ਹੈ।

ਸਿੱਖ ਸੁਸਾਇਟੀ ਆਫ ਇੰਡੀਆਨਾ ਨੇ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਸਰਕਾਰ ਵਲੋਂ ਜਾਰੀ ਕੀਤੀਆਂ ਨਸੀਹਤਾਂ 'ਤੇ ਅਮਲ ਕੀਤਾ ਜਾਵੇ। ਕਿਸੇ ਨੂੰ ਮਿਲਣ ਸਮੇਂ ਗੁਰੂ ਵਲੋਂ ਬਖਸ਼ੀ 'ਫਤਿਹ' ਦੂਰੋਂ ਹੀ ਬੁਲਾਈ ਜਾਵੇ। ਭੋਜਨ ਖਾਣ ਤੋਂ ਪਹਿਲਾਂ ਹੱਥ ਸਾਬਣ ਨਾਲ ਚੰਗੀ ਤਰ੍ਹਾਂ ਧੋਤੇ ਜਾਣ। ਸੁਸਾਇਟੀ ਨੇ ਕਿਹਾ ਕਿ ਅੱਜ ਲੋੜ ਸਾਨੂੰ ਆਪਣੀ ਪਛਾਣ ਹਰ ਭਾਈਚਾਰੇ ਦੀ ਸੇਵਾ ਕਰਦਿਆਂ ਦਰਸਾਉਣ ਅਤੇ ਹਰ ਸੰਭਵ ਮਦਦ ਕਰਨ ਦੀ ਹੈ। 'ਗੁਰੂ ਕੀ ਗੋਲਕ, ਗਰੀਬ ਦਾ ਮੂੰਹ' 'ਤੇ ਪਹਿਰਾ ਦਿੰਦਿਆਂ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਹਰ ਹੀਲੇ ਮਦਦ ਕੀਤੀ ਜਾਵੇ।

ਸੁਸਾਇਟੀ ਅਨੁਸਾਰ ਆਉਣ ਵਾਲੇ ਸਮੇਂ ਵਿਚ ਅਸੀਂ ਗੁਰੂ ਘਰਾਂ ਦੀਆਂ ਕਮੇਟੀਆਂ ਦੀ ਮਦਦ ਨਾਲ ਲੰਗਰ ਦਾ ਪ੍ਰਬੰਧ ਲੋੜਵੰਦ ਸੰਗਤ ਅਤੇ ਸਕੂਲੀ ਬੱਚਿਆਂ ਲਈ ਕਰਾਂਗੇ ਤਾਂ ਜੋ ਗੁਰੂ ਸਾਹਿਬਾਨ ਦੀ ਵਿਚਾਰਧਾਰਾ 'ਤੇ ਚੱਲਦਿਆਂ ਲੋੜ ਪੈਣ 'ਤੇ ਅਸੀਂ ਲੋਕਾਂ ਦੀ ਮਦਦ ਕਰੀਏ।

ਸੁਸਾਇਟੀ ਨੇ ਕਿਹਾ ਕਿ ਅਸੀਂ ਗੁਰੂ ਸਾਹਿਬਾਨ ਵਿਚ ਵਿਸ਼ਵਾਸ ਰੱਖਦੇ ਹਾਂ, ਬੇਸ਼ਕ ਇਹ ਆਫਤ ਮਨੁੱਖ ਨੇ ਜੀਵਾਂ ਦਾ ਕਤਲ ਕਰਕੇ ਆਪ ਹੀ ਸਹੇੜੀ ਹੈ, ਪਰ ਫਿਰ ਵੀ ਗੁਰੂ ਸਾਹਿਬ ਬਖਸ਼ਣਹਾਰ ਹਨ। ਜਿਸ ਤਰ੍ਹਾਂ ਗੁਰੂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਨੇ ਚੇਚਕ ਦੇ ਰੋਗ ਤੋਂ ਆਪ ਹਾਜ਼ਰ-ਨਾਜ਼ਰ ਹੋ ਕੇ ਲੋਕਾਂ ਨੂੰ ਬਚਾਇਆ ਸੀ, ਅਸੀਂ ਵੀ ਉਸੇ ਗੁਰੂ ਦੇ ਸਿੱਖ ਹਾਂ ਤੇ ਅੱਜ ਹਰ ਸਿੱਖ 'ਜਗਤ ਜਲੰਦਾ ਰਖ ਲੈ ਆਪਣੀ ਕਿਰਪਾ ਧਾਰ॥' ਦੀ ਅਰਦਾਸ ਕਰੇ, ਵੱਧ ਤੋਂ ਵੱਧ ਬਾਣੀ ਪੜ੍ਹੇ ਅਤੇ ਸਰਬਤ ਦਾ ਭਲਾ ਮੰਗੇ।

ਸੁਸਾਇਟੀ ਨਾਲ ਸੰਪਰਕ ਈ-ਮੇਲ sikhsocietyofindiana@gmail.com ਰਾਹੀਂ ਕੀਤਾ ਜਾ ਸਕਦਾ ਹੈ।

# ਜਥੇਦਾਰ ਵਲੋਂ ਬਿਪਤਾ ਦੀ ਘੜੀ ਵਿਚ ਗੁਰੂ ਕੀ ਗੋਲਕ ਦੇ ਮੂੰਹ ਖੋਲ੍ਹਣ ਦੀ ਅਪੀਲ

**ਅੰਮ੍ਰਿਤਸਰ:** ਸਮੁੱਚੇ ਵਿਸ਼ਵ ਵਿਚ ਫੈਲੀ ਕਰੋਨਾ ਵਾਇਰਸ ਮਹਾਮਾਰੀ ਦੌਰਾਨ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਵਿਸ਼ਵ ਭਰ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਨੂੰ ਆਖਿਆ ਕਿ ਉਹ ਲੋੜਵੰਦ ਲੋਕਾਂ ਦੀ ਮਦਦ ਲਈ ਅੱਗੇ ਆਉਣ ਅਤੇ ਗੁਰੂ ਦੀ ਗੋਲਕ ਨੂੰ ਲੋੜਵੰਦ ਲੋਕਾਂ ਦੀ ਮਦਦ ਲਈ ਵਰਤਣ।

ਜਥੇਦਾਰ ਨੇ ਆਖਿਆ ਕਿ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਆਪੋ-ਆਪਣੇ ਇਲਾਕਿਆਂ ਵਿਚ ਲੋੜਵੰਦ ਲੋਕਾਂ ਲਈ ਲੰਗਰ ਲਾਉਣ, ਦਵਾਈਆਂ ਅਤੇ ਜ਼ਰੂਰੀ ਸਾਮਾਨ ਦਾ ਪ੍ਰਬੰਧ ਕਰਨ। ਲੋੜਵੰਦਾਂ ਦੀ ਹਰ ਸੰਭਵ ਮਦਦ ਕੀਤੀ ਜਾਵੇ। ਖਾਸ ਕਰਕੇ ਵਿਦੇਸ਼ ਵਿਚ ਪੜ੍ਹਨ ਗਏ ਵਿਦਿਆਰਥੀਆਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਗੁਰੂ ਘਰਾਂ ਦੀਆਂ ਸਰਾਵਾਂ ਲੋੜ ਪੈਣ ਉਤੇ ਵਾਇਰਸ ਪੀੜਤਾਂ ਨੂੰ ਨਿਗਰਾਨੀ ਹੇਠ ਇਕਾਂਤ ਵਾਸ ਵਿਚ ਰੱਖਣ ਲਈ ਵਰਤੀਆਂ ਜਾਣ ਅਤੇ ਇਸ ਵਾਸਤੇ ਤਿਆਰ ਰੱਖੀਆਂ ਜਾਣ।

ਜਥੇਦਾਰ ਨੇ ਆਦੇਸ਼ ਦਿੱਤੇ ਕਿ ਧਾਰਮਿਕ ਸਮਾਗਮਾਂ ਨੂੰ ਦੋ ਹਫਤਿਆਂ ਲਈ ਮੁਲਤਵੀ ਕਰ ਦਿੱਤਾ ਜਾਵੇ। ਇਸ ਦੌਰਾਨ ਗੁਰੂ ਘਰਾਂ ਵਿਚ ਨਿਤ ਪ੍ਰਤੀ ਦੀ ਮਰਿਆਦਾ ਨੂੰ ਕਾਇਮ ਰੱਖਿਆ ਜਾਵੇ, ਆਪੋ ਆਪਣੇ ਮੁਲਕਾਂ ਵਿਚ ਸਰਕਾਰਾਂ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਉਨ੍ਹਾਂ ਹਰੇਕ ਸਿੱਖ ਨੂੰ ਆਖਿਆ ਕਿ ਉਹ ਘਰ ਵਿਚ ਗੁਰਬਾਣੀ ਦਾ ਪਾਠ ਕਰੇ ਅਤੇ ਗੁਰੂ ਚਰਨਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕਰੇ। ਲੋਕ ਘਰਾਂ ਵਿਚ ਵੀ ਆਪਣੇ ਆਪ ਲਈ ਸਵੈ-ਅਲਹਿਦਗੀ ਦਾ ਪਾਲਣ ਕਰਨ। ਉਨ੍ਹਾਂ ਆਖਿਆ ਕਿ ਸਿੱਖ ਧਰਮ ਵਿਚ ਵਹਿਮ ਭਰਮ ਲਈ ਕੋਈ ਥਾਂ ਨਹੀਂ ਹੈ, ਇਸ ਲਈ ਹਰ ਸਿੱਖ ਵਹਿਮ ਭਰਮ ਤੋਂ ਦੂਰ ਹੁੰਦਿਆਂ ਅਫਵਾਹਾਂ ਤੋਂ ਬਚੇ ਤੇ ਪ੍ਰਮਾਤਮਾ 'ਤੇ ਭਰੋਸਾ ਰੱਖੇ।

ਉਨ੍ਹਾਂ ਕਿਹਾ ਕਿ ਇਸ ਵੇਲੇ ਮਹਾਮਾਰੀ ਕਾਰਨ ਸਮੁੱਚੀ ਮਾਨਵ ਜਾਤੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਇਹ ਬਿਮਾਰੀ ਕੁਦਰਤੀ ਜਾਂ ਗੈਰ-ਕੁਦਰਤੀ ਹੈ, ਪਰ ਇਸ ਕਰਕੇ ਕਈ ਮੁਲਕਾਂ ਵਿਚ ਵੱਡੀ ਗਿਣਤੀ ਲੋਕ ਮੌਤ ਦੇ ਮੂੰਹ ਜਾ ਪਏ ਹਨ। ਸਮੁੱਚੀ ਮਨੁੱਖਤਾ ਭੈਅ ਵਿਚ ਹੈ, ਅਜਿਹੇ ਸਮੇਂ ਸਿੱਖ ਭਾਈਚਾਰਾ ਸਰਬੱਤ ਦੇ ਭਲੇ ਦੀ ਕਾਮਨਾ ਕਰਦਾ ਹੈ।

# ਗੁਰਦੁਆਰਾ ਪੈਲਾਟਾਈਨ ਵਲੋਂ 'ਕਰੋਨਾ ਵਾਇਰਸ ਸਹਾਇਤਾ ਪ੍ਰੋਗਰਾਮ' ਸ਼ੁਰੂ

**ਸ਼ਿਕਾਗੋ (ਬਿਊਰੋ):** ਸਥਾਨਕ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਨੇ 'ਕਰੋਨਾ ਵਾਇਰਸ ਸਹਾਇਤਾ ਪ੍ਰੋਗਰਾਮ' ਸ਼ੁਰੂ ਕਰਦਿਆਂ ਲੋੜਵੰਦਾਂ ਦੀ ਮਦਦ ਦਾ ਭਰੋਸਾ ਪ੍ਰਗਟਾਇਆ ਹੈ। ਇਕੱਲੇ ਰਹਿੰਦੇ ਬਜੁਰਗਾਂ, ਸਿਹਤ ਪੱਖੋਂ ਕਮਜੋਰ ਤੇ ਬੇਸਹਾਰਾ ਅਤੇ ਘੱਟ ਆਮਦਨ ਵਾਲੇ ਲੋਕਾਂ ਦੀ ਮਦਦ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਸੁਸਾਇਟੀ ਨੇ ਮੌਕੇ ਦੀ ਨਜ਼ਾਕਤ ਦੇ ਮੱਦੇਨਜ਼ਰ ਲੰਗਰ ਡਿਲਿਵਰੀ, ਫੋਨ ਰਾਹੀਂ ਮੈਡੀਕਲ ਮਦਦ ਅਤੇ ਲੋੜ ਅਨੁਸਾਰ ਦਵਾਈਆਂ ਦੀ ਡਿਲਿਵਰੀ ਕਰਨ ਦਾ ਬੀੜਾ ਚੁੱਕਿਆ ਹੈ। ਇਸ ਲਈ ਲੋੜਵੰਦ ਅਤੇ ਵਾਲੰਟੀਅਰ ਸੇਵਾ ਕਰਨ ਦੇ ਚਾਹਵਾਨ ਫੋਨ: 847-350-9362 ਰਾਹੀਂ ਸੰਪਰਕ ਕਰ ਸਕਦੇ ਹਨ।

ਇਸੇ ਦੌਰਾਨ ਸਥਾਨਕ ਸੀਨੀਅਰ ਸਿਟੀਜ਼ਨ ਗਰੁਪ ਪ੍ਰਤੀ ਸੇਵਾਵਾਂ ਨਿਭਾ ਰਹੇ ਸ. ਠਾਕਰ ਸਿੰਘ ਬਸਾਤੀ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਕਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਦੌਰਾਨ ਉਹ ਆਪੋ-ਆਪਣੇ ਆਂਢ-ਗੁਆਂਢ ਪਤਾ ਕਰ ਕੇ ਲੋੜਵੰਦਾਂ ਦੀ ਮਦਦ ਜਰੂਰ ਕਰਨ। ਉਨ੍ਹਾਂ ਕਿਹਾ ਕਿ ਔਖੀ ਘੜੀ ਵਿਚ ਕਿਸੇ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਸਿੱਖ ਧਰਮ ਦਾ ਅਨੋਖਾ ਸਿਧਾਂਤ ਹੈ। ਕਾਲ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਭੰਡਾਰੇ ਖੋਲ੍ਹ ਦਿੱਤੇ ਸਨ। ਗੁਰੂ ਸਾਹਿਬਾਨ ਨੇ ਮਰੀਜਾਂ ਦੀ ਆਪ ਮੱਲ੍ਹਮ ਪੱਟੀ ਕੀਤੀ ਸੀ। ਸੋ ਨਿਧੜਕ ਹੋ ਕੇ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਮਨੁੱਖਤਾ ਦੀ ਸੇਵਾ ਕੀਤੀ ਜਾਵੇ, ਇਹ ਰੋਗ (ਕਰੋਨਾ) ਸਭ ਲਈ ਮਾਰੂ ਹੈ।

# ਪੀ. ਸੀ. ਐਸ. ਦਾ 'ਰੰਗਲਾ ਪੰਜਾਬ 2020' ਪ੍ਰੋਗਰਾਮ ਰੱਦ

**ਸ਼ਿਕਾਗੋ (ਬਿਊਰੋ):** ਕਰੋਨਾ ਵਾਇਰਸ (ਕੋਵਿਡ-19) ਵੱਡੇ ਪੱਧਰ 'ਤੇ ਫੈਲਣ ਦੇ ਮੱਦੇਨਜ਼ਰ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.), ਸ਼ਿਕਾਗੋ ਨੇ ਆਪਣਾ 11 ਅਪਰੈਲ ਨੂੰ ਹੋਣ ਵਾਲ 'ਰੰਗਲਾ ਪੰਜਾਬ-2020' ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਪੀ. ਸੀ. ਐਸ. ਦੇ ਅਹੁਦੇਦਾਰਾਂ ਨੇ ਇਹ ਫੈਸਲਾ ਪੰਜਾਬੀ ਭਾਈਚਾਰੇ ਦੀ ਸਿਹਤ-ਭਲਾਈ ਨੂੰ ਧਿਆਨ ਵਿਚ ਰੱਖਦਿਆਂ ਸਰਬਸੰਮਤੀ ਨਾਲ ਕੀਤਾ। ਪ੍ਰੋਗਰਾਮ ਹੈਮਨਜ਼ ਕਲਚਰਲ ਸੈਂਟਰ, ਐਲਜਿਨ ਵਿਚ ਹੋਣਾ ਸੀ।

ਯਾਦ ਰਹੇ, ਇਲੀਨਾਏ ਦੇ ਗਵਰਨਰ ਨੇ ਜੀ. ਬੀ. ਪ੍ਰਿਟਜ਼ਕਰ ਨੇ ਐਲਾਨ ਕੀਤਾ ਸੀ ਕਿ ਕਰੋਨਾ ਵਾਇਰਸ ਦੇ ਕਹਿਰ ਨੂੰ ਰੋਕਣ ਲਈ ਵੱਡੇ ਇਕੱਠ ਨਾ ਕੀਤੇ ਜਾਣ। ਇਸ ਤੋਂ ਇਲਾਵਾ ਉਨ੍ਹਾਂ ਨੇ 250 ਲੋਕਾਂ ਜਾਂ ਇਸ ਤੋਂ ਵੱਧ ਇਕੱਠ ਵਾਲੇ ਸਮਾਗਮ ਰੱਦ ਕਰਨ ਦੀ ਹਦਾਇਤ ਕੀਤੀ ਸੀ।

ਪੀ. ਸੀ. ਐਸ. ਦੇ ਪ੍ਰਧਾਨ ਬਲਵਿੰਦਰ ਸਿੰਘ ਗਿਰਨ ਨੇ ਦੱਸਿਆ ਕਿ ਕਰੋਨਾ ਵਾਇਰਸ ਸੰਸਾਰ ਭਰ ਵਿਚ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ, ਜੋ ਲੋਕਾਂ ਦੀ ਸਿਹਤ 'ਤੇ ਡਾਢੀ ਮਾਰ ਕਰ ਰਿਹਾ ਹੈ। ਆਪਣੇ ਭਾਈਚਾਰੇ ਅਤੇ ਹੋਰਾਂ ਨੂੰ ਇਸ ਬਿਮਾਰੀ ਤੋਂ ਬਚਾਓ ਲਈ ਸਾਨੂੰ ਵੀ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸੇ ਕਰਕੇ ਪੀ. ਸੀ. ਐਸ. ਨੇ ਫਿਲਹਾਲ ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਅਜਿਹੇ ਸਮਾਗਮ ਭਾਈਚਾਰੇ ਨੂੰ ਹੱਲਾਸ਼ੇਰੀ ਦੇਣ ਲਈ ਜ਼ਰੂਰੀ ਹੁੰਦੇ ਹਨ, ਪਰ ਅਸੀਂ ਸਭ ਦੀ ਸਿਹਤ ਨੂੰ ਧਿਆਨ ਵਿਚ ਰੱਖ ਕੇ ਇਹ ਫੈਸਲਾ ਕੀਤਾ ਹੈ।

ਇਸ ਮੌਕੇ ਉਨ੍ਹਾਂ ਇਸ ਸਮਾਗਮ ਦੀ ਤਿਆਰੀ ਵਿਚ ਜੁਟੇ ਲੋਕਾਂ, ਮਾਪਿਆਂ, ਆਈਟਮ ਕੋਆਰਡੀਨੇਟਰਾਂ, ਪੀ. ਸੀ. ਐਸ. ਪ੍ਰਬੰਧਕਾਂ ਅਤੇ ਵਲੰਟੀਅਰਾਂ ਵਲੋਂ ਆਪਣਾ ਕੀਮਤੀ ਸਮਾਂ ਦੇਣ ਦਾ ਧੰਨਵਾਦ ਕੀਤਾ। ਉਨ੍ਹਾਂ ਅਫਸੋਸ ਜਾਹਰ ਕੀਤਾ ਕਿ ਇਸ ਬਿਮਾਰੀ ਦੀ ਮਾਰ ਕਰ ਕੇ ਫਿਲਹਾਲ ਇਸ ਪ੍ਰੋਗਰਾਮ ਦੀ ਅਗਲੀ ਤਾਰੀਕ ਵੀ ਮਿਥੀ ਨਹੀਂ ਜਾ ਰਹੀ।

## ਭਾਰਤੀ ਮੂਲ ਦੀ ਲੜਕੀ ਵਲੋਂ ਬੇਘਰੇ ਲੋਕਾਂ ਨੂੰ ਕਰੋਨਾ ਵਾਇਰਸ ਤੋਂ ਬਚਾਉਣ ਦਾ ਯਤਨ

**ਵਾਸ਼ਿੰਗਟਨ:** ਅਮਰੀਕਾ ਵਿਚ 15 ਸਾਲਾਂ ਦੀ ਭਾਰਤੀ ਮੂਲ ਦੀ ਲੜਕੀ ਨੇ ਬੇਘਰੇ ਲੋਕਾਂ ਨੂੰ ਕਰੋਨਾ ਵਾਇਰਸ ਤੋਂ ਬਚਾਉਣ ਲਈ 150 ਕਿੱਟਾਂ ਵੰਡੀਆਂ ਹਨ ਤੇ ਇਸ ਕੰਮ ਦਾ ਦਾਇਰਾ ਵਧਾਉਣ ਲਈ ਇਕ ਅਕਾਊਂਟ ਵੀ ਬਣਾਇਆ ਹੈ।

ਸੀ.ਐਨ.ਐਨ. ਦੀ ਰਿਪੋਰਟ ਮੁਤਾਬਕ ਸ਼ੈਵੀ ਸ਼ਾਹ ਨੇ ਆਪਣੇ ਹਮਜਮਾਤੀ ਟੈਸੋਰੋ ਹਾਈ ਸਕੂਲ ਆਨਰ ਸੁਸਾਇਟੀ ਮੈਂਬਰਾਂ ਦੀ ਮਦਦ ਨਾਲ ਸੈਨੀਟਾਈਜ਼ਰ, ਐਂਟੀ-ਬੈਕਟੀਰੀਅਲ ਸਾਬਣ, ਲੋਸ਼ਨ ਤੇ ਮੁੜ ਵਰਤੇ ਜਾ ਸਕਣ ਵਾਲੇ ਮਾਸਕ ਇਕੱਠੇ ਕੀਤੇ ਹਨ ਤਾਂ ਕਿ ਅਜਿਹੇ ਔਖੇ ਸਮੇਂ 'ਚ ਬੇਘਰੇ ਲੋਕਾਂ ਦੀ ਮਦਦ ਕੀਤੀ ਜਾ ਸਕੇ। ਸ਼ੈਵੀ ਨੇ ਕਿਹਾ ਕਿ ਉਨ੍ਹਾਂ ਲੋਕਾਂ ਕੋਲ ਇਸ ਸਮੇਂ ਸਾਫ ਅਤੇ ਕੀਟਾਣੂ-ਰਹਿਤ ਰਹਿਣ ਲਈ ਲੋੜੀਂਦੀਆਂ ਵਸਤਾਂ ਨਹੀਂ ਹਨ। ਕੈਲੀਫੋਰਨੀਆ ਗਵਰਨਰ ਗੈਵਿਨ ਨਿਊਸੋਮ ਵਲੋਂ ਹਾਲ ਹੀ ਵਿਚ ਸੂਬੇ ਦੇ ਬੇਘਰੇ ਲੋਕਾਂ ਦੀ ਸਮੱਸਿਆ ਬਾਰੇ ਦਿੱਤੇ ਭਾਸ਼ਣ ਨੇ ਉਸ ਨੂੰ ਇਹ ਵਿਚਾਰ ਦਿੱਤਾ।

Singh Tax & Accounting Services LLC.
Individual & Business Taxes, Accounting, Payroll & Financial Consulting Services.
Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036

Mohan Singh
M.COM, MBA (Finance), ACA
Master in Taxation.
IRS Enrolled agent,
Notary Public
Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125
Email : jhand_mohan@yahoo.com; www.SinghTaxServices.com

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ


*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਕਰੋਨਾ ਵਾਇਰਸ ਨੇ ਘਰਾਂ 'ਚ ਬੰਦ ਕੀਤੇ ਲੋਕ, ਹਜ਼ਾਰਾਂ ਮੌਤਾਂ

**ਰੋਮ (ਇਟਲੀ):** ਕਰੋਨਾ ਵਾਇਰਸ ਦੇ ਵਧਦੇ ਪ੍ਰਭਾਵ ਕਾਰਨ ਵਿਸ਼ਵ ਭਰ ਵਿਚ ਲੋਕ ਆਪਣੇ ਘਰਾਂ ਵਿਚ ਹੀ ਕੈਦ ਹੋ ਕੇ ਰਹਿ ਗਏ ਫੈਕਟਰੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਇਸ ਮਹਾਮਾਰੀ ਕਾਰਨ 35 ਮੁਲਕਾਂ ਵਿਚ ਮੁਕੰਮਲ ਬੰਦ ਦਾ ਐਲਾਨ ਕਰ ਦਿੱਤਾ ਗਿਆ ਹੈ,



ਜਦਕਿ ਇਸ ਕਾਰਨ ਹੁਣ ਤੱਕ ਹਜ਼ਾਰਾਂ ਮੌਤਾਂ ਹੋ ਗਈਆਂ ਹਨ। ਇਸ ਦੌਰਾਨ ਇਟਲੀ ਵਿਚ ਫਿਰ ਨਵੇਂ ਕੇਸਾਂ ਦੀ ਰਿਕਾਰਡ ਗਿਣਤੀ ਦੌਰਾਨ ਜਿਸ ਕਾਰਨ ਆਮ ਜਨਜੀਵਨ, ਆਵਾਜਾਈ ਤੇ ਵਪਾਰ ਵੱਡੇ ਪੱਧਰ ਉਤੇ ਪ੍ਰਭਾਵਿਤ ਹੋ ਰਹੇ ਹਨ, ਉਥੇ ਸਰਕਾਰਾਂ ਨੂੰ ਸਰਹੱਦਾਂ ਸੀਲ ਕਰਨ ਤੇ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਕਰੋੜਾਂ ਰੁਪਏ ਦੇ ਰਾਹਤ ਪੈਕੇਜਾਂ ਦਾ ਐਲਾਨ ਕਰ ਦਿੱਤਾ ਹੈ।

ਹੁਣ ਤੱਕ ਪੂਰੇ ਵਿਸ਼ਵ ਵਿਚ 3,50,000 ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ, ਜਿਸ ਦੌਰਾਨ ਇਟਲੀ ਵਿਚ ਸਥਿਤੀ ਤੇਜ਼ੀ ਨਾਲ ਭਿਆਨਕ ਹੁੰਦੀ ਜਾ ਰਹੀ ਹੈ, ਜਿਥੇ ਮੌਤਾਂ ਦੀ ਗਿਣਤੀ 5 ਹਜ਼ਾਰ ਤੋਂ ਟੱਪ ਗਈ ਹੈ, ਜੋ ਹੁਣ ਤੱਕ ਕਰੋਨਾ ਵਾਇਰਸ ਕਾਰਨ ਵਿਸ਼ਵ ਭਰ ਵਿਚ ਹੋਈਆਂ ਮੌਤਾਂ ਦਾ ਤੀਜਾ ਹਿੱਸਾ ਹੈ। ਬੰਗਲਾਦੇਸ਼ ਤੋਂ ਇਥੇ ਪੁੱਜੇ 50 ਵਿਦਿਆਰਥੀਆਂ ਨੂੰ ਪਹਿਲਗਾਮ ਵਿਚ ਏਕਾਂਤਵਾਸ 'ਚ ਰੱਖਿਆ ਗਿਆ ਹੈ। ਮੁਕੰਮਲ ਬੰਦ ਕਾਰਨ ਨਿਊ ਯਾਰਕ, ਸ਼ਿਕਾਗੋ ਅਤੇ ਲਾਸ ਏਂਜਲਸ ਦੇ ਵਸਨੀਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਅਮਰੀਕਾ ਦੇ ਬਾਕੀ ਸੂਬਿਆਂ ਵਿਚ ਵੀ ਪਾਬੰਦੀਆਂ ਜਾਰੀ ਰਹਿਣਗੀਆਂ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ, ਅਸੀਂ ਵੱਡੇ ਪੱਧਰ 'ਤੇ ਜਿੱਤ ਹਾਸਲ ਕਰਾਂਗੇ।

ਬੇਸ਼ੱਕ ਵਿਸ਼ਵ ਆਗੂਆਂ ਵਲੋਂ ਇਸ ਮਹਾਮਾਰੀ ਨੂੰ ਹਰਾਉਣ ਲਈ ਅਹਿਦ ਕੀਤੇ ਜਾ ਰਹੇ ਹਨ, ਪਰ ਕਰੋਨਾ ਵਾਇਰਸ ਕਾਰਨ ਮੌਤਾਂ ਅਤੇ ਨਵੇਂ ਕੇਸਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਸਪੇਨ ਵਿਚ ਨਵੀਆਂ ਮੌਤਾਂ 'ਚ 35 ਫੀਸਦੀ ਵਾਧਾ ਹੋਇਆ ਹੈ, ਫਰਾਂਸ ਵਿਚ ਮੌਤਾਂ ਦੀ ਗਿਣਤੀ 600 ਹੋ ਗਈ ਹੈ। ਇਸ ਮਹਾਮਾਰੀ ਨੂੰ ਅੱਗੇ ਵਧਣ ਤੋਂ ਰੋਕਣ ਲਈ ਦੇ ਯਤਨਾਂ ਦੌਰਾਨ ਓਲੰਪਿਕ ਦੇ ਪ੍ਰਬੰਧਕਾਂ 'ਤੇ ਟੋਕੀਓ ਖੇਡਾਂ ਨੂੰ ਅੱਗੇ ਪਾਉਣ ਦਾ ਦਬਾਅ ਵਧਦਾ ਜਾ ਰਿਹਾ ਹੈ। ਇਸ ਮਹਾਂਮਾਰੀ ਕਾਰਨ ਆਲਮੀ ਪੱਧਰ ਉਤੇ ਸਟਾਕ ਬਾਜ਼ਾਰ ਪ੍ਰਭਾਵਿਤ ਹੋਏ ਹਨ ਜਦਕਿ ਵਿਸ਼ਵ ਦੀ ਸਭ ਤੋਂ ਵੱਡੀ ਅਰਥਵਿਵਸਥਾ- ਅਮਰੀਕਾ ਵਲੋਂ ਵੱਡੇ ਐਮਰਜੈਂਸੀ ਪੈਕੇਜ ਐਲਾਨੇ ਜਾਣ ਦੀ ਤਿਆਰੀ ਹੈ, ਜੋ ਹੁਣ 1 ਅਰਬ ਡਾਲਰ ਨੂੰ ਵੀ ਪਾਰ ਕਰ ਸਕਦੀ ਹੈ। ਅਮਰੀਕਾ ਵਿਚ ਕਰੋੜਾਂ ਲੋਕਾਂ ਨੂੰ ਘਰਾਂ ਅੰਦਰ ਹੀ ਰਹਿਣ ਦੇ ਹੁਕਮ ਦਿੱਤੇ ਗਏ ਹਨ। ਇਸ ਦੌਰਾਨ ਅਮਰੀਕਾ ਦੇ ਉਪ-ਰਾਸ਼ਟਰਪਤੀ ਮਾਈਕ ਪੈਂਸ ਅਤੇ ਉਨ੍ਹਾਂ ਦੀ ਪਤਨੀ ਦੇ ਕਰੋਨਾ ਵਾਇਰਸ ਦੇ ਟੈਸਟ ਨੈਗੇਟਿਵ ਆਏ ਹਨ।

ਫਰਾਂਸ, ਇਟਲੀ, ਸਪੇਨ ਅਤੇ ਦੂਜੇ ਯੂਰਪੀ ਮੁਲਕਾਂ ਨੇ ਆਪਣੇ ਲੋਕਾਂ ਨੂੰ ਘਰਾਂ ਵਿਚ ਰਹਿਣ ਦੇ ਹੁਕਮ ਦਿੱਤੇ ਹਨ। ਇਸ ਦੌਰਾਨ ਬਰਤਾਨੀਆ ਨੇ ਪੱਬਾਂ, ਰੈਸਟੋਰੈਂਟਾਂ ਤੇ ਥੀਏਟਰਾਂ ਨੂੰ ਬੰਦ ਕਰਨ ਦੇ ਹੁਕਮ ਦੇਣ ਤੋਂ ਇਲਾਵਾ ਲੋਕਾਂ ਨੂੰ ਡਰ ਕਾਰਨ ਖਰੀਦਦਾਰੀ ਕਰਨ ਤੋਂ ਵਰਜਿਆ ਹੈ।

## ਮਹਾਰਾਣੀ ਦੇ ਸਟਾਫ ਮੈਂਬਰ ਨੂੰ ਕਰੋਨਾ ਵਾਇਰਸ ਦੀ ਪੁਸ਼ਟੀ

**ਲੰਡਨ:** ਬਕਿੰਘਮ ਪੈਲੇਸ ਵਿਚ ਸ਼ਾਹੀ ਪਰਿਵਾਰ ਦੀ ਸੇਵਾ ਵਿਚ ਲੱਗੇ ਇਕ ਸਟਾਫ ਮੈਂਬਰ ਦਾ ਕਰੋਨਾ ਵਾਇਰਸ ਦਾ ਟੈਸਟ ਪਜ਼ੇਟਿਵ ਆਇਆ ਹੈ ਜਦਕਿ ਮਹਾਰਾਣੀ ਅਲਿਜ਼ਬੈੱਥ 2 ਅਜੇ ਵੀ ਆਪਣੀ ਲੰਡਨ ਸਥਿਤ ਰਿਹਾਇਸ਼ ਰਹਿ ਰਹੀ ਹੈ। ਯੂਕੇ ਮੀਡੀਆ ਰਿਪੋਰਟਾਂ ਮੁਤਾਬਕ, ਅਜੇ ਇਸ ਗੱਲ ਦਾ ਪਤਾ ਨਹੀਂ ਲੱਗਾ ਹੈ ਕਿ ਇਹ ਸਟਾਫ ਮੈਂਬਰ ਮਹਾਰਾਣੀ ਦੇ ਕਿੰਨੀ ਕੁ ਕਰੀਬ ਸੀ ਪਰ ਇਸ ਮੈਂਬਰ ਦੇ ਸੰਪਰਕ ਵਿਚ ਆਉਣ ਵਾਲੇ ਹਰ ਸਟਾਫ ਮੈਂਬਰ ਨੇ ਏਕਾਂਤਵਾਸ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਹੈ।

## ਸਿਹਤ ਮੰਤਰਾਲੇ ਵਲੋਂ ਦਿਸ਼ਾ ਨਿਰਦੇਸ਼ ਜਾਰੀ

**ਨਵੀਂ ਦਿੱਲੀ:** ਸਿਹਤ ਮੰਤਰਾਲੇ ਨੇ ਕਰੋਨਾ ਵਾਇਰਸ ਦੇ ਵਧਦੇ ਕੇਸਾਂ ਦੇ ਮੱਦੇਨਜ਼ਰ ਹਸਪਤਾਲਾਂ ਤੇ ਮੈਡੀਕਲ ਸਿੱਖਿਆ ਸੰਸਥਾਵਾਂ ਨੂੰ ਲੋੜੀਂਦੇ ਵੈਂਟੀਲੇਟਰ ਤੇ ਆਕਸੀਜਨ ਮਾਸਕ ਖਰੀਦ ਕੇ ਰੱਖਣ ਸਮੇਤ ਕੁਝ ਹੋਰ ਹਦਾਇਤਾਂ ਜਾਰੀ ਕੀਤੀਆਂ ਹਨ। ਮੰਤਰਾਲੇ ਦੇ ਨਾਲ ਹੀ ਆਪੋ ਆਪਣੇ ਅਦਾਰਿਆਂ ਵਿਚ ਭੀੜਾਂ ਘਟਾਉਣ, ਕੋਵਿਡ-19 ਪੀੜਤਾਂ ਨੂੰ ਮੁਫਤ ਇਲਾਜ ਮੁਹੱਈਆ ਕਰਵਾਉਣ ਤੇ ਗੈਰ-ਜ਼ਰੂਰੀ ਸਰਜਰੀਆਂ ਨੂੰ ਅੱਗੇ ਪਾਉਣ ਦੀ ਹਦਾਇਤ ਕੀਤੀ ਹੈ।

ਐਡਵਾਈਜ਼ਰੀ ਵਿਚ 31 ਮਾਰਚ ਮਗਰੋਂ ਚੱਲ ਰਹੀਆਂ ਸਾਰੀਆਂ ਪ੍ਰੀਖਿਆਵਾਂ ਨਵੇਂ ਸਿਰੇ ਤੋਂ ਵਿਉਂਤਣ ਤੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਨਿਯਮਤ ਸੰਪਰਕ ਰੱਖਣ ਲਈ ਕਿਹਾ ਗਿਆ ਹੈ। ਇਹੀ ਨਹੀਂ ਸਬੰਧਤ ਸੰਸਥਾਵਾਂ ਨੂੰ ਹੈਲਪ ਲਾਈਨ ਨੰਬਰ/ਈਮੇਲਾਂ ਨੋਟੀਫਾਈ ਕਰਨ ਲਈ ਆਖਿਆ ਗਿਆ ਹੈ ਤਾਂ ਕਿ ਵਿਦਿਆਰਥੀ ਲੋੜ ਪੈਣ ਉਤੇ ਜਾਣਕਾਰੀ ਲੈ ਸਕਣ।

## ਫਰਾਂਸ 'ਚ ਕਰੋਨਾ ਵਾਇਰਸ ਕਾਰਨ ਡਾਕਟਰ ਦੀ ਮੌਤ

**ਪੈਰਿਸ:** ਫਰਾਂਸ 'ਚ ਕਰੋਨਾ ਵਾਇਰਸ ਕਾਰਨ ਇਕ ਡਾਕਟਰ ਦੀ ਮੌਤ ਹੋ ਗਈ ਹੈ। ਕਰੋਨਾ ਵਾਇਰਸ ਕਾਰਨ ਫਰਾਂਸ 'ਚ ਕਿਸੇ ਡਾਕਟਰ ਦੀ ਮੌਤ ਹੋਣ ਦਾ ਇਹ ਪਹਿਲਾ ਮਾਮਲਾ ਹੈ। ਸ਼ਹਿਰ ਦੇ ਮੇਅਰ ਅਨੁਸਾਰ ਇਹ 67 ਸਾਲਾ ਡਾਕਟਰ ਉਤਰੀ ਪੈਰਿਸ ਦੇ ਇਕ ਹਸਪਤਾਲ 'ਚ ਸੇਵਾਵਾਂ ਨਿਭਾਅ ਰਿਹਾ ਸੀ। ਸਿਹਤ ਮੰਤਰੀ ਓਲਿਵਰ ਵੇਰਨ ਨੇ ਦੱਸਿਆ ਕਿ ਕਰੋਨਾ ਵਾਇਰਸ ਕਾਰਨ ਫਰਾਂਸ ਦੇ ਕਿਸੇ ਹਸਪਤਾਲ ਦੇ ਪਹਿਲੇ ਡਾਕਟਰ ਦੀ ਮੌਤ ਹੋਈ ਹੈ।

# ਮੁਲਕ 'ਚ ਹੀ ਦਵਾਈਆਂ ਬਣਾਉਣ ਲਈ ਵੱਡੇ ਪੈਕੇਜ ਨੂੰ ਪ੍ਰਵਾਨਗੀ

**ਨਵੀਂ ਦਿੱਲੀ:** ਦੇਸ਼ ਵਿਚ ਵੱਡੀ ਮਾਤਰਾ 'ਚ ਦਵਾਈਆਂ ਬਣਾਉਣ ਲਈ ਸਰਕਾਰ ਨੇ 14,000 ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਹੈ, ਜਿਸ ਨਾਲ ਮੁਲਕ ਵਿਚ 'ਐਕਟਿਵ ਫਾਰਮਾਸਿਊਟੀਕਲ ਇਨਗ੍ਰੀਡੀਐਂਟ' (ਏ.ਪੀ.ਆਈ.) ਬਣਾਉਣ ਵਿਚ ਸਹਾਇਤਾ ਮਿਲਣ ਦੇ ਨਾਲ ਹੀ ਚੀਨ ਤੋਂ ਇਸ ਮੁੱਖ ਦਵਾਈ ਦੀ ਦਰਾਮਦ ਉਤੇ ਨਿਰਭਰਤਾ ਘਟਾਉਣ ਵਿਚ ਮਦਦ ਮਿਲੇਗੀ। ਵਿਸ਼ਵ ਪੱਧਰ ਉਤੇ ਕੋਵਿਡ-19 ਫੈਲਣ ਦੇ ਸਿੱਟੇ ਵਜੋਂ ਭਾਰਤ ਵਿਚ ਦਵਾਈਆਂ ਅਤੇ ਏਪੀਆਈ ਦੀ ਦਰਾਮਦਗੀ ਪੂਰੀ ਤਰ੍ਹਾਂ ਬੰਦ ਹੋ ਗਈ ਹੈ, ਜਿਸ ਕਾਰਨ ਇਸ ਗੱਲ ਦਾ ਖਦਸ਼ਾ ਪੈਦਾ ਹੋ ਗਿਆ ਹੈ ਕਿ ਜੇਕਰ ਇਹ ਮਹਾਮਾਰੀ ਲੰਮਾ ਸਮਾਂ ਚੱਲਦੀ ਹੈ ਤਾਂ ਕਿਤੇ ਭਾਰਤ ਵਿਚ ਦਵਾਈਆਂ ਦੀ ਕਮੀ ਨਾ ਪੈਦਾ ਹੋ ਜਾਵੇ।

ਕੈਬਨਿਟ ਵਲੋਂ ਲਏ ਫੈਸਲੇ ਮੁਤਾਬਕ ਵੱਡੀ ਮਾਤਰਾ ਵਿਚ ਦਵਾਈਆਂ ਅਤੇ ਏਪੀਆਈ ਬਣਾਉਣ ਲਈ ਚਾਰ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ। ਪਹਿਲੀ ਸਕੀਮ ਤਹਿਤ ਸਰਕਾਰ ਨੇ 1,000 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਸ ਨਾਲ ਸੂਬਿਆਂ ਵਿਚ ਵੱਡੀ ਮਾਤਰਾ 'ਚ ਦਵਾਈਆਂ ਬਣ ਸਕਣਗੀਆਂ। ਸੂਬਾ ਸਰਕਾਰਾਂ ਅਜਿਹੇ ਪਾਰਕਾਂ ਲਈ 1000 ਏਕੜ ਜਗ੍ਹਾ ਮੁਹੱਈਆ ਕਰਵਾਉਣਗੀਆਂ। ਇਸ ਦੇ ਨਾਲ ਹੀ, 6,940 ਕਰੋੜ ਰੁਪਏ ਦੇ ਬਜਟ ਨਾਲ ਵੱਡੇ ਪੱਧਰ ਉਤੇ ਦਵਾਈਆਂ ਬਣਾਉਣ ਲਈ ਉਤਸ਼ਾਹਿਤ ਕਰਨ ਲਈ ਵੀ ਸਕੀਮ ਚਲਾਈ ਜਾਵੇਗੀ। ਇਸ ਤੋਂ ਇਲਾਵਾ ਫਾਰਮਾ ਸੈਕਟਰ ਪੈਕੇਜ ਤਹਿਤ ਚਾਰ ਸੂਬਿਆਂ ਵਿਚ ਮੈਡੀਕਲ ਡਿਵਾਈਸ ਪਾਰਕ ਸਥਾਪਤ ਕਰਨ ਦੀ ਤਜਵੀਜ਼ ਵੀ ਪੇਸ਼ ਕੀਤੀ ਗਈ ਹੈ, ਜਿਸ ਅਧੀਨ ਹਰੇਕ ਸੂਬੇ ਨੂੰ 100 ਕਰੋੜ ਰੁਪਏ ਦੀ ਗਰਾਂਟ ਦਿੱਤੀ ਜਾਵੇਗੀ।



ਕੰਪਨੀਆਂ ਵਲੋਂ ਮੈਡੀਕਲ ਖੇਤਰ ਨਾਲ ਸਬੰਧਤ ਸਾਮਾਨ ਬਣਾਉਣ ਲਈ 3,420 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਦੱਸਣਯੋਗ ਹੈ ਕਿ ਕੈਂਸਰ, ਰੇਡੀਓਲੋਜੀ, ਐਨੇਸਥੀਸੀਆ ਅਤੇ ਦਿਲ ਦੀਆਂ ਬਿਮਾਰੀਆਂ ਸਬੰਧੀ ਸਾਜ਼ੋ-ਸਾਮਾਨ ਦੀ ਦਰਾਮਦ ਕੀਤੀ ਜਾਂਦੀ ਹੈ। ਭਾਰਤ ਵਿਚ ਹੀ ਦਵਾਈਆਂ ਬਣਾਉਣ ਲਈ ਕੁੱਲ 53 ਏਪੀਆਈ'ਜ਼ ਯੂਨਿਟਾਂ ਸਥਾਪਤ ਕਰਨ ਦੀ ਯੋਜਨਾ ਹੈ।

ਇਕ ਅੰਦਾਜ਼ੇ ਮੁਤਾਬਕ ਮੁਲਕ ਵਿੱਚ ਹੀ ਦਵਾਈਆਂ ਬਣਾਉਣ ਨਾਲ ਜਿਥੇ ਵੱਡੇ ਪੱਧਰ ਉਤੇ ਦਰਾਮਦ ਘਟਾਉਣ 'ਚ ਮਦਦ ਮਿਲੇਗੀ, ਉਥੇ ਇਸ ਨਾਲ ਅੱਠ ਸਾਲਾਂ ਵਿਚ 46,000 ਕਰੋੜ ਰੁਪਏ ਦਾ ਨਿਵੇਸ਼ ਵੀ ਮਿਲੇਗਾ। ਇਸ ਦੇ ਨਾਲ ਹੀ ਕੇਂਦਰੀ ਕੈਬਨਿਟ ਨੇ ਇਲੈਕਟ੍ਰਾਨਿਕ ਕੰਪੋਨੈਂਟ'ਜ਼, ਸੈਮੀਕੰਡਕਟਰ'ਜ਼ ਅਤੇ ਮੋਬਾਈਲ ਉਤਪਾਦਨ ਦੇ ਨਿਰਮਾਣ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਫੈਸਲੇ ਲਏ ਹਨ।

ਕੈਬਨਿਟ ਨੇ ਉਤਪਾਦਨ ਅਧਾਰਤ ਹੌਸਲਾ ਵਧਾਊ ਸਕੀਮ (ਪੀਐਲਆਈ) ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਲੈਕਟ੍ਰਾਨਿਕ ਅਤੇ ਆਈਟੀ ਲਈ ਕੇਂਦਰੀ ਮੰਤਰੀ ਰਵੀ ਸ਼ੰਕਰ ਨੇ ਦੱਸਿਆ ਕਿ ਕੇਂਦਰ ਨੇ ਇਸ ਸਕੀਮ ਲਈ ਪੰਜ ਸਾਲਾਂ ਵਾਸਤੇ 40,995 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰੀ ਕੈਬਨਿਟ ਨੇ ਆਯੂਸ਼ਮਾਨ ਭਾਰਤ ਦੇ ਮੁੱਖ ਹਿੱਸੇ- ਆਯੂਸ਼ ਹੈਲਥ ਐਂਡ ਵੈਲਨੈੱਸ ਸੈਂਟਰ (ਐਚਡਬਲਿਊਸੀ'ਜ਼) ਨੂੰ ਕੌਮੀ ਆਯੂਸ਼ ਮਿਸ਼ਨ (ਐਨ.ਏ.ਐਮ.) ਵਿਚ ਮਿਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ।

# ਕਰੋਨਾ: ਚੀਨ ਬਾਕੀ ਮੁਲਕਾਂ ਨਾਲ ਵਧੇਰੇ ਸਹਿਯੋਗ ਲਈ ਤਿਆਰ

**ਪੇਈਚਿੰਗ:** ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕਿਹਾ ਹੈ ਕਿ ਜਾਨਲੇਵਾ ਕਰੋਨਾ ਵਾਇਰਸ ਮਹਾਮਾਰੀ ਦੇ ਆਲਮੀ ਖਤਰੇ ਨਾਲ ਨਜਿੱਠਣ ਲਈ ਚੀਨ ਦੁਨੀਆਂ ਦੇ ਬਾਕੀ ਮੁਲਕਾਂ ਨਾਲ ਰਲ ਕੇ ਵਧੇਰੇ ਸਹਿਯੋਗ ਲਈ ਤਿਆਰ ਹੈ। ਸ਼ੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਫੋਨ ਉਤੇ ਗੱਲਬਾਤ ਕੀਤੀ ਹੈ।

ਚੀਨੀ ਆਗੂ ਨੇ ਕਿਹਾ ਹੈ ਕਿ ਪੇਈਚਿੰਗ 'ਰੂਸ ਤੇ ਹੋਰਾਂ ਦੇਸ਼ਾਂ ਨਾਲ ਮਿਲ ਕੇ ਇਕਜੁੱਟ ਯਤਨ ਕਰਨ ਦਾ ਚਾਹਵਾਨ ਹੈ ਤਾਂ ਕਿ ਇਸ ਆਲਮੀ ਸਿਹਤ ਖਤਰੇ ਨੂੰ ਟਾਲਿਆ ਜਾ ਸਕੇ।' ਸ਼ੀ ਨੇ ਪੂਤਿਨ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੀਨ ਕੋਲ ਇਸ ਮਹਾਮਾਰੀ ਉਤੇ ਜਿੱਤ ਪ੍ਰਾਪਤ ਕਰਨ ਦਾ ਭਰੋਸਾ, ਸਮਰੱਥਾ ਤੇ ਹੋਰ ਸਰੋਤ ਮੌਜੂਦ ਹਨ। ਦੱਸਣਯੋਗ ਹੈ ਕਿ ਚੀਨ ਦੀ ਵਾਇਰਸ ਫੈਲਣ ਉਤੇ ਜਲਦੀ ਕਾਰਵਾਈ ਨਾ ਕਰਨ ਅਤੇ ਲੋੜੀਂਦੀ ਜਾਣਕਾਰੀ ਜਨਤਕ ਨਾ ਕਰਨ ਲਈ ਨਿਖੇਧੀ ਕੀਤੀ ਜਾ ਰਹੀ ਹੈ। ਸੰਸਾਰ ਨੂੰ ਬਿਮਾਰੀ ਬਾਰੇ ਜਲਦੀ ਜਾਣਕਾਰੀ ਨਾ ਦੇਣ ਦਾ ਦੋਸ਼ ਲਾਉਂਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਚੀਨ ਦੀ ਨਿੰਦਾ ਕੀਤੀ ਹੈ। ਜਦਕਿ ਰਾਸ਼ਟਰਪਤੀ ਟਰੰਪ ਨੂੰ ਅਮਰੀਕਾ 'ਚ ਸੰਕਟ ਦਾ ਜਵਾਬ ਢੁਕਵੇਂ ਢੰਗ ਨਾਲ ਨਾ ਦੇਣ ਲਈ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਟਰੰਪ ਨੇ ਕਿਹਾ ਕਿ ਸੰਸਾਰ ਚੀਨ ਵਲੋਂ 'ਜਾਣਕਾਰੀਆਂ ਲੁਕਾਉਣ' ਦਾ ਮੁੱਲ ਤਾਰ ਰਿਹਾ ਹੈ। ਚੀਨ ਨੇ ਦੋਸ਼ਾਂ ਦਾ ਜਵਾਬ ਦਿੰਦਿਆਂ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਸਾਰੇ 'ਸੰਕਟ ਦੀ ਜ਼ਿੰਮੇਵਾਰੀ ਚੀਨ ਸਿਰ ਮੜ੍ਹਨ' ਦੀ ਕੋਸ਼ਿਸ਼ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਚੀਨ ਦੇ ਵੂਹਾਨ 'ਚ ਪੈਦਾ ਹੋਏ ਵਾਇਰਸ ਉਤੇ ਦੋਵਾਂ ਮੁਲਕਾਂ ਵਿਚਾਲੇ ਸ਼ਬਦੀ ਜੰਗ ਮਘੀ ਹੋਈ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਗੇਂਗ ਸ਼ੁਆਂਗ ਨੇ ਕਿਹਾ ਹੈ ਕਿ ਚੀਨ ਖੁਦ ਵਾਇਰਸ ਖਿਲਾਫ ਜੰਗ ਲੜ ਰਿਹਾ ਹੈ, ਅਮਰੀਕਾ ਦਾ ਬਿਆਨ ਚੀਨੀ ਲੋਕਾਂ ਵਲੋਂ ਮਨੁੱਖਤਾ ਲਈ ਕੀਤੀਆਂ ਜਾ ਰਹੀਆਂ ਕੁਰਬਾਨੀਆਂ ਦਾ ਨਿਰਾਦਰ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਪੂਰੇ ਸੰਕਟ ਦੌਰਾਨ ਚੀਨ ਨੇ ਅਮਰੀਕਾ ਨਾਲ ਜਾਣਕਾਰੀ ਸਾਂਝੀ ਕੀਤੀ ਹੈ।

## ਕਰੋਨਾ ਨੇ ਹਵਾਈ ਕੰਪਨੀਆਂ ਭੁੰਜੇ ਲਾਹੀਆਂ

**ਨਵੀਂ ਦਿੱਲੀ:** ਕਰੋਨਾ ਵਾਇਰਸ ਦੇ ਆਲਮੀ ਪੱਧਰ ਉਤੇ ਪੈਰ ਪਸਾਰਨ ਮਗਰੋਂ ਜਿਥੇ ਵਿਦੇਸ਼ੀ ਹਵਾਈ ਕੰਪਨੀਆਂ ਵੱਡੇ ਘਾਟੇ ਦੇ ਰਾਹ ਤੁਰ ਪਈਆਂ ਹਨ, ਉਥੇ ਮਹਾਮਾਰੀ ਨੇ ਭਾਰਤ ਦੀਆਂ ਵਿਸਤਾਰਾ ਤੇ ਇੰਡੀਗੋ ਸਮੇਤ ਹੋਰ ਹਵਾਈ ਕੰਪਨੀਆਂ ਨੂੰ ਭੁੰਜੇ ਲਾਹ ਦਿੱਤਾ ਹੈ। ਇੰਡੀਗੋ ਨੇ ਸਟਾਫ ਦੀ ਤਨਖਾਹ ਵਿਚ ਕਟੌਤੀ ਕਰਨ ਦੀ ਤਿਆਰੀ ਖਿੱਚ ਲਈ ਹੈ, ਜੋ 5 ਤੋਂ 25 ਫੀਸਦ ਤੱਕ ਹੋ ਸਕਦੀ ਹੈ। ਕੰਪਨੀ ਦੇ ਸੀਈਓ ਰੋਨੋਜਯ ਦੱਤਾ ਨੇ ਇਸ ਪੇਸ਼ਕਦਮੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਹ ਆਪਣੀ ਤਨਖਾਹ ਵਿਚੋਂ ਵੀ 25 ਫੀਸਦੀ ਦੀ ਕਟੌਤੀ ਕਰਨਗੇ। ਦੱਤਾ ਮੁਤਾਬਕ ਕਰੋਨਾ ਵਾਇਰਸ ਕਰਕੇ ਹਵਾਈ ਕੰਪਨੀਆਂ ਦੀ ਆਮਦਨੀ ਨੂੰ ਭਾਰੀ ਸੱਟ ਲੱਗੀ ਹੈ।

## ਇਟਲੀ ਤੋਂ 263 ਭਾਰਤੀਆਂ ਨੂੰ ਵਤਨ ਲਿਆਂਦਾ

**ਨਵੀਂ ਦਿੱਲੀ:** ਕਰੋਨਾ ਵਾਇਰਸ ਪ੍ਰਭਾਵਿਤ ਇਟਲੀ ਦੀ ਰਾਜਧਾਨੀ ਰੋਮ ਤੋਂ ਏਅਰ ਇੰਡੀਆ ਦੀ ਵਿਸ਼ੇਸ਼ ਉਡਾਣ ਰਾਹੀਂ 263 ਭਾਰਤੀਆਂ ਨੂੰ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਉਪਰ ਸਵੇਰੇ ਵਿਸ਼ੇਸ਼ ਸੁਰੱਖਿਆ ਇੰਤਜ਼ਾਮਾਂ ਨਾਲ ਵਾਪਸ ਲਿਆਂਦਾ ਗਿਆ ਹੈ।

ਇਹ ਵਿਸ਼ੇਸ਼ ਉਡਾਣ ਹਵਾਈ ਅੱਡੇ ਉਪਰ ਸਵੇਰੇ 9.15 ਵਜੇ ਉੱਤਰੀ। ਔਖੇ ਹਾਲਾਤ ਵਿਚ ਫਸੇ ਲੋਕਾਂ, ਜਿਨ੍ਹਾਂ ਵਿਚੋਂ ਬਹੁਤੇ ਵਿਦਿਆਰਥੀ ਸਨ, ਨੂੰ ਰੋਮ ਤੋਂ ਕੱਢ ਕੇ ਦਿੱਲੀ ਲਿਆਂਦਾ ਗਿਆ। ਦਿੱਲੀ ਦੇ ਹਵਾਈ ਅੱਡੇ ਵਿਖੇ ਕਸਟਮ ਅਧਿਕਾਰੀਆਂ ਨੇ ਵਿਸ਼ੇਸ਼ ਇਮੀਗ੍ਰੇਸ਼ਨ ਕਲੀਅਰਐਂਸ ਦੇ ਪ੍ਰਬੰਧ ਕੀਤੇ ਤੇ ਕਰੋਨਾ ਦੇ ਬਚਾਅ ਦੇ ਸਾਰੇ ਉਪਾਅ ਵਰਤੇ ਗਏ। ਇਸ ਉਡਾਣ ਦੇ ਸਾਰੇ ਯਾਤਰੀਆਂ ਤੁਰਤ ਥਰਮਲ ਸਕ੍ਰੀਨਿੰਗ ਤੇ ਇਮੀਗ੍ਰੇਸ਼ਨ ਕਰਵਾਉਣ ਮਗਰੋਂ ਉਨ੍ਹਾਂ ਨੂੰ ਛਾਵਲਾ ਵਿਖੇ ਇੰਡੋ-ਤਿੱਬਤੀ ਬਾਰਡਰ ਪੁਲਿਸ ਵਲੋਂ ਬਣਾਏ ਗਏ ਇਕਾਂਤਵਾਸ ਸਹੂਲਤ ਵਾਲੇ ਮਾਨੇਸਰ ਤੋਂ ਦੂਰ ਬਣਾਏ ਕੇਂਦਰ ਵਿਚ ਸਖਤ ਨਿਗਰਾਨੀ ਹੇਠ ਲਿਜਾਇਆ ਗਿਆ। ਅੱਡੇ ਉਤੇ ਰਿਮੋਟ ਵੇਅ ਵਿਖੇ ਸਹਾਇਤਾ ਦਿੱਤੀ ਗਈ ਤੇ ਸਾਵਧਾਨੀਆਂ ਵਰਤਦੇ ਹੋਏ ਯਾਤਰੀਆਂ ਨੂੰ ਸਾਂਭਣ ਲਈ 'ਸਟੈਂਡਰਡ ਓਪਰੇਟਿੰਗ ਪ੍ਰਕਿਰਿਆ' ਅਪਣਾਈ ਗਈ। ਇਟਲੀ ਤੋਂ ਸੁਰੱਖਿਅਤ ਕੱਢ ਕੇ ਲਿਆਂਦਾ ਗਿਆ ਇਹ ਭਾਰਤੀਆਂ ਦਾ ਦੂਜਾ ਦਲ ਹੈ। ਇਸ ਤੋਂ ਪਹਿਲਾਂ 200 ਤੋਂ ਵੱਧ ਭਾਰਤੀਆਂ, ਜਿਨ੍ਹਾਂ ਵਿਚ ਬਹੁਤੇ ਵਿਦਿਆਰਥੀ ਸਨ, ਨੂੰ ਇਟਲੀ ਦੇ ਸ਼ਹਿਰ ਮਿਲਾਨ ਤੋਂ ਬਾਹਰ ਕੱਢਿਆ ਗਿਆ ਸੀ।

## ਕਰੋਨਾ ਦੇ ਖੌਫ ਕਾਰਨ ਆਸਟਰੇਲੀਆ ਵਲੋਂ ਸਰਹੱਦ ਸੀਲ

**ਮੈਲਬਰਨ:** ਆਸਟਰੇਲੀਆ ਨੇ ਸਖਤ ਫੈਸਲਾ ਲੈਂਦਿਆਂ ਮੁਲਕ ਦੀਆਂ ਸਰਹੱਦਾਂ ਵਿਦੇਸ਼ੀਆਂ ਲਈ ਬੰਦ ਕਰ ਦਿੱਤੀਆਂ ਹਨ। ਸਿਰਫ ਆਸਟਰੇਲਿਆਈ ਨਾਗਰਿਕ ਜਾਂ ਸਥਾਈ ਨਾਗਰਿਕਤਾ ਦਾ ਦਰਜਾ ਰੱਖਣ ਵਾਲੇ ਹੀ ਮੁਲਕ ਵਿਚ ਦਾਖਲ ਹੋ ਸਕਣਗੇ। ਬਾਕੀ ਸਾਰੇ ਵੱਖ-ਵੱਖ ਸ਼੍ਰੇਣੀਆਂ ਵਿਚ ਆਉਂਦੇ ਵੀਜ਼ਿਆਂ ਦੇ ਦਾਖਲੇ ਉਤੇ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨੇ ਆਪਣੇ ਇਸ ਐਲਾਨ ਨੂੰ ਕਰੋਨਾ ਵਾਇਰਸ ਤੋਂ ਬਚਾਅ ਲਈ ਅਹਿਮ ਦੱਸਿਆ।

ਇਸ ਬਿਮਾਰੀ ਦੇ ਅਸਰ ਕਾਰਨ ਮੁਲਕ ਦੀ ਪ੍ਰਮੁੱਖ ਏਅਰਲਾਈਨ ਨੇ ਕੌਮਾਂਤਰੀ ਉਡਾਣਾਂ ਰੋਕ ਦਿੱਤੀਆਂ ਹਨ, ਜਿਸ ਕਾਰਨ ਕਰੀਬ 20 ਹਜ਼ਾਰ ਲੋਕ ਬੇਰੁਜ਼ਗਾਰ ਹੋ ਗਏ ਹਨ। ਹੋਰ ਸਨਅਤਾਂ ਤੇ ਖੇਤਰਾਂ 'ਚ ਬੇਰੁਜ਼ਗਾਰੀ ਵਧ ਰਹੀ ਹੈ। ਪਾਬੰਦੀਆਂ ਦੀਆਂ ਕਨਸੋਆਂ ਕਾਰਨ ਮੁਲਕ ਦੇ ਸਟੋਰਾਂ 'ਚੋਂ ਸਾਮਾਨ ਘਰਾਂ ਵਿਚ ਜਮ੍ਹਾਂ ਕਰਨ ਲਈ ਲੈ ਕੇ ਜਾ ਰਹੇ ਹਨ ਜਿਸ ਕਾਰਨ ਕਰਿਆਨਾ ਸੈਕਟਰ ਕਿੱਲਤ ਦਾ ਸਾਹਮਣਾ ਕਰ ਰਿਹਾ ਹੈ। ਕੁਝ ਦਵਾਈਆਂ ਦੀ ਖਰੀਦ ਮਾਤਰਾ ਨੂੰ ਵੀ ਘਟਾਇਆ ਗਿਆ ਹੈ। ਇਨ੍ਹਾਂ ਹਾਲਾਤਾਂ ਵਿਚ ਸਭ ਤੋਂ ਵੱਧ ਪਰੇਸ਼ਾਨੀ ਦਾ ਸਾਹਮਣਾ ਕੌਮਾਂਤਰੀ ਵਿਦਿਆਰਥੀਆਂ ਨੂੰ ਕਰਨਾ ਪੈ ਰਿਹਾ ਹੈ, ਜਿਥੇ ਛੋਟੇ ਵਪਾਰ ਬੰਦ ਹੋ ਰਹੇ ਹਨ, ਉਥੇ ਨਾਲ ਕੰਮ ਅਤੇ ਫੀਸਾਂ ਆਦਿ ਦੀ ਚੁਣੌਤੀ ਵੱਡੀ ਬਣ ਕੇ ਉਭਰ ਰਹੀ ਹੈ। ਇਸ ਪਾਸੇ ਸਰਕਾਰ ਵਲੋਂ ਵੀ ਰਾਹਤ ਦਾ ਕੋਈ ਐਲਾਨ ਫਿਲਹਾਲ ਨਹੀਂ ਕੀਤਾ ਗਿਆ।

## ਚਾਰ ਸਾਲਾ ਬੱਚੀ ਨਾਲ ਜਬਰ ਜਨਾਹ ਦੇ ਦੋਸ਼ ਹੇਠ ਗ੍ਰਿਫਤਾਰ

**ਰਾਜਗੜ੍ਹ:** ਮੱਧ ਪ੍ਰਦੇਸ਼ ਦੇ ਰਾਜਗੜ੍ਹ ਜ਼ਿਲ੍ਹੇ ਵਿਚ ਇਕ ਚਾਰ ਸਾਲਾ ਬੱਚੀ ਨਾਲ ਜਬਰ ਜਨਾਹ ਦੇ ਦੋਸ਼ ਹੇਠ 18 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਘਰ ਦੇ ਬਾਹਰ ਖੇਡ ਰਹੀ ਬੱਚੀ ਨੂੰ ਮੁਲਜ਼ਮ ਬਹਾਨੇ ਨਾਲ ਲੈ ਗਿਆ। ਉਸ ਵੇਲੇ ਬੱਚੀ ਦੇ ਮਾਪੇ ਘਰ ਨਹੀਂ ਸਨ। ਮੁਲਜ਼ਮ ਖਿਲਾਫ ਪੋਕਸੋ ਐਕਟ ਦੀਆਂ ਧਾਰਾਵਾਂ ਲਾਈਆਂ ਗਈਆਂ ਹਨ।

# ਨਿਰਭਯਾ ਜਬਰ ਜਨਾਹ ਤੇ ਕਤਲ ਕੇਸ ਦੇ ਚਾਰੇ ਦੋਸ਼ੀ ਫਾਹੇ ਟੰਗੇ



**ਨਵੀਂ ਦਿੱਲੀ:** ਨਿਰਭਯਾ ਸਮੂਹਿਕ ਜਬਰ ਜਨਾਹ ਅਤੇ ਹੱਤਿਆ ਮਾਮਲੇ ਦੇ ਚਾਰ ਦੋਸ਼ੀਆਂ ਨੂੰ ਫਾਂਸੀ ਦੇ ਦਿੱਤੀ ਗਈ। ਦਿੱਲੀ ਦੀ 23 ਵਰ੍ਹਿਆਂ ਦੀ ਮੁਟਿਆਰ ਨਾਲ 16 ਦਸੰਬਰ, 2012 ਦੀ ਰਾਤ ਚੱਲਦੀ ਖਾਲੀ ਬੱਸ ਵਿਚ ਸਮੂਹਿਕ ਜਬਰ ਜਨਾਹ ਕਰਨ ਮਗਰੋਂ ਉਸ ਨੂੰ ਮਰਨ ਲਈ ਸੜਕ ਕਿਨਾਰੇ ਸੁੱਟਣ ਦੇ ਦੋਸ਼ੀਆਂ ਨੂੰ ਫਾਹੇ ਟੰਗੇ ਜਾਣ ਨਾਲ ਭਾਰਤ ਦੇ ਇਤਿਹਾਸ ਦੇ ਇਸ ਹੌਲਨਾਕ ਜਬਰ-ਜਨਾਹ ਕਾਂਡ ਦਾ ਅਧਿਆਏ ਮੁੱਕ ਗਿਆ ਹੈ।

ਨਿਰਭਯਾ ਕੇਸ ਦੇ ਚਾਰ ਦੋਸ਼ੀਆਂ ਮੁਕੇਸ਼ ਕੁਮਾਰ (32), ਪਵਨ ਗੁਪਤਾ (25), ਵਿਨੈ ਸ਼ਰਮਾ (26) ਅਤੇ ਅਕਸ਼ੈ ਕੁਮਾਰ ਸਿੰਘ (31) ਨੂੰ ਸਵੇਰੇ 5:30 ਵਜੇ ਫਾਹੇ ਟੰਗਿਆ ਗਿਆ। ਜੇਲ੍ਹ ਨਿਯਮਾਂ ਅਨੁਸਾਰ ਫਾਹੇ ਟੰਗੇ ਜਾਣ ਮਗਰੋਂ ਚਾਰੇ ਦੋਸ਼ੀਆਂ ਦੀਆਂ ਦੇਹਾਂ ਅੱਧੇ ਘੰਟੇ ਲਈ ਲਟਕਦੀਆਂ ਰਹੀਆਂ। ਤਿਹਾੜ ਜੇਲ੍ਹ ਵਿਚ ਪਹਿਲੀ ਵਾਰ ਚਾਰ ਜਣਿਆਂ ਨੂੰ ਇਕੱਠਿਆਂ ਫਾਂਸੀ ਦਿੱਤੀ ਗਈ ਹੈ। ਅਦਾਲਤ ਨੇ ਦੋਸ਼ੀਆਂ ਗੁਪਤਾ ਅਤੇ ਅਕਸ਼ੈ ਸਿੰਘ ਨੂੰ ਫਾਂਸੀ ਦੇ ਤਖਤੇ 'ਤੇ ਭੇਜੇ ਜਾਣ ਤੋਂ ਪਹਿਲਾਂ ਆਪਣੇ ਪਰਿਵਾਰਕ ਜੀਆਂ ਨੂੰ ਮਿਲਣ ਸਬੰਧੀ ਕੋਈ ਆਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ। ਫਾਂਸੀ ਲਾਏ ਜਾਣ ਤੋਂ ਪਹਿਲਾਂ ਦੋਸ਼ੀਆਂ ਨੇ ਕੋਈ ਵਿਰੋਧ ਨਹੀਂ ਕੀਤਾ ਜਦਕਿ ਦੋਸ਼ੀ ਵਿਨੈ ਸ਼ਰਮਾ ਨੇ ਰੋਣਾ ਸ਼ੁਰੂ ਕਰ ਦਿੱਤਾ। ਆਪਣੀ ਧੀ ਨੂੰ ਸੱਤ ਸਾਲਾਂ ਦੀ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਮਿਲੇ ਇਨਸਾਫ ਕਾਰਨ ਰਾਹਤ ਮਹਿਸੂਸ ਕਰ ਰਹੇ ਨਿਰਭਯਾ ਦੇ ਮਾਪਿਆਂ ਨੇ ਕਿਹਾ ਕਿ ਉਹ ਭਾਰਤ ਦੀਆਂ ਧੀਆਂ ਲਈ ਲਗਾਤਾਰ ਲੜਦੇ ਰਹਿਣਗੇ। ਨਿਰਭਯਾ ਦੀ ਮਾਂ ਨੇ ਕਿਹਾ ਕਿ ਅਖੀਰ ਸਾਨੂੰ ਇਨਸਾਫ ਮਿਲ ਗਿਆ। ਅਸੀਂ ਆਪਣੀ ਲੜਾਈ ਦੇਸ਼ ਦੀਆਂ ਧੀਆਂ ਨੂੰ ਨਿਆਂ ਦਿਵਾਉਣ ਲਈ ਜਾਰੀ ਰੱਖਾਂਗੇ। ਇਨਸਾਫ ਮਿਲਣ ਵਿਚ ਦੇਰੀ ਹੋਈ, ਪਰ ਮਿਲਿਆ ਜ਼ਰੂਰ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਫਾਹੇ ਟੰਗੇ ਜਾਣ ਮਗਰੋਂ ਮਹਿਲਾਵਾਂ ਲਾਜ਼ਮੀ ਤੌਰ ਉਤੇ ਸੁਰੱਖਿਅਤ ਮਹਿਸੂਸ ਕਰਨਗੀਆਂ। ਜੇਲ੍ਹ ਪ੍ਰਸ਼ਾਸਨ ਮੁਤਾਬਕ ਫਾਂਸੀ ਉਤੇ ਲਟਕਾਉਣ ਤੋਂ ਪਹਿਲਾਂ ਚਾਰੇ ਦੋਸ਼ੀ ਬੇਚੈਨ ਦਿੱਸੇ। ਮੁਕੇਸ਼ ਅਤੇ ਵਿਨੈ ਨੇ ਤਾਂ ਰਾਤ ਦਾ ਖਾਣਾ ਖਾਧਾ ਅਤੇ ਅਕਸ਼ੈ ਅਤੇ ਪਵਨ ਨੇ ਕੁਝ ਵੀ ਖਾਣ ਤੋਂ ਮਨ੍ਹਾਂ ਕਰ ਦਿੱਤਾ। ਜੇਲ੍ਹ ਪ੍ਰਸ਼ਾਸਨ ਮੁਤਾਬਕ ਚਾਰੇ ਦੋਸ਼ੀ ਬੇਚੈਨੀ 'ਚ ਵਾਰ-ਵਾਰ ਅਦਾਲਤ ਦੇ ਫੈਸਲੇ ਬਾਰੇ ਪੁੱਛਦੇ ਰਹੇ। ਸੁਪਰੀਮ ਕੋਰਟ ਅਤੇ ਦਿੱਲੀ ਹਾਈ ਕੋਰਟ 'ਚ ਦੋਸ਼ੀਆਂ ਦੀਆਂ ਅਰਜ਼ੀਆਂ ਉਤੇ ਸੁਣਵਾਈ ਹੋ ਰਹੀ ਸੀ। ਦੋਸ਼ੀਆਂ ਨੇ ਪਿਛਲੇ 15 ਘੰਟਿਆਂ 'ਚ 6 ਅਰਜ਼ੀਆਂ ਲਾਈਆਂ ਸਨ। ਦਿੱਲੀ ਹਾਈ ਕੋਰਟ 'ਚ ਦੋਸ਼ੀਆਂ ਵਲੋਂ ਲਾਈ ਪਟੀਸ਼ਨ 'ਚ ਉਨ੍ਹਾਂ ਦੇ ਵਕੀਲ ਨੇ ਕੋਰੋਨਾਵਾਇਰਸ ਕਾਰਨ 'ਲੋੜੀਂਦੇ ਕਾਗਜ਼ਾਤ' ਦੀ ਘਾਟ ਦਾ ਹਵਾਲਾ ਦਿੱਤਾ ਸੀ, ਜਦ ਕਿ ਸੁਪਰੀਮ ਕੋਰਟ 'ਚ ਪਵਨ ਵਲੋਂ ਰਹਿਮ ਦੀ ਅਪੀਲ ਰੱਦ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਅਕਸ਼ੈ ਵਲੋਂ ਦੂਜੀ ਰਹਿਣ ਦੀ ਪਟੀਸ਼ਨ ਖਾਰਜ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਅਤੇ ਮੁਕੇਸ਼ ਵਲੋਂ ਜਬਰ ਜਨਾਹ ਸਮੇਂ ਦਿੱਲੀ 'ਚ ਨਾ ਹੋਣ ਦੇ ਦਾਅਵੇ ਵਾਲੀਆਂ ਸਾਰੀਆਂ ਪਟੀਸ਼ਨਾਂ ਖਾਰਜ ਕਰ ਦਿੱਤੀਆਂ ਗਈਆਂ। ਸੁਪਰੀਮ ਕੋਰਟ ਨੇ ਰਹਿਮ ਦੀ ਪਟੀਸ਼ਨ ਨੂੰ ਚੁਣੌਤੀ ਦੇਣ ਦੇ ਆਧਾਰ 'ਤੇ ਹੀ ਸਵਾਲ ਉਠਾਉਂਦਿਆਂ ਕਿਹਾ ਕਿ ਜੋ ਵੀ ਆਧਾਰ ਦੱਸੇ ਜਾ ਰਹੇ ਹਨ, ਉਨ੍ਹਾਂ ਉਤੇ ਪਹਿਲਾਂ ਬਹਿਸ ਹੋ ਚੁੱਕੀ ਹੈ। ਦੂਜੇ ਪਾਸੇ ਦਿੱਲੀ ਹਾਈ ਕੋਰਟ ਨੇ ਹੋਰ ਤਲਖ ਟਿੱਪਣੀ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਤੁਹਾਡੇ ਮੁਵੱਕਲ ਭਗਵਾਨ ਨਾਲ ਮਿਲਣਗੇ। ਦੋਸ਼ੀਆਂ ਨੇ ਅੰਤਿਮ ਇੱਛਾ 'ਚ ਆਪਣੇ ਹੱਕ ਦੀ ਵਰਤੋਂ ਨਹੀਂ ਕੀਤੀ। ਤਿਹਾੜ ਜੇਲ੍ਹ ਹਲਕਿਆਂ ਮੁਤਾਬਕ ਦੋਸ਼ੀ ਮੁਕੇਸ਼ ਨੇ ਆਪਣੇ ਅੰਗਦਾਨ ਲਈ ਜੇਲ੍ਹ ਪ੍ਰਸ਼ਾਸਨ ਨੂੰ ਲਿਖਤੀ ਇਜਾਜ਼ਤ ਦਿੱਤੀ ਸੀ, ਜਦ ਕਿ ਵਿਨੈ ਵਲੋਂ ਆਪਣੀ ਬਣਾਈ ਪੇਂਟਿੰਗ ਜੇਲ੍ਹ ਨੂੰ ਸੌਂਪੀ ਗਈ। ਜੇਲ੍ਹ ਪ੍ਰਸ਼ਾਸਨ ਨੇ ਚਾਰੋ ਦੋਸ਼ੀਆਂ ਵਲੋਂ ਜੇਲ੍ਹ 'ਚ ਕਮਾਈ ਰਕਮ ਉਨ੍ਹਾਂ ਦੇ ਪਰਿਵਾਰਾਂ ਦੇ ਸਪੁਰਦ ਕਰ ਦਿੱਤੀ।

ਉਧਰ, ਇੰਟਰਨੈਸ਼ਨਲ ਕਮਿਸ਼ਨ ਆਫ ਜਿਊਰਿਸਟਸ (ਆਈ.ਸੀ.ਜੇ.) ਨੇ ਨਿਰਭਯਾ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ ਲਾਏ ਜਾਣ ਦੀ ਨਿੰਦਾ ਕਰਦਿਆਂ ਕਿਹਾ ਕਿ ਫਾਹੇ ਟੰਗੇ ਜਾਣ ਨਾਲ ਕਾਨੂੰਨ ਦੀ ਪਾਲਣਾ ਹੋਈ ਹੈ ਪਰ ਇਸ ਨਾਲ ਮਹਿਲਾਵਾਂ ਲਈ ਨਿਆਂ ਤੱਕ ਪਹੁੰਚ ਨਹੀਂ ਵਧੀ ਹੈ। ਆਈ.ਸੀ.ਜੇ. ਨੇ ਕੇਂਦਰ ਸਰਕਾਰ ਤੋਂ ਮੌਤ ਦੀ ਸਜ਼ਾ ਉਤੇ ਪਾਬੰਦੀ ਲਾਏ ਜਾਣ ਦੀ ਮੰਗ ਕਰਦਿਆਂ ਹਿੰਸਾ ਰੋਕਣ ਲਈ ਤੰਤਰ ਵਿਚ ਤਬਦੀਲੀਆਂ ਅਤੇ ਮਹਿਲਾਵਾਂ ਲਈ ਨਿਆਂ ਤੱਕ ਪਹੁੰਚ ਬਿਹਤਰ ਕੀਤੇ ਜਾਣ ਦੀ ਮੰਗ ਕੀਤੀ ਹੈ। ਅਮਨੈਸਟੀ ਇੰਟਰਨੈਸ਼ਨਲ, ਇੰਡੀਆ ਨੇ ਵੀ ਫਾਂਸੀ ਦਿੱਤੇ ਜਾਣ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਫਾਂਸੀ ਲਾਏ ਜਾਣਾ ਕਦੇ ਵੀ ਮਹਿਲਾਵਾਂ ਖਿਲਾਫ ਹਿੰਸਾ ਦਾ ਹੱਲ ਨਹੀਂ ਬਲਕਿ ਅਜਿਹਾ ਕਰਨਾ ਭਾਰਤ ਦੇ ਮਨੁੱਖੀ ਅਧਿਕਾਰਾਂ ਵਾਲੇ ਰਿਕਾਰਡ ਉਤੇ 'ਧੱਬਾ' ਹੈ।

### ਭਾਰਤ ਵਿਚ 2014-18 ਦੌਰਾਨ ਹੋਏ 1.75 ਲੱਖ ਬਲਾਤਕਾਰ

**ਨਵੀਂ ਦਿੱਲੀ:** ਕੇਂਦਰੀ ਏਜੰਸੀ ਐਨ.ਸੀ.ਆਰ.ਬੀ. ਦੇ ਅੰਕੜਿਆਂ ਅਨੁਸਾਰ ਦੇਸ਼ ਭਰ ਵਿਚ 2014-18 ਦੌਰਾਨ ਬਲਾਤਕਾਰ ਦੇ 1.75 ਲੱਖ ਮਾਮਲੇ ਦਰਜ ਕੀਤੇ ਗਏ। ਸਾਲ 2016 ਵਿਚ ਸਭ ਤੋਂ ਵੱਧ 38,947 ਮਾਮਲੇ ਦਰਜ ਹੋਏ। ਪੰਜ ਸਾਲਾਂ ਦੌਰਾਨ ਮੱਧ ਪ੍ਰਦੇਸ਼ ਵਿਚ ਸਭ ਤੋਂ ਵੱਧ 25,259 ਮਾਮਲੇ ਦਰਜ ਹੋਏ, ਦੂਜੇ ਨੰਬਰ ਉਤੇ ਉੱਤਰ ਪ੍ਰਦੇਸ਼ ਵਿਚ 19,406 ਅਤੇ ਤੀਜੇ ਨੰਬਰ ਉਤੇ ਰਾਜਸਥਾਨ ਵਿਚ 18,542 ਮਾਮਲੇ ਦਰਜ ਕੀਤੇ ਗਏ।

### ਇਨਸਾਫ ਦੀ ਜਿੱਤ ਹੋਈ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਸ਼ੀਆਂ ਦੀ ਫਾਂਸੀ ਨੂੰ 'ਇਨਸਾਫ ਦੀ ਜਿੱਤ' ਕਰਾਰ ਦਿੱਤਾ। ਟਵਿੱਟਰ ਉਤੇ ਪਾਏ ਸੰਦੇਸ਼ 'ਚ ਉਨ੍ਹਾਂ ਕਿਹਾ ਕਿ ਔਰਤਾਂ ਦੀ ਸੁਰੱਖਿਆ ਅਤੇ ਮਾਣ ਸਨਮਾਨ ਯਕੀਨੀ ਬਣਾਏ ਰੱਖਣਾ ਬਹੁਤ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਇਕੱਠੇ ਮਿਲ ਕੇ ਅਜਿਹੇ ਰਾਸ਼ਟਰ ਦੀ ਉਸਾਰੀ ਕਰਨੀ ਹੋਵੇਗੀ ਜਿਥੇ ਔਰਤਾਂ ਦਾ ਸਸ਼ਕਤੀਕਰਨ ਕੇਂਦਰ 'ਚ ਹੋਏ, ਜਿਥੇ ਬਰਾਬਰੀ ਅਤੇ ਮੌਕੇ ਉਤੇ ਧਿਆਨ ਦਿੱਤਾ ਜਾਏ।

### 1947 ਤੋਂ ਹੁਣ ਤੱਕ 720 ਲੋਕਾਂ ਨੂੰ ਹੋ ਚੁਕੀ ਹੈ ਫਾਂਸੀ

**ਨਵੀਂ ਦਿੱਲੀ:** ਨੈਸ਼ਨਲ ਲਾਅ ਯੂਨੀਵਰਸਿਟੀ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਆਜ਼ਾਦੀ ਤੋਂ ਬਾਅਦ ਭਾਰਤ 'ਚ ਹੁਣ ਤੱਕ ਕੁੱਲ 720 ਲੋਕਾਂ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ, ਜਿਸ ਵਿਚੋਂ ਲਗਭਗ ਅੱਧੇ ਲੋਕ ਉਤਰ ਪ੍ਰਦੇਸ਼ ਨਾਲ ਸਬੰਧਤ ਹਨ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਇਸ ਦੀ ਗਿਣਤੀ ਜ਼ਿਆਦਾ ਵੀ ਹੋ ਸਕਦੀ ਹੈ ਕਿਉਂਕਿ ਸਰਕਾਰ ਕੋਲ ਇਸ ਸਬੰਧੀ ਸਹੀ ਰਿਕਾਰਡ ਮੌਜੂਦ ਨਹੀਂ ਹੈ। ਨਿਰਭਯਾ ਦੇ ਦੋਸ਼ੀਆਂ ਤੋਂ ਪਹਿਲਾਂ ਸਾਲ 2015 ਵਿਚ ਯਕੂਬ ਮੈਨਨ ਨੂੰ ਫਾਂਸੀ ਦਿੱਤੀ ਗਈ ਸੀ। ਜਾਣਕਾਰੀ ਅਨੁਸਾਰ ਉਤਰ ਪ੍ਰਦੇਸ਼ ਵਿਚ 354, ਹਰਿਆਣਾ 'ਚ 90, ਮੱਧ ਪ੍ਰਦੇਸ਼ 73, ਮਹਾਰਾਸ਼ਟਰ 57, ਕਰਨਾਟਕ 36, ਪੱਛਮੀ ਬੰਗਾਲ 30, ਆਂਧਰਾ ਪ੍ਰਦੇਸ਼ 27, ਦਿੱਲੀ 24 ਅਤੇ ਪੰਜਾਬ ਵਿਚ 10, ਰਾਜਸਥਾਨ 'ਚ 8, ਉੜੀਸਾ ਤੇ ਜੰਮੂ ਕਸ਼ਮੀਰ 'ਚ 5-5 ਅਤੇ ਗੋਆ 'ਚ ਇਕ ਨੂੰ ਫਾਂਸੀ ਦਿੱਤੀ।

# ਵਿਰੋਧ ਦੌਰਾਨ ਗੋਗੋਈ ਨੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ



**ਨਵੀਂ ਦਿੱਲੀ:** ਭਾਰਤ ਦੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੇ ਸੰਸਦ ਵਿਚ ਵਿਰੋਧੀ ਧਿਰਾਂ ਦੇ ਮੈਂਬਰਾਂ ਦੀ ਨਾਅਰੇਬਾਜ਼ੀ ਅਤੇ ਵਾਕਆਊਟ ਦੇ ਬਾਵਜੂਦ ਰਾਜ ਸਭਾ ਦੇ ਨਾਮਜ਼ਦ ਮੈਂਬਰ ਵਜੋਂ ਹਲਫ ਲਿਆ।

ਇਹ ਪਹਿਲੀ ਵਾਰ ਹੈ ਜਦੋਂ ਸਦਨ ਵਿਚ ਸਹੁੰ ਚੁੱਕੇ ਜਾਣ ਦੌਰਾਨ ਨਾਅਰੇਬਾਜ਼ੀ ਅਤੇ ਵਾਕਆਊਟ ਹੋਇਆ ਹੈ। ਪਿਛਲੇ ਵਰ੍ਹੇ ਨਵੰਬਰ ਵਿਚ ਭਾਰਤ ਦੇ ਚੀਫ ਜਸਟਿਸ ਵਜੋਂ ਸੇਵਾਮੁਕਤ ਹੋਏ 65 ਵਰ੍ਹਿਆਂ ਦੇ ਗੋਗੋਈ ਨੇ ਅੰਗਰੇਜ਼ੀ ਵਿਚ ਪ੍ਰਮਾਤਮਾ ਦੇ ਨਾਂ ਦੀ ਸਹੁੰ ਚੁੱਕੀ। ਸਹੁੰ ਚੁੱਕਣ ਲਈ ਜਦੋਂ ਉਨ੍ਹਾਂ ਦਾ ਨਾਂ ਬੋਲਿਆ ਗਿਆ ਤਾਂ ਕਾਂਗਰਸ ਅਤੇ ਖੱਬੀਆਂ ਪਾਰਟੀਆਂ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ 'ਸ਼ਰਮ ਕਰੋ' ਅਤੇ 'ਸੌਦੇਬਾਜ਼ੀ' ਜਿਹੇ ਨਾਅਰੇ ਲਾਏ। ਚੇਅਰਮੈਨ ਐੱਮ. ਵੈਂਕਈਆ ਨਾਇਡੂ ਨੇ ਆਦੇਸ਼ ਦਿੱਤਾ ਕਿ ਨਾਅਰੇਬਾਜ਼ੀ ਰਿਕਾਰਡ ਵਿਚ ਨਹੀਂ ਜਾਵੇਗੀ। ਗੋਗੋਈ ਵਲੋਂ ਹਲਫ ਲਏ ਜਾਣ ਦੌਰਾਨ ਕਾਂਗਰਸ, ਖੱਬੀਆਂ ਪਾਰਟੀਆਂ ਅਤੇ ਉਨ੍ਹਾਂ ਦੀਆਂ ਸਹਿਯੋਗੀ ਧਿਰਾਂ ਦੇ ਮੈਂਬਰ ਨਾਅਰੇਬਾਜ਼ੀ ਕਰਦੇ ਹੋਏ ਸਦਨ ਵਿਚੋਂ ਵਾਕਆਊਟ ਕਰ ਗਏ।

ਨਾਇਡੂ ਨੇ ਕਿਹਾ ਕਿ ਨਾਅਰੇਬਾਜ਼ੀ ਕਰਨਾ ਠੀਕ ਨਹੀਂ। ਉਨ੍ਹਾਂ ਕਿਹਾ ਕਿ ਸੰਸਦ ਦੇ ਮੈਂਬਰਾਂ ਲਈ ਇਹ ਬਿਲਕੁਲ ਢੁਕਵਾਂ ਨਹੀਂ ਹੈ। ਗੋਗੋਈ ਵਲੋਂ ਹਲਫ ਲਏ ਜਾਣ ਮਗਰੋਂ ਨਾਇਡੂ ਨੇ ਕਿਹਾ ਕਿ ਇਹ ਸਹੀ ਤਰੀਕਾ ਨਹੀਂ ਹੈ। ਕੁਝ ਵੀ ਰਿਕਾਰਡ ਵਿਚ ਦਰਜ ਨਹੀਂ ਹੋਵੇਗਾ। ਇਹ ਬਹੁਤ ਅਣਉਚਿਤ ਹੈ। ਸਹੁੰ ਚੁੱਕਣ ਤੋਂ ਬਾਅਦ ਗੋਗੋਈ ਨੇ ਆਸਨ ਕੋਲ ਜਾ ਕੇ ਨਾਇਡੂ ਨੂੰ ਨਮਸਕਾਰ ਕੀਤਾ, ਜਿਸ ਦਾ ਉਨ੍ਹਾਂ ਹੱਥ ਜੋੜ ਕੇ ਜਵਾਬ ਦਿੱਤਾ। ਨਾਇਡੂ ਨੇ ਕਿਹਾ ਕਿ ਮੈਂਬਰਾਂ ਨੂੰ ਸਦਨ ਦੇ ਬਾਹਰ ਇਸ ਮੁੱਦੇ 'ਤੇ ਆਪਣੇ ਵਿਚਾਰ ਪੇਸ਼ ਕਰਨ ਦੀ ਆਜ਼ਾਦੀ ਹੈ। ਕਾਂਗਰਸ ਦਾ ਕਹਿਣਾ ਹੈ ਕਿ ਸੇਵਾ ਮੁਕਤੀ ਤੋਂ ਮਹਿਜ਼ ਚਾਰ ਮਹੀਨਿਆਂ ਬਾਅਦ ਗੋਗੋਈ ਦੀ ਰਾਜ ਸਭਾ ਲਈ ਨਾਮਜ਼ਦਗੀ ਨਾਲ ਲੋਕਾਂ ਦਾ ਨਿਆਂਪਾਲਿਕਾ ਦੀ ਆਜ਼ਾਦੀ ਤੋਂ ਭਰੋਸਾ ਉੱਠ ਜਾਵੇਗਾ।

### ਗੋਗੋਈ ਦੀ ਨਾਮਜ਼ਦਗੀ ਸ਼ੱਕੀ: ਕੈਪਟਨ

**ਚੰਡੀਗੜ੍ਹ:** ਭਾਰਤ ਦੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਦੀ ਰਾਜ ਸਭਾ ਮੈਂਬਰ ਵਜੋਂ ਨਾਮਜ਼ਦਗੀ ਨੂੰ ਗਲਤ ਅਤੇ ਸੰਦੇਹਜਨਕ ਦੱਸਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੋਗੋਈ ਕੇਂਦਰ ਦੀ ਮੌਜੂਦਾ ਸਰਕਾਰ ਲਈ ਲਾਭਦਾਇਕ ਰਹੇ ਹਨ। ਉਨ੍ਹਾਂ ਕਿਹਾ ਕਿ ਗੋਗੋਈ ਦੀ ਨਾਮਜ਼ਦਗੀ 'ਤੇ ਲਾਜ਼ਮੀ ਤੌਰ ਉਤੇ ਉਂਗਲ ਉਠਣੀ ਸੀ ਕਿਉਂਕਿ ਕੋਈ ਵੀ ਸੰਵੇਦਨਸ਼ੀਲ ਵਿਅਕਤੀ ਸਰਕਾਰ ਦੇ ਅਜਿਹੇ ਕਿਸੇ ਵੀ ਕਦਮ ਦੀ ਮੁਖਾਲਫਤ ਕਰੇਗਾ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਹੋਵੇਗੀ ਅਤੇ ਉਹ ਸਿਆਸੀ ਲਾਹੇ ਲਈ ਸੰਸਥਾਵਾਂ ਨੂੰ ਨਹੀਂ ਵਰਤ ਸਕਦੇ ਜਿਵੇਂ ਕਿ ਗੋਗੋਈ ਦੀ ਨਾਮਜ਼ਦਗੀ ਦੇ ਮਾਮਲੇ ਵਿਚ ਹੋਇਆ ਹੈ।

# ਆਰ.ਬੀ.ਆਈ. ਨੇ ਯੈੱਸ ਬੈਂਕ ਨੂੰ 60 ਹਜ਼ਾਰ ਕਰੋੜ ਰੁਪਏ ਦਿੱਤੇ




**ਨਵੀਂ ਦਿੱਲੀ:** ਨਕਦੀ ਸਬੰਧੀ ਮਸਲੇ ਦੇ ਹੱਲ ਲਈ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਵਲੋਂ ਯੈੱਸ ਬੈਂਕ ਨੂੰ 60 ਹਜ਼ਾਰ ਕਰੋੜ ਰੁਪਏ ਦਿੱਤੇ ਗਏ ਹਨ ਤਾਂ ਜੋ ਬੈਂਕ ਆਪਣੇ ਜਮ੍ਹਾਂਕਰਤਾਵਾਂ ਪ੍ਰਤੀ ਫਰਜ਼ਾਂ ਦੀ ਪੂਰਤੀ ਕਰ ਸਕੇ। ਸੂਤਰਾਂ ਦੇ ਹਵਾਲੇ ਨਾਲ ਮਿਲੀ ਇਸ ਜਾਣਕਾਰੀ ਅਨੁਸਾਰ ਇਹ ਕਦਮ ਆਰ.ਬੀ.ਆਈ. ਗਵਰਨਰ ਸ਼ਾਂਤੀਕਾਂਤ ਦਾਸ ਵਲੋਂ ਦਿੱਤੇ ਭਰੋਸੇ ਮਗਰੋਂ ਚੁੱਕਿਆ ਗਿਆ ਹੈ। ਦਾਸ ਨੇ ਕਿਹਾ ਸੀ, ''ਮੈਂ ਦੱਸਣਾ ਚਾਹੁੰਦਾ ਹਾਂ ਕਿ ਯੈੱਸ ਬੈਂਕ ਕੋਲ ਲੋੜਾਂ ਪੂਰੀਆਂ ਕਰਨ ਲਈ ਕਾਫੀ ਨਕਦੀ ਮੌਜੂਦ ਹੈ। ਜੇਕਰ ਲੋੜ ਪਈ ਤਾਂ ਆਰ.ਬੀ.ਆਈ. ਵਲੋਂ ਲੋੜੀਂਦਾ ਸਹਿਯੋਗ ਦਿੱਤਾ ਜਾਵੇਗਾ।'' ਉਨ੍ਹਾਂ ਇਹ ਵੀ ਕਿਹਾ ਸੀ, ''ਭਾਰਤ ਦੇ ਬੈਂਕਾਂ ਦੇ ਇਤਿਹਾਸ ਵਿਚ ਪਹਿਲਾਂ ਕਦੇ ਵੀ ਜਮ੍ਹਾਂਕਰਤਾਵਾਂ ਦਾ ਪੈਸਾ ਨਹੀਂ ਡੁੱਬਿਆ। ਮੇਰਾ ਮਤਲਬ ਇਹ ਹੈ ਕਿ ਜਮ੍ਹਾਂਕਰਤਾਵਾਂ ਦਾ ਪੈਸਾ ਪੂਰੀ ਤਰ੍ਹਾਂ ਸੁਰੱਖਿਅਤ ਹੈ।'' ਸੂਤਰਾਂ ਅਨੁਸਾਰ ਆਰ.ਬੀ.ਆਈ. ਦੇ ਮੁਲਾਂਕਣ ਅਨੁਸਾਰ ਯੈੱਸ ਬੈਂਕ ਦੇ ਨਕਦੀ ਸਬੰਧੀ ਮੁੱਦੇ ਜ਼ਰੂਰੀ ਹਨ ਪਰ ਦੀਵਾਲੀਆ ਹੋਣ ਵਰਗੀ ਕੋਈ ਸਮੱਸਿਆ ਨਹੀਂ ਹੈ। ਸੂਤਰਾਂ ਅਨੁਸਾਰ ਕੇਂਦਰੀ ਬੈਂਕ ਵਲੋਂ ਪਹਿਲੀ ਵਾਰ ਕੀਤੀ ਗਈ ਇਸ ਕਾਰਵਾਈ ਨਾਲ ਚਿਤਾਵਨੀ ਵੀ ਦਿੱਤੀ ਗਈ ਹੈ। ਇਸ ਕਾਰਵਾਈ ਸਬੰਧੀ ਆਰ.ਬੀ.ਆਈ. ਵਲੋਂ ਦਿੱਤਾ ਪੈਸਾ ਸਭ ਤੋਂ ਅਖੀਰ ਵਿਚ ਵਰਤਿਆ ਜਾਵੇ। ਇਸ ਫੰਡ ਦੀ ਵਰਤੋਂ ਕਰਨ ਤੋਂ ਪਹਿਲਾਂ ਯੈੱਸ ਬੈਂਕ ਨੂੰ ਆਪਣੇ ਕੋਲ ਮੌਜੂਦ ਨਕਦ ਅਸਾਸਿਆਂ ਨੂੰ ਵਰਤਣਾ ਪਵੇਗਾ। ਯੈੱਸ ਬੈਂਕ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਪ੍ਰਸ਼ਾਸਕ ਪ੍ਰਸ਼ਾਂਤ ਕੁਮਾਰ ਨੇ ਮੁੜ ਜਮ੍ਹਾਂਕਰਤਾਵਾਂ ਨੂੰ ਉਨ੍ਹਾਂ ਦਾ ਪੈਸਾ ਸੁਰੱਖਿਅਤ ਹੋਣ ਦਾ ਭਰੋਸਾ ਦਿਵਾਇਆ ਹੈ।

# ਮੱਧ ਪ੍ਰਦੇਸ਼ ਵਿਚ ਕਾਂਗਰਸ ਸਰਕਾਰ ਡਿੱਗੀ, ਕਮਲ ਨਾਥ ਵਲੋਂ ਅਸਤੀਫਾ

**ਭੋਪਾਲ:** ਮੱਧ ਪ੍ਰਦੇਸ਼ ਵਿਧਾਨ ਸਭਾ ਵਿਚ ਬਹੁਮਤ ਸਾਬਤ ਕਰਨ ਤੋਂ ਪਹਿਲਾਂ ਹੀ ਮੁੱਖ ਮੰਤਰੀ ਕਮਲ ਨਾਥ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਹ ਤਕਰੀਬਨ 15 ਮਹੀਨੇ ਪਹਿਲਾਂ ਮੁੱਖ ਮੰਤਰੀ ਬਣੇ ਸਨ।

ਸੁਪਰੀਮ ਕੋਰਟ ਵਲੋਂ ਕਮਲ ਨਾਥ ਸਰਕਾਰ ਨੂੰ ਮੱਧ ਪ੍ਰਦੇਸ਼ ਵਿਧਾਨ ਸਭਾ ਵਿਚ ਭਰੋਸੇ ਦਾ ਵੋਟ ਸਾਬਤ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਕਾਂਗਰਸ ਦੇ 22 ਵਿਧਾਇਕਾਂ ਵਲੋਂ ਅਪਣਾਈ ਬਾਗੀ ਸੁਰ ਕਾਰਨ ਸਿਖਰਲੀ ਅਦਾਲਤ ਨੇ ਇਹ ਆਦੇਸ਼ ਦਿੱਤੇ ਸਨ। ਨਾਥ ਨੇ ਰਾਜ ਭਵਨ ਵਿਚ ਰਾਜਪਾਲ ਲਾਲਜੀ ਟੰਡਨ ਨੂੰ ਆਪਣਾ ਅਸਤੀਫਾ ਸੌਂਪਿਆ। ਅਸਤੀਫਾ ਪੱਤਰ ਵਿਚ ਨਾਥ ਨੇ ਲਿਖਿਆ, ''ਆਪਣੇ 40 ਵਰ੍ਹਿਆਂ ਦੇ ਸਿਆਸੀ ਜੀਵਨ ਵਿਚ ਮੈਂ ਹਮੇਸ਼ਾ ਪਵਿੱਤਰਤਾ ਦੀ ਸਿਆਸਤ ਕੀਤੀ ਹੈ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਤਰਜੀਹ ਦਿੱਤੀ ਹੈ। ਪਰ ਪਿਛਲੇ ਦੋ ਹਫਤਿਆਂ ਵਿਚ ਜੋ ਕੁਝ ਵਾਪਰਿਆ, ਉਹ ਲੋਕਤੰਤਰੀ ਕੀਮਤਾਂ ਦੇ ਨਿਘਾਰ ਦਾ ਨਵਾਂ ਅਧਿਆਏ ਹੈ।''

ਆਪਣੇ ਪੱਤਰ ਵਿਚ ਉਨ੍ਹਾਂ ਸੂਬੇ ਦੇ ਨਵੇਂ ਮੁੱਖ ਮੰਤਰੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਵੀ ਸੂਬੇ ਦੇ ਵਿਕਾਸ ਵਿਚ ਯੋਗਦਾਨ ਦਿੰਦੇ ਰਹਿਣਗੇ। ਅਸਤੀਫਾ ਦੇਣ ਤੋਂ ਪਹਿਲਾਂ ਨਾਥ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ, ਜਿਸ ਦੌਰਾਨ ਉਨ੍ਹਾਂ ਨੇ ਆਪਣੇ ਅਸਤੀਫੇ ਦਾ ਐਲਾਨ ਕੀਤਾ। ਪ੍ਰੈੱਸ ਕਾਨਫੰਰਸ ਦੌਰਾਨ ਉਨ੍ਹਾਂ ਭਾਜਪਾ ਉਤੇ ਉਨ੍ਹਾਂ ਦੀ ਸਰਕਾਰ ਖਿਲਾਫ ਸਾਜ਼ਿਸ਼ ਰਚ ਕੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਕਤਲ ਕਰਨ ਦੇ ਦੋਸ਼ ਲਾਏ ਅਤੇ ਕਾਂਗਰਸ ਦੇ ਸਾਬਕਾ ਆਗੂ ਜਯੋਤਿਰਦਿੱਤਿਆ ਸਿੰਧੀਆ ਨੂੰ ਸੂਬੇ ਦੇ ਮੌਜੂਦਾ ਸਿਆਸੀ ਸੰਕਟ ਲਈ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ 22 ਕਾਂਗਰਸੀ ਵਿਧਾਇਕਾਂ ਨੂੰ ਬੰਗਲੂਰੂ ਵਿਚ ਹਿਰਾਸਤ ਵਿਚ ਰੱਖਿਆ ਹੋਇਆ ਹੈ, ਜਿਸ ਨੂੰ ਪੂਰੇ ਮੁਲਕ ਨੇ ਦੇਖਿਆ ਹੈ। ਭਾਜਪਾ ਨੇ ਮਹਾਰਾਜਾ (ਸਿੰਧੀਆ) ਨਾਲ ਮਿਲ ਕੇ ਲੋਕਤੰਤਰ ਅਤੇ ਮੇਰੀ ਸਰਕਾਰ ਦਾ ਕਤਲ ਕੀਤਾ ਹੈ।

ਉਧਰ, ਭਾਜਪਾ ਆਗੂ ਜਯੋਤਿਰਦਿੱਤਿਆ ਸਿੰਧੀਆ ਨੇ ਮੁੱਖ ਮੰਤਰੀ ਕਮਲ ਨਾਥ ਵਲੋਂ ਦਿੱਤੇ ਅਸਤੀਫੇ ਨੂੰ ਮੱਧ ਪ੍ਰਦੇਸ਼ ਵਿਚ ਲੋਕਾਂ ਦੀ ਜਿੱਤ ਕਰਾਰ ਦਿੱਤਾ ਹੈ। ਕਾਂਗਰਸ ਦੇ ਸਾਬਕਾ ਸੰਸਦ ਮੈਂਬਰ, ਜਿਸ ਵਲੋਂ ਪਾਰਟੀ ਛੱਡੇ ਜਾਣ ਮਗਰੋਂ ਕਮਲ ਨਾਥ ਸਰਕਾਰ ਡਿੱਗ ਗਈ, ਨੇ ਟਵੀਟ ਕੀਤਾ ਕਿ ਸਿਆਸਤ ਲੋਕਾਂ ਦੀ ਸੇਵਾ ਕਰਨ ਦਾ ਜ਼ਰੀਆ ਹੋਣੀ ਚਾਹੀਦੀ ਹੈ ਪਰ (ਕਮਲ ਨਾਥ ਦੀ ਅਗਵਾਈ ਵਾਲੀ) ਸਰਕਾਰ ਰਾਹ ਤੋਂ ਭਟਕ ਗਈ ਸੀ।

### ਬਾਗੀ ਵਿਧਾਇਕ ਭਾਜਪਾ ਵਿਚ ਸ਼ਾਮਲ

**ਨਵੀਂ ਦਿੱਲੀ:** ਮੱਧ ਪ੍ਰਦੇਸ਼ ਵਿਧਾਨ ਸਭਾ ਤੋਂ ਅਸਤੀਫਾ ਦੇਣ ਵਾਲੇ ਕਾਂਗਰਸ ਦੇ 22 ਬਾਗੀ ਵਿਧਾਇਕ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ ਹਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਕੈਲਾਸ਼ ਵਿਜੈਵਰਗੀਆ ਨੇ ਦੱਸਿਆ ਕਿ ਇਹ ਆਗੂ ਜਯੋਤਿਰਦਿੱਤਿਆ ਸਿੰਧੀਆ ਦੀ ਅਗਵਾਈ ਹੇਠ ਭਾਜਪਾ ਪ੍ਰਧਾਨ ਜੇਪੀ ਨੱਢਾ ਨੂੰ ਮਿਲੇ, ਜਿਨ੍ਹਾਂ ਨੇ ਸਾਰੇ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕੀਤਾ। ਭਾਜਪਾ ਇਨ੍ਹਾਂ ਆਗੂਆਂ ਨੂੰ ਪਾਰਟੀ ਵੱਲੋਂ ਸੂਬੇ ਦੀਆਂ ਜ਼ਿਮਨੀ ਚੋਣਾਂ 'ਚ ਉਤਾਰ ਸਕਦੀ ਹੈ। ਇਨ੍ਹਾਂ ਆਗੂਆਂ ਨੇ ਸ੍ਰੀ ਨੱਢਾ ਦੀ ਰਿਹਾਇਸ਼ ਉਤੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਸਮੇਂ ਵਿਜੈਵਰਗੀਆ ਵੀ ਹਾਜ਼ਰ ਸਨ।

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕਰੋਨਾ ਵਾਇਰਸ: ਪੰਜਾਬ ਦੇ ਸੰਸਦ ਮੈਂਬਰਾਂ ਨੇ ਕੇਂਦਰ ਤੋਂ ਮੰਗੀ ਵਿੱਤੀ ਮਦਦ

**ਨਵੀਂ ਦਿੱਲੀ:** ਪੰਜਾਬ ਨਾਲ ਸਬੰਧਤ ਸੰਸਦ ਮੈਂਬਰਾਂ ਦੇ ਇਕ ਵਫਦ ਨੇ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਸਿੰਘ ਨਾਲ ਮੁਲਾਕਾਤ ਕੀਤੀ। ਵਫਦ ਵਿਚ ਸ਼ਾਮਲ ਮਨੀਸ਼ ਤਿਵਾੜੀ (ਸ੍ਰੀ ਆਨੰਦਪੁਰ ਸਾਹਿਬ), ਜਸਬੀਰ ਗਿੱਲ (ਖਡੂਰ ਸਾਹਿਬ), ਗੁਰਜੀਤ ਔਜਲਾ (ਅੰਮ੍ਰਿਤਸਰ), ਡਾ.ਅਮਰ ਸਿੰਘ (ਫਤਿਹਗੜ੍ਹ ਸਾਹਿਬ) ਤੇ ਭਗਵੰਤ ਮਾਨ (ਸੰਗਰੂਰ) ਨੇ ਮੰਗ ਕੀਤੀ ਕਿ ਕੋਵਿਡ-19 ਦੇ ਟਾਕਰੇ ਲਈ ਪੰਜਾਬ ਸਰਕਾਰ ਨੂੰ 150 ਕਰੋੜ ਰੁਪਏ ਜਾਰੀ ਕੀਤੇ ਜਾਣ।

ਵਫਦ ਨੇ ਕੇਂਦਰੀ ਸਿਹਤ ਮੰਤਰੀ ਨੂੰ ਸੂਬੇ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਵਲੋਂ ਉਨ੍ਹਾਂ ਨੂੰ ਲਿਖਿਆ ਪੱਤਰ ਵੀ ਵਿਖਾਇਆ। ਪੱਤਰ ਵਿਚ ਸ੍ਰੀ ਸਿੱਧੂ ਨੇ ਪੰਜਾਬ ਵਿਚ ਵੱਡੀ ਗਿਣਤੀ ਪਰਵਾਸੀ ਭਾਰਤੀਆਂ ਦੀ ਮੌਜੂਦਗੀ ਦਾ ਹਵਾਲਾ ਦਿੰਦਿਆਂ ਸੂਬੇ ਦੇ ਹਾਲਾਤ ਨੂੰ ਚਿੰਤਾਜਨਕ ਦੱਸਿਆ ਹੈ।

ਸੂਬਾਈ ਮੰਤਰੀ ਨੇ ਕਿਹਾ ਕਿ ਮਾਰਚ ਮਹੀਨੇ ਦੌਰਾਨ ਹੀ ਪੰਜਾਬ ਵਿੱਚ 90 ਹਜ਼ਾਰ ਪਰਵਾਸੀ ਭਾਰਤੀ ਆਏ ਹਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਵਿਚ ਕੋਵਿਡ-19 ਦੇ ਲੱਛਣ ਪਾਏ ਗਏ ਹਨ। ਮੰਤਰੀ ਨੇ ਅੱਗੇ ਲਿਖਿਆ ਕਿ ਕਰੋਨਾਵਾਇਰਸ ਦੇ ਟਾਕਰੇ ਲਈ ਸਰਕਾਰ ਨੇ ਕਈ ਯੋਜਨਾਵਾਂ ਘੜੀਆਂ ਹਨ, ਜਿਨ੍ਹਾਂ ਨੂੰ ਜ਼ਮੀਨੀ ਪੱਧਰ ਉਤੇ ਲਾਗੂ ਕਰਨ ਲਈ ਘੱਟੋ ਘੱਟ 150 ਕਰੋੜ ਰੁਪਏ ਦੇ ਵਧੀਕ ਫੰਡਾਂ ਦੀ ਲੋੜ ਹੈ।

## ਇਕਾਂਤਵਾਸ ਲਈ ਵਰਤੀਆਂ ਜਾਣਗੀਆਂ ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਹੈ ਕਿ ਕਰੋਨਾ ਵਾਇਰਸ ਮਹਾਮਾਰੀ ਦੇ ਚੱਲਦਿਆਂ ਲੋੜ ਪੈਣ ਉਤੇ ਪੀੜਤਾਂ ਨੂੰ ਵੱਖ ਰੱਖਣ ਲਈ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਨੂੰ ਸਹਿਯੋਗ ਦਿੱਤਾ ਜਾਵੇਗਾ। ਇਸ ਸਬੰਧੀ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਲੋੜ ਪੈਣ ਉਤੇ ਗੁਰਦੁਆਰਿਆਂ ਦੀਆਂ ਸਰਾਵਾਂ ਨੂੰ ਵੀ ਮਰੀਜ਼ਾਂ ਨੂੰ ਵੱਖ ਰੱਖਣ ਲਈ ਵਰਤਿਆ ਜਾਵੇਗਾ।

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਵਿਚ ਦੇਸ਼-ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਆਖਿਆ ਸੀ ਕਿ ਇਸ ਔਖੀ ਘੜੀ ਵਿਚ ਗੋਲਕ ਨੂੰ ਲੋੜਵੰਦਾਂ ਲਈ ਵਰਤਿਆ ਜਾਵੇ। ਲੋੜ ਅਨੁਸਾਰ ਲੰਗਰ ਲਾਏ ਜਾਣ, ਦਵਾਈਆਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਹੋਰ ਲੋੜਾਂ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਗੁਰੂ ਘਰਾਂ ਦੀਆਂ ਸਰਾਵਾਂ ਮਰੀਜ਼ਾਂ ਨੂੰ ਰੱਖਣ ਵਾਸਤੇ ਆਖਿਆ ਸੀ।

ਜਥੇਦਾਰ ਵਲੋਂ ਕੀਤੀ ਅਪੀਲ ਪਿਛੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸਿੱਖ ਸੰਸਥਾ ਦੇ ਪ੍ਰਬੰਧ ਹੇਠਲੇ ਹਸਪਤਾਲ ਤੋਂ ਇਲਾਵਾ ਸਰਾਵਾਂ ਨੂੰ ਵੀ ਮਰੀਜ਼ਾਂ ਨੂੰ ਵੱਖ ਰੱਖਣ ਲਈ ਵਰਤਿਆ ਜਾਵੇਗਾ। ਮੌਜੂਦਾ ਸਥਿਤੀ ਨੂੰ ਦੇਖਦਿਆਂ ਲੋੜਵੰਦਾਂ ਨੂੰ ਗੁਰੂ ਘਰ ਤੋਂ ਲੰਗਰ ਵੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮਹਾਮਾਰੀ ਕਾਰਨ ਸਮੁੱਚੇ ਵਿਸ਼ਵ 'ਚ ਚਿੰਤਾ ਦਾ ਮਾਹੌਲ ਹੈ। ਅਜਿਹੀ ਸਥਿਤੀ 'ਚ ਸ਼੍ਰੋਮਣੀ ਕਮੇਟੀ ਸਰਕਾਰ ਅਤੇ ਪ੍ਰਸ਼ਾਸਨ ਨੂੰ ਹਰ ਸੰਭਵ ਸਹਿਯੋਗ ਦੇਵੇਗੀ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਵਲੋਂ ਪਹਿਲਾਂ ਹੀ ਮੈਡੀਕਲ ਕਾਲਜ ਵਲਾ ਵਿਖੇ ਪੀੜਤਾਂ ਨੂੰ ਰੱਖਣ ਲਈ ਵੱਖਰੇ ਵਾਰਡ ਦਾ ਪ੍ਰਬੰਧ ਕੀਤਾ ਗਿਆ ਹੈ। ਹੁਣ ਨਾਲ ਹੀ ਗੁਰਦੁਆਰਿਆਂ ਦੀਆਂ ਸਰਾਵਾਂ ਵੀ ਤਿਆਰ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਲੋੜਵੰਦਾਂ ਲਈ ਲੰਗਰ ਵੀ ਤਿਆਰ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮਨੁੱਖਤਾ ਨਾਲ ਹਮਦਰਦੀ ਰਖਦਿਆਂ ਲੋਕ ਸੇਵਾ ਲਈ ਵਚਨਬੱਧ ਹੈ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਨਿਰਦੇਸ਼ਾਂ ਅਨੁਸਾਰ ਸਿੱਖ ਸੰਸਥਾ ਦੇ ਦਫਤਰ 31 ਮਾਰਚ ਤੱਕ ਬੰਦ ਕਰ ਦਿੱਤੇ ਗਏ ਹਨ ਅਤੇ ਲੋੜ ਅਨੁਸਾਰ ਵਿਭਾਗਾਂ ਦੇ ਕਾਰਜ ਘਰਾਂ ਤੋਂ ਕੀਤੇ ਜਾਣਗੇ। ਮੁੱਖ ਸਕੱਤਰ ਨੇ ਦੱਸਿਆ ਕਿ ਸਮੂਹ ਬਰਾਂਚਾਂ ਦੇ ਇੰਚਾਰਜ ਆਪੋ-ਆਪਣੇ ਵਿਭਾਗ ਦੇ ਅਧਿਕਾਰੀਆਂ ਨਾਲ ਰਾਬਤੇ 'ਚ ਰਹਿਣਗੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵਲੋਂ ਜਿਥੇ ਵੀ ਲੰਗਰ ਆਦਿ ਦੀ ਲੋੜ ਦੱਸੀ ਜਾਵੇਗੀ, ਉਸ ਦਾ ਸ਼੍ਰੋਮਣੀ ਕਮੇਟੀ ਪ੍ਰਬੰਧ ਕਰੇਗੀ। ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ, ਸਰਾਵਾਂ ਤੇ ਦਫਤਰਾਂ ਆਦਿ ਨੂੰ ਸੈਨੇਟਾਈਜ਼ ਕਰਨ ਲਈ ਛਿੜਕਾਅ ਕਰਵਾਇਆ ਜਾ ਰਿਹਾ ਹੈ। ਸ੍ਰੀ ਲੌਂਗੋਵਾਲ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਕਰੋਨਾ ਤੋਂ ਬਚਣ ਲਈ ਸਰਕਾਰ ਦੀਆਂ ਹਦਾਇਤਾਂ ਅਤੇ ਸਿਹਤ ਵਿਭਾਗ ਦੇ ਨਿਰਦੇਸ਼ਾਂ ਦਾ ਪਾਲਣ ਕੀਤਾ ਜਾਵੇ।

## ਜਨਤਾ ਕਰਫਿਊ ਵਾਲੇ ਦਿਨ ਵਿਆਹ ਕਰਵਾਉਣ ਵਾਲੇ ਪਰਵਾਸੀ ਲਾੜੇ ਖਿਲਾਫ ਕੇਸ

**ਭਵਾਨੀਗੜ੍ਹ:** ਨਿਊਜ਼ੀਲੈਂਡ ਤੋਂ ਆਏ ਇਥੋਂ ਨੇੜਲੇ ਪਿੰਡ ਬੀਂਬੜੀ ਦੇ ਨੌਜਵਾਨ ਪ੍ਰਭਜੋਤ ਸਿੰਘ ਨੇ ਸਰਕਾਰੀ ਹਦਾਇਤਾਂ ਦੀਆਂ ਧੱਜੀਆਂ ਉਡਾਉਂਦਿਆਂ ਜਨਤਾ ਕਰਫਿਊ ਵਾਲੇ ਦਿਨ ਵਿਆਹ ਕਰਵਾ ਲਿਆ। ਇਸ ਦੀ ਭਿਣਕ ਪੈਣ ਉਤੇ ਭਵਾਨੀਗੜ੍ਹ ਪੁਲਿਸ ਨੇ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਪ੍ਰਭਜੋਤ ਸਿੰਘ ਖਿਲਾਫ ਕੇਸ ਦਰਜ ਕੀਤਾ ਹੈ।

ਇਸ ਸਬੰਧੀ ਥਾਣਾ ਮੁਖੀ ਰਮਨਦੀਪ ਸਿੰਘ ਨੇ ਦੱਸਿਆ ਕਿ ਪ੍ਰਭਜੋਤ ਸਿੰਘ ਵਾਸੀ ਬੀਂਬੜੀ ਕੁਝ ਦਿਨ ਪਹਿਲਾਂ ਹੀ ਨਿਊਜ਼ੀਲੈਂਡ ਤੋਂ ਭਾਰਤ ਆਇਆ ਸੀ। ਕਰੋਨਾ ਵਾਇਰਸ ਦੇ ਮੱਦੇਨਜ਼ਰ ਸਿਹਤ ਵਿਭਾਗ ਭਵਾਨੀਗੜ੍ਹ ਦੀ ਟੀਮ ਨੇ ਉਸ ਨੂੰ ਘਰ ਵਿਚ ਹੀ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਸਨ ਅਤੇ ਉਸ ਨੂੰ ਵਿਆਹ ਜਾਂ ਹੋਰ ਇਕੱਠ ਵਾਲੇ ਕਿਸੇ ਪ੍ਰੋਗਰਾਮ ਵਿਚ ਸ਼ਾਮਲ ਨਾ ਹੋਣ ਲਈ ਆਖਿਆ ਗਿਆ ਸੀ ਪਰ ਉਹ ਸਰਕਾਰੀ ਹਦਾਇਤਾਂ ਦੀ ਉਲੰਘਣਾ ਕਰਦਿਆਂ ਜਨਤਾ ਕਰਫਿਊ ਦੌਰਾਨ ਹੀ ਕੁਝ ਵਿਅਕਤੀਆਂ ਸਮੇਤ ਵਿਆਹ ਕਰਵਾਉਣ ਚਲਾ ਗਿਆ।

ਇਸ ਸਬੰਧੀ ਜਾਣਕਾਰੀ ਮਿਲਦਿਆਂ ਹੀ ਐਸ.ਡੀ.ਐਮ. ਭਵਾਨੀਗੜ੍ਹ ਅੰਕੁਰ ਮਹਿੰਦਰੂ ਨੇ ਡੀ.ਐਸ.ਪੀ. ਭਵਾਨੀਗੜ੍ਹ ਗੋਬਿੰਦਰ ਸਿੰਘ ਨੂੰ ਲਿਖਤੀ ਪੱਤਰ ਰਾਹੀਂ ਪ੍ਰਭਜੋਤ ਸਿੰਘ ਖਿਲਾਫ ਕਾਰਵਾਈ ਕਰਨ ਲਈ ਕਿਹਾ। ਇਸ ਮਗਰੋਂ ਪ੍ਰਭਜੋਤ ਸਿੰਘ ਖਿਲਾਫ ਥਾਣਾ ਭਵਾਨੀਗੜ੍ਹ ਵਿਚ ਕੇਸ ਦਰਜ ਕਰ ਲਿਆ ਗਿਆ ਹੈ।

# ਕਰੋਨਾ ਨੇ ਮਹਾਮਾਰੀ ਦਾ ਰੂਪ ਧਾਰਿਆ

*(ਸਫਾ ਇਕ ਦੀ ਬਾਕੀ)*

ਸਿਹਤ ਮਾਹਰਾਂ ਦਾ ਕਹਿਣਾ ਹੈ ਕਿ ਭਾਰਤ ਦਾ ਮਾੜਾ ਸਿਹਤ ਢਾਂਚਾ ਇਸ ਮਹਾਮਾਰੀ ਅੱਗੇ ਇਕ ਮਿੰਟ ਨਹੀਂ ਖੜ੍ਹ ਸਕਦਾ। ਇਸੇ ਲਈ ਸਰਕਾਰ ਨੇ ਲੋਕਾਂ ਨੂੰ ਹੀ ਘਰਾਂ ਵਿਚ ਬੰਦ ਕਰਕੇ ਇਸ ਬਿਮਾਰੀ ਤੋਂ ਬਚਣ ਦਾ ਰਾਹ ਚੁਣਿਆ ਹੈ। ਅਸਲ ਵਿਚ, ਭਾਰਤ ਵਿਚ ਸਵਾ ਸੌ ਕਰੋੜ ਲੋਕਾਂ ਪਿੱਛੇ 25778 ਸਰਕਾਰੀ ਹਸਪਤਾਲ, 7.13 ਲੱਖ ਬੈਡ ਅਤੇ ਸਿਰਫ 11.59 ਲੱਖ ਡਾਕਟਰ ਹਨ। ਵਿਸ਼ਵ ਸਿਹਤ ਸੰਸਥਾ ਮੁਤਾਬਕ 1000 ਲੋਕਾਂ ਪਿੱਛੇ ਇਕ ਡਾਕਟਰ ਹੋਣਾ ਲਾਜ਼ਮੀ ਹੈ ਜਦ ਕਿ ਭਾਰਤ ਵਿਚ 11082 ਲੋਕਾਂ ਹਿੱਸੇ ਇਕ ਡਾਕਟਰ ਆਉਂਦਾ ਹੈ। ਅਜਿਹੇ ਹਾਲਾਤ ਵਿਚ ਇਸ ਮਹਾਮਾਰੀ ਨਾਲ ਲੜਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ।

ਮੋਦੀ ਸਰਕਾਰ ਮਾੜੇ ਸਿਹਤ ਪ੍ਰਬੰਧਾਂ ਬਾਰੇ ਆਖ ਰਹੀ ਹੈ ਕਿ ਇਹ ਮਹਾਮਾਰੀ ਹੈ, ਇਹ ਸਾਰੀ ਦੁਨੀਆਂ ਦੀ ਸਮੱਸਿਆ ਹੈ ਤੇ ਇਸ ਅੱਗੇ ਕੋਈ ਵਾਹ ਨਹੀਂ। ਪਰ ਸਵਾਲ ਇਹ ਹੈ ਕਿ ਪੂਰੀ ਦੁਨੀਆਂ ਵਿਚ ਹਰ ਸਾਲ 10 ਕਰੋੜ ਬੰਦੇ ਮਰਦੇ ਹਨ ਜਿਨ੍ਹਾਂ ਵਿਚੋਂ 1 ਕਰੋੜ 70 ਲੱਖ (ਹਰ ਰੋਜ਼ 50000) ਬੰਦੇ ਛੂਤ ਦੀਆਂ ਬਿਮਾਰੀਆਂ (ਇਨਫੈਕਸ਼ਨਾਂ) ਨਾਲ ਮਰਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਮੌਤਾਂ ਭਾਰਤ ਵਿਚ ਹੁੰਦੀਆਂ ਹਨ, ਫਿਰ ਅਜਿਹੀਆਂ ਲਾਗ ਵਾਲੀਆਂ ਬਿਮਾਰੀਆਂ ਦੇ ਟਾਕਰੇ ਲਈ ਮੁਲਕ ਵਿਚ ਪ੍ਰਬੰਧ ਇੰਨੇ ਢਿੱਲੇ ਕਿਉਂ ਹਨ। ਇਹ ਵੀ ਸਵਾਲ ਹੈ ਕਿ ਚੀਨ ਵਿਚ ਇਹ ਮਹਾਮਾਰੀ ਨੇ ਦਸੰਬਰ ਵਿਚ ਪੈਰ ਪਸਾਰੇ ਸਨ। ਉਸੇ ਸਮੇਂ ਚਿਤਾਵਨੀ ਜਾਰੀ ਕੀਤੀ ਗਈ ਸੀ ਕਿ ਚੀਨ ਦੇ ਗੁਆਂਢੀ ਮੁਲਕਾਂ ਦਾ ਇਸ ਦੀ ਜਦ ਵਿਚ ਆਉਣਾ ਤੈਅ ਹੈ ਪਰ ਇਸ ਦੇ ਬਾਵਜੂਦ 3 ਮਹੀਨਿਆਂ ਵਿਚ ਕੋਈ ਪ੍ਰਬੰਧ ਨਹੀਂ ਕੀਤੇ ਗਏ।

ਪੰਜਾਬ ਵਿਚ ਹਾਲਾਤ ਸਭ ਤੋਂ ਮਾੜੇ ਹਨ। ਕਿਉਂਕਿ ਸੂਬੇ ਵਿਚ ਇਸ ਵਾਇਰਸ ਦੇ ਟੈਸਟ ਦਾ ਕੋਈ ਪ੍ਰਬੰਧ ਨਹੀਂ। ਪੰਜਾਬ ਦੇ ਲੋਕ ਚੰਡੀਗੜ੍ਹ ਦੇ ਪੀ.ਜੀ.ਆਈ. ਉਤੇ ਹੀ ਨਿਰਭਰ ਹਨ। ਇਥੇ ਇਕ ਦਿਨ ਵਿਚ ਸਿਰਫ ਹਜ਼ਾਰ ਟੈਸਟਾਂ ਦਾ ਪ੍ਰਬੰਧ ਹੈ ਪਰ ਇਸ ਸਮੇਂ 500 ਦੇ ਕਰੀਬ ਹੀ ਹੋ ਰਹੇ ਹਨ। ਇਸ ਲਈ ਸ਼ੱਕੀ ਮਰੀਜ਼ਾਂ ਦੀ ਜਾਂਚ ਵਿਚ ਦੇਰੀ ਹੋ ਰਹੀ ਹੈ ਤੇ ਇਹ ਇਸ ਲਾਗ ਨੂੰ ਅੱਗੇ ਤੋਰ ਰਹੇ ਹਨ।

ਛੂਤ-ਛਾਤ ਦੀਆਂ ਬਿਮਾਰੀਆਂ ਦੇ ਫੈਲਾਓ ਦਾ ਅਧਿਐਨ ਕਰਨ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਸਾਡੇ ਦੇਸ਼ ਵਿਚ ਇਸ ਵਾਇਰਸ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਗਿਣਤੀ ਸਰਕਾਰੀ ਤੌਰ ਉਤੇ ਦਿੱਤੇ ਜਾ ਰਹੇ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੋਣ ਦੀ ਸੰਭਾਵਨਾ ਇਸ ਲਈ ਹੈ ਕਿਉਂਕਿ ਸਾਡੇ ਕੋਲ ਇਸ ਵਾਇਰਸ ਨੂੰ ਟੈਸਟ ਕਰਨ ਵਾਲੀਆਂ ਲੈਬਾਰਟਰੀਆਂ ਦੀ ਗਿਣਤੀ ਬਹੁਤ ਘੱਟ ਹੈ। ਮਾਹਿਰਾਂ ਦਾ ਦਾਅਵਾ ਹੈ ਕਿ ਚੀਨ ਇਸ ਬਿਮਾਰੀ 'ਤੇ ਕਾਬੂ ਪਾਉਣ ਵਿਚ ਇਸ ਲਈ ਕਾਮਯਾਬ ਹੋਇਆ ਹੈ ਕਿਉਂਕਿ ਸਰਕਾਰ ਨੇ ਨਾ ਸਿਰਫ ਵੱਡੀ ਪੱਧਰ ਉਤੇ ਖਰਚ ਕਰਕੇ ਮਰੀਜ਼ਾਂ ਨੂੰ ਉਚਿਤ ਸਹੂਲਤਾਂ ਦਿੱਤੀਆਂ ਸਗੋਂ ਇਹ ਵੀ ਯਕੀਨੀ ਬਣਾਇਆ ਕਿ ਸਮਾਜ ਦੇ ਵੱਖ-ਵੱਖ ਹਿੱਸੇ ਇਸ ਲੜਾਈ ਵਿਚ ਆਪਣਾ ਯੋਗਦਾਨ ਪਾਉਣ।

ਪ੍ਰਧਾਨ ਮੰਤਰੀ ਦੇ ਭਾਸ਼ਣ ਵਿਚ ਸੂਬਾ ਸਰਕਾਰਾਂ ਅਤੇ ਹਸਪਤਾਲਾਂ ਨੂੰ ਕੋਈ ਆਰਥਿਕ ਮਦਦ ਦੇਣ ਦਾ ਵਾਅਦਾ ਨਹੀਂ ਕੀਤਾ ਗਿਆ ਜਦੋਂਕਿ ਬਾਕੀ ਦੇ ਦੇਸ਼ ਇਸ ਉਤੇ ਨਾ ਸਿਰਫ ਵੱਡੀ ਪੱਧਰ 'ਤੇ ਖਰਚ ਹੀ ਨਹੀਂ ਕਰ ਰਹੇ ਹਨ ਸਗੋਂ ਇਹ ਵੀ ਯਕੀਨੀ ਬਣਾ ਰਹੇ ਹਨ ਕਿ ਪੈਸਾ ਖਰਚ ਕੇ ਹਸਪਤਾਲਾਂ, ਡਾਕਟਰਾਂ, ਨਰਸਾਂ ਅਤੇ ਹੋਰ ਪੈਰਾ-ਮੈਡੀਕਲ ਸਟਾਫ ਨੂੰ ਯੋਗ ਸਾਜ਼ੋ-ਸਾਮਾਨ ਅਤੇ ਦਵਾਈਆਂ ਮੁਹੱਈਆ ਕਰਵਾਈਆਂ ਜਾ ਸਕਣ। ਸਰਕਾਰ ਦੀ ਇਸ ਢਿੱਲ ਦੇ ਲੋਕਾਂ ਨੂੰ ਵੱਡੇ ਪੱਧਰ ਉਤੇ ਨਤੀਜੇ ਭੁਗਣਤੇ ਪੈ ਸਕਦੇ ਹਨ।

## ਪਰਵਾਸੀ ਪੰਜਾਬੀਆਂ ਦੀ ਆਮਦ ਕਾਰਨ ਦਹਿਸ਼ਤ

*(ਸਫਾ ਇਕ ਦੀ ਬਾਕੀ)*

ਵਿਚ ਆਏ ਹੋਏ ਹਨ। ਦੋਆਬੇ ਵਿਚ ਪਰਵਾਸੀ ਪੰਜਾਬੀਆਂ ਦੀ ਆਮਦ ਨਾਲ ਕਰੋਨਾ ਵਾਇਰਸ ਦੀ ਦਹਿਸ਼ਤ ਵਧੀ ਹੈ। ਜਾਣਕਾਰੀ ਅਨੁਸਾਰ ਵਿਦੇਸ਼ਾਂ ਤੋਂ ਆਏ 4800 ਤੋਂ ਵੱਧ ਪਰਵਾਸੀ ਪੰਜਾਬੀਆਂ ਦਾ ਕੋਈ ਥਹੁ-ਪਤਾ ਨਹੀਂ ਲੱਗ ਰਿਹਾ। ਇਨ੍ਹਾਂ ਪਰਵਾਸੀ ਪੰਜਾਬੀਆਂ ਬਾਰੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਏਅਰਪੋਰਟ 'ਤੇ ਸਕਰੀਨਿੰਗ ਨਹੀਂ ਸੀ ਕਰਵਾਈ। ਪੰਜਾਬ ਵਿਚ ਕਰੋਨਾ ਵਾਇਰਸ ਫੈਲਣ ਦਾ ਮੁੱਖ ਕਾਰਨ ਪਰਵਾਸੀ ਪੰਜਾਬੀ ਹੀ ਦੱਸੇ ਜਾ ਰਹੇ ਹਨ।

ਬੰਗਾ ਲਾਗਲੇ ਪਿੰਡ ਪਠਲਾਵਾ ਦਾ ਮੌਤ ਦੇ ਮੂੰਹ ਜਾ ਪਿਆ ਕੋਰੋਨਾ ਪੀੜਤ ਵੀ ਜਰਮਨ ਜਾ ਕੇ ਇਟਲੀ ਰਾਹੀਂ 6 ਮਾਰਚ ਨੂੰ ਪੰਜਾਬ ਪਰਤਿਆ ਸੀ ਤੇ ਇਸੇ ਖੇਤਰ ਦੇ ਪਰਵਾਸੀ ਪੰਜਾਬੀਆਂ ਦਾ ਗੜ੍ਹ ਸਮਝੇ ਜਾਂਦੇ ਵੱਡੇ ਪਿੰਡ ਮੋਰਾਂਵਾਲੀ ਦਾ ਕੋਰੋਨਾ ਤੋਂ ਪੀੜਤ ਪੰਜ ਮੈਂਬਰਾਂ ਦਾ ਪਰਿਵਾਰ ਵੀ ਇਟਲੀ ਤੋਂ ਆਏ ਇਕ ਸਬੰਧੀ ਨਾਲ ਕੁਝ ਸਮਾਂ ਬਿਤਾਉਣ ਕਾਰਨ ਹੀ ਵਾਇਰਸ ਦੇ ਕਲਾਵੇ ਵਿਚ ਆਇਆ। ਪਤਾ ਲੱਗਾ ਹੈ ਕਿ ਸਿਹਤ ਵਿਭਾਗ ਦੇ ਅਧਿਕਾਰੀਆਂ ਵਲੋਂ ਪਿਛਲੇ ਕਰੀਬ 2 ਹਫਤਿਆਂ ਤੋਂ ਮਿਲੀਆਂ ਸੂਚੀਆਂ ਵਾਲੇ ਲੋਕਾਂ ਨਾਲ ਦਰਸਾਏ ਪਤੇ ਉਪਰ ਜਾ ਕੇ ਜਾਂ ਦਿੱਤੇ ਫੋਨ ਨੰਬਰ ਉਤੇ ਗੱਲ ਕਰਕੇ ਸੰਪਰਕ ਕੀਤਾ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕਾਂ ਬਾਰੇ ਤਾਂ ਪਤਾ ਲੱਗ ਰਿਹਾ ਹੈ ਕਿ ਉਹ ਆਪਣੇ ਦੇਸ਼ਾਂ ਨੂੰ ਵਾਪਸ ਪਰਤ ਗਏ ਹਨ ਤੇ ਜਿਹੜੇ ਇਥੇ ਮਿਲਦੇ ਹਨ, ਉਹ ਸਹਿਯੋਗ ਦੀ ਥਾਂ ਸੁਆਲ ਵਧੇਰੇ ਕਰਦੇ ਹਨ ਤੇ ਜਾਂਚ 'ਚ ਸ਼ਾਮਲ ਹੋਣ ਲਈ ਘੱਟ ਵੱਧ ਹੀ ਕੋਈ ਤਿਆਰ ਹੁੰਦਾ ਹੈ।

## ਰਾਜ ਸਭਾ: ਜੰਮੂ ਕਸ਼ਮੀਰ ਲਈ ਇਕ ਲੱਖ ਕਰੋੜ ਰੁਪਏ ਦਾ ਬਜਟ ਪਾਸ

**ਨਵੀਂ ਦਿੱਲੀ:** ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਲਈ ਰਾਜ ਸਭਾ ਨੇ ਇਕ ਲੱਖ ਕਰੋੜ ਰੁਪਏ ਦੇ ਬਜਟ ਦਾ ਬਿੱਲ (ਵਿੱਤੀ ਵਰ੍ਹਾ 2020-21) ਪਾਸ ਕਰ ਦਿੱਤਾ ਹੈ। ਪਾਸ ਹੋਣ ਮਗਰੋਂ ਬਿੱਲ ਹੁਣ ਲੋਕ ਸਭਾ ਵਿਚ ਜਾਵੇਗਾ। ਲੱਦਾਖ ਨਾਲ ਸਬੰਧਤ ਬਜਟ ਵੀ ਪਾਸ ਕਰ ਕੇ ਲੋਕ ਸਭਾ ਨੂੰ ਮੋੜਿਆ ਗਿਆ ਹੈ।

ਬਿੱਲ ਦੋ ਘੰਟੇ ਦੀ ਬਹਿਸ ਮਗਰੋਂ ਜਬਾਨੀ ਹੀ ਪਾਸ ਕੀਤੇ ਗਏ। ਇਹ ਬਜਟ ਨਵੀਂ ਕਾਇਮ ਯੂਟੀ ਵਿਚ ਵਿਕਾਸ ਕਾਰਜਾਂ ਲਈ ਖਰਚੇ ਜਾਣਗੇ।

## ਢੀਂਡਸਾ ਵਲੋਂ ਵੈਂਟੀਲੇਟਰ ਲਈ 30 ਲੱਖ ਰੁਪਏ ਦੇਣ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਬਰਨਾਲਾ ਤੇ ਸੰਗਰੂਰ ਦੇ ਸਰਕਾਰੀ ਹਸਪਤਾਲਾਂ 'ਚ ਵੈਂਟੀਲੇਟਰ ਖਰੀਦਣ ਖਾਤਰ 15-15 ਲੱਖ ਰੁਪਏ ਦੇਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਸੰਸਦ ਮੈਂਬਰ ਵਜੋਂ ਅਖਤਿਆਰੀ ਫੰਡ ਵਿਚੋਂ ਦੋਹਾਂ ਜ਼ਿਲ੍ਹਿਆਂ ਦੇ ਹਸਪਤਾਲਾਂ ਨੂੰ ਰਾਸ਼ੀ ਦੇਣ ਲਈ ਸਬੰਧਤ ਡਿਪਟੀ ਕਮਿਸ਼ਨਰ ਨੂੰ ਆਖ ਦਿੱਤਾ ਹੈ। ਇਸੇ ਦੌਰਾਨ ਲਹਿਰਾਗਾਗਾ ਤੋਂ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਆਪਣੀ ਤਨਖਾਹ ਅਤੇ ਭੱਤੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇਣ ਦਾ ਐਲਾਨ ਕੀਤਾ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਹੀ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਵੀ 50 ਲੱਖ ਰੁਪਏ ਮਾਨਸਾ ਦੇ ਡਿਪਟੀ ਕਮਿਸ਼ਨਰ ਨੂੰ ਜ਼ਿਲ੍ਹੇ ਵਿਚ ਲੋੜੀਂਦੀਆਂ ਸਿਹਤ ਸਹੂਲਤਾਂ ਖਾਤਰ ਦੇਣ ਦਾ ਐਲਾਨ ਕੀਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਰੋਨਾ ਵਾਇਰਸ ਨੇ ਖੇਡ ਸਨਅਤ ਨੂੰ ਮਾਰੀ ਭਾਰੀ ਸੱਟ

**ਚੰਡੀਗੜ੍ਹ:** ਕਰੋਨਾ ਵਾਇਰਸ ਕਾਰਨ ਪੰਜਾਬ ਦੀ ਵੱਡੀ ਖੇਡ ਸਨਅਤ ਦੀ ਕਾਰੋਬਾਰੀ ਖੇਡ ਵੀ ਵਿਗੜ ਗਈ ਹੈ। ਜਲੰਧਰ ਦੀ ਖੇਡ ਮਾਰਕੀਟ ਦੇਸ਼ ਦੀ ਸਭ ਤੋਂ ਵੱਡੀ ਤੇ ਪੁਰਾਣੀ ਖੇਡ ਮਾਰਕੀਟ ਮੰਨੀ ਜਾਂਦੀ ਹੈ। ਇਥੇ 500 ਤੋਂ ਵੱਧ ਯੂਨਿਟ ਹਨ, ਜੋ ਖੇਡਾਂ ਦਾ ਸਾਮਾਨ ਤਿਆਰ ਕਰਦੇ ਹਨ। ਕਰੋਨਾ ਵਾਇਰਸ ਕਾਰਨ ਖੇਡ ਸਨਅਤ ਨੂੰ ਕਰੋੜਾਂ ਦਾ ਘਾਟਾ ਪੈ ਰਿਹਾ ਹੈ, ਜੋ ਲਗਾਤਾਰ ਵਧ ਵੀ ਰਿਹਾ ਹੈ। ਬਦਲੇ ਹਾਲਾਤ ਵਿਚ ਬਹੁਤ ਸਾਰਾ ਕੱਚਾ ਮਾਲ ਤੇ ਬਣਿਆ-ਬਣਾਇਆ ਸਾਮਾਨ ਚੀਨ ਤੋਂ ਆਉਂਦਾ ਸੀ। ਇਹ ਸਾਮਾਨ ਕਰੋਨਾ ਵਾਇਰਸ ਫੈਲਣ ਕਾਰਨ ਪਿਛਲੇ ਦੋ ਮਹੀਨਿਆਂ ਤੋਂ ਨਹੀਂ ਆ ਰਿਹਾ। ਜਿਹੜੇ ਵਪਾਰੀਆਂ ਨੇ ਅਪਰੈਲ-ਮਈ ਵਿਚ ਚੀਨ ਜਾਣ ਦਾ ਪ੍ਰੋਗਰਾਮ ਵੀ ਬਣਾਇਆ ਹੋਇਆ ਸੀ, ਉਹ ਵੀ ਰੱਦ ਹੋ ਗਿਆ ਹੈ।

ਖੇਡਾਂ ਦਾ ਸਾਮਾਨ ਬਣਾਉਣ ਵਾਲੇ ਸਨਅਤਕਾਰਾਂ ਦਾ ਕਹਿਣਾ ਹੈ ਕਿ ਕਰੋਨਾ ਵਾਇਰਸ ਨੇ ਤਾਂ ਨੋਟਬੰਦੀ ਨਾਲੋਂ ਵੀ ਵੱਧ ਨੁਕਸਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਚੀਨ ਤੋਂ ਆਉਣ ਵਾਲਾ ਸਾਮਾਨ ਸੌ ਫੀਸਦੀ ਬੰਦ ਹੋ ਗਿਆ ਹੈ। ਜਲੰਧਰ ਦੀ ਖੇਡ ਸਨਅਤ ਨੂੰ ਜਿਹੜੇ ਸਾਮਾਨ ਬਣਾਉਣ ਦੇ ਆਰਡਰ ਮਿਲਦੇ ਸਨ, ਉਹ ਵੀ ਵਪਾਰੀਆਂ ਨੇ ਬੰਦ ਕਰ ਦਿੱਤੇ ਹਨ। ਇਸੇ ਤਰ੍ਹਾਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਖੇਡਾਂ ਦਾ ਸਾਮਾਨ ਭੇਜਿਆ ਜਾਂਦਾ ਸੀ ਜਾਂ ਉਥੋਂ ਵਪਾਰੀ ਸਾਮਾਨ ਲੈਣ ਲਈ ਜਲੰਧਰ ਖੇਡ ਮਾਰਕਿਟ ਵਿਚ ਆਉਂਦੇ ਸਨ, ਉਹ ਹੁਣ ਕਰੋਨਾ ਵਾਇਰਸ ਕਾਰਨ ਨਹੀਂ ਆ ਰਹੇ।

ਉਨ੍ਹਾਂ ਦੱਸਿਆ ਕਿ ਪਿਛਲੇ ਦੋ-ਢਾਈ ਮਹੀਨਿਆਂ ਤੋਂ ਖੇਡ ਸਨਅਤ ਦਾ ਕਾਰੋਬਾਰ ਠੱਪ ਹੋਣਾ ਸ਼ੁਰੂ ਹੋ ਗਿਆ ਸੀ, ਹੁਣ ਇਸ ਦਾ ਪ੍ਰਭਾਵ ਹੋਰ ਵੀ ਵਧ ਰਿਹਾ ਹੈ। ਅਜੇ ਭਵਿੱਖ ਵਿਚ ਵੀ ਹਾਲਾਤ ਸੁਧਰਨ ਦੀ ਕੋਈ ਸੰਭਾਵਨਾ ਨੇੜੇ ਤੇੜੇ ਨਜ਼ਰ ਨਹੀਂ ਆ ਰਹੀ। ਖੇਡਾਂ ਦੇ ਹੋਣ ਵਾਲੇ ਵੱਡੇ ਟੂਰਨਾਮੈਂਟ ਵੀ ਰੱਦ ਹੋ ਗਏ ਹਨ। ਇਕੱਲਾ ਖੇਡਾਂ ਦਾ ਸਾਮਾਨ ਹੀ ਨਹੀਂ ਸਗੋਂ ਇਸ ਦੇ ਨਾਲ ਜੁੜਿਆ ਹੋਰ ਸਾਮਾਨ ਵੀ ਨਹੀਂ ਵਿਕ ਰਿਹਾ।

## ਕਨਿਕਾ ਕਪੂਰ ਕਰੋਨਾ ਵਾਇਰਸ ਤੋਂ ਪੀੜਤ

**ਮੁੰਬਈ:** ਗਾਇਕਾ ਕਨਿਕਾ ਕਪੂਰ ਕਰੋਨਾ ਵਾਇਰਸ ਤੋਂ ਪੀੜਤ ਹੈ। ਉਹ ਇਸ ਵਾਇਰਸ ਤੋਂ ਪੀੜਤ ਹੋਣ ਵਾਲੀ ਦੇਸ਼ ਦੀ ਪਹਿਲੀ ਬਾਲੀਵੁੱਡ ਹਸਤੀ ਹੈ। ਉਸ ਦਾ ਕਹਿਣਾ ਹੈ ਕਿ ਉਹ ਇਕਾਂਤ ਵਿਚ ਹੈ ਅਤੇ ਲੋੜੀਂਦੀ ਮੈਡੀਕਲ ਸੇਵਾ ਲੈ ਰਹੀ ਹੈ। 41 ਵਰ੍ਹਿਆਂ ਦੀ ਗਾਇਕਾ ਦਾ ਕਹਿਣਾ ਹੈ ਕਿ ਉਹ 10 ਦਿਨ ਪਹਿਲਾਂ ਯੂਕੇ ਤੋਂ ਪਰਤੀ ਸੀ ਅਤੇ ਉਦੋਂ ਉਸ ਦੀ ਸਕਰੀਨਿੰਗ ਹੋਈ ਸੀ, ਜੋ ਠੀਕ ਆਈ ਸੀ। ਉਸ ਵਿਚ ਕਰੋਨਾ ਵਾਇਰਸ ਦੇ ਲੱਛਣ ਚਾਰ ਦਿਨ ਪਹਿਲਾਂ ਹੀ ਉਭਰੇ ਹਨ।

ਗਾਇਕਾ ਵਲੋਂ ਇਹ ਖੁਲਾਸਾ ਕੀਤੇ ਜਾਣ ਤੋਂ ਬਾਅਦ ਕਨਿਕਾ ਕਪੂਰ ਨਾਲ ਲਖਨਊ ਵਿਚ ਇੱਕ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਵਾਲੇ ਰਾਜਸਥਾਨ ਦੇ ਸੰਸਦ ਮੈਂਬਰ ਦੁਸ਼ਯੰਤ ਸਿੰਘ ਅਤੇ ਉਨ੍ਹਾਂ ਦੀ ਮਾਤਾ ਤੇ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਖੁਦ ਆਈਸੋਲੇਸ਼ਨ ਵਿਚ ਚਲੇ ਗਏ ਹਨ।

ਇਸੇ ਦੌਰਾਨ ਸੰਪਰਕ ਟਰੇਸ ਕਰਨ 'ਤੇ ਪਤਾ ਲੱਗਿਆ ਕਿ ਦੁਸ਼ਯੰਤ ਨੇ ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨਾਲ ਮੁਲਾਕਾਤ ਕੀਤੀ ਸੀ ਅਤੇ ਉੱਤਰ ਪ੍ਰਦੇਸ਼ ਤੇ ਰਾਜਸਥਾਨ ਦੇ ਕਈ ਸੰਸਦ ਮੈਂਬਰਾਂ ਨਾਲ ਨਾਸ਼ਤਾ ਕੀਤਾ ਸੀ। ਇਸ ਮੌਕੇ ਮੌਜੂਦ ਸੰਸਦ ਮੈਂਬਰਾਂ ਵਿਚ ਕੇਂਦਰੀ ਮੰਤਰੀ ਰਾਜਵਰਧਨ ਰਾਠੌਰ, ਹੇਮਾ ਮਾਲਿਨੀ, ਅਰਜੁਨ ਰਾਜ ਮੇਘਵਾਲ, ਕੁਮਾਰ ਸ਼ੈਲਜਾ ਅਤੇ ਮੇਰੀ ਕੋਮ ਸ਼ਾਮਲ ਹਨ।

ਤ੍ਰਿਣਮੂਲ ਕਾਂਗਰਸ ਦੇ ਆਗੂ ਡੈਰੇਕ ਓ'ਬਰਾਇਨ ਨੇ ਕਿਹਾ ਕਿ ਉਹ ਦੁਸ਼ਯੰਤ ਨਾਲ ਦੋ ਘੰਟੇ ਗੱਲਬਾਤ ਕਰਦੇ ਰਹੇ। ਉਹ ਵੀ ਇਕਾਂਤ ਵਿਚ ਚਲੇ ਗਏ ਹਨ। ਸਿਹਤ ਅਤੇ ਪਰਿਵਾਰ ਭਲਾਈ ਬਾਰੇ ਕੇਂਦਰੀ ਮੰਤਰਾਲੇ ਨੇ ਇਸ਼ਾਰਾ ਕੀਤਾ ਹੈ ਕਿ ਕਨਿਕਾ ਕਪੂਰ ਦੇ ਸੰਪਰਕ ਵਿਚ ਆਏ ਲੋਕਾਂ ਦੀ ਪਛਾਣ ਕੀਤੀ ਜਾ ਰਹੀ ਹੈ।

ਸਿਹਤ ਮੰਤਰਾਲੇ ਵਲੋਂ ਇਥੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਜੁਆਇੰਟ ਸਕੱਤਰ (ਸਿਹਤ) ਲਵ ਅਗਰਵਾਲ ਨੇ ਕਿਹਾ, "ਸੰਪਰਕ ਵਿਚ ਆਏ ਲੋਕਾਂ ਦੀ ਸ਼ਨਾਖਤ ਕਰਨਾ ਸਾਡੇ ਪ੍ਰੋਟੋਕਲ ਦਾ ਹਿੱਸਾ ਹੈ। ਇਹ ਉਦੋਂ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਸਾਨੂੰ ਪਤਾ ਲੱਗਦਾ ਹੈ ਕਿ ਕਰੋਨਾ ਵਾਇਰਸ ਦਾ ਕੋਈ ਕੇਸ ਸਾਹਮਣੇ ਆਇਆ ਹੈ।"

## ਰੇਲ ਸੇਵਾ ਪੂਰੇ ਮੁਲਕ 'ਚ 31 ਮਾਰਚ ਤੱਕ ਬੰਦ

**ਨਵੀਂ ਦਿੱਲੀ:** ਰੇਲਵੇ ਨੇ ਵੱਡਾ ਕਦਮ ਚੁੱਕਦਿਆਂ ਆਪਣੀਆਂ ਸਾਰੀਆਂ 13,523 ਯਾਤਰੀ ਰੇਲਗੱਡੀਆਂ 31 ਮਾਰਚ ਤੱਕ ਮੁਅੱਤਲ ਕਰ ਦਿੱਤੀਆਂ ਹਨ। ਇਸ ਦੌਰਾਨ ਸਿਰਫ ਮਾਲ ਗੱਡੀਆਂ ਹੀ ਚੱਲਣਗੀਆਂ। ਇਸ ਗੱਲ ਦਾ ਵੱਡਾ ਭੈਅ ਹੈ ਕਿ ਜੇ ਕੋਈ ਕਰੋਨਾ ਪੀੜਤ ਯਾਤਰਾ ਕਰਦਾ ਹੈ ਤਾਂ ਬਿਮਾਰੀ ਨੂੰ ਵੱਡੇ ਪੱਧਰ ਉਤੇ ਫੈਲਾ ਸਕਦਾ ਹੈ। ਇਸ ਦੌਰਾਨ ਉਪ ਨਗਰੀ ਰੇਲ ਸੇਵਾ ਵੀ ਠੱਪ ਰਹੇਗੀ।

## ਇਸਲਾਮਿਕ ਸਟੇਟ ਦੀ ਮਦਦ ਦੇ ਦੋਸ਼ ਹੇਠ ਪਾਕਿਸਤਾਨੀ ਡਾਕਟਰ ਗ੍ਰਿਫਤਾਰ

**ਵਾਸ਼ਿੰਗਟਨ:** ਅਮਰੀਕਾ 'ਚ ਇਸਲਾਮਿਕ ਸਟੇਟ (ਆਈ.ਐਸ.ਆਈ.ਐਸ.) ਦੀ ਕਥਿਤ ਮਦਦ ਕਰਨ ਦੀ ਕੋਸ਼ਿਸ਼ ਤਹਿਤ ਇਕ ਪਾਕਿਸਤਾਨੀ ਡਾਕਟਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਡਾਕਟਰ ਨੇ ਅਮਰੀਕਾ 'ਤੇ 'ਦਹਿਸ਼ਤੀ ਹਮਲਾ' ਕਰਨ ਦੀ ਇੱਛਾ ਜਤਾਈ ਸੀ।

ਡਾਕਟਰ ਦੀ ਪਛਾਣ ਮੁਹੰਮਦ ਮਸੂਦ (28) ਵਜੋਂ ਦੱਸੀ ਗਈ ਹੈ। ਉਸ ਨੇ ਜਨਵਰੀ ਤੋਂ ਮਾਰਚ ਦੌਰਾਨ ਇਸਲਾਮਿਕ ਸਟੇਟ ਆਫ ਇਰਾਕ ਤੇ ਅਲ-ਸ਼ਾਮ (ਆਈ.ਐਸ.ਆਈ.ਐਸ.) ਅਤੇ ਇਸ ਦੇ ਆਗੂਆਂ ਪ੍ਰਤੀ ਵਫਾਦਾਰੀ ਜਤਾਉਂਦਿਆਂ ਸੀਰੀਆ ਜਾ ਕੇ ਦਹਿਸ਼ਤੀ ਜਥੇਬੰਦੀ ਲਈ ਜੰਗ ਲੜਨ ਦੀ ਖਾਹਿਸ਼ ਜ਼ਾਹਰ ਕੀਤੀ ਸੀ।

## ਮਨਪ੍ਰੀਤ ਸਿੰਘ ਬਾਦਲ ਦੇ ਮਾਤਾ ਦਾ ਦੇਹਾਂਤ

**ਲੰਬੀ:** ਸਾਬਕਾ ਸੰਸਦ ਮੈਂਬਰ ਗੁਰਦਾਸ ਸਿੰਘ ਬਾਦਲ ਦੀ ਪਤਨੀ ਅਤੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਮਾਤਾ ਹਰਮਿੰਦਰ ਕੌਰ ਬਾਦਲ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਸਮੇਂ ਤੋਂ ਸਿਰ ਦੇ ਕੈਂਸਰ ਤੋਂ ਪੀੜਤ ਸਨ ਅਤੇ ਉਨ੍ਹਾਂ ਦਾ ਇਲਾਜ ਪੀ.ਜੀ.ਆਈ. ਚੰਡੀਗੜ੍ਹ 'ਚ ਚੱਲਦਾ ਸੀ।

ਇਸ ਤੋਂ ਪਹਿਲਾਂ 24 ਮਈ 2011 ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਵੀ ਕੈਂਸਰ ਕਾਰਨ ਅਕਾਲ ਚਲਾਣਾ ਕਰ ਗਏ ਸਨ। ਇਸ ਦੌਰਾਨ ਮਨਪ੍ਰੀਤ ਬਾਦਲ ਭਾਵੁਕ ਦਿਖਾਈ ਦਿੱਤੇ। ਸਿਆਸੀ ਮਤਭੇਦਾਂ ਦੇ ਬਾਵਜੂਦ ਸਾਬਕਾ ਮੁੱਖ ਮੰਤਰੀ ਨੇ ਆਪਣੇ ਛੋਟੇ ਭਰਾ ਨਾਲ ਦੁੱਖ ਵੰਡਾਇਆ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਨਪ੍ਰੀਤ ਨਾਲ ਮਿਲ ਕੇ ਚਾਚੀ ਦੀ ਮੌਤ ਦੇ ਦੁੱਖ ਨੂੰ ਵੰਡਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੇ ਮਨਪ੍ਰੀਤ ਸਿੰਘ ਬਾਦਲ ਅਤੇ ਪੋਤਰੇ ਅਰਜੁਨ ਸਿੰਘ ਬਾਦਲ ਨੂੰ ਗਲੇ ਨਾਲ ਲਾ ਕੇ ਧਾਰਸ ਦਿੱਤਾ। ਬਾਅਦ ਵਿਚ ਸੁਖਬੀਰ ਤੇ ਮਨਪ੍ਰੀਤ ਨੇ ਬੀਬੀ ਹਰਮਿੰਦਰ ਕੌਰ ਦੀ ਅਰਥੀ ਨੂੰ ਮੋਢਾ ਦਿੱਤਾ ਅਤੇ ਅਰਥੀ ਵਾਹਨ 'ਚ ਇਕੱਠੇ ਬੈਠ ਕੇ ਸ਼ਮਸ਼ਾਨਘਾਟ ਤੱਕ ਗਏ। ਸਸਕਾਰ ਦੌਰਾਨ ਸੁਖਬੀਰ ਬਾਦਲ, ਚਾਚਾ ਗੁਰਦਾਸ ਸਿੰਘ ਬਾਦਲ ਕੋਲ ਭਾਵੁਕ ਖੜ੍ਹੇ ਰਹੇ। ਸੈਂਕੜੇ ਸਿਆਸੀ, ਪ੍ਰਸ਼ਾਸਨਿਕ ਅਤੇ ਆਮ ਲੋਕਾਂ ਦੀ ਹਾਜ਼ਰੀ ਵਿਚ ਧਾਰਮਿਕ ਰਸਮਾਂ ਨਾਲ ਹਰਮਿੰਦਰ ਕੌਰ ਨੂੰ ਅੰਤਿਮ ਵਿਦਾਇਗੀ ਦਿੱਤੀ।

ਮਨਪ੍ਰੀਤ ਸਿੰਘ ਬਾਦਲ ਦੀ ਮਾਤਾ ਦੇ ਸਸਕਾਰ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੈਰਹਾਜ਼ਰੀ ਰੜਕਦੀ ਰਹੀ। ਹਾਲਾਂਕਿ ਮੁੱਖ ਮੰਤਰੀ ਦਫਤਰ ਵੱਲੋਂ ਫੇਸਬੁੱਕ 'ਤੇ ਹਰਮਿੰਦਰ ਕੌਰ ਦੀ ਮੌਤ ਉਤੇ ਮੁੱਖ ਮੰਤਰੀ ਵੱਲੋਂ ਸ਼ੋਕ ਸੰਦੇਸ਼ ਸਾਂਝਾ ਕੀਤਾ ਗਿਆ ਸੀ।


# Matrimonials

**ਲੜਕੇ ਦੀ ਲੋੜ ਹੈ**

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

ਜੱਟ ਸਿੱਖ ਅਮਰੀਕਨ ਸਿਟੀਜ਼ਨ, ਉਮਰ 26 ਸਾਲ, ਨਰਸਿੰਗ ਕਰ ਰਹੀ ਲੜਕੀ ਲਈ ਬਰਾਬਰ ਯੋਗਤਾ, ਡਿਗਰੀ ਹੋਲਡਰ, ਗੁਰ ਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ। ਲੜਕਾ ਇੰਡੀਆ, ਕੈਨੇਡਾ, ਇੰਗਲੈਂਡ ਜਾਂ ਆਸਟਰੇਲੀਆ ਕਿਤੋਂ ਵੀ ਹੋਵੇ। ਯੂ. ਐਸ. ਟਾਈਮ ਕਾਲ ਕਰੋ, ਫੋਨ: 1-216-385-4025, 1-216-937-9054 (ਵਾਟਸਐਪ), +91-98776-26005 (ਇੰਡੀਆ) 8-11

**ਲੜਕੀ ਦੀ ਲੋੜ ਹੈ**

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

Well educated reputed Jatt-Sikh family seeks professionally qualified U.S. (PR or citizen) girl for their handsome only son, 27 yrs, 5'-10.5", M.S in Electrical Engineering, working as a Software Engineer in Michigan. Rural/urban property in Ludhiana & Mohali. Cont., Ph: 248-854-0003 6-9

# SUPER TRAVEL

847-676-9090, 773-465-5566

E-mail: supertravel2003@live.com

**Lowest Fares With Excellent Service**



*United Airlines*
*British Airways*

*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available

# ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 716-297-2100

10-13

# Shan Grill Indian Restaurant

1910 N. Rand Rd., Palatine, IL 60074

ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ

ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ

*Our speciality: Chicken Seekh Kabob*

Special Catering offer $10 package
Minimum 25 people

Ph: 847-358-1900

9-

# Imperial Tax Services

29090 Currier Ave., Westland, MI 48186

Individual & Small Business

Tax Returns

Visa, OCI, Renunciation & Passport Applications.
Citizenship Forms, Sponsorship & Power of Attorneys.

IRS AUTHORIZED NOTARY PUBLIC

Call or Text to make an appointment
Paramvir Singh
*(Master's degree in Mathematics)*

Ph: 206-475-6075

Email: Imperialtaxservices81@Yahoo.com

52+

# Desi Bazar

Under new management.

916 E. Main Street #118, Greenwood, IN, 46143
Tel: 317-888-2040, Fax: 317-887-6116

Lakhvir S. Johal, Ph: 317-709-7800

*We specialize in all kind of Indian Groceries and Sweets*

• FRESH VEGETABLES EVERY THURSDAY
• FRESH GOAT MEAT

We Are Open 7 Days a Week

*10% off on all Gurudwara supplies and Religious programs!!*

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਕਰੋਨਾ ਵਾਇਰਸ ਦਾ ਕਹਿਰ

ਸਭ ਤੋਂ ਸੂਖਮ ਕਿਸਮ ਦੇ ਇੱਕ ਨਿਰਜੀਵ ਜੀਵ ਕਰੋਨਾ ਵਾਇਰਸ ਨੇ ਦੁਨੀਆਂ ਨੂੰ ਵਖਤ ਪਾਇਆ ਹੋਇਆ ਹੈ। ਇਸ ਨੂੰ ਮੈਂ ਨਿਰਜੀਵ ਵੀ ਲਿਖ ਰਿਹਾਂ, ਇਸ ਲਈ ਕਿ ਇਹ ਜੀਵ ਵਾਇਰਸ ਜਦ ਕਿਸੇ ਜੀਵ ਤੋਂ ਬਾਹਰ ਹੁੰਦੇ ਹਨ ਤਾਂ ਇਨ੍ਹਾਂ ਦੇ ਗੁਣ ਨਿਰਜੀਵ ਵਸਤਾਂ ਨਾਲ ਮਿਲਦੇ ਹਨ, ਇਥੋਂ ਤੱਕ ਕਿ ਇਨ੍ਹਾਂ ਦੇ ਰਵੇ ਵੀ ਬਣਾਏ ਜਾ ਸਕਦੇ ਹਨ ਅਤੇ ਇਸੇ ਰਵੇਦਾਰ ਪਦਾਰਥ ਤੋਂ ਫਿਰ ਇਹ ਜੀਵਾਂ ਵਿਚ ਜਾ ਕੇ ਜੀਵਾਂ ਦੇ ਗੁਣ ਵਿਖਾਉਣ ਲਗਦੇ ਹਨ। ਇਹ ਜੀਵਾਂ ਅਤੇ ਨਿਰਜੀਵਾਂ ਦੀ ਲਕੀਰ 'ਤੇ ਕਹੇ ਜਾ ਸਕਦੇ ਹਨ, ਇਸ 'ਤੇ ਬਹਿਸ ਚਲਦੀ ਰਹੀ ਹੈ ਕਿ ਕੀ ਇਨ੍ਹਾਂ ਨੂੰ ਜੀਵ ਮੰਨਿਆ ਜਾਵੇ ਜਾਂ ਨਿਰਜੀਵ? ਇਹ ਇੱਕ ਸੈਲੀ ਜੀਵ, ਜਿਨ੍ਹਾਂ ਨੂੰ ਆਮ ਖੁਰਦਬੀਨ ਨਾਲ ਵੇਖਿਆ ਜਾ ਸਕਦਾ ਹੈ, ਤੋਂ ਵੀ ਛੋਟੇ ਹੁੰਦੇ ਹਨ ਅਤੇ



ਡਾ. ਬਲਜਿੰਦਰ ਸਿੰਘ ਸੇਖੋਂ
ਫੋਨ: 905-781-1197

ਇਨ੍ਹਾਂ ਨੂੰ ਸਿਰਫ ਇਲੈਕਟ੍ਰਾਨ ਖੁਰਦਬੀਨ ਨਾਲ ਵੇਖਿਆ ਜਾ ਸਕਦਾ ਹੈ। ਇਹ ਆਪਣੇ ਆਪ ਰਹਿਣ, ਵਧਣ ਜਾਂ ਅਗਲੀ ਪ੍ਰਸੂਤ ਪੈਦਾ ਕਰਨ ਤੋਂ ਅਸਮਰਥ ਹੁੰਦੇ ਹਨ, ਇਨ੍ਹਾਂ ਨੂੰ ਵਧਣ ਤੇ ਅਗਲੀ ਪ੍ਰਸੂਤ ਪੈਦਾ ਕਰਨ ਲਈ ਕਿਸੇ ਹੋਰ ਜੀਵ ਦੇ ਸੈੱਲ ਦਾ ਸਹਾਰਾ ਲੈਣਾ ਪੈਂਦਾ ਹੈ। ਇਹੀ ਇਸ ਨਿਰਜੀਵ ਦੀ ਲੋੜ ਇਸ ਨੂੰ ਪਰਜੀਵੀ (ਜੋ ਆਪਣਾ ਜੀਵਨ ਪੂਰਾ ਕਰਨ ਲਈ ਕਿਸੇ ਹੋਰ ਜੀਵ 'ਤੇ ਨਿਰਭਰ ਹੋਵੇ) ਬਣਾਉਂਦੀ ਹੈ। ਆਪਣੀ ਲੋੜ ਪੂਰੀ ਕਰਨ ਲਈ ਇਹ ਕਿਸੇ ਜਿਉਂਦੇ ਸੈੱਲ ਵਿਚ ਪਰਵੇਸ਼ ਕਰਦੇ ਹਨ। ਅੰਦਰ ਵੀ ਕੀ ਜਾਣਾ, ਇਨ੍ਹਾਂ ਦਾ ਪੂਰਾ ਸੂਰਾ ਢਾਂਚਾ ਬੱਸ ਇੱਕ ਪ੍ਰੋਟੀਨ ਦੇ ਖੋਲ ਵਿਚ ਲਪੇਟੀ ਗੁਣ ਸੂਤਰ (ਡੀ. ਐਨ. ਏ. ਜਾਂ ਆਰ. ਐਨ. ਏ.) ਦੀ ਕੜੀ ਹੁੰਦਾ ਹੈ। ਸੈੱਲ ਵਿਚ ਜਾਣ ਸਮੇਂ ਪ੍ਰੋਟੀਨ ਬਾਹਰ ਰਹਿ ਜਾਂਦਾ ਹੈ ਅਤੇ ਗੁਣ ਸੂਤਰ ਦੀ ਕੜੀ ਸੈੱਲ ਵਿਚ ਵੜ ਜਾਂਦੀ ਹੈ, ਜਿਥੇ ਜਾ ਕੇ ਇਹ ਜੀਵ ਦੇ ਉਸ ਸੈੱਲ ਦੇ ਡੀ. ਐਨ. ਏ. ਵਿਚ ਸਮੋ ਕੇ ਆਪਣਾ ਹੁਕਮ ਚਲਾਉਣ ਲਗਦੀ ਹੈ। ਸੈੱਲ ਨੂੰ ਸਾਰੇ ਕੰਮ ਛੱਡ ਕੇ ਸਿਰਫ ਆਪਣੇ ਆਪ ਵਰਗੇ ਹੋਰ ਵਾਇਰਸ ਬਣਾਉਣ ਲਈ ਮਜਬੂਰ ਕਰ ਦਿੰਦੀ ਹੈ।

ਸੈੱਲ ਦੀ ਇਹੀ ਮਜਬੂਰੀ ਬਿਮਾਰੀ ਬਣਦੀ ਹੈ, ਕੋਵਿਡ-19 (ਜੋ ਕਰੋਨਾ ਵਾਇਰਸ ਦੀ ਬਿਮਾਰੀ ਨੂੰ ਨਾਂ ਦਿੱਤਾ ਗਿਆ ਹੈ) ਜਿਸ ਨਾਲ,


1. ਬੁਖਾਰ ਹੋ ਜਾਂਦਾ ਹੈ,
2. ਸੁੱਕੀ ਖੰਘ ਆਉਂਦੀ ਹੈ ਤੇ
3. ਸਾਹ ਚੜ੍ਹਨ ਲਗਦਾ ਹੈ।

ਇਹ ਲੱਛਣ ਆਮ ਜ਼ੁਕਾਮ ਨਾਲੋਂ ਕੁਝ ਵੱਖਰੇ ਹਨ, ਜ਼ੁਕਾਮ ਨਾਲ ਆਮ ਤੌਰ 'ਤੇ ਬੁਖਾਰ ਨਹੀਂ ਚੜ੍ਹਦਾ, ਪਰ ਕਰੋਨਾ ਵਾਇਰਸ ਨਾਲ ਚੜ੍ਹਦਾ ਹੈ। ਜ਼ੁਕਾਮ ਨਾਲ ਨੱਕ ਵਿਚੋਂ ਪਾਣੀ ਵਗਦਾ ਹੈ ਅਤੇ ਛਿੱਕਾਂ ਆਉਂਦੀਆਂ ਹਨ, ਜੋ ਇਸ ਬਿਮਾਰੀ ਵਿਚ ਨਹੀਂ ਆਉਂਦੀਆਂ। ਜ਼ੁਕਾਮ ਨਾਲ ਹੋਈ ਖੰਘ ਵਿਚ ਬਲਗਮ ਆਉਂਦੀ ਹੈ, ਪਰ ਕਰੋਨਾ ਵਾਇਰਸ ਦੀ ਖੰਘ ਸੁੱਕੀ ਹੁੰਦੀ ਹੈ।

ਬਹੁਤ ਸਾਰੇ ਮਰੀਜ਼ ਠੀਕ ਹੋ ਜਾਂਦੇ ਹਨ, ਪਰ ਕਈਆਂ ਨੂੰ ਸਾਹ ਦੀ ਤਕਲੀਫ ਬਹੁਤ ਵਧ ਜਾਂਦੀ ਹੈ ਅਤੇ ਉਨ੍ਹਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਆਕਸੀਜਨ ਦੇਣ ਦੀ ਲੋੜ ਹੁੰਦੀ ਹੈ। ਵੱਡੀ ਉਮਰ ਦੇ ਬਿਮਾਰ ਜਾਂ ਜਿਨ੍ਹਾਂ ਨੂੰ ਪਹਿਲਾਂ ਹੀ ਕੋਈ ਬਿਮਾਰੀ ਹੋਵੇ, ਕਰੋਨਾ ਵਾਇਰਸ ਨਾਲ ਦਮ ਤੋੜ ਦਿੰਦੇ ਹਨ। ਇਹ ਗਿਣਤੀ ਪਹਿਲਾਂ ਆਏ ਇਸ ਤਰ੍ਹਾਂ ਦੇ ਵਾਇਰਸਾਂ ਨਾਲੋਂ ਬਹੁਤ ਘੱਟ ਹੈ, ਕੈਮਲ (ਊਠ) ਵਾਇਰਸ, ਜੋ ਸਾਉਦੀ ਅਰਬ ਵਿਚ 2012 ਵਿਚ ਸ਼ੁਰੂ ਹੋਇਆ, ਦੇ 3 ਬਿਮਾਰਾਂ ਵਿਚੋਂ ਇੱਕ ਦੀ ਮੌਤ ਹੋ ਜਾਂਦੀ ਰਹੀ ਹੈ; ਸਾਰਸ ਜੋ 2003 ਵਿਚ ਚੀਨ ਵਿਚੋਂ ਸ਼ੁਰੂ ਹੋਇਆ, ਦੇ ਸੌ ਵਿਚੋਂ 9-10 ਮਰੀਜ਼ ਮਰਦੇ ਰਹੇ ਹਨ ਤੇ ਕਰੋਨਾ ਵਾਇਰਸ ਦੇ 100 'ਚੋਂ 2-4 ਮਰੀਜ਼ ਮਰ ਰਹੇ ਹਨ।

ਇਹ ਲੇਖ ਲਿਖਣ ਵੇਲੇ ਤੱਕ ਦੁਨੀਆਂ ਵਿਚ 1,90,943 ਲੋਕ ਬਿਮਾਰ ਹੋ ਚੁੱਕੇ ਸਨ, ਜਿਨ੍ਹਾਂ ਵਿਚੋਂ 80,889 ਰਾਜ਼ੀ ਹੋ ਗਏ ਅਤੇ 7,546 ਬਿਮਾਰੀ ਦੀ ਤਾਬ ਨਾ ਝਲਦਿਆਂ ਚੱਲ ਵਸੇ। ਇਸ ਤਰ੍ਹਾਂ ਮਰਨ ਵਾਲਿਆਂ ਦੀ ਔਸਤ ਕਰੀਬ 2% ਬਣਦੀ ਹੈ, ਪਰ ਇਸ ਵਾਇਰਸ ਨਾਲ ਪਹਿਲਾਂ ਨਾਲੋਂ ਕੁਲ ਮੌਤਾਂ ਵੱਧ ਹੋ ਰਹੀਆਂ ਹਨ। ਇਸ ਦਾ ਮੁੱਖ ਕਾਰਨ ਇਸ ਵਾਇਰਸ ਦੇ ਕਣਾਂ ਦੀ ਬਿਮਾਰੀ ਦੇ ਲੱਛਣ ਸ਼ੁਰੂ ਹੋਣ ਤੋਂ ਪਹਿਲਾਂ ਹੀ ਦੂਜੇ ਵਿਅਕਤੀ ਨੂੰ ਬਿਮਾਰ ਕਰਨ ਦੀ ਸਮਰੱਥਾ ਹੈ। ਸਰੀਰ ਵਿਚ ਇਸ ਦੇ ਜ਼ਰਮ ਜਾਣ ਦੇ ਚਾਰ ਕੁ ਦਿਨ ਬਾਅਦ ਹੀ ਇਹ ਉਸ ਦੇ ਥੁੱਕ ਵਿਚੋਂ ਬਾਹਰ ਆਉਣ ਲਗਦੇ ਹਨ, ਜਦੋਂ ਕਿ ਇਸ ਵਕਤ ਤੱਕ ਮਰੀਜ਼ ਵਿਚ ਬਿਮਾਰੀ ਦਾ ਕੋਈ ਲੱਛਣ ਨਜ਼ਰ ਨਹੀਂ ਆਉਂਦਾ, ਉਹ ਬਿਲਕੁਲ ਤੰਦਰੁਸਤ ਲਗਦਾ ਹੈ।

ਇਸ ਹਾਲਤ ਵਿਚ ਦੂਜੇ ਲੋਕ ਜਾਂ ਉਹ ਆਪ ਵੀ ਕਿਸੇ ਕਿਸਮ ਦੀ ਸਾਵਧਾਨੀ ਨਹੀਂ ਵਰਤਦਾ, ਜਿਸ ਕਾਰਨ ਬਿਮਾਰੀ ਅਛੋਪਲੇ ਜਿਹੇ ਅੱਗੇ ਵੱਧ ਰਹੀ ਹੈ। ਜ਼ਰਮਾਂ ਦੇ ਸਰੀਰ ਵਿਚ ਜਾਣ ਤੋਂ ਕਰੀਬ 5 ਦਿਨ ਪਿਛੋਂ ਇਸ ਬਿਮਾਰੀ ਦੇ ਲੱਛਣ ਵੇਖਣ ਨੂੰ ਮਿਲ ਰਹੇ ਹਨ, ਪਰ ਕਈਆਂ ਨੂੰ ਇਹ ਲੱਛਣ 14-15 ਦਿਨ ਬਾਅਦ ਵੀ ਸ਼ੁਰੂ ਹੋਏ ਹਨ। ਬੇਸ਼ੱਕ ਇਸ ਦੇ ਸੁੱਕੀ ਹਵਾ ਵਿਚ ਰਹਿਣ ਦੀ ਸੰਭਾਵਨਾ ਘੱਟ ਦੱਸੀ ਜਾ ਰਹੀ ਹੈ, ਪਰ ਕਿਸੇ ਦੇ ਖੰਘਣ ਨਾਲ ਜੋ ਥੁੱਕ ਦੇ ਛਿੱਟੇ ਬਾਹਰ ਆਉਂਦੇ ਹਨ, ਉਨ੍ਹਾਂ ਵਿਚਲੇ ਜ਼ਰਮਾਂ ਦੇ ਦੂਜੇ ਵਿਅਕਤੀ ਦੇ ਨੱਕ, ਮੂੰਹ ਜਾਂ ਅੱਖਾਂ ਵਿਚੋਂ ਅੰਦਰ ਜਾਣ ਨਾਲ ਉਹ ਵੀ ਬਿਮਾਰ ਹੋ ਰਹੇ ਹਨ।




*ਇਸ ਚਿੱਤਰ ਵਿਚ ਕਰੋਨਾ ਵਾਇਰਸ ਦਾ ਆਰ. ਐਨ. ਏ. (ਗੁਣ ਸੂਤਰ) ਮਨੁੱਖੀ ਸੈੱਲ ਵਿਚ ਜਾਂਦਾ ਵਿਖਾਇਆ ਗਿਆ ਹੈ*

ਸੋ ਇਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਕਣਾਂ ਨੂੰ ਆਪਣੇ ਮੂੰਹ, ਨੱਕ ਜਾਂ ਅੱਖਾਂ ਤੱਕ ਜਾਣ ਤੋਂ ਰੋਕਿਆ ਜਾਵੇ। ਇਸ ਲਈ,

1. ਭੀੜ ਭੜੱਕੇ ਵਾਲੀਆਂ ਥਾਂਵਾਂ 'ਤੇ ਜਾਣ ਤੋਂ ਗੁਰੇਜ਼ ਕੀਤਾ ਜਾਵੇ।
2. ਆਪਣੇ ਹੱਥ ਸਾਬਣ-ਪਾਣੀ ਨਾਲ ਦਿਨ ਵਿਚ ਕਈ ਵਾਰ ਧੋਵੋ। ਜੇ ਹੋ ਸਕੇ ਤਾਂ ਅਲਕੋਹਲ ਵਾਲਾ ਸੈਨੇਟਾਈਜ਼ਰ ਵੀ ਵਰਤੋ।
3. ਕਿਸੇ ਨੂੰ ਮਿਲਣ ਸਮੇਂ ਉਸ ਤੋਂ ਦੂਰ ਰਹੋ, ਹੱਥ ਆਦਿ ਨਾ ਮਿਲਾਓ।
4. ਜੇ ਕੋਈ ਖੰਘ ਰਿਹਾ ਹੈ ਤਾਂ ਉਸ ਤੋਂ ਬਚਾਅ ਰੱਖੋ, ਜੇ ਤੁਹਾਨੂੰ ਖੰਘ ਆ ਰਹੀ ਹੈ ਤਾਂ ਚੰਗੀ ਗੱਲ ਹੈ ਕਿ ਆਪਣੇ ਮੂੰਹ ਅੱਗੇ ਟਿਸ਼ੂ ਪੇਪਰ ਰੱਖੋ, ਜਾਂ ਘੱਟੋ ਘੱਟ ਆਪਣੀ ਬਾਂਹ ਮੂੰਹ ਅੱਗੇ ਕਰ ਲਓ ਤਾਂ ਕਿ ਥੁੱਕ ਦੇ ਕਣ ਦੂਰ ਨਾ ਜਾਣ।
5. ਜੇ ਬੁਖਾਰ ਤੇ ਸੁੱਕੀ ਖੰਘ ਹੋ ਗਈ ਹੈ ਤਾਂ ਡਾਕਟਰ ਦੀ ਸਲਾਹ ਲਓ।
6. ਬਾਹਰ ਜਾ ਕੇ ਜੇ ਕਿਸੇ ਅਣਜਾਣੇ ਥਾਂ ਆਪਣੇ ਹੱਥ ਲਗਦੇ ਹਨ, ਤਾਂ ਇਨ੍ਹਾਂ ਨੂੰ ਮੂੰਹ ਤੱਕ ਨਾ ਲਿਜਾਇਆ ਜਾਵੇ। ਅਸੀਂ ਅਣਜਾਣੇ ਵਿਚ ਹੀ ਆਮ ਤੌਰ 'ਤੇ ਆਪਣੇ ਹੱਥਾਂ ਨਾਲ ਮੂੰਹ, ਨੱਕ, ਅੱਖਾਂ ਆਦਿ ਛੂੰਹਦੇ ਰਹਿੰਦੇ ਹਾਂ। ਕੋਸ਼ਿਸ਼ ਕੀਤੀ ਜਾਵੇ ਕਿ ਇਸ ਤਰ੍ਹਾਂ ਸਾਬਣ ਨਾਲ ਹੱਥ ਧੋਣ ਤੋਂ ਪਹਿਲਾਂ ਨਾ ਕੀਤਾ ਜਾਵੇ।

ਇਸ ਬਿਮਾਰੀ ਦਾ ਅਜੇ ਤੱਕ ਕੋਈ ਇਲਾਜ ਨਹੀਂ, ਇਸ ਨੂੰ ਆਪਣੇ ਸਰੀਰ ਦੀ ਬਚਾਅ ਪ੍ਰਣਾਲੀ ਨੇ ਹੀ ਕਾਬੂ ਕਰਨਾ ਹੈ। ਐਵੇਂ ਕਿਸੇ ਦੇਸੀ ਇਲਾਜ ਦੇ ਚੱਕਰ ਵਿਚ ਨਾ ਪਓ। ਇਸ ਤੋਂ ਬਚਾਅ ਦਾ ਟੀਕਾ ਬਣਨ ਵਿਚ ਵੀ ਹਾਲੀ ਕਰੀਬ 10-12 ਮਹੀਨੇ ਦਾ ਸਮਾਂ ਲੱਗੇਗਾ। ਸੋ ਅਜੇ ਤੱਕ ਕੋਈ ਵੈਕਸੀਨ ਇਸ ਤੋਂ ਬਚਣ ਦੀ ਨਹੀਂ। ਸਰਕਾਰਾਂ ਆਪਣੇ ਵਲੋਂ ਇਸ 'ਤੇ ਕਾਬੂ ਪਾਉਣ ਲਈ ਕੋਸ਼ਿਸ਼ਾਂ ਕਰ ਰਹੀਆਂ ਹਨ। ਚੀਨ ਕਾਫੀ ਹੱਦ ਤੱਕ ਕਾਮਯਾਬ ਵੀ ਹੋ ਗਿਆ ਹੈ, ਜਿਥੇ ਇਹ ਬਿਮਾਰੀ ਸ਼ੁਰੂ ਹੋਈ ਸੀ।

ਇਸ ਵਿਚ ਵੀ ਸੱਚਾਈ ਹੈ ਕਿ ਬੇਸ਼ੱਕ ਅੱਜ ਕੱਲ੍ਹ ਚੀਨ ਵਿਚ ਕਹਿਣ ਨੂੰ ਹੀ ਸਮਾਜਵਾਦੀ ਪ੍ਰਬੰਧ ਹੈ, ਪਰ ਫਿਰ ਵੀ ਉਹ ਆਪਣੇ ਕਾਨੂੰਨ ਸਖਤੀ ਨਾਲ ਲਾਗੂ ਕਰਨ ਦੇ ਕਾਬਲ ਹੈ, ਉਸ ਲਈ ਆਰਥਕਤਾ ਪਿਛੋਂ ਅਤੇ ਲੋਕਾਂ ਦੀ ਸਿਹਤ ਪਹਿਲਾਂ ਹੈ। ਇਲਾਜ ਕਰਨ ਸਮੇਂ ਇਹ ਨਹੀਂ ਵੇਖਿਆ ਜਾਂਦਾ ਕਿ ਕਿਸੇ ਕੋਲ ਬੀਮਾ ਹੈ ਜਾਂ ਨਹੀਂ। ਇਹ ਚੀਨ ਹੀ ਸੀ, ਜਿਸ ਨੇ ਇਸ ਬਿਮਾਰੀ ਦੇ ਇਲਾਜ ਲਈ 1000 ਬੈਡਾਂ ਵਾਲਾ ਹਸਪਤਾਲ ਕੁਝ ਦਿਨਾਂ ਵਿਚ ਹੀ ਬਣਾ ਲਿਆ। ਜੇ ਕੋਈ ਬਿਮਾਰ ਘਰੋਂ ਹਸਪਤਾਲ ਨਹੀਂ ਜਾਂਦਾ, ਉਸ ਨੂੰ ਸਰਕਾਰੀ ਕਰਮਚਾਰੀ ਜ਼ਬਰਦਸਤੀ ਵੀ ਲੈ ਜਾਂਦੇ ਹਨ।

ਲੋਕਾਂ ਦੇ ਇਲਾਜ ਲਈ ਕੈਨੇਡਾ ਵਿਚ ਵੀ ਸਹੀ ਪ੍ਰਬੰਧ ਹੈ, ਹਰ ਇੱਕ ਦੇ ਇਲਾਜ ਦੀ ਜਿੰਮੇਵਾਰੀ ਸਰਕਾਰ ਦੇ ਸਿਰ ਹੈ; ਪਰ ਅਮਰੀਕਾ, ਜੋ ਸਭ ਤੋਂ ਅਮੀਰ ਦੇਸ਼ਾਂ ਵਿਚ ਗਿਣਿਆ ਜਾਂਦਾ ਹੈ, ਵਿਚ ਸ਼ਾਇਦ ਇਸ ਬਿਮਾਰੀ ਦੇ ਸਾਰੇ ਮਰੀਜ਼ਾਂ ਨੂੰ ਚੰਗਾ ਇਲਾਜ ਨਾ ਮਿਲ ਸਕੇ, ਕਿਉਂਕਿ ਸਾਰਾ ਪ੍ਰਬੰਧ ਮੁਨਾਫੇ ਨਾਲ ਬੱਝਾ ਹੋਇਆ ਹੈ।

ਕਰੋਨਾ ਵਾਇਰਸ ਅਜੇ ਤੱਕ ਸਭ ਤੋਂ ਖਤਰਨਾਕ ਬਿਮਾਰੀ ਵੀ ਨਹੀਂ ਲਗਦੀ, ਪਰ ਕਿਉਂਕਿ ਇਸ ਦਾ ਹਰ ਕਿਸੇ ਨੂੰ ਹੋਣ ਦਾ ਖਦਸ਼ਾ ਹੈ, ਸਮੇਤ ਅਮੀਰਾਂ ਦੇ, ਇਸ ਲਈ ਇਸ ਦਾ ਦੁਨੀਆਂ ਵਿਚ ਡਰ ਕੁਝ ਵੱਧ ਹੈ। ਮੈਨੂੰ ਨਹੀਂ ਲਗਦਾ ਕਿ ਇਸ ਨਾਲ ਮਰਨ ਵਾਲਿਆਂ ਦੀ ਗਿਣਤੀ ਦੁਨੀਆਂ ਦੇ ਗਰੀਬਾਂ ਅਤੇ ਗਰੀਬ ਦੇਸ਼ਾਂ ਵਿਚ ਹਰ ਸਾਲ ਭੁੱਖ ਨਾਲ ਜਾਂ ਭੁੱਖੇ ਰਹਿਣ ਕਰਕੇ ਹੋਈਆਂ ਅਲਾਮਤਾਂ ਨਾਲ ਹੋ ਰਹੀਆਂ 90 ਲੱਖ ਮੌਤਾਂ ਦੀ ਗਿਣਤੀ ਦੇ ਆਸ-ਪਾਸ ਵੀ ਪਹੁੰਚੇ, ਪਰ ਕਿਉਂਕਿ ਵਿਕਸਿਤ ਦੇਸ਼ਾਂ ਵਿਚ ਭੁੱਖ ਦੀ ਸਮੱਸਿਆ ਘੱਟ ਹੈ, ਇਸ ਲਈ ਇਨ੍ਹਾਂ ਮੌਤਾਂ ਵੱਲ ਦੁਨੀਆਂ ਦਾ ਧਿਆਨ ਘੱਟ ਹੀ ਜਾਂਦਾ ਹੈ। ਮਹਾਂਮਾਰੀਆਂ ਵੀ ਦੁਨੀਆਂ ਵਿਚ ਬਹੁਤ ਵੱਡੀਆਂ ਆਉਂਦੀਆਂ ਰਹੀਆਂ ਹਨ, ਜਿਵੇਂ 1347-1351 ਦਰਮਿਆਨ ਫੈਲੀ ਪਲੇਗ ਨੇ 20 ਕਰੋੜ ਜਾਨਾਂ ਲਈਆਂ ਤੇ 1520 ਦੀ ਮਾਤਾ ਦੀ ਬਿਮਾਰੀ ਨੇ 5 ਕਰੋੜ 60 ਲੱਖ ਲੋਕ ਮਾਰੇ। ਉਸੇ ਸਾਲ ਸਪੇਨੀ ਲੋਕਾਂ ਨਾਲ ਇਹ ਬਿਮਾਰੀ ਮੈਕਸੀਕੋ ਵਿਚ ਆ ਗਈ ਅਤੇ 1736 ਤੋਂ 1738 ਤੇ 1837-38 ਵਿਚ ਜਦੋਂ ਗੋਰੇ ਲੋਕਾਂ 'ਤੇ ਜਾਣ ਬੁੱਝ ਕੇ ਮਾਤਾ ਦੀ ਬਿਮਾਰੀ ਤੋਂ ਪੀੜਤ ਲੋਕਾਂ ਦੇ ਕੰਬਲ ਵੰਡਣ ਦਾ ਇਲਜ਼ਾਮ ਲਾਇਆ ਜਾਂਦਾ ਹੈ, ਕੈਨੇਡਾ-ਅਮਰੀਕਾ ਦੇ ਮੂਲ ਨਿਵਾਸੀਆਂ ਦਾ ਤਾਂ ਇਸ ਬਿਮਾਰੀ ਨੇ ਕਈ ਥਾਂਈਂ ਖਾਤਮਾ ਹੀ ਕਰ ਦਿੱਤਾ। ਕੋਵਿਡ-19 ਕਿਸੇ ਵੀ ਹਾਲਤ ਵਿਚ ਇੰਨਾ ਖਤਰਨਾਕ ਨਹੀਂ ਹੋ ਸਕਦਾ।

# ਕਰੋਨਾ ਵਾਇਰਸ ਕਾਰਨ ਵਧ ਰਿਹਾ ਆਰਥਕ ਮੰਦਵਾੜਾ

ਅੱਜ ਕਰੋਨਾ ਵਾਇਰਸ ਦੀ ਦਹਿਸ਼ਤ ਪੂਰੀ ਦੁਨੀਆਂ ਵਿਚ ਫੈਲ ਜਾਣ ਕਾਰਨ ਸਮੁੱਚੀ ਮਾਨਵਤਾ ਗੰਭੀਰ ਚਿੰਤਾ ਦੀ ਦਲਦਲ ਵਿਚ ਫਸਦੀ ਜਾ ਰਹੀ ਹੈ। ਇਕ ਰਿਪੋਰਟ ਮੁਤਾਬਕ ਹੁਣ ਤੱਕ ਇਸ ਦੀ ਲਪੇਟ 'ਚ ਦੁਨੀਆਂ ਦੇ ਕਰੀਬ 156 ਦੇਸ਼ ਆ ਚੁੱਕੇ ਹਨ। ਕਰੋਨਾ ਵਾਇਰਸ ਤੋਂ ਪੀੜਤ ਲੋਕਾਂ ਦੀ ਗਿਣਤੀ ਹਰ ਰੋਜ਼ ਵਧ ਰਹੀ ਹੈ।

ਅਮਰੀਕਾ ਅਤੇ ਚੀਨ ਵਿਚਾਲੇ ਪਿਛਲੇ ਲੰਮੇ ਸਮੇਂ ਤੋਂ ਟਰੇਡ ਵਾਰ ਚਲ ਰਹੀ ਸੀ। ਹੁਣ ਕਰੋਨਾ ਵਾਇਰਸ ਕਾਰਨ ਦੋਵੇਂ ਦੇਸ਼ ਇਕ ਦੂਜੇ ਦੇ ਆਹਮੋ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਸਾਹਮਣੇ ਹਨ। ਅਮਰੀਕਾ ਇਸ ਨੂੰ ਚੀਨ ਦੇ ਵੁਹਾਨ ਤੋਂ ਫੈਲਣ ਵਾਲੀ ਮਹਾਂਮਾਰੀ ਆਖ ਰਿਹਾ ਹੈ, ਦੂਜੇ ਪਾਸੇ ਇਕ ਰਿਪੋਰਟ ਅਨੁਸਾਰ ਚੀਨ ਦੀ ਸਰਕਾਰ ਨੇ ਅਮਰੀਕਾ 'ਤੇ ਦੋਸ਼ ਲਾਇਆ ਹੈ ਕਿ ਅਮਰੀਕੀ ਆਰਮੀ ਕਰੋਨਾ ਵਾਇਰਸ ਵੁਹਾਨ ਲੈ ਕੇ ਆਈ ਸੀ, ਇਸ ਪਿਛੋਂ ਇਹ ਪੂਰੀ ਦੁਨੀਆਂ ਵਿਚ ਫੈਲ ਗਿਆ।

ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਜਿਅਨ ਝਾਓ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਹੋ ਸਕਦਾ ਹੈ, ਅਮਰੀਕੀ ਸੈਨਾ ਹੀ ਵੁਹਾਨ ਵਿਚ ਕਰੋਨਾ ਵਾਇਰਸ ਲੈ ਕੇ ਆਈ ਹੋਵੇ। ਦਲੀਲ ਵਿਚ ਝਾਓ ਨੇ ਇਹ ਹਵਾਲਾ ਵੀ ਦਿੱਤਾ ਹੈ ਕਿ ਅਮਰੀਕਾ ਵਿਚ ਸੀ. ਡੀ. ਸੀ. ਦੇ ਰਾਬਰਟ ਰੇਡਫੀਲਡ ਨੇ ਹਾਊਸ ਆਫ ਰਿਪਰਜ਼ੈਂਟੇਟਿਵ ਦੇ ਸਾਹਮਣੇ ਇਹ ਮੰਨਿਆ ਹੈ ਕਿ ਇੰਫਲੂਐਂਜ਼ਾ ਵਿਖੇ ਹੋਣ ਵਾਲੀਆਂ ਕੁਝ ਮੌਤਾਂ ਦੀ ਅਸਲ ਵਜ੍ਹਾ ਕਰੋਨਾ ਵਾਇਰਸ ਸੀ।

ਹੁਣ ਕਰੋਨਾ ਵਾਇਰਸ ਦੇ ਸਾਈਡ ਇਫੈਕਟ ਵੀ ਦੁਨੀਆਂ ਦੇ ਕੰਮਾਂ ਕਾਰਾਂ 'ਤੇ ਸਪਸ਼ਟ ਨਜ਼ਰ ਆਉਣ ਲੱਗੇ ਹਨ। ਵੱਡੇ ਵੱਡੇ ਦੇਸ਼ਾਂ ਦੇ ਸ਼ੇਅਰ ਬਾਜ਼ਾਰ ਨਿੱਤ ਨਵੀਆਂ ਗਿਰਾਵਟਾਂ ਵੱਲ ਜਾ ਰਹੇ ਹਨ। ਭਾਰਤੀ ਅਰਥ-ਵਿਵਸਥਾ, ਜੋ ਪਿਛਲੇ ਕਾਫੀ ਸਮੇਂ ਤੋਂ ਮੰਦੀ ਨਾਲ ਜੂਝ ਰਹੀ ਹੈ, ਅਜਿਹੇ ਹਾਲਾਤ ਵਿਚ ਹੋਰ ਵੱਧ ਮੰਦਹਾਲੀ ਦਾ ਸ਼ਿਕਾਰ ਹੋ ਗਈ ਹੈ। ਸੰਯੁਕਤ ਰਾਸ਼ਟਰ ਦੀ ਕਾਨਫਰੰਸ ਆਨ ਟਰੇਡਿੰਗ ਡਿਵੈਲਪਮੈਂਟ ਅਨੁਸਾਰ ਕਰੋਨਾ ਵਾਇਰਸ ਕਾਰਨ ਪ੍ਰਭਾਵਤ ਹੋਣ ਵਾਲੀਆਂ ਵਿਸ਼ਵ ਦੀਆਂ 15 ਵੱਡੀਆਂ ਅਰਥ-ਵਿਵਸਥਾਵਾਂ ਵਿਚੋਂ ਇੱਕ ਭਾਰਤ ਵੀ ਹੈ। ਇਕ ਅੰਦਾਜ਼ੇ ਮੁਤਾਬਕ ਭਾਰਤ ਦੀ ਅਰਥ-ਵਿਵਸਥਾ ਨੂੰ ਕਰੀਬ 34.8 ਕਰੋੜ ਡਾਲਰ ਦਾ ਨੁਕਸਾਨ ਬਰਦਾਸ਼ਤ ਕਰਨਾ ਪੈ ਸਕਦਾ ਹੈ।

ਉਧਰ ਯੂਰਪ ਦੇ ਆਰਥਕ ਸਹਿਯੋਗ ਤੇ ਵਿਕਾਸ ਸੰਗਠਨ (ਓ. ਈ. ਸੀ. ਡੀ.) ਨੇ 2020-21 ਲਈ ਭਾਰਤ ਦੀ ਆਰਥਕ ਵਿਕਾਸ ਦਰ ਦਾ ਅਨੁਮਾਨ 1.1 ਫੀਸਦੀ ਘਟਾ ਦਿੱਤਾ ਹੈ। ਓ. ਈ. ਸੀ. ਡੀ. ਦਾ ਪਹਿਲਾਂ ਅਨੁਮਾਨ ਸੀ ਕਿ ਭਾਰਤ ਦੀ ਵਿਕਾਸ ਦਰ 6.2 ਫੀਸਦੀ ਰਹੇਗੀ, ਪਰ ਹੁਣ ਉਸ ਨੇ ਇਹ ਘਟਾ ਕੇ 5.1 ਫੀਸਦੀ ਕਰ ਦਿੱਤੀ ਹੈ।

ਇਸ ਸਮੇਂ ਕਰੋਨਾ ਵਾਇਰਸ ਦੇ ਡਰ ਦਾ ਮਾਹੌਲ ਲੋਕਾਂ ਦੇ ਮਨਾਂ 'ਤੇ ਇਸ ਕਦਰ ਹਾਵੀ ਹੈ ਕਿ ਉਹ ਆਪਣੇ ਪਾਸ ਦਵਾਈਆਂ, ਮਾਸਕ ਤੇ ਸੈਨੇਟਾਈਜ਼ਰ ਜਮ੍ਹਾਂ ਕਰਨ ਲੱਗ ਪਏ ਹਨ। ਮੈਡੀਕਲ ਸਟੋਰਾਂ 'ਤੇ ਦਵਾਈਆਂ ਦੀ ਕਮੀ ਹੋ ਰਹੀ ਹੈ। ਵੱਡੇ ਵੱਡੇ ਸ਼ਹਿਰਾਂ ਦੇ ਕੈਮਿਸਟ ਦਵਾਈਆਂ, ਮਾਸਕ ਤੇ ਸੈਨੇਟਾਈਜ਼ਰ ਦੇ ਆਰਡਰ ਦੇ ਰਹੇ ਹਨ, ਪਰ ਦੂਜੇ ਪਾਸੇ ਮਾਲ ਨਹੀਂ ਮਿਲ ਰਿਹਾ।

ਇਕ ਰਿਪੋਰਟ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਆਨਲਾਈਨ ਥੋਕ ਕਾਰੋਬਾਰ ਕਰਨ ਵਾਲੀ ਕੰਪਨੀ ਟਰੇਡ ਇੰਡੀਆ ਡਾਟ ਕਾਮ ਮੁਤਾਬਕ ਪਿਛਲੇ ਤਿੰਨ ਮਹੀਨਿਆਂ ਦੌਰਾਨ ਮਾਸਕ ਤੇ ਸੈਨੇਟਾਈਜ਼ਰ ਦੀ ਮੰਗ ਵਿਚ 316 ਫੀਸਦੀ ਦਾ ਵਾਧਾ ਹੋ ਚੁਕਾ ਹੈ ਅਤੇ ਮੰਗ ਲਗਾਤਾਰ ਵਧ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਭਾਰਤ ਜੈਨੇਰਿਕ ਦਵਾਈਆਂ ਦਾ ਦੁਨੀਆਂ ਵਿਚ ਸਭ ਤੋਂ ਵੱਡਾ ਸਪਲਾਇਰ ਹੈ। ਚੀਨ ਵਿਚ ਉਤਪਾਦਨ ਬੰਦ ਹੋਣ ਕਾਰਨ ਭਾਰਤ ਨੇ ਕੁਝ ਦਵਾਈਆਂ ਦੇ ਨਿਰਯਾਤ 'ਤੇ ਪਾਬੰਦੀ ਲਾ ਦਿੱਤੀ ਹੈ, ਤਾਂ ਜੋ ਘਰੇਲੂ ਮੰਗ ਦੀ ਪੂਰਤੀ ਨੂੰ ਯਕੀਨੀ ਬਣਾਇਆ ਜਾ ਸਕੇ। ਵੈਸੇ ਕਰੋਨਾ ਵਾਇਰਸ ਦਾ ਸਭ ਤੋਂ ਮਾੜਾ ਪ੍ਰਭਾਵ ਸੈਰ-ਸਪਾਟਾ ਉਦਯੋਗ 'ਤੇ ਵੇਖਣ ਨੂੰ ਮਿਲ ਰਿਹਾ ਹੈ। ਹਾਲਾਤ ਦੀ ਗੰਭੀਰਤਾ ਨੂੰ ਮਹਿਸੂਸ ਕਰਦਿਆਂ ਭਾਰਤ ਨੇ ਇਟਲੀ, ਇਰਾਨ, ਦੱਖਣੀ ਕੋਰੀਆ ਤੇ ਜਪਾਨ ਸਮੇਤ ਕਈ ਦੇਸ਼ਾਂ ਤੋਂ ਆਉਣ ਵਾਲੇ ਨਾਗਰਿਕਾਂ ਦੇ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਭਾਰਤ ਆਉਣ ਵਾਲੇ ਯਾਤਰੀਆਂ ਵਿਚ ਵੱਡੀ ਪੱਧਰ 'ਤੇ ਕਮੀ ਆਈ ਹੈ, ਜਿਸ ਦੇ ਫਲਸਰੂਪ ਦੇਸ਼ ਵਿਚਲੇ ਹੋਟਲਾਂ ਦੇ ਕਮਰਿਆਂ ਦੀ ਬੁਕਿੰਗ ਵਿਚ 20 ਤੋਂ 90 ਫੀਸਦੀ ਦੀ ਕਮੀ ਆ ਗਈ ਹੈ।

ਟਰੈਵਲਜ਼ ਐਂਡ ਟੂਰਿਜ਼ਮ ਕੌਂਸਲ ਨੇ ਵਿਸ਼ਵ ਦੇ ਸੈਰ-ਸਪਾਟਾ ਉਦਯੋਗ ਦੇ ਕਰੋਨਾ ਵਾਇਰਸ ਤੋਂ ਪ੍ਰਭਾਵਤ ਹੋਣ ਬਾਰੇ ਕੀਤੇ ਇਕ ਅਧਿਐਨ ਵਿਚ ਕਿਹਾ ਹੈ ਕਿ ਕੋਵਿਡ-19 ਨਾਲ ਸੈਰ-ਸਪਾਟਾ ਸਨਅਤ ਨੂੰ 22 ਅਰਬ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਇਸੇ ਤਰ੍ਹਾਂ ਹਵਾਬਾਜ਼ੀ ਉਦਯੋਗ ਨੂੰ ਵੀ 63 ਅਰਬ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਸੈਰ-ਸਪਾਟਾ ਉਦਯੋਗ 'ਤੇ ਕਰੋਨਾ ਵਾਇਰਸ ਦਾ ਜੋ ਸਭ ਤੋਂ ਬੁਰਾ ਪ੍ਰਭਾਵ ਪੈ ਰਿਹਾ ਹੈ, ਉਹ ਇਹ ਹੈ ਕਿ ਤੈਅ ਹੋਏ ਪ੍ਰੋਗਰਾਮ ਰੱਦ ਹੋ ਰਹੇ ਹਨ। ਸੀ. ਏ. ਆਈ. ਟੀ. ਦੇ ਜਨਰਲ ਸਕੱਤਰ ਪ੍ਰਵੀਨ ਖੰਡੇਲਵਾਲ ਨੇ ਮੀਡੀਆ ਨੂੰ ਦਿੱਤੇ ਬਿਆਨ ਵਿਚ ਕਿਹਾ ਹੈ ਕਿ ਵੱਖ-ਵੱਖ ਵਪਾਰਕ ਸੰਗਠਨਾਂ ਵੱਲੋਂ ਦੇਸ਼ ਭਰ ਵਿਚ ਹੋਣ ਵਾਲੇ 10 ਹਜ਼ਾਰ ਪ੍ਰੋਗਰਾਮ ਰੱਦ ਕਰ ਦਿੱਤੇ ਗਏ ਹਨ। ਇਸ ਦੇ ਨਾਲ ਹੀ ਕਰੀਬ 4,000 ਉਡਾਣਾਂ ਰੱਦ ਹੋਈਆਂ ਹਨ ਅਤੇ ਟੂਰ ਐਂਡ ਟਰੈਵਲ ਨਾਲ ਜੁੜੇ ਲੋਕਾਂ ਦੀਆਂ 5 ਕਰੋੜ ਨੌਕਰੀਆਂ ਨੂੰ ਖਤਰਾ ਪੈਦਾ ਹੋ ਗਿਆ ਹੈ।

ਸੈਰ-ਸਪਾਟਾ, ਹਵਾਬਾਜ਼ੀ ਤੇ ਹੋਟਲ ਸਨਅਤ ਤੋਂ ਇਲਾਵਾ ਬਾਕੀ ਸਨਅਤਾਂ ਵਿਚ ਵੀ ਕਰੋਨਾ ਵਾਇਰਸ ਕਾਰਨ ਮੁਸ਼ਕਿਲਾਂ ਦੇ ਦੌਰ ਸ਼ੁਰੂ ਹੋ ਗਏ ਹਨ। ਆਟੋਮੋਬਾਇਲ ਸੈਕਟਰ, ਜਿਸ ਵਿਚ ਪੌਣੇ ਚਾਰ ਕਰੋੜ ਲੋਕ ਕੰਮ ਕਰਦੇ ਹਨ, ਪਹਿਲਾਂ ਤੋਂ ਹੀ ਮੰਦੀ ਦਾ ਸ਼ਿਕਾਰ ਸੀ। ਹੁਣ ਚੀਨ ਵਿਚ ਮੰਦੀ ਕਾਰਨ ਇਸ ਸੈਕਟਰ ਵਿਚ ਕਲਪੁਰਜ਼ਿਆਂ ਦੀ ਕਿੱਲਤ ਸ਼ੁਰੂ ਹੋ ਗਈ ਹੈ। ਇਸ ਤੋਂ ਬਿਨਾ ਭਵਿੱਖ ਤੋਂ ਚਿੰਤਤ ਕੋਈ ਵੀ ਵਿਅਕਤੀ ਨਵੀਂ ਕਾਰ ਜਾਂ ਹੋਰ ਵਾਹਨ ਖਰੀਦਣ ਬਾਰੇ ਸੋਚਦਾ ਵੀ ਨਹੀਂ।


ਦੇਸ਼ ਦੇ ਵੱਖ ਵੱਖ ਸੂਬਿਆਂ ਨੇ ਵੀ ਇਹਤਿਆਤੀ ਕਦਮ ਚੁੱਕਦਿਆਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ 31 ਮਾਰਚ ਤੱਕ ਬੱਚਿਆਂ ਨੂੰ ਛੁੱਟੀਆਂ ਕਰ ਦਿੱਤੀਆਂ ਹਨ। ਇਸ ਤੋਂ ਇਲਾਵਾ ਜਿਮ, ਰੈਸਟੋਰੈਂਟ ਅਤੇ ਸਵਿਮਿੰਗ ਪੂਲ ਵੀ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ ਹਨ।

ਕਰੋਨਾ ਵਾਇਰਸ ਦੇ ਸੰਤਾਪ ਨੇ ਸਭ ਤੋਂ ਵੱਧ ਨੁਕਸਾਨ ਜਵਾਹਰਾਤ ਤੇ ਜਿਊਲਰੀ ਕਾਰੋਬਾਰ ਦਾ ਕੀਤਾ ਹੈ। ਇਕ ਅੰਦਾਜ਼ੇ ਮੁਤਾਬਕ ਇਸ ਸੈਕਟਰ ਵਿਚ ਕਰੀਬ ਸਵਾ ਅਰਬ ਡਾਲਰ ਦਾ ਨੁਕਸਾਨ ਹੋਣ ਦਾ ਖਦਸ਼ਾ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਤਰਾਸ਼ੇ ਹੀਰਿਆਂ ਦੇ ਸਭ ਤੋਂ ਵੱਡੇ ਖਰੀਦਦਾਰ ਚੀਨ ਅਤੇ ਹਾਂਗਕਾਂਗ ਹਨ। ਇਤਫਾਕਨ ਉਕਤ ਦੋਵਾਂ ਥਾਂਵਾਂ 'ਤੇ ਹੀ ਕਰੋਨਾ ਵਾਇਰਸ ਦੀ ਮਾਰ ਵੱਧ ਹੈ। ਇਹੋ ਵਜ੍ਹਾ ਹੈ ਕਿ ਇਸ ਵਕਤ ਇਨ੍ਹਾਂ ਦੇਸ਼ਾਂ ਤੋਂ ਪੁਰਾਣੇ ਭੇਜੇ ਮਾਲ ਦਾ ਭੁਗਤਾਨ ਨਹੀਂ ਹੋ ਰਿਹਾ ਤੇ ਨਾ ਕੋਈ ਨਵਾਂ ਆਰਡਰ ਮਿਲ ਰਿਹਾ ਹੈ।

ਪੋਲਟਰੀ ਉਦਯੋਗ ਨੂੰ ਵੀ ਕਈ ਤਰ੍ਹਾਂ ਦੀਆਂ ਅਫਵਾਹਾਂ ਦੇ ਚਲਦਿਆਂ ਡਾਢੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੋ ਵਜ੍ਹਾ ਹੈ ਕਿ ਚਿਕਨ ਤੇ ਆਂਡੇ ਖਾਣ ਨਾਲ ਕਰੋਨਾ ਹੋ ਜਾਣ ਦੀਆਂ ਅਫਵਾਹਾਂ ਨੇ ਸਮੁੱਚੇ ਦੇਸ਼ ਦੇ ਪੋਲਟਰੀ ਉਦਯੋਗ ਦਾ ਦਮ ਕੱਢ ਕੇ ਰੱਖ ਦਿੱਤਾ ਹੈ। ਇਥੋਂ ਤੱਕ ਕਿ ਕਈ ਸ਼ਹਿਰਾਂ ਵਿਚ ਜੋ ਮੁਰਗਾ 150 ਤੋਂ ਲੈ ਕੇ 170 ਰੁਪਏ ਕਿਲੋ ਵਿਕਦਾ ਸੀ, ਅੱਜ ਕੱਲ ਅੱਧੇ ਮੁੱਲ 'ਤੇ ਵਿਕਦਾ ਹੈ। ਅਜਿਹੇ ਹਾਲਾਤ ਅਜੇ ਕਿੰਨਾ ਕੁ ਚਿਰ ਬਣੇ ਰਹਿਣਗੇ, ਇਸ ਬਾਰੇ ਕੁਝ ਵੀ ਕਹਿ ਸਕਣਾ ਫਿਲਹਾਲ ਮੁਸ਼ਕਿਲ ਹੈ।

# ਕੋਵਿਡ-19: ਔਕੜਾਂ ਪਿਛੋਂ ਹੀ ਸਵਾਗਤ ਕਰਦੀ ਹੈ ਜ਼ਿੰਦਗੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬਿਮਾਰੀਆਂ ਅਤੇ ਉਨ੍ਹਾਂ ਦੇ ਇਲਾਜ, ਤੇ ਖਾਸ ਕਰ ਕੇ ਕਰੋਨਾ ਵਾਇਰਸ (ਕੋਵਿਡ-19) ਜਿਹੀ ਬੇਹੱਦ ਖਤਰਨਾਕ ਬਿਮਾਰੀ ਬਾਰੇ ਮੇਰੀ ਜਾਣਕਾਰੀ ਮਸਾਂ ਓਨੀ ਕੁ ਮੰਨੀ ਜਾ ਸਕਦੀ ਹੈ, ਜਿੰਨੀ ਕਿਸੇ ਸਬਜ਼ੀ ਮੰਡੀ ਵਾਲੇ ਆੜ੍ਹਤੀਏ ਨੂੰ ਐਟਮ ਦੀ ਖੋਜ ਬਾਰੇ ਹੋ ਸਕਦੀ ਹੈ। ਇਸ ਲਈ ਮੈਂ ਇਹ ਦਾਅਵਾ ਨਹੀਂ ਕਰਦਾ ਕਿ ਜੋ ਕੁਝ ਲਿਖਣ ਲੱਗਾ ਹਾਂ, ਉਹ ਡਾਕਟਰੀ ਨੁਕਤੇ ਤੋਂ ਕਿਸੇ ਕੰਮ ਦੀ ਗੱਲ ਵੀ ਸਾਬਤ ਹੋ ਸਕਦਾ ਹੈ। ਲਿਖਣ ਦਾ ਕਾਰਨ ਬਿਮਾਰੀ ਨਹੀਂ, ਇਸ ਨਾਲ ਜੁੜੇ ਹੋਏ ਉਹ ਹਾਲਾਤ ਹਨ, ਜਿਨ੍ਹਾਂ ਕਾਰਨ ਇਹ ਬਿਮਾਰੀ ਇੱਕ ਸ਼ਹਿਰ ਤੋਂ ਉਠੀ ਅਤੇ ਸੰਸਾਰ ਭਰ ਵਿਚ ਸੱਥਰ ਵਿਛਾਉਣ ਦੇ ਪੱਧਰ ਨੂੰ ਪਹੁੰਚ ਗਈ ਹੈ। ਇਹ ਚਿੰਤਾ ਸਾਨੂੰ ਸਭ ਲੋਕਾਂ ਨੂੰ ਹੈ, ਕਿਸੇ ਨੂੰ ਵੀ ਘੱਟ ਨਹੀਂ ਹੋ ਸਕਦੀ।

ਸਾਂਝੀ ਚਿੰਤਾ ਦੇ ਇਸ ਮੁੱਦੇ ਬਾਰੇ ਜਿੰਨਾ ਅਸੀਂ ਘੋਖਣ ਦੇ ਯਤਨ ਕੀਤੇ, ਉਸ ਮੁਤਾਬਕ ਕਰੋਨਾ ਵਾਇਰਸ ਵਾਲੀ ਅਜੋਕੀ ਹਾਲਤ ਤੋਂ ਵੀਹ ਕੁ ਸਾਲ ਪਹਿਲਾਂ 'ਸਾਰਸ', ਸਵੀਅਰ ਅਕਿਊਟ ਰੈਸਪੀਰੇਟਰੀ ਸਿੰਡਰੋਮ (ਐਸ. ਏ. ਆਰ. ਐਸ.) ਦੀ ਦੁਹਾਈ ਮੱਚੀ ਸੀ। ਉਹ ਵੀ ਚੀਨ ਤੋਂ ਸ਼ੁਰੂ ਹੋਇਆ ਦੱਸਿਆ ਗਿਆ ਸੀ ਤੇ ਫਿਰ ਢਾਈ ਦਰਜਨ ਦੇ ਕਰੀਬ ਦੇਸ਼ਾਂ ਤੱਕ ਖਿੱਲਰ ਗਿਆ ਸੀ। ਨੌਂ ਸਾਲ ਪਿੱਛੋਂ ਇਹੋ ਸਾਊਦੀ ਅਰਬ ਵੱਲੋਂ ਸ਼ੁਰੂ ਹੋਇਆ ਤਾਂ ਇਸ ਨੂੰ ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ (ਐਮ. ਈ. ਆਰ. ਐਸ.) ਦਾ ਨਾਂ ਦੇ ਦਿੱਤਾ ਗਿਆ, ਜੋ ਇੱਕੀ ਦੇਸ਼ਾਂ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਤੱਕ ਗਿਆ ਸੀ ਤੇ ਇਸ ਨਾਲ ਸਾਢੇ ਅੱਠ ਸੌ ਤੋਂ ਵੱਧ ਮੌਤਾਂ ਦਾ ਜ਼ਿਕਰ ਹੁੰਦਾ ਰਿਹਾ ਸੀ।

ਕਰੋਨਾ ਵਾਇਰਸ ਦਾ ਤਾਜ਼ਾ ਰੂਪ 'ਕੋਵਿਡ-19' ਵੀ ਉਸੇ ਦੀ ਅਗਲੀ ਕੜੀ ਦੱਸਿਆ ਜਾਂਦਾ ਹੈ। ਕੋਈ ਚਾਲੀ ਕੁ ਸਾਲ ਪਹਿਲਾਂ ਏਡਜ਼ ਦੀ ਬਿਮਾਰੀ ਦਾ ਪਤਾ ਲੱਗਾ ਸੀ, ਪਰ ਉਹ ਸੰਸਾਰ ਦੀ ਬਾਹਲੀ ਚਰਚਾ ਵਿਚ ਅੱਠ ਕੁ ਸਾਲ ਪਿੱਛੋਂ ਆਈ ਸੀ। ਕਹਿੰਦੇ ਸਨ ਕਿ ਉਹ ਬਿਮਾਰੀ ਅਮਰੀਕਾ ਵਿਚੋਂ ਉਠੀ ਸੀ, ਪਰ ਅਮਰੀਕਾ ਦੀ ਸਰਕਾਰ ਉਸੇ ਵੇਲੇ ਤੋਂ ਇਸ ਗੱਲ ਨੂੰ ਰੱਦ ਕਰਦੀ ਰਹੀ ਹੈ। ਸਮਾਂ ਪਾ ਕੇ ਇਸ ਰੋਗ ਦੇ ਮੁੱਢ ਬਾਰੇ ਖੋਜ ਬੰਦ ਹੋ ਗਈ ਤੇ ਇਸ ਦੇ ਇਲਾਜ ਦੀ ਚਰਚਾ ਨੇ ਸਾਰਾ ਮੰਚ ਸਾਂਭ ਲਿਆ ਸੀ। ਅੱਜ ਵਾਲੇ ਹਾਲਾਤ ਨਾ ਪੈਦਾ ਹੁੰਦੇ ਤਾਂ ਮਸਾਂ ਸੱਤ-ਅੱਠ ਸਾਲ ਪਹਿਲਾਂ ਵਾਲੇ ਐਮ. ਈ. ਆਰ. ਐਸ. ਦਾ ਚੇਤਾ ਵੀ ਲੋਕਾਂ ਨੂੰ ਨਹੀਂ ਸੀ ਰਿਹਾ। ਲੱਗਦਾ ਹੈ ਕਿ ਕੋਵਿਡ-19 ਦੀ ਚਰਚਾ ਵੀ ਇਸ ਨਾਲ ਮੌਤਾਂ ਹੋਣ ਦੇ ਸਮੇਂ ਤੱਕ ਸੀਮਤ ਹੋ ਜਾਵੇਗੀ ਤੇ ਅਗਲੀ ਕੋਈ ਆਫਤ ਉੱਠਣ ਤੱਕ ਬਹੁਤੇ ਲੋਕਾਂ ਨੂੰ ਇਸ ਬਿਮਾਰੀ ਦਾ ਚੇਤਾ ਵੀ ਨਹੀਂ ਰਹਿਣਾ।

ਅੱਜ ਦੀ ਘੜੀ ਜਦੋਂ ਇਸ ਰੋਗ ਨਾਲ ਮੌਤਾਂ ਦੀ ਗਿਣਤੀ ਦਿਨੋ-ਦਿਨ ਵਧੀ ਜਾਂਦੀ ਹੈ ਤੇ ਇਹ ਲਿਖਤ ਲਿਖਣ ਤੱਕ ਇਹ ਗਿਣਤੀ ਗਿਆਰਾਂ ਹਜ਼ਾਰ ਟੱਪ ਚੁਕੀ ਹੈ, ਇਸ ਦੀ ਗੰਭੀਰਤਾ ਨੇ ਹਰ ਕਿਸੇ ਦਾ ਧਿਆਨ ਖਿੱਚਿਆ ਹੈ। ਸੰਸਾਰ ਪੱਧਰ ਦੀਆਂ ਦੋ ਜੰਗਾਂ ਵਿਚੋਂ ਪਹਿਲੀ ਦਾ ਖਿਲਾਰਾ ਵੀਹ-ਬਾਈ ਦੇਸ਼ਾਂ ਤੱਕ ਰਿਹਾ ਸੀ ਤੇ ਦੂਜੀ ਜੰਗ ਦਾ ਖਿਲਾਰਾ ਵੀ ਲਗਭਗ ਏਨੇ ਕੁ ਦੇਸ਼ਾਂ ਤੱਕ ਸੀਮਤ ਰਹਿ ਗਿਆ ਸੀ, ਪਰ ਕਰੋਨਾ ਵਾਇਰਸ ਦੀ ਤਾਜ਼ਾ ਮਾਰ ਦਾ ਖਿਲਾਰਾ ਏਨਾ ਵਧਦਾ ਜਾ ਰਿਹਾ ਹੈ ਕਿ ਮਸਾਂ ਦੋ-ਚਾਰ ਦੇਸ਼ ਇਸ ਤੋਂ ਬਚੇ ਰਹਿ ਗਏ ਹਨ। ਇਸ ਤਰ੍ਹਾਂ ਇਹ ਰੋਗ ਇਹੋ ਜਿਹੀ ਆਫਤ ਦਾ ਰੂਪ ਧਾਰ ਗਿਆ ਹੈ, ਜਿਸ ਦੀ ਲਪੇਟ ਵਿਚ ਸਮੁੱਚਾ ਸੰਸਾਰ ਆਉਂਦਾ ਲੱਗਦਾ ਹੈ। ਦੁਨੀਆਂ ਦੀ ਪੰਚਾਇਤ ਮੰਨੀ ਜਾਂਦੀ ਯੂ. ਐਨ. ਓ. ਨੇ ਇਸ ਨੂੰ ਸੰਸਾਰ ਪੱਧਰ ਦੀ ਮਹਾਂਮਾਰੀ ਐਲਾਨ ਕੀਤਾ ਹੋਇਆ ਹੈ, ਕਈ ਦੇਸ਼ਾਂ ਵਿਚ ਇਸ ਕਾਰਨ ਲਾਕ-ਡਾਊਨ ਦੇ ਹੁਕਮ ਜਾਰੀ ਕਰਨੇ ਪਏ ਹਨ, ਪਰ ਅਜੇ ਵੀ ਇਸ ਦੇ ਇਲਾਜ ਦੀ ਥਾਂ ਕੁਝ ਦੇਸ਼ ਹੋਰ ਗੱਲਾਂ ਨੂੰ ਪਹਿਲ ਦੇ ਰਹੇ ਹਨ।

ਅਸੀਂ ਉਨ੍ਹਾਂ ਮੁਲਕਾਂ ਦੇ ਮਾਲਕਾਂ ਦੀ ਚਰਚਾ ਵਿਚ ਜਾ ਕੇ ਪਾਠਕਾਂ ਨੂੰ ਬੋਰ ਨਹੀਂ ਕਰਨਾ ਚਾਹੁੰਦੇ, ਜੋ ਔਕੜ ਦੇ ਵਕਤ ਵੀ ਇੱਕ-ਦੂਜੇ 'ਤੇ ਦੋਸ਼ ਲਾਉਣ ਲੱਗੇ ਹੋਏ ਜਾਂ ਇਸ ਦੀ ਦਵਾਈ ਦੀ ਖੋਜ ਕੱਢਣ ਲਈ ਵੀ ਸਿਹਰਾ ਭਾਲਦੇ ਹਨ। ਇਸ ਦੀ ਥਾਂ ਅਸੀਂ ਬਿਮਾਰੀ ਦੇ ਟਾਕਰੇ ਲਈ ਲੋਕਾਂ ਨਾਲ ਗੱਲ ਕਰਨਾ ਚਾਹੁੰਦੇ ਹਾਂ। ਡਾਕਟਰ ਕਹਿੰਦੇ ਹਨ ਕਿ ਇਹ ਬਿਮਾਰੀ ਇੱਕ ਦੂਜੇ ਨਾਲ ਸੰਪਰਕ ਕਾਰਨ ਫੈਲਦੀ ਹੈ, ਜਿਸ ਲਈ ਸਰਕਾਰਾਂ ਨੇ ਕੁਝ ਹਦਾਇਤਾਂ ਦਿੱਤੀਆਂ ਹਨ। ਖਾਸ ਤੌਰ 'ਤੇ ਇਹ ਗੱਲ ਕਹੀ ਗਈ ਹੈ ਕਿ ਜਦੋਂ ਵੀ ਕੋਈ ਵਿਦੇਸ਼ ਤੋਂ ਮੁੜਦਾ ਹੈ, ਉਹ ਆਪਣੇ ਰਾਹ ਵਿਚ ਪਤਾ ਨਹੀਂ ਕਿੰਨੇ ਅਤੇ ਕਿਸ ਤਰ੍ਹਾਂ ਦੇ ਲੋਕਾਂ ਦੇ ਸੰਪਰਕ ਵਿਚ ਆਇਆ ਹੋਵੇ, ਉਸ ਦੀ ਏਅਰਪੋਰਟ 'ਤੇ ਸਕਰੀਨਿੰਗ ਹੋਣੀ ਜ਼ਰੂਰੀ ਹੈ ਤੇ ਜੇ ਕੋਈ ਸ਼ੱਕ ਪੈਂਦਾ ਹੋਵੇ ਤਾਂ ਉਸ ਨੂੰ ਚੌਦਾਂ ਦਿਨ ਵੱਖਰੇ ਰੱਖਣ ਦੀ ਲੋੜ ਹੈ। ਕਈ ਲੋਕ ਅਜੇ ਤੱਕ ਇਸ ਦਾ ਵੀ ਮਜ਼ਾਕ ਉਡਾਉਂਦੇ ਜਾਂ ਇਸ ਦੀ ਉਲੰਘਣਾ ਦਾ ਯਤਨ ਕਰਦੇ ਵੇਖੇ ਜਾ ਸਕਦੇ ਹਨ।

ਅੰਮ੍ਰਿਤਸਰ ਹਵਾਈ ਅੱਡੇ 'ਤੇ ਪਿਛਲੇ ਹਫਤੇ ਬਾਹਰੋਂ ਕੁਝ ਪੰਜਾਬੀ ਆਏ ਤਾਂ ਮੁਢਲੀ ਸਕਰੀਨਿੰਗ ਪਿੱਛੋਂ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਦਿਨ ਵੱਖ ਰੱਖੇ ਜਾਣਾ ਜ਼ਰੂਰੀ ਹੈ। ਉਹ ਇਸ ਨੂੰ ਮੰਨਣ ਲਈ ਤਿਆਰ ਨਹੀਂ ਸਨ ਹੋ ਰਹੇ, ਪਰ ਜਦੋਂ ਜਾਣਾ ਪਿਆ ਤਾਂ ਆਪਣੇ ਪਰਿਵਾਰ ਨੂੰ ਮਿਲ ਕੇ ਬਾਅਦ ਵਿਚ ਆਈਸੋਲੇਸ਼ਨ ਵਿਚ ਜਾਣ ਦੀ ਜ਼ਿਦ ਕਰਨ ਲੱਗ ਪਏ। ਮੀਡੀਆ ਦੇ ਇੱਕ ਹਿੱਸੇ ਨੇ ਇਹ ਖਬਰ ਦੇ ਦਿੱਤੀ ਕਿ ਪ੍ਰਸ਼ਾਸਨ ਬੜਾ ਅਣ-ਮਨੁੱਖੀ ਹੈ, ਜੋ ਵਿਦੇਸ਼ ਤੋਂ ਆਏ ਲੋਕਾਂ ਨੂੰ ਆਪਣੇ ਪਰਿਵਾਰ ਨਾਲ ਵੀ ਮਿਲਣ ਦਿੱਤੇ ਬਿਨਾ ਚੁੱਕ ਕੇ ਲੈ ਗਿਆ ਹੈ।

ਪ੍ਰਸ਼ਾਸਨਕ ਅਧਿਕਾਰੀਆਂ ਦਾ ਕਹਿਣਾ ਸੀ ਕਿ ਜੇ ਇਸ ਨੂੰ ਪਰਿਵਾਰ ਨਾਲ ਮਿਲਣ ਦਾ ਮੌਕਾ ਦੇ ਦਿੰਦੇ ਤਾਂ ਫਿਰ ਇਹ ਇਕੱਲਾ ਨਹੀਂ, ਇਸ ਨੂੰ ਮਿਲ ਚੁੱਕੇ ਪਰਿਵਾਰ ਦੇ ਸਾਰੇ ਲੋਕ ਇਕਲਾਪੇ ਵਾਲੀ ਥਾਂ ਲਿਜਾਣੇ ਪੈ ਜਾਣੇ ਸਨ। ਪੰਜਾਬ ਵਿਚ ਜਿਲਾ ਨਵਾਂ ਸ਼ਹਿਰ 'ਚ ਪਹਿਲੀ ਮੌਤ ਜਿਸ ਸੱਜਣ ਦੀ ਹੋਈ ਹੈ, ਜੇ ਉਹ ਅਧਿਕਾਰੀਆਂ ਦੀ ਗੱਲ ਮੰਨ ਕੇ ਕੁਝ ਦਿਨ ਇਕਲਾਪੇ ਵਿਚ ਕੱਟ ਗਿਆ ਹੁੰਦਾ ਤਾਂ ਸ਼ਾਇਦ ਬਚ ਜਾਂਦਾ, ਪਰ ਉਸ ਦੀ ਮੌਤ ਨਾਲ ਬਹੁਤ ਸਾਰੇ ਹੋਰ ਲੋਕਾਂ ਲਈ ਵੀ ਚਿੰਤਾ ਦਾ ਸਬੱਬ ਬਣ ਗਿਆ ਸੀ। ਏਦਾਂ ਕਈ ਹੋਰ ਲੋਕ ਜਾਂਚ ਤੋਂ ਬਚ ਕੇ ਨਿਕਲ ਗਏ ਹਨ।

ਭਾਰਤੀ ਫਿਲਮਾਂ ਦੀ ਇੱਕ ਪ੍ਰਸਿੱਧ ਗਾਇਕਾ ਕਨਿਕਾ ਕਪੂਰ ਇੰਗਲੈਂਡ ਵਿਚ ਆਪਣੇ ਬੱਚਿਆਂ ਨੂੰ ਮਿਲਣ ਗਈ ਤਾਂ ਵਾਪਸੀ ਵੇਲੇ ਚੌਕਸੀ ਨੂੰ ਝਕਾਨੀ ਦੇ ਕੇ ਲਖਨਊ ਆਪਣੇ ਘਰ ਪਹੁੰਚ ਗਈ। ਉਥੇ ਜਾ ਕੇ ਉਹ ਉਤਰ ਪ੍ਰਦੇਸ਼ ਦੇ ਲੋਕਪਾਲ ਦੇ ਘਰ ਹੋਈ ਪਾਰਟੀ ਵਿਚ ਗਾਉਣ ਤੇ ਨੱਚਣ ਲੱਗੀ ਰਹੀ, ਫਿਰ ਉਹ ਮੁੰਬਈ ਚਲੀ ਗਈ ਤੇ ਚਾਰ-ਪੰਜ ਪਾਰਟੀਆਂ ਹੋਣ ਪਿੱਛੋਂ ਪਤਾ ਲੱਗਾ ਕਿ ਉਸ ਨੂੰ ਕਰੋਨਾ ਵਾਇਰਸ ਦੀ ਲਾਗ ਹੈ। ਇਸ ਦੌਰਾਨ ਲਖਨਊ ਅਤੇ ਮੁੰਬਈ ਵਿਚ ਉਸ ਦੇ ਨਾਲ ਪਾਰਟੀਆਂ ਵਿਚ ਸ਼ਾਮਲ ਹੋਏ ਲੋਕਾਂ ਵਿਚੋਂ ਹਰ ਕੋਈ ਅੱਗੇ ਕਈ ਲੋਕਾਂ ਨੂੰ ਮਿਲ ਚੁਕਾ ਸੀ। ਪਾਰਲੀਮੈਂਟ ਦਾ ਇੱਕ ਮੈਂਬਰ ਲੋਕ ਸਭਾ ਵਿਚ ਜਾਣ ਤੋਂ ਇਲਾਵਾ ਰਾਸ਼ਟਰਪਤੀ ਭਵਨ ਵਿਚ ਵੀ ਇੱਕ ਗਰੁੱਪ ਵਿਚ ਸ਼ਾਮਲ ਹੋ ਚੁਕਾ ਸੀ। ਇੱਕ ਗਾਇਕਾ ਦੀ ਨਾਲਾਇਕੀ ਕਾਰਨ ਕਈ ਲੋਕ ਮੁਸੀਬਤ ਵਿਚ ਫਸ ਗਏ ਸਨ। ਇਸ ਪਿੱਛੋਂ ਜਦੋਂ ਉਨ੍ਹਾਂ ਬਾਕੀ ਲੋਕਾਂ ਨੂੰ ਪਤਾ ਲੱਗਾ ਕਿ ਇਕਲਾਪੇ ਲਈ ਉਨ੍ਹਾਂ ਨੂੰ ਤਿਆਰ ਹੋਣਾ ਪੈਣਾ ਹੈ ਤਾਂ ਉਹ ਇਸ ਵਾਸਤੇ ਤਿਆਰ ਨਹੀਂ ਸਨ।

ਬਹੁਤ ਸਾਰੇ ਲੋਕਾਂ ਲਈ ਇਹ ਹੈਰਾਨੀ ਦੀ ਗੱਲ ਹੈ ਕਿ ਪੜ੍ਹੇ-ਲਿਖੇ ਅਤੇ ਦੇਸ਼ ਦੀ ਪਾਰਲੀਮੈਂਟ ਵਿਚ ਬੈਠ ਕੇ ਕਾਨੂੰਨ ਬਣਾਉਣ ਦੇ ਕੰਮਾਂ ਵਿਚ ਸ਼ਾਮਲ ਹੋਣ ਵਾਲੇ ਸਿਆਸੀ ਲੀਡਰ ਵੀ ਇਸ ਗੱਲ ਤੋਂ ਡਰੀ ਜਾ ਰਹੇ ਸਨ ਕਿ ਚੌਦਾਂ ਦਿਨ ਆਈਸੋਲੇਸ਼ਨ (ਕਿਸੇ ਥਾਂ ਇਕੱਲੇ ਰਹਿਣਾ) ਉਨ੍ਹਾਂ ਲਈ ਬਹੁਤ ਮੁਸ਼ਕਿਲ ਹੋ ਸਕਦਾ ਹੈ। ਇਸ ਵਿਚ ਓਨੀ ਵੱਡੀ ਮੁਸ਼ਕਿਲ ਸਰੀਰਕ ਨਹੀਂ, ਜਿੰਨੀ ਮਾਨਸਿਕ ਰੂਪ ਵਿਚ ਹੈ ਅਤੇ ਉਸ ਲਈ ਅਜਿਹੇ ਲੋਕਾਂ ਵਾਸਤੇ ਇੱਕੋ ਮਿਸਾਲ ਕਾਫੀ ਹੋ ਸਕਦੀ ਹੈ।

ਮੇਰੇ ਸਾਹਮਣੇ ਸਾਲ 1997 ਦੀ ਅਮਰੀਕੀ ਸੂਬੇ ਯੂਟਾ ਦੇ ਲੇਅਟਨ ਸ਼ਹਿਰ ਦੀ ਰਿਪੋਰਟ ਪਈ ਹੈ। ਸਕੀਇੰਗ ਕਰਦਿਆਂ ਉਥੇ ਕੇਰਿਨ ਹਾਰਟਲੀ ਨਾਂ ਦੀ ਕੁੜੀ ਅਚਾਨਕ ਬਰਫ ਵਿਚ ਏਦਾਂ ਦੇ ਥਾਂ ਜਾ ਫਸੀ, ਜਿੱਥੋਂ ਨਿਕਲਣ ਦਾ ਕੋਈ ਰਸਤਾ ਨਹੀਂ ਸੀ ਤੇ ਇਸ ਦੌਰਾਨ ਰਾਤ ਪੈ ਗਈ। ਉਸ ਨੂੰ ਇੱਕੋ ਗੱਲ ਯਾਦ ਰਹੀ ਕਿ ਜਿੰਦਾ ਰਹਿਣਾ ਹੈ। ਇੱਕੋ ਚਾਕਲੇਟ ਜੋ ਉਸ ਕੋਲ ਬਚਿਆ ਸੀ, ਉਹ ਉਸ ਨੇ ਖਾ ਲਿਆ ਅਤੇ ਬਰਫ ਵਿਚਾਲੇ ਹਨੇਰੀ ਰਾਤ ਵਿਚ ਨੱਚਣ ਲੱਗ ਪਈ ਅਤੇ ਸਾਰੀ ਰਾਤ ਨੱਚਦੀ ਰਹੀ। ਉਸ ਨੂੰ ਪਤਾ ਸੀ ਕਿ ਪਾਰਾ ਜਮਾ ਸਕਣ ਵਾਲੀ ਬਰਫ ਦੇ ਢੇਰ ਉਸ ਦੀਆਂ ਨਾੜਾਂ ਦੇ ਅੰਦਰ ਦੀ ਗਰਮੀ ਵੀ ਜਮਾ ਸਕਦੇ ਹਨ, ਪਰ ਜੇ ਇਨ੍ਹਾਂ ਨਾੜਾਂ ਨੂੰ ਉਹ ਆਪਣੀ ਹਰਕਤ ਤੇ ਕਸਰਤ ਨਾਲ ਗਰਮ ਰੱਖ ਸਕੀ ਤਾਂ ਰਾਤ ਤੇ ਮੌਤ-ਦੋਵਾਂ 'ਤੇ ਜਿੱਤ ਹਾਸਲ ਕਰ ਸਕਦੀ ਹੈ। ਕੇਰਿਨ ਹਾਰਟਲੀ ਨੱਚਦੀ ਰਹੀ, ਨੱਚਦੀ ਰਹੀ ਤੇ ਅਗਲੇ ਦਿਨ ਸਵੇਰੇ ਉਸ ਨੂੰ ਲੱਭਦਾ ਹੈਲੀਕਾਪਟਰ ਨਜ਼ਰ ਆ ਗਿਆ ਸੀ। ਉਹ ਹੈਲੀਕਾਪਟਰ ਦਿੱਸਣ ਪਿੱਛੋਂ ਉਸ ਨੂੰ ਕਿੰਨੀ ਖੁਸ਼ੀ ਪ੍ਰਾਪਤ ਹੋਈ ਹੋਵੇਗੀ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ, ਪਰ ਇਸ ਖੁਸ਼ੀ ਤੱਕ ਪਹੁੰਚਣ ਲਈ ਹਿੰਮਤ ਕਿਸੇ ਹੋਰ ਨੇ ਨਹੀਂ, ਕੇਰਿਨ ਨੇ ਖੁਦ ਕੀਤੀ ਸੀ। ਉਹ ਸਾਰੀ ਰੱਤ ਨੱਚ ਕੇ ਮੌਤ ਨੂੰ ਹਰਾਉਣ ਵਿਚ ਸਫਲ ਰਹੀ।

ਜਿਨ੍ਹਾਂ ਲੋਕਾਂ ਨੂੰ ਇਸ ਵਕਤ ਕਰੋਨਾ ਵਾਇਰਸ ਤੋਂ ਬਚਣ ਲਈ ਕੁਝ ਦਿਨ ਬਾਕੀ ਲੋਕਾਂ ਤੋਂ ਵੱਖਰੇ ਰਹਿਣਾ ਪੈਣਾ ਹੈ, ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ, ਉਨ੍ਹਾਂ ਨੇ ਸਿਰਫ ਇਕਲਾਪੇ ਵਿਚ ਰਹਿਣਾ ਹੈ, ਕੇਰਿਨ ਵਾਂਗ ਨੱਚਣਾ ਨਹੀਂ ਪੈਣਾ। ਜ਼ਿੰਦਗੀ ਇਨਸਾਨ ਅੱਗੇ ਬਹੁਤ ਸਾਰੇ ਇਮਤਿਹਾਨ ਪੇਸ਼ ਕਰਦੀ ਹੈ, ਜੋ ਕੋਈ ਇਹ ਇਮਤਿਹਾਨ ਪਾਸ ਕਰ ਸਕਦਾ ਹੈ, ਜ਼ਿੰਦਗੀ ਉਸੇ ਦਾ ਸਵਾਗਤ ਕਰਦੀ ਹੈ। 'ਹਿੰਮਤੇ ਮਰਦਾਂ, ਮਦਦ-ਇ-ਖੁਦਾ' ਦਾ ਮੁਹਾਵਰਾ ਵੀ ਸ਼ਾਇਦ ਇਸੇ ਲਈ ਬਣਾਇਆ ਗਿਆ ਸੀ।

# ਕਰੋਨਾ ਬਨਾਮ ਕਲਾ ਦੇ 'ਕਰਾਮਾਤੀ ਅੰਦਾਜ਼ੇ'

ਇਨ੍ਹੀਂ ਦਿਨੀਂ ਕਰੋਨਾ ਵਾਇਰਸ ਨੇ ਦੁਨੀਆਂ ਵਿਚ ਅਜੀਬੋ ਗਰੀਬ ਸਥਿਤੀ ਪੈਦਾ ਕਰ ਦਿੱਤੀ ਹੈ। ਇਸ ਬਾਰੇ ਹਾਲੇ ਵਿਗਿਆਨ ਕੋਲ ਵੀ ਮਹਿਜ਼ ਕਿਆਸ ਅਰਾਈਆਂ ਹੀ ਹਨ। ਇਹ ਵਾਇਰਸ ਕਿਵੇਂ ਪੈਦਾ ਹੋਇਆ? ਕੀ ਇਹ ਬਾਕੀ ਵਾਇਰਸਾਂ ਨਾਲੋਂ ਸੱਚਮੁਚ ਵੱਧ ਘਾਤਕ ਹੈ? ਕੀ ਇਹ ਮਨੁੱਖ ਨੇ ਬਣਾਇਆ ਹੈ ਜਾਂ ਕੁਦਰਤ ਨੇ? ਇਸ ਸਥਿਤੀ ਬਾਰੇ ਅਜਿਹੇ ਬਹੁਤ ਸਵਾਲ ਹਨ ਤੇ ਇੱਕ ਕਿਆਸ ਅਰਾਈ ਕਲਾ ਦੇ ਪੱਖ ਤੋਂ ਵੀ ਹੈ।

ਡਾ. ਪਰਮਜੀਤ ਸਿੰਘ ਕੱਟੂ
ਫੋਨ: 91-70873-20578

ਕਲਾ ਦਾ ਆਪਣਾ ਸੱਚ ਹੁੰਦਾ ਹੈ ਤੇ ਵਿਗਿਆਨ ਦਾ ਆਪਣਾ। ਕਈ ਵਾਰ ਇਨ੍ਹਾਂ ਦੋਹਾਂ ਸੱਚਾਂ ਦਾ ਟਕਰਾਅ ਵੀ ਹੋ ਜਾਂਦਾ ਹੈ ਤੇ ਸੁਮੇਲ ਵੀ। ਕਲਾ ਮਹਿਜ਼ ਮਨੋਰੰਜਨ ਦਾ ਸਾਧਨ ਨਹੀਂ ਹੈ, ਜਿਸ ਤਰ੍ਹਾਂ ਅੱਜ ਮੰਨਿਆ ਤੇ ਪੇਸ਼ ਕੀਤਾ ਜਾ ਰਿਹਾ ਹੈ। ਨਾ ਕਲਾ ਕੋਈ ਮਹਿਜ਼ ਜਾਣਕਾਰੀ ਹੀ ਹੈ। ਕਲਾ ਤਾਂ ਉਹ ਹੈ, ਜਿਸ ਵਿਚ ਤ੍ਰੈ ਕਾਲੀ ਸੱਚ ਸਮੋਇਆ ਹੋਵੇ। ਕਲਾ ਦੇ ਆਪਣੇ ਕਰਾਮਾਤੀ ਅੰਦਾਜ਼ੇ ਹਨ, ਜਿਨ੍ਹਾਂ ਨੇ ਭਵਿੱਖ ਨੂੰ ਨਿਰਧਾਰਤ ਵੀ ਕਰਨਾ ਹੈ ਤੇ ਪ੍ਰਭਾਵਿਤ ਵੀ।

ਇਨ੍ਹੀਂ ਦਿਨੀ ਡੀਨ ਕੂਨਟਜ਼ ਦੀ ਪੁਸਤਕ 'ਦ ਆਈਜ਼ ਆਫ ਡਾਰਕਨੈਸ' ਦੇ ਪੰਨੇ ਲਗਾਤਾਰ ਲੋਕਾਂ ਵੱਲੋਂ ਸਾਂਝੇ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਦੇ ਹਵਾਲੇ ਨਾਲ ਕਰੋਨਾ ਵਾਇਰਸ ਦੀ ਭਵਿੱਖਵਾਣੀ ਦਾ ਬਾਜ਼ਾਰ ਗਰਮ ਹੈ।

ਇਹ ਪੁਸਤਕ ਪਹਿਲੀ ਵਾਰ 1981 ਵਿਚ ਪ੍ਰਕਾਸ਼ਿਤ ਹੋਈ ਤਾਂ ਇਸ ਵਿਚ ਜਿਸ ਸ਼ਹਿਰ ਦਾ ਨਾਂ ਆਇਆ, ਉਹ ਹੈ, 'ਗੋਰਕੀ।' ਜਦੋਂ ਪੁਸਤਕ ਦਾ ਦੂਜਾ ਐਡੀਸ਼ਨ 1989 ਵਿਚ ਪ੍ਰਕਾਸ਼ਿਤ ਹੋਇਆ ਤਾਂ ਸ਼ਹਿਰ ਦਾ ਨਾਂ ਬਦਲ ਕੇ 'ਵੂਹਾਨ' ਰੱਖ ਦਿੱਤਾ ਗਿਆ, ਜੋ ਚੀਨ ਵਿਚ ਹੈ।

ਨਾਵਲ ਦੇ ਸਾਂਝੇ ਕੀਤੇ ਜਾ ਰਹੇ ਪੰਨਿਆਂ ਵਿਚ ਡੋਂਬੋ ਨਾਂ ਦਾ ਪਾਤਰ ਇਕ ਚੀਨੀ ਵਿਗਿਆਨੀ ਬਾਰੇ ਕਹਾਣੀ ਸੁਣਾਉਂਦਾ ਹੈ, ਜੋ ਸੰਯੁਕਤ ਰਾਜ ਅਮਰੀਕਾ ਵਿਚ 'ਵੂਹਾਨ-400' ਨਾਮੀ ਜੀਵ-ਵਿਗਿਆਨਕ ਹਥਿਆਰ ਲੈ ਕੇ ਆਇਆ ਸੀ। ਨਾਵਲ ਦੀ ਕਹਾਣੀ ਅਨੁਸਾਰ ਇੱਕ ਚੀਨੀ ਵਿਗਿਆਨੀ ਨੇ ਇਹ ਅਹਿਮ ਅਤੇ ਖਤਰਨਾਕ ਨਵੇਂ ਜੀਵ-ਵਿਗਿਆਨਕ ਹਥਿਆਰ ਸੰਯੁਕਤ ਰਾਜ ਅਮਰੀਕਾ ਵਿਚ ਭੇਜਿਆ, ਜੋ ਵੂਹਾਨ ਸ਼ਹਿਰ ਤੋਂ ਬਾਹਰ ਉਨ੍ਹਾਂ ਦੀਆਂ ਆਰ. ਡੀ. ਐਨ. ਏ. ਲੈਬਾਂ 'ਚ ਵਿਕਸਿਤ ਕੀਤਾ ਗਿਆ ਸੀ। ਇਸ ਵਾਇਰਸ ਨਾਲ ਬਹੁਤ ਗਿਣਤੀ ਵਿਚ ਮੌਤਾਂ ਹੋਣਗੀਆਂ ਤੇ ਇਹ ਵਾਰਸ ਕਰੀਬ ਚਾਰ ਘੰਟਿਆਂ ਵਿਚ ਹੀ, ਜਿਸ ਨੂੰ ਹੋਵੇਗਾ ਮੌਤ ਦੇ ਮੂੰਹ ਵਿਚ ਲੈ ਜਾਵੇਗਾ।

ਕੌਮਾਂਤਰੀ ਖਬਰ ਏਜੰਸੀ 'ਰਾਇਟਰਜ਼' ਨੇ ਇਸ ਬਾਰੇ ਘੋਖ ਪੜਤਾਲ ਕੀਤੀ ਹੈ। ਉਨ੍ਹਾਂ ਅਨੁਸਾਰ ਪੁਸਤਕ ਵਿਚਲੇ ਵਾਇਰਸ ਅਤੇ ਚੀਨ ਵਿਚ ਹੁਣ ਮਿਲੇ ਵਾਇਰਸ ਵਿਚ ਬਹੁਤ ਫਰਕ ਹੈ, ਖਾਸ ਕਰ ਇਹ ਕਿ ਪੁਸਤਕ ਵਿਚਲੇ ਵਾਇਰਸ ਨਾਲ ਵਿਅਕਤੀ ਚਾਰ ਘੰਟਿਆਂ ਵਿਚ ਮਰ ਜਾਂਦਾ ਹੈ, ਜਦ ਕਿ ਕਰੋਨਾ ਵਾਇਰਸ ਦੇ ਅਸਰ ਦੇ ਚੌਦਾਂ ਦਿਨ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਇਹ ਕਿਉਂ ਆਸ ਰੱਖਦੇ ਹਾਂ ਕਿ ਅੱਜ ਤੋਂ ਚਾਲੀ ਸਾਲ ਪਹਿਲਾਂ ਲਿਖੀ ਪੁਸਤਕ ਵਿਚ ਹਰ ਚੀਜ਼ ਇੰਨ ਬਿਨ ਲਿਖੀ ਹੋਵੇਗੀ। ਇਹ ਗੱਲ ਹੈਰਾਨੀਜਨਕ ਹੈ ਕਿ ਲੇਖਕ ਨੇ ਪਹਿਲਾਂ ਰੂਸ ਦੇ ਸ਼ਹਿਰ ਦਾ ਨਾਂ ਲਿਖਿਆ ਅਤੇ ਫਿਰ ਚੀਨ ਦੇ ਸ਼ਹਿਰ ਦਾ ਨਾਂ ਲਿਖਿਆ। 1980 ਦਾ ਦੌਰ ਉਹ ਦੌਰ ਹੈ, ਜਿਸ ਵਿਚ ਰੂਸ ਵਿਚ ਮਾਰਕਸਵਾਦ ਦਾ ਕਾਫੀ 'ਬੋਲਬਾਲਾ' ਸੀ, ਜਦੋਂ ਕਿ 1989 ਵਿਚ ਜਦੋਂ ਪੁਸਤਕ ਦਾ ਦੂਜਾ ਅਡੀਸ਼ਨ ਛਾਪਦਾ ਹੈ ਤਾਂ ਚੀਨ ਵਿਚ ਮਾਰਕਸਵਾਦ ਦੀ 'ਸਰਦਾਰੀ' ਵੱਧ ਹੋ ਜਾਂਦੀ ਹੈ। ਪੁਸਤਕ ਵਿਚ ਦੋਵੇਂ ਸ਼ਹਿਰ ਸਮਾਜਵਾਦੀ ਮੁਲਕਾਂ ਦੇ ਸ਼ਹਿਰ ਹਨ ਤੇ ਲੇਖਕ ਅਮਰੀਕਾ ਦਾ ਹੈ ਤਾਂ ਇਸ ਧਰੁਵੀਕਰਨ ਨੂੰ ਸਮਝਣ ਦੀ ਬਹੁਤ ਲੋੜ ਹੈ।

ਸਿਆਣੇ ਦੱਸਦੇ ਹਨ ਕਿ ਮਨੁੱਖੀ ਮਨ ਦੀ ਇਕ ਵਿਸ਼ੇਸ਼ਤਾ ਇਹ ਆ ਕਿ ਇਹ ਕਹਾਣੀਆਂ ਰਾਹੀਂ ਇਸ ਵਿਸ਼ਵ ਨੂੰ ਜਾਣਦਾ ਹੈ। ਪਿਛਲੀ ਸਦੀ ਵਿਚ ਤਿੰਨ ਵੱਡੀਆਂ ਕਹਾਣੀਆਂ ਚੱਲੀਆਂ। ਪਹਿਲੀ ਕਹਾਣੀ ਤਾਨਾਸ਼ਾਹੀ ਦੀ ਸੀ, ਜੋ ਵਿਸ਼ਵ ਯੁੱਧਾਂ ਨੇ ਖਾਰਜ ਕਰ ਦਿੱਤੀ। ਦੂਜੀ ਕਹਾਣੀ ਸਮਾਜਵਾਦ ਦੀ ਸੀ, ਜੋ ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋਣ ਨਾਲ ਸਵਾਲੀਆ ਨਿਸ਼ਾਨ ਹੇਠ ਆ ਗਈ। ਤੀਜੀ ਕਹਾਣੀ ਉਦਾਰਵਾਦੀ ਲੋਕਤੰਤਰ ਦੀ ਹੈ, ਜੋ ਕਰੀਬ ਕਰੀਬ ਆਪਣੇ ਅੰਤਲੇ ਸਾਹਾਂ 'ਤੇ ਹੈ।

ਇਸ ਤੋਂ ਪਹਿਲਿਆਂ ਸਾਹਿਤਕ ਰਚਨਾਵਾਂ ਜਾਂ ਕਲਾਤਮਕ ਰਚਨਾਵਾਂ ਇਨ੍ਹਾਂ ਤਿੰਨਾਂ ਕਹਾਣੀਆਂ ਦੇ ਦੁਆਲੇ ਹੀ ਘੁੰਮਦੀਆਂ ਰਹੀਆਂ ਹਨ। ਇਸ ਪੱਖੋਂ ਦੇਖਿਆ ਜਾਵੇ ਤਾਂ ਇਹ ਨਾਵਲ, ਜਿਸ ਵਿਚ ਸ਼ਹਿਰ ਦਾ ਜ਼ਿਕਰ ਹੈ, ਉਹ ਵੀ ਕਿਸੇ ਨਾ ਕਿਸੇ ਕਹਾਣੀ ਦਾ ਪਰਛਾਵਾਂ ਜਾਂ ਹਿੱਸਾ ਹੈ, ਪਰ ਜੋ ਵੀ ਹੈ, ਇਸ ਨਾਵਲ ਨੇ ਇੱਕ ਵਾਰ ਬਹੁਤਿਆਂ ਨੂੰ ਸੋਚਣ ਲਈ ਮਜਬੂਰ ਜ਼ਰੂਰ ਕਰ ਦਿੱਤਾ ਹੈ।

ਜੇ ਇਸ ਧਰੁਵੀਕਰਨ ਜਾਂ ਤਿੰਨ ਕਹਾਣੀਆਂ ਤੋਂ ਬਾਹਰ ਰਹਿ ਕੇ ਵੀ ਸੋਚਿਆ ਜਾਵੇ ਤਾਂ ਇੱਕ ਗੱਲ ਤਾਂ ਪੱਕੀ ਹੈ ਕਿ ਮਨੁੱਖ ਜਿਸ ਤਰ੍ਹਾਂ ਆਪਣੇ ਆਪ ਨੂੰ ਸਰਵ ਸ਼ਕਤੀਮਾਨ ਐਲਾਨ ਰਿਹਾ ਹੈ, ਇਸ ਦੇ ਨਤੀਜੇ ਬੜੇ ਘਾਤਕ ਹੋਣਗੇ, ਕਿਉਂਕਿ ਮਨੁੱਖ ਹੁਣ ਖੁਦ ਨੂੰ ਕੁਦਰਤ ਦਾ ਨਿੱਕਾ ਜਿਹਾ ਹਿੱਸਾ ਮੰਨਣ ਦੀ ਥਾਂ ਕੁਦਰਤ 'ਤੇ ਕਾਬੂ ਪਾਉਣ ਦੀਆਂ ਨਾਕਾਮ ਕੋਸ਼ਿਸ਼ਾਂ ਵਿਚ ਲੱਗਾ ਹੋਇਆ ਹੈ।

ਬਹੁਤ ਸਾਰੀਆਂ ਚੰਗੀਆਂ ਹਾਂ-ਪੱਖੀ ਸਿਰਜਨਾਤਮਕ ਘਟਨਾਵਾਂ ਜਾਂ ਵਰਤਾਰਿਆਂ ਦੇ ਬਾਵਜੂਦ ਦੁਨੀਆਂ ਦੀ ਬਹੁਗਿਣਤੀ ਮਨੁੱਖਤਾ ਅਜੀਬੋ ਗਰੀਬ ਰਾਹੇ ਚੱਲੀ ਹੋਈ ਹੈ। ਇਹ ਰਾਹ ਉਸ ਚੱਕਰਵਿਊ ਜਿਹਾ ਹੈ, ਜਿਸ 'ਚ ਜਾਣ ਦਾ ਰਾਹ ਤਾਂ ਪਤਾ ਹੈ, ਪਰ ਨਿਕਲਣ ਦਾ ਰਾਹ ਕੋਈ ਨਹੀਂ ਜਾਣਦਾ। ਮੈਂ ਆਪਣੀਆਂ ਇਨ੍ਹਾਂ ਸਤਰਾਂ ਨਾਲ ਗੱਲ ਸਮਾਪਤ ਕਰਦਾ ਹਾਂ,

ਕੁਦਰਤ ਕਾਦਰ ਸਾਜ਼ਿਸ਼ ਸੰਕਟ
ਜੋ ਵੀ ਹੈ, ਮੈਂ ਮੁਨਕਰ ਨਹੀਂ,
ਬੰਦਾ ਜਿਹੜਾ ਰੱਬ ਹੋਇਆ ਸੀ
ਉਹਨੂੰ ਕਾਹਤੋਂ ਡਰ ਲਗਦਾ ਏ।
ਬਾਹਰ ਬਾਜ਼ਾਰੀਂ ਘੁੰਮਦੇ ਘੁੰਮਦੇ
ਰੁਲਣ ਦੀ ਆਦਤ ਪਾ ਬੈਠੇ,
ਘਰ ਪਰਤਣ ਦੀ ਗੱਲ ਜਦ ਚੱਲੀ
ਘਰ ਹੀ ਕਿਉਂ ਨ੍ਹੀਂ ਘਰ ਲਗਦਾ ਏ।

# ਕਰੋਨਾ ਵਾਇਰਸ: ਇਲਾਜ ਨਾਲੋਂ ਪਰਹੇਜ਼ ਚੰਗਾ!

ਦੁਨੀਆਂ ਕਰੋਨਾ ਵਾਇਰਸ (ਕੋਵਿਡ-19) ਨਾਂ ਦੀ ਮਹਾਂਮਾਰੀ ਨਾਲ ਜੂਝ ਰਹੀ ਹੈ, ਜਿਸ ਦੀ ਸ਼ੁਰੂਆਤ ਚੀਨ ਦੇ ਵੂਹਾਨ ਸ਼ਹਿਰ ਤੋਂ ਹੋਈ। 22 ਮਾਰਚ 2020 ਤੱਕ ਦੇ ਤਾਜ਼ਾ ਅੰਕੜਿਆਂ ਅਨੁਸਾਰ ਦੁਨੀਆਂ ਦੇ 188 ਦੇਸ਼ਾਂ ਵਿਚ ਕਰੋਨਾ ਵਾਇਰਸ ਪੈਰ ਪਸਾਰ ਚੁਕਾ ਹੈ ਅਤੇ ਕਰੀਬ 308,564 ਮਾਮਲੇ ਸਾਹਮਣੇ ਆਏ ਹਨ; 95,829 ਮਰੀਜ਼ ਠੀਕ ਹੋ ਗਏ ਹਨ ਤੇ 13,069 ਮੌਤਾਂ ਹੋ ਚੁਕੀਆਂ ਹਨ। ਕਰੋਨਾ ਵਾਇਰਸ ਨਾਲ ਮਰਨ ਵਾਲਿਆਂ ਵਿਚ ਬਹੁਤੇ ਵਡੇਰੀ ਉਮਰ ਦੇ ਲੋਕ ਸਨ। ਕਰੋਨਾ ਵਾਇਰਸ ਦੇ ਮਾਮਲੇ ਸਭ ਤੋਂ ਵੱਧ ਚੀਨ ਵਿਚ ਆਏ ਹਨ ਅਤੇ ਸਭ ਤੋਂ ਵੱਧ ਮੌਤਾਂ 4,825 ਇਟਲੀ ਵਿਚ ਹੋਈਆਂ ਹਨ।

ਗੋਬਿੰਦਰ ਸਿੰਘ ਢੀਂਡਸਾ
bardwal.gobinder@gmail.com

ਭਾਰਤ ਵਿਚ 332 ਕੇਸ ਸਾਹਮਣੇ ਆਏ ਹਨ ਤੇ 5 ਮੌਤਾਂ ਹੋ ਚੁਕੀਆਂ ਹਨ, ਜਦੋਂ ਕਿ 24 ਮਰੀਜ਼ ਠੀਕ ਹੋ ਚੁਕੇ ਹਨ। ਕਰੋਨਾ ਨਾਲ ਭਾਰਤ 'ਚ ਪਹਿਲੀ ਮੌਤ ਉਤਰੀ ਕਰਨਾਟਕ ਦੇ ਕਲਬੁਰਗੀ ਸ਼ਹਿਰ ਵਿਚ 76 ਸਾਲਾ ਵਿਅਕਤੀ ਦੀ ਹੋਈ, ਜੋ ਸਾਊਦੀ ਅਰਬ 'ਚੋਂ ਧਾਰਮਿਕ ਯਾਤਰਾ ਕਰਕੇ ਆਇਆ ਸੀ। ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ 'ਚ ਕੁੱਲ 14 ਮਰੀਜ਼ਾਂ ਦੀ ਪੁਸ਼ਟੀ ਹੋ ਗਈ ਹੈ, ਜਿਸ 'ਚੋਂ ਇੱਕ ਮਰੀਜ਼ ਦੀ ਮੌਤ ਹੋ ਚੁਕੀ ਹੈ।

ਕਰੋਨਾ ਵਾਇਰਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਸਮੇਂ ਸਮੇਂ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ ਅਤੇ ਹੱਥਾਂ ਦੀ ਸਫਾਈ ਤੋਂ ਬਿਨ੍ਹਾਂ ਅੱਖਾਂ, ਨੱਕ ਜਾਂ ਮੂੰਹ ਨੂੰ ਸਿੱਧਾ ਹੀ ਨਹੀਂ ਛੂਹਣਾ ਚਾਹੀਦਾ। ਕਰੋਨਾ ਵਾਇਰਸ ਤੋਂ ਪੀੜਤ ਵਿਅਕਤੀ ਦੇ ਸੰਪਰਕ ਵਿਚ ਆਉਣ ਤੋਂ ਬਚਣਾ ਚਾਹੀਦਾ ਹੈ।

ਵਿਗਿਆਨੀਆਂ ਅਨੁਸਾਰ ਕਰੋਨਾ ਵਾਇਰਸ ਸਰੀਰ ਵਿਚ ਪਹੁੰਚ ਕੇ ਫੇਫੜਿਆਂ 'ਤੇ ਅਸਰ ਕਰਦਾ ਹੈ। ਇਸ ਕਰਕੇ ਹੀ ਸਭ ਤੋਂ ਪਹਿਲਾਂ ਬੁਖਾਰ, ਫਿਰ ਸੁੱਕੀ ਖੰਘ ਅਤੇ ਬਾਅਦ ਵਿਚ ਸਾਹ ਲੈਣ ਵਿਚ ਸਮੱਸਿਆ ਹੋ ਸਕਦੀ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਾਇਰਸ ਦੇ ਸਰੀਰ ਵਿਚ ਪਹੁੰਚਣ ਅਤੇ ਲੱਛਣ ਨਜ਼ਰ ਆਉਣ ਵਿਚ 14 ਦਿਨਾਂ ਦਾ ਸਮਾਂ ਲੱਗ ਸਕਦਾ ਹੈ, ਪਰ ਕੁਝ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਸਮਾਂ 24 ਦਿਨਾਂ ਦਾ ਵੀ ਹੋ ਸਕਦਾ ਹੈ।

ਭਾਰਤੀ ਸਮਾਜ ਦਾ ਦੁਖਾਂਤ ਹੀ ਹੈ ਕਿ ਜਿੱਥੇ ਹੋਰ ਦੇਸ਼ਾਂ ਵਿਚ ਇਸ ਸੰਵੇਦਨਸ਼ੀਲ ਸਮੇਂ ਦੌਰਾਨ ਹਰ ਕੋਈ ਆਪਣੇ ਦੇਸ਼ ਨਾਲ ਮੋਢੇ ਨਾਲ ਮੋਢਾ ਲਾਈ ਖੜ੍ਹਾ ਹੈ, ਉਥੇ ਮੀਡੀਆ ਦਾ ਇੱਕ ਹਿੱਸਾ ਸਾਡੇ ਨਿਊਜ਼ ਚੈਨਲ ਸਾਰਥਕ ਸੂਚਨਾ ਦੇਣ ਤੋਂ ਵੱਧ ਲੋਕਾਂ ਨੂੰ ਡਰਾਉਂਦੇ ਜਾਪ ਰਹੇ ਹਨ। ਇਸ ਵਕਤੀ ਮਾਰ ਸਮੇਂ ਜ਼ਿਆਦਾਤਰ ਕੈਮਿਸਟ ਲੋਕਾਂ ਦੀ ਮਜ਼ਬੂਰੀ ਦਾ ਲਾਹਾ ਲੈ ਕੇ ਮੁਨਾਫਾ ਕਮਾਉਣ ਅਤੇ ਸੋਸ਼ਲ ਮੀਡੀਆ ਪ੍ਰਮਾਣਿਕ ਤੱਥਾਂ ਤੋਂ ਕਿਤੇ ਵੱਧ ਵੱਖੋ ਵੱਖਰੀਆਂ ਤੱਤਹੀਣ ਅਫਵਾਹਾਂ ਫੈਲਾਉਣ ਵਿਚ ਰੁੱਝਾ ਹੋਇਆ ਹੈ। ਆਮ ਲੋਕ ਸਹਿਮੇ ਹੋਏ, ਭੰਬਲਭੂਸੇ ਵਿਚ ਹਨ ਕੀ ਕਰਨ ਤੇ ਕੀ ਨਾ ਕਰਨ?

ਵਕਤ ਦੀ ਨਜ਼ਾਕਤ ਹੈ ਕਿ ਅਫਵਾਹਾਂ ਤੋਂ ਸੁਚੇਤ ਹੁੰਦਿਆਂ ਸਹਿਜ ਨਾਲ ਸਥਿਤੀ ਦੀ ਗੰਭੀਰਤਾ ਨੂੰ ਸਮਝਦਿਆਂ ਪਰਹੇਜ਼ਾਂ ਨੂੰ ਅਮਲੀ ਰੂਪ ਦਈਏ ਤਾਂ ਜੋ ਦੁਨੀਆਂ ਵਿਚ ਮਹਾਂਮਾਰੀ ਬਣ ਫੈਲੇ ਕਰੋਨਾ ਵਾਇਰਸ ਤੋਂ ਬਚਿਆ ਜਾ ਸਕੇ।

ਪੰਜਾਬ ਟਾਈਮਜ਼

*ਸਨਿਚਰਵਾਰ, 28 ਮਾਰਚ 2020*

## ਕਰੋਨਾ ਦਾ ਕਹਿਰ

ਸਾਰੇ ਸੰਸਾਰ ਵਿਚ ਕਰੋਨਾ ਵਾਇਰਸ ਦਾ ਕਹਿਰ ਹੈ। 24 ਮਾਰਚ ਤਕ ਸਾਢੇ ਚਾਰ ਲੱਖ ਰੋਗੀ ਸਾਹਮਣੇ ਆ ਚੁਕੇ ਹਨ। ਇਨ੍ਹਾਂ ਵਿਚੋਂ ਇਕ ਲੱਖ ਤੋਂ ਉਪਰ ਲੋਕ ਠੀਕ ਹੋ ਆਪੋ-ਆਪਣੇ ਘਰ ਪਹੁੰਚ ਚੁਕੇ ਹਨ, ਪਰ ਜਿੰਨੀ ਤੇਜ਼ੀ ਨਾਲ ਇਹ ਵਾਇਰਸ ਫੈਲ ਰਿਹਾ ਹੈ, ਉਸ ਨਾਲ ਚਾਰੇ ਪਾਸੇ ਭੈਅ ਵਾਲਾ ਮਾਹੌਲ ਹੈ। ਇਸ ਵਾਇਰਸ ਕਾਰਨ ਪੈਦਾ ਹੋਈ ਬਿਮਾਰੀ ਨਾਲ ਮੌਤਾਂ ਦੀ ਗਿਣਤੀ ਸੰਸਾਰ ਭਰ ਵਿਚ 19,000 ਦੇ ਕਰੀਬ ਹੋ ਗਈ ਹੈ। ਇਸ ਵਕਤ ਸਭ ਤੋਂ ਵੱਧ ਮਾਰ ਇਟਲੀ ਵਿਚ ਪੈ ਰਹੀ ਹੈ। ਅਮਰੀਕਾ ਵਿਚ 50 ਹਜ਼ਾਰ ਲੋਕ ਇਸ ਵਾਇਰਸ ਦੀ ਲਪੇਟ ਵਿਚ ਆ ਚੁਕੇ ਹਨ। ਹੁਣ ਵ੍ਹਾਈਟ ਹਾਊਸ ਨੇ ਸਭ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਵਾਇਰਸ ਦੀ ਮਾਰ ਨੂੰ ਧਿਆਨ ਵਿਚ ਰੱਖ ਕੇ, ਆਪਣੇ ਆਪ ਨੂੰ 14 ਦਿਨਾਂ ਲਈ ਆਪੋ-ਆਪਣੇ ਘਰਾਂ ਵਿਚ ਬੰਦ ਕਰ ਲੈ ਤਾਂ ਕਿ ਵਾਇਰਸ ਨੂੰ ਅਗਾਂਹ ਫੈਲਣ ਤੋਂ ਰੋਕਿਆ ਜਾ ਸਕੇ। ਭਾਰਤ ਦੇ ਪ੍ਰਧਾਨ ਮੰਤਰੀ ਨੇ ਪੂਰੇ 21 ਦਿਨ 'ਲਾਕਡਾਊਨ' (ਮੁਕੰਮਲ ਬੰਦ) ਦਾ ਐਲਾਨ ਕਰ ਦਿੱਤਾ ਹੈ। ਭਾਰਤ ਵਿਚ ਇਸ ਵਾਇਰਸ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਹ ਗਿਣਤੀ ਪੰਜ ਸੌ ਤੋਂ ਉਤਾਂਹ ਚਲੀ ਗਈ ਹੈ। ਇਹ ਵਾਇਰਸ ਮੁੱਖ ਰੂਪ ਵਿਚ ਸਾਹ ਉਤੇ ਮਾਰ ਕਰਦਾ ਹੈ ਅਤੇ ਆਮ ਕਰਕੇ ਪਹਿਲਾਂ ਇਸ ਦੇ ਲੱਛਣ ਵੀ ਸਾਹਮਣੇ ਨਹੀਂ ਆਉਂਦੇ ਹਨ। ਡਾਕਟਰਾਂ ਨੇ ਕੁਝ ਸਾਂਝੇ ਲੱਛਣਾਂ ਵਿਚ ਬੁਖਾਰ, ਸੁੱਕੀ ਖੰਘ ਅਤੇ ਛਿੱਕਾਂ ਬਾਰੇ ਚਰਚਾ ਜ਼ਰੂਰ ਕੀਤੀ ਹੈ, ਪਰ ਅਜਿਹੇ ਲੱਛਣ ਤਾਂ ਮਨੁੱਖੀ ਸਰੀਰ ਵਿਚ ਅਕਸਰ ਮਿਲ ਜਾਂਦੇ ਹਨ। ਸ਼ਾਇਦ ਇਸੇ ਕਰਕੇ ਸ਼ੱਕ ਪੈਦਾ ਹੋਣ ਕਰ ਕੇ ਅਜਿਹੇ ਲੱਛਣਾਂ ਵਾਲਿਆਂ ਨੂੰ ਮਰੀਜ਼ ਸਮਝ ਲਿਆ ਜਾਂਦਾ ਹੈ। ਇਸੇ ਕਰ ਕੇ ਕਰੀਬ ਇਕ ਲੱਖ ਲੋਕ, ਜਿਨ੍ਹਾਂ ਨੂੰ ਪਹਿਲਾਂ ਸ਼ੱਕੀ ਸਮਝਿਆ ਗਿਆ ਸੀ, ਇਸ ਵਾਇਰਸ ਤੋਂ ਪੀੜਤ ਨਹੀਂ ਸਨ।

ਇਸ ਵਾਇਰਸ ਦੀ ਚਰਚਾ ਚੀਨ ਦੇ ਸ਼ਹਿਰ ਵੂਹਾਨ ਤੋਂ ਹੋਈ ਸੀ, ਪਰ ਹੌਲੀ-ਹੌਲੀ ਇਹ ਵਾਇਰਸ ਪੂਰੇ ਸੰਸਾਰ ਵਿਚ ਫੈਲ ਗਿਆ। ਅਸਲ ਵਿਚ ਪਹਿਲਾਂ ਇਸ ਵਾਇਰਸ ਬਾਰੇ ਜਿੰਨੀ ਇਹਤਿਆਤ ਵਰਤਣੀ ਚਾਹੀਦੀ ਸੀ, ਵਰਤੀ ਨਹੀਂ ਗਈ। ਇਸੇ ਕਰ ਕੇ ਹੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ, ਇਸ ਵਾਇਰਸ ਬਾਰੇ ਆਪਣੇ ਕੁਝ ਬਿਆਨਾਂ ਕਾਰਨ ਮਜ਼ਾਕ ਦੇ ਪਾਤਰ ਵੀ ਬਣੇ ਹਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਂ ਬਹੁਤ ਨੁਕਤਾਚੀਨੀ ਹੋਈ ਹੈ। ਨਰਿੰਦਰ ਮੋਦੀ ਸਿਰਫ ਪੰਜ ਦਿਨਾਂ ਦੌਰਾਨ ਦੋ ਵਾਰ ਦੇਸ਼ ਦੇ ਨਾਮ ਸੰਦੇਸ਼ ਜਾਰੀ ਕਰ ਚੁਕੇ ਹਨ। ਪਹਿਲਾਂ ਉਨ੍ਹਾਂ ਇਕ ਦਿਨ ਲਈ 'ਜਨਤਾ ਕਰਫਿਊ' ਦਾ ਐਲਾਨ ਕੀਤਾ ਸੀ, ਪਰ ਹੁਣ 21 ਦਿਨਾਂ ਲਈ ਲਾਕਡਾਊਨ ਐਲਾਨਿਆ ਹੈ। ਇਸ ਸਬੰਧੀ ਵਿਚਲਾ ਸਵਾਲ ਇਹੀ ਹੈ ਕਿ ਸਰਕਾਰ ਨੇ ਦੋ ਮਹੀਨੇ ਪਹਿਲਾਂ, ਜਨਵਰੀ-ਫਰਵਰੀ ਦੌਰਾਨ ਇਸ ਵਾਇਰਸ ਤੋਂ ਬਚਾਓ ਲਈ ਕੋਈ ਕਦਮ ਕਿਉਂ ਨਹੀਂ ਉਠਾਏ। ਇਸ ਵਾਇਰਸ ਤੋਂ ਪੀੜਤ ਸਾਰੇ ਦੇ ਸਾਰੇ ਮਰੀਜ਼ ਹਵਾਈ ਜਹਾਜਾਂ ਰਾਹੀ ਹੀ ਭਾਰਤ ਅੰਦਰ ਦਾਖਲ ਹੋਏ ਹਨ; ਇਸੇ ਕਰ ਕੇ ਹੀ ਪੁੱਛਿਆ ਜਾ ਰਿਹਾ ਹੈ ਕਿ ਹਵਾਈ ਅੱਡਿਆਂ ਉਤੇ ਅਜਿਹੇ ਮਰੀਜ਼ਾਂ ਦੀ ਸ਼ਨਾਖਤ ਦਾ ਪ੍ਰਬੰਧ ਕਿਉਂ ਨਹੀਂ ਕੀਤਾ ਗਿਆ?

ਅਸਲ ਵਿਚ, ਜਿਸ ਵਕਤ ਇਹ ਵਾਇਰਸ ਹੌਲੀ-ਹੌਲੀ ਸੰਸਾਰ ਦੇ ਵੱਖ-ਵੱਖ ਮੁਲਕਾਂ ਅੰਦਰ ਫੈਲ ਰਿਹਾ ਸੀ, ਉਸ ਵਕਤ ਭਾਰਤ ਸਰਕਾਰ ਕੌਮੀ ਨਾਗਰਿਕਤਾ ਕਾਨੂੰਨ ਲਾਗੂ ਕਰਵਾਉਣ ਅਤੇ ਇਸ ਖਿਲਾਫ ਹੋ ਰਹੇ ਧਰਨਿਆਂ ਨੂੰ ਬਦਨਾਮ ਕਰਨ ਵਾਲੇ ਪਾਸੇ ਜੁਟੀ ਹੋਈ ਸੀ। ਮੋਦੀ ਸਰਕਾਰ ਦਾ ਸਾਰਾ ਜ਼ੋਰ ਇਸੇ ਪਾਸੇ ਲੱਗਾ ਹੋਇਆ ਸੀ। ਇਸ ਦੌਰਾਨ ਹੀ ਦਿੱਲੀ ਵਿਧਾਨ ਸਭਾ ਚੋਣਾਂ ਆ ਗਈਆਂ ਅਤੇ ਸਰਕਾਰ ਦੇ ਸਭ ਮੰਤਰੀ ਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨਾਲ ਸਬੰਧ ਕਰੀਬ 200 ਸੰਸਦ ਮੈਂਬਰਾਂ ਨੇ ਦਿੱਲੀ ਵਿਚ ਡੇਰੇ ਲਾ ਲਏ ਅਤੇ ਚੋਣ ਪ੍ਰਚਾਰ ਵਿਚ ਜੁਟ ਗਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਿੱਲੀ ਵਿਚ ਖੁਦ ਬਹੁਤ ਸਾਰੀਆਂ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ। ਹੁਣ ਜਦੋਂ ਇਹ ਵਾਇਰਸ ਅਤੇ ਇਸ ਤੋਂ ਪੀੜਤ ਮਰੀਜ਼ ਬੁਰੀ ਤਰ੍ਹਾਂ ਪੂਰੇ ਮੁਲਕ ਵਿਚ ਫੈਲ ਗਏ ਹਨ ਤਾਂ ਸਖਤੀ-ਦਰ-ਸਖਤੀ ਦਾ ਐਲਾਨ ਕੀਤਾ ਜਾ ਰਿਹਾ ਹੈ। ਕੁਝ ਸਿਆਸੀ ਮਾਹਿਰ ਇਸ ਵਾਇਰਸ ਬਾਰੇ ਹੱਦੋਂ ਵੱਧ ਪ੍ਰਚਾਰ ਨੂੰ ਅਮਰੀਕਾ ਅਤੇ ਚੀਨ ਵਿਚਕਾਰ ਚੱਲ ਰਹੀ ਵਪਾਰ-ਜੰਗ ਨਾਲ ਵੀ ਜੋੜ ਰਹੇ ਹਨ। ਇਨ੍ਹਾਂ ਦਾ ਤਰਕ ਹੈ ਕਿ ਅਜਿਹੇ ਵਾਇਰਸ ਆਮ ਕਰ ਕੇ ਰੋਗਾਂ ਦਾ ਕਾਰਨ ਬਣਦੇ ਹੀ ਹਨ, ਪਰ ਇਸ ਵਾਰ ਲੋਕਾਂ ਨੂੰ ਬਹੁਤ ਜ਼ਿਆਦਾ ਡਰਾ ਦਿੱਤਾ ਗਿਆ ਹੈ।

ਅਜੇ ਤਕ ਇਸ ਵਾਇਰਸ ਦੇ ਇਲਾਜ ਲਈ ਕੋਈ ਦਵਾਈ ਸਾਹਮਣੇ ਨਹੀਂ ਆਈ ਹੈ; ਸਿਰਫ ਬਚਾਅ ਉਤੇ ਹੀ ਜ਼ੋਰ ਦਿੱਤਾ ਜਾ ਰਿਹਾ ਸੀ। ਉਂਜ ਵੀ ਇਹ ਵਾਇਰਸ ਉਨ੍ਹਾਂ ਉਤੇ ਹੀ ਵਧੇਰੇ ਅਸਰ ਕਰਦਾ ਹੈ, ਜਿਨ੍ਹਾਂ ਦੇ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਘੱਟ ਹੈ। ਬਚਾਅ ਇਸ ਗੱਲ ਵਿਚ ਹੀ ਹੈ ਕਿ ਮਰੀਜ਼ ਤੋਂ ਦੂਰ ਰਿਹਾ ਜਾਵੇ। ਹੁਣ ਭਾਰਤ ਵਰਗੇ ਮੁਲਕ ਵਿਚ ਵੱਡਾ ਮਸਲਾ ਇਹੀ ਹੈ ਕਿ ਮਰੀਜ਼ਾਂ ਦੀ ਸ਼ਨਾਖਤ ਕਿਵੇਂ ਕੀਤੀ ਜਾਵੇ? ਪੰਜਾਬ ਦਾ ਮਸਲਾ ਉਸ ਤੋਂ ਵੱਧ ਗੰਭੀਰ ਹੈ। ਹਜ਼ਾਰਾਂ ਪਰਵਾਸੀ ਸੂਬੇ ਅੰਦਰ ਪੁੱਜੇ ਹਨ ਅਤੇ ਸਰਕਾਰ ਨੂੰ ਇਨ੍ਹਾਂ ਤਕ ਪਹੁੰਚ ਕਰਨ ਵਿਚ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ। ਚੀਨ ਅਤੇ ਦੱਖਣੀ ਕੋਰੀਆ ਇਸ ਵਾਇਰਸ ਤੋਂ ਇਸੇ ਕਰਕੇ ਹੀ ਮੁਕਤੀ ਪਾਉਣ ਵਿਚ ਕਾਮਯਾਬ ਹੋਏ ਹਨ, ਕਿਉਂਕਿ ਉਨ੍ਹਾਂ ਨੇ ਵੱਡੇ ਪੱਧਰ ਉਤੇ ਟੈਸਟ ਕਰਕੇ ਪਹਿਲਾਂ ਮਰੀਜ਼ਾਂ ਦੀ ਸ਼ਨਾਖਤ ਕਰ ਲਈ ਅਤੇ ਫਿਰ ਉਨ੍ਹਾਂ ਨੂੰ ਇਕੱਲਿਆਂ ਰੱਖ ਕੇ ਉਨ੍ਹਾਂ ਦਾ ਇਲਾਜ ਕਰ ਲਿਆ। ਹੁਣ ਵੀ ਇਸ ਵਾਇਰਸ ਦਾ ਇਲਾਜ ਬਚਾਅ ਵਿਚ ਹੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਮਰੀਜ਼ਾਂ ਦੀ ਸ਼ਨਾਖਤ ਲਈ ਵੱਧ ਤੋਂ ਵੱਧ ਟੈਸਟਾਂ ਦਾ ਤੁਰੰਤ ਪ੍ਰਬੰਧ ਕਰਨ ਅਤੇ ਮਰੀਜ਼ਾਂ ਨੂੰ ਇਕੱਲਿਆਂ ਕਰ ਕੇ ਹੋਰ ਵਾਇਰਸ ਫੈਲਣ ਤੋਂ ਰੋਕਣ। ਜਿੰਨੀ ਦੇਰ ਇਹ ਲੜੀ ਨਹੀਂ ਟੁੱਟਦੀ, ਇਸ ਵਾਇਰਸ ਉਤੇ ਕਾਬੂ ਪਾਉਣਾ ਮੁਸ਼ਕਿਲ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਡਰ ਕੇ ਨਹੀਂ ਗੱਲ ਬਣਨੀ...*

ਕਰਿਆ ਕਰੋਨਾ ਨੇ ਬੇਹਾਲ ਸੰਸਾਰ ਸਾਰਾ, ਹਰ ਪਾਸੇ ਹੀ ਭੈਅ ਨੂੰ ਛੱਡਿਆ ਈ।
ਪਹਿਲਾਂ ਚੀਨ, ਫਿਰ ਇਟਲੀ ਤੇ ਹੁਣ ਹਰ ਪਾਸੇ, ਆਪਣੀ ਮਾਰ ਦਾ ਡੰਡਾ ਗੱਡਿਆ ਈ।
ਪਤਾ ਲੱਗੇ ਨਾ ਕਿਹੜਾ ਮਰੀਜ਼ ਹੋਇਆ, ਸੁੱਤੇ ਪਿਆਂ ਨੂੰ ਇਉਂ ਹੀ ਦੱਬਿਆ ਈ।
ਹਰ ਨਿਜ਼ਾਮ ਇਹਨੇ ਕਰ ਫੇਲ੍ਹ ਦਿੱਤਾ, ਪਤਾ ਕਿਸੇ ਨੂੰ ਕੁਝ ਵੀ ਨਾ ਲੱਗਿਆ ਈ।
ਐਵੇਂ ਡਰੋ ਨਾ, ਡਰ ਕੇ ਨਹੀਂ ਗੱਲ ਬਣਨੀ, ਆਪੋ-ਆਪਣੇ ਘਰਾਂ ਵਿਚ ਸ਼ਹਿ ਜਾਵੋ।
ਵਰਤੋ ਚੌਕਸੀ, ਅੱਜ ਦੀ ਇਹ ਲੋੜ ਬਣ ਗਈ, ਖਾ-ਪੀ ਕੇ ਢੰਗ ਨਾਲ ਬਹਿ ਜਾਵੋ।

# ਪੰਜਾਬ ਦੀ ਸਿਆਸਤ ਅਤੇ 'ਆਪ'

***ਪੰਜਾਬ ਵਿਚ 'ਆਪ' ਦੀ ਹਾਰ ਦੇ ਕਈ ਕਾਰਨ ਸਨ ਪਰ ਮੁੱਖ ਕਾਰਨ ਸੀ ਕੇਜਰੀਵਾਲ ਕੋਲ ਤਾਕਤਾਂ ਦਾ ਕੇਂਦਰੀਕਰਨ ਅਤੇ ਉਨ੍ਹਾਂ ਵਲੋਂ ਪੰਜਾਬ ਵਿਚ ਲਾਏ ਗੈਰ-ਪੰਜਾਬੀ ਆਗੂਆਂ ਦਾ ਆਪਹੁਦਰਾਪਣ, ਜਿਹੜੇ ਪੰਜਾਬੀਆਂ ਨੂੰ ਆਪਣੀ ਮੁੱਠੀ ਵਿਚ ਸਮਝ ਰਹੇ ਸਨ।... ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਪਾਰਟੀ ਨੂੰ ਆਪਣੀ ਰਣਨੀਤੀ ਦੀ ਨਜ਼ਰਸਾਨੀ ਕਰਨੀ ਪਵੇਗੀ ਤਾਂ ਕਿ ਇਸ ਵਿਚ ਲੋਕਾਂ ਦਾ ਭਰੋਸਾ ਬਹਾਲ ਹੋ ਸਕੇ।***

ਦਿੱਲੀ ਵਿਧਾਨ ਸਭਾ ਦੀਆਂ ਹਾਲੀਆ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਦੀ ਸ਼ਾਨਦਾਰ ਜਿੱਤ ਨੇ ਪੰਜਾਬ ਵਾਸੀਆਂ, ਖਾਸ ਕਰ ਕੇ ਪਾਰਟੀ ਕੇਡਰ ਲਈ ਨਵੀਂ ਉਮੀਦ ਜਗਾਈ ਹੈ। ਉਨ੍ਹਾਂ ਨੂੰ ਆਸ ਹੈ ਕਿ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ 2022 ਦੀਆਂ ਚੋਣਾਂ ਵਿਚ ਕਮਾਲ ਕਰ ਸਕਦੀ ਹੈ। ਦਿੱਲੀ ਚੋਣਾਂ ਵਿਚ ਦੁਨੀਆਂ ਦੀ ਅਖੌਤੀ ਸਭ ਤੋਂ ਵੱਡੀ ਪਾਰਟੀ ਭਾਜਪਾ ਦੀ ਬੁਰੀ ਹਾਲਤ ਅਤੇ ਪੁਰਾਣੀ ਪਾਰਟੀ ਕਾਂਗਰਸ ਦੀ ਨਮੋਸ਼ੀ ਭਰੀ ਹਾਰ ਨੇ ਮੌਜੂਦਾ ਸਿਆਸਤ ਨੂੰ ਨਵੇਂ ਪਸਾਰ ਦਿੱਤੇ ਹਨ। ਆਮ ਪ੍ਰਭਾਵ ਹੈ ਕਿ 'ਆਪ' ਦੀ ਜਿੱਤ ਨੇ ਫਿਰਕੂ ਨਫਰਤ ਭਰੇ ਸਮਾਜ, ਹਾਕਮ ਭਾਜਪਾ ਦੀ ਹੈਂਕੜਬਾਜ਼ੀ, ਉਸ ਵਲੋਂ ਸਿਆਸੀ ਵਿਰੋਧੀਆਂ ਖਿਲਾਫ ਤਾਕਤ ਦੀ ਅੰਨ੍ਹੀ ਵਰਤੋਂ ਅਤੇ ਕਿਵੇਂ ਵੀ ਚੋਣਾਂ ਜਿੱਤਣ ਦੀ ਨੀਤੀ ਤੋਂ

ਜਗਰੂਪ ਸਿੰਘ ਸੇਖੋਂ

ਸਮਾਜ ਦੇ ਵੱਡੇ ਹਿੱਸੇ ਨੇ ਰਾਹਤ ਦਿਵਾਈ ਹੈ। ਹਰ ਤਰ੍ਹਾਂ ਦੇ ਵਿਰੋਧੀ ਹਾਲਾਤ ਦੇ ਬਾਵਜੂਦ 'ਆਪ' ਦੀ ਜਿੱਤ ਨੇ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਨੂੰ ਭਾਰਤੀ ਸਿਆਸਤ ਦਾ ਨਵਾਂ ਅਵਤਾਰ ਬਣਾ ਦਿੱਤਾ ਹੈ। 'ਆਪ' ਨੇ ਇਕ ਤਰ੍ਹਾਂ ਐਲਾਨਿਆ ਹੋਇਆ ਹੈ ਕਿ ਇਹ ਸਾਰੇ ਰਾਜਾਂ ਵਿਚ ਹਕੂਮਤ ਦਾ ਦਿੱਲੀ ਵਾਲਾ ਮਾਡਲ ਲਾਗੂ ਕਰੇਗੀ। ਕੇਜਰੀਵਾਲ ਵਲੋਂ 16 ਫਰਵਰੀ ਨੂੰ ਤੀਜੀ ਵਾਰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਸਮੇਂ ਕਿਸੇ ਵਿਰੋਧੀ ਆਗੂ ਨੂੰ ਨਾ ਸੱਦਣਾ ਵੀ ਉਨ੍ਹਾਂ ਦੀ ਪਾਰਟੀ ਦੀਆਂ ਨਵੀਆਂ ਉਪਜੀਆਂ ਖਾਹਿਸ਼ਾਂ ਦਾ ਸਾਫ ਸੰਕੇਤ ਹੈ।

ਗੌਰਤਲਬ ਹੈ ਕਿ 2012 ਵਿਚ ਹੋਇਆ 'ਆਪ' ਦਾ ਉਭਾਰ ਸਮਾਜ ਦੇ ਸਾਰੇ ਤਬਕਿਆਂ ਦੀ ਇਸ ਚਾਹਤ ਦਾ ਸਿੱਟਾ ਸੀ ਕਿ ਉਨ੍ਹਾਂ ਨੂੰ ਵਧੇਰੇ ਇਮਾਨਦਾਰ, ਪਾਰਦਰਸ਼ੀ ਤੇ ਲੋਕ-ਪੱਖੀ ਸਰਕਾਰ ਮਿਲੇ। ਉਨ੍ਹਾਂ ਨੂੰ 'ਆਪ' ਵਿਚ ਨਵੀਂ ਕਿਸਮ ਦੀ ਸਿਆਸਤ ਦੀ ਝਲਕ ਦਿਖਾਈ ਦਿੱਤੀ ਜਿਸ ਲਈ ਲੋਕ ਹਿੱਤ ਸਭ ਤੋਂ ਪਹਿਲਾਂ ਹੋਣਗੇ ਅਤੇ ਜੋ ਦੇਸ਼ ਦੀ ਸਿਆਸਤ ਨੂੰ ਨਵੇਂ ਮਾਇਨੇ ਦੇਵੇਗੀ। ਇਸ ਪ੍ਰਸੰਗ ਵਿਚ ਦਿੱਲੀ ਅਸੈਂਬਲੀ ਦੀਆਂ 2013 ਦੀਆਂ ਚੋਣਾਂ ਦੌਰਾਨ 'ਆਪ' ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਅਤੇ ਇਸ ਨੇ ਕਾਂਗਰਸ ਦੀ ਹਮਾਇਤ ਨਾਲ ਮਹਿਜ਼ 49 ਦਿਨਾਂ ਦੀ ਸਰਕਾਰ ਚਲਾਈ।

ਫਿਰ 2014 ਵਿਚ ਦੇਸ਼ ਦੀਆਂ 16ਵੀਆਂ ਆਮ ਚੋਣਾਂ ਹੋਈਆਂ ਜਿਨ੍ਹਾਂ ਨੇ ਪਾਰਟੀ ਵਿਚ ਜਾਰੀ ਉਥਲ-ਪੁਥਲ ਪੱਖੋਂ ਜ਼ੋਰਦਾਰ ਤਬਦੀਲੀ ਲਿਆਂਦੀ। ਮਤਭੇਦ ਇਨ੍ਹਾਂ ਮੁੱਦਿਆਂ 'ਤੇ ਸੀ ਕਿ ਚੋਣਾਂ ਵਿਚ ਕੇਜਰੀਵਾਲ ਦਿੱਲੀ 'ਤੇ ਹੀ ਧਿਆਨ ਕੇਂਦਰਿਤ ਕਰਨ ਦੇ ਹੱਕ ਵਿਚ ਸਨ ਜਦੋਂਕਿ ਹੋਰ ਨਾਮੀ ਤੇ ਮੁੱਢਲੇ ਆਗੂ ਖਾਸਕਰ ਪ੍ਰਸ਼ਾਂਤ ਭੂਸ਼ਣ, ਯੋਗੇਂਦਰ ਯਾਦਵ, ਆਨੰਦ ਕੁਮਾਰ ਤੇ ਐਡਮਿਰਲ ਰਾਮ ਦਾਸ ਆਦਿ ਪਾਰਟੀ ਨੂੰ ਮਿਲ ਰਹੇ ਜ਼ੋਰਦਾਰ ਹੁੰਗਾਰੇ ਕਾਰਨ ਦੇਸ਼ ਭਰ 'ਚ ਵੱਧ ਤੋਂ ਵੱਧ ਸੀਟਾਂ ਤੋਂ ਚੋਣ ਲੜਨ ਦੇ ਹਾਮੀ ਸਨ। ਇਸੇ ਸਦਕਾ ਪੰਜਾਬ ਵਾਸੀਆਂ ਨੇ 'ਆਪ' ਨੂੰ ਜ਼ੋਰਦਾਰ ਹੁੰਗਾਰਾ ਦਿੱਤਾ ਅਤੇ ਪਾਰਟੀ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਵਿਚੋਂ ਚਾਰ 'ਤੇ ਜੇਤੂ ਰਹੀਅ ਤੇ ਇਸ ਨੂੰ 117 ਵਿਚੋਂ 33 ਵਿਧਾਨ ਸਭਾ ਹਲਕਿਆਂ ਵਿਚ ਵੀ ਜੇਤੂ ਲੀਡ ਹਾਸਲ ਹੋਈ ਤੇ ਹੋਰ ਕਰੀਬ ਦੋ ਦਰਜਨ ਹਲਕਿਆਂ ਵਿਚ ਪਾਰਟੀ ਦੂਜੇ ਨੰਬਰ 'ਤੇ ਰਹੀ।

'ਆਪ' ਨੇ ਪੰਜਾਬ ਵਿਚ 25 ਫੀਸਦੀ ਵੋਟਾਂ ਹਾਸਲ ਕਰ ਕੇ ਆਪਣੀ ਤਾਕਤ ਦਾ ਲੋਹਾ ਮਨਵਾਇਆ ਤੇ ਇਸ ਮਾਮਲੇ ਵਿਚ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਬਰਾਬਰ ਰਹੀ, ਹਾਲਾਂਕਿ ਉਦੋਂ ਪਾਰਟੀ ਦਾ ਪੰਜਾਬ ਵਿਚ ਬੁਨਿਆਦੀ ਢਾਂਚਾ ਤੱਕ ਨਹੀਂ ਸੀ। ਪਾਰਟੀ ਵਲੋਂ ਉਠਾਏ ਨਸ਼ਿਆਂ ਦੇ ਕੋਹੜ, ਕਿਸਾਨ ਖੁਦਕੁਸ਼ੀਆਂ, ਅਸਮਾਨ ਛੂੰਹਦੀਆਂ ਰੇਤ-ਬਜਰੀ ਦੀਆਂ ਕੀਮਤਾਂ, ਭ੍ਰਿਸ਼ਟਾਚਾਰ, ਗੁੰਡਾਗਰਦੀ, ਹਾਕਮ ਗੱਠਜੋੜ ਦੇ ਆਗੂਆਂ ਦਾ ਘੁਮੰਡ, ਟਰਾਂਸਪੋਰਟ ਤੇ ਸ਼ਰਾਬ ਕਾਰੋਬਾਰ ਵਿਚਲੀ ਅਜਾਰੇਦਾਰੀ, ਅਮਨ-ਕਾਨੂੰਨ ਦੀ ਮਾੜੀ ਹਾਲਤ ਆਦਿ ਦੇ ਮੁੱਦੇ ਪੰਜਾਬੀਆਂ ਨੂੰ ਬਹੁਤ ਪਸੰਦ ਆਏ ਪਰ ਪਾਰਟੀ ਨੂੰ ਬਾਕੀ ਭਾਰਤ ਵਿਚ ਲੜੀਆਂ ਕਰੀਬ 460 ਸੀਟਾਂ ਵਿਚੋਂ ਇਕ 'ਤੇ ਵੀ ਜਿੱਤ ਨਾ ਮਿਲੀ ਤੇ ਬਹੁਤੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਸਾਫ ਹੈ ਕਿ ਪੰਜਾਬ ਨੇ ਹੀ ਇਸ ਨਵੀਂ ਉਭਰ ਰਹੀ ਪਾਰਟੀ ਨੂੰ ਕੌਮੀ ਪੱਧਰ 'ਤੇ ਮਾਨਤਾ ਦਿਵਾਈ ਤੇ ਪਾਰਟੀ ਦੇ ਚਾਰ ਨੁਮਾਇੰਦੇ ਲੋਕ ਸਭਾ ਵਿਚ ਪਹੁੰਚਾਏ।

ਇਸ ਤੋਂ ਬਾਅਦ ਫਰਵਰੀ 2015 ਵਿਚ ਦਿੱਲੀ ਅਸੈਂਬਲੀ ਦੀਆਂ ਮੱਧਕਾਲੀ ਚੋਣਾਂ ਵਿਚ 'ਆਪ' ਨੇ ਸ਼ਾਨਦਾਰ ਜਿੱਤ ਦਰਜ ਕਰਦਿਆਂ 70 ਵਿਚੋਂ 67 ਸੀਟਾਂ ਜਿੱਤੀਆਂ ਤੇ ਭਾਜਪਾ ਪੱਲੇ ਸਿਰਫ 3 ਸੀਟਾਂ ਪਈਆਂ ਜਦੋਂਕਿ ਕੁਝ ਮਹੀਨੇ ਪਹਿਲਾਂ ਭਾਜਪਾ ਨੇ ਦਿੱਲੀ ਦੀਆਂ ਸਾਰੀਆਂ ਸੱਤ ਲੋਕ ਸਭਾ ਸੀਟਾਂ 'ਤੇ ਕਬਜ਼ਾ ਕੀਤਾ ਸੀ। ਇਸ ਜਿੱਤ ਨੇ ਕੇਜਰੀਵਾਲ ਨੂੰ ਪਾਰਟੀ ਦਾ ਇਕੋ-ਇਕ ਚੁਣੌਤੀ ਰਹਿਤ ਆਗੂ ਬਣਾ ਦਿੱਤਾ ਤੇ ਉਨ੍ਹਾਂ ਪਾਰਟੀ ਵਿਚ ਆਪਣੇ ਲਈ ਹਰ ਚੁਣੌਤੀ ਖਤਮ ਕਰ ਦੇਣ ਦੇ ਮਕਸਦ ਨਾਲ ਪ੍ਰਸ਼ਾਂਤ ਭੂਸ਼ਣ, ਯੋਗੇਂਦਰ ਯਾਦਵ, ਆਨੰਦ ਕੁਮਾਰ, ਐਡਮਿਰਲ ਰਾਮ ਦਾਸ ਵਰਗੇ ਮੁੱਢਲੇ ਆਗੂਆਂ ਨੂੰ ਦੁੱਧ ਵਿਚੋਂ ਮੱਖੀ ਵਾਂਗ ਕੱਢ ਕੇ ਬਾਹਰ ਮਾਰਿਆ ਜੋ 'ਆਪ' ਵਿਚ ਦੇਸ਼ ਦੀ ਰਵਾਇਤੀ ਸਿਆਸਤ ਵਾਲਾ ਪਹਿਲਾ ਝਲਕਾਰਾ ਸੀ। ਬਾਅਦ ਵਿਚ ਪਾਰਟੀ ਦੀ ਇਸੇ ਨੀਤੀ ਦਾ ਸ਼ਿਕਾਰ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਪਰਨੀਤ ਕੌਰ ਨੂੰ ਸਖਤ ਮੁਕਾਬਲੇ ਵਿਚ ਹਰਾ ਕੇ ਸੀਟ 'ਆਪ' ਦੀ ਝੋਲੀ ਪਾਉਣ ਵਾਲੇ ਡਾ. ਧਰਮਵੀਰ ਗਾਂਧੀ ਹੋਏ ਜੋ ਉਸ ਸਮੇਂ ਪਾਰਟੀ ਦੇ ਸੰਸਦੀ ਦਲ ਦੇ ਆਗੂ ਸਨ। ਉਨ੍ਹਾਂ ਨੂੰ ਕੇਜਰੀਵਾਲ ਦੀਆਂ ਹਦਾਇਤਾਂ ਨਾ ਮੰਨਣ ਕਾਰਨ ਇਸ ਅਹੁਦੇ ਤੋਂ ਹਟਾ ਦਿੱਤਾ ਗਿਆ।

ਇਨ੍ਹਾਂ ਕਾਰਵਾਈਆਂ ਨੇ ਪਾਰਟੀ ਦੇ ਅਕਸ ਨੂੰ ਕਾਫੀ ਢਾਹ ਲਾਈ ਪਰ ਕੇਜਰੀਵਾਲ ਨੇ ਆਪਣਾ ਅੜੀਅਲ ਰਵੱਈਆ ਜਾਰੀ ਰੱਖਦਿਆਂ ਹੋਰ ਕਈ ਸਤਿਕਾਰਤ ਆਗੂਆਂ ਨੂੰ ਬਾਹਰ ਦਾ ਰਾਸ ਦਿਖਾਇਆ। ਇਨ੍ਹਾਂ ਵਿਚ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਵੀ ਸ਼ਾਮਲ ਸਨ ਜਿਨ੍ਹਾਂ ਖਿਲਾਫ ਇਹ ਕਾਰਵਾਈ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੀ ਗਈ। ਇਸ ਤਰ੍ਹਾਂ ਪਾਰਟੀ ਦਾ ਸਾਰਾ ਢਾਂਚਾ ਟੁੱਟਣਾ ਤੇ ਇਸ ਦਾ 'ਝਾੜੂ' ਖਿੱਲਰਨਾ ਸ਼ੁਰੂ ਹੋ ਗਿਆ। ਕੇਜਰੀਵਾਲ ਦੀਆਂ ਨੀਤੀਆਂ ਨੇ ਪੰਜਾਬ ਦੇ ਵਿਧਾਇਕਾਂ ਨੂੰ ਵੀ ਛੇਤੀ ਹੀ ਨਾਰਾਜ਼ ਕਰ ਲਿਆ ਤੇ ਪੰਜਾਬੀ 'ਆਪ' ਤੋਂ ਨਿਰਾਸ਼-ਹਤਾਸ਼ ਹੁੰਦੇ ਗਏ।

ਇਸ ਸਾਰੇ ਪ੍ਰਸੰਗ ਵਿਚ ਸਾਨੂੰ 'ਆਪ' ਦੀ ਪੰਜਾਬ ਦੀ ਸਮਕਾਲੀ ਸਿਆਸਤ ਵਿਚ ਪ੍ਰਸੰਗਕਤਾ ਦੇਖਣ ਦੀ ਲੋੜ ਹੈ ਜਿਥੇ 2014 ਦੀ ਸਫਲਤਾ ਤੋਂ ਬਾਅਦ 'ਆਪ' ਦੀ ਪਹਿਲੀ ਵੱਡੀ ਪਰਖ 2017 ਦੀਆਂ ਵਿਧਾਨ ਸਭਾ ਚੋਣਾਂ ਸਨ। ਇਨ੍ਹਾਂ ਵਿਚ ਪਾਰਟੀ ਆਪਣਾ ਵੋਟ ਆਧਾਰ ਕਾਇਮ ਰੱਖਣ ਵਿਚ ਤਾਂ ਕਾਮਯਾਬ ਰਹੀ ਪਰ ਸੀਟਾਂ ਪੱਖੋਂ ਬੁਰੀ ਤਰ੍ਹਾਂ ਹਾਰ ਗਈ ਜਿਸ ਤੋਂ ਪਾਰਟੀ ਦੇ ਦੇਸ਼-ਵਿਦੇਸ਼ ਵਿਚਲੇ ਹਮਾਇਤੀ ਬਹੁਤ ਨਿਰਾਸ਼ ਹੋਏ। ਕਿਆਸ ਲਾਏ ਜਾ ਰਹੇ ਸਨ ਕਿ ਪੰਜਾਬ ਵਿਚ ਵੀ 'ਆਪ' ਦਿੱਲੀ ਵਾਲਾ ਹੀ ਕਾਰਨਾਮਾ ਦੁਹਰਾਉਂਦੀ ਹੋਈ 100 ਤੋਂ ਵੱਧ ਸੀਟਾਂ ਜਿੱਤੇਗੀ ਅਤੇ ਇਹ ਵੀ ਸੱਚ ਹੈ ਕਿ 'ਆਪ' ਤੋਂ ਉਸ ਵਕਤ ਸੂਬੇ ਦੀਆਂ ਮੁੱਖ ਪਾਰਟੀਆਂ ਜਿਵੇਂ ਕਾਂਗਰਸ ਤੇ ਅਕਾਲੀ ਦਲ ਵਿਚ ਘਬਰਾਹਟ ਮਹਿਸੂਸ ਕੀਤੀ ਜਾ ਰਹੀ ਸੀ। ਪਰ ਚੋਣਾਂ ਦੇ ਨਤੀਜੇ ਪਾਰਟੀ ਹਮਦਰਦਾਂ ਹੀ ਨਹੀਂ, ਸਾਰਿਆਂ ਲਈ ਹੈਰਾਨੀਜਨਕ ਸਨ ਕਿਉਂਕਿ 'ਆਪ' ਮਹਿਜ਼ 20 ਸੀਟਾਂ ਜਿੱਤ ਸਕੀ ਤੇ ਦੋ ਦਰਜਨ ਤੋਂ ਵੱਧ ਸੀਟਾਂ 'ਤੇ ਇਸ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਪਾਰਟੀ ਨੇ ਇਨ੍ਹਾਂ ਚੋਣਾਂ ਦੇ ਨਾਲ ਹੀ ਨਵੀਂ ਕਿਸਮ ਦੀ ਸਿਆਸਤ ਦੇਣ ਪੱਖੋਂ ਆਪਣੀ ਸਾਖ ਵੀ ਬੁਰੀ ਤਰ੍ਹਾਂ ਗੁਆ ਲਈ।

ਪੰਜਾਬ ਵਿਚ 'ਆਪ' ਦੀ ਹਾਰ ਦੇ ਕਈ ਕਾਰਨ ਸਨ ਪਰ ਮੁੱਖ ਕਾਰਨ ਸੀ ਕੇਜਰੀਵਾਲ ਕੋਲ ਤਾਕਤਾਂ ਦਾ ਭਾਰੀ ਕੇਂਦਰੀਕਰਨ ਤੇ ਉਨ੍ਹਾਂ ਵਲੋਂ ਪੰਜਾਬ ਵਿਚ ਲਾਏ ਗੈਰ-ਪੰਜਾਬੀ ਆਗੂਆਂ ਦਾ ਆਪਹੁਦਰਾਪਣ, ਜਿਹੜੇ ਪੰਜਾਬੀਆਂ ਨੂੰ ਆਪਣੀ ਮੁੱਠੀ ਵਿਚ ਹੀ ਸਮਝ ਰਹੇ ਸਨ। ਪਾਰਟੀ ਨੇ ਟਿਕਟਾਂ ਦੀ ਵੰਡ ਵਿਚ ਬਹੁਤ ਗੜਬੜ ਕੀਤੀ ਤੇ ਇਹ ਮਾਝੇ-ਦੋਆਬੇ ਦੀਆਂ 65 ਸੀਟਾਂ ਵਿਚੋਂ ਮਾਝੇ ਵਿਚੋਂ ਕੋਈ ਸੀਟ ਨਾ ਜਿੱਤ ਸਕੀ ਅਤੇ ਦੋਆਬੇ ਵਿਚੋਂ ਇਸ ਨੂੰ ਸਿਰਫ ਦੋ ਸੀਟਾਂ ਮਿਲੀਆਂ। ਅੰਮ੍ਰਿਤਸਰ ਸੰਸਦੀ ਹਲਕੇ ਲਈ ਟਿਕਟ ਬਹੁਤ ਹੀ ਵਿਵਾਦਗ੍ਰਸਤ ਵਿਅਕਤੀ ਨੂੰ ਦਿੱਤੀ ਗਈ ਜਿਹੜਾ ਅਕਾਲੀ ਦਲ ਦੀ ਦਸ ਸਾਲਾ ਹਕੂਮਤ ਦੌਰਾਨ ਉਨ੍ਹਾਂ ਨਾਲ ਰਿਹਾ। ਬਹੁਤ ਸਾਰੇ ਉਮੀਦਵਾਰ ਕੇਂਦਰੀ ਆਗੂਆਂ ਦੀ ਮਿਹਰਬਾਨੀ ਨਾਲ ਰਾਤੋ-ਰਾਤ 'ਆਪ' ਦੀਆਂ ਟਿਕਟਾਂ ਲੈ ਗਏ, ਪਰ ਉਹ ਲੋਕਾਂ ਨੂੰ ਪਸੰਦ ਨਾ ਆਏ। ਇਸ ਤਰ੍ਹਾਂ ਸ੍ਰੀ ਕੇਜਰੀਵਾਲ ਬਹੁਤ ਸ਼ਾਤਿਰ ਸਿਆਸਤਦਾਨ ਬਣ ਕੇ ਉਭਰੇ, ਜਿਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਕਦੋਂ ਫੰਡ ਲੈਣ ਲਈ ਦਾਗੀ ਉਮੀਦਵਾਰ ਉਤਾਰਨੇ ਹਨ। ਇਸ ਦੌਰਾਨ ਉਨ੍ਹਾਂ ਦੀ ਇਕੋ ਵੇਲੇ ਧੁਰ ਸੱਜੇਪੱਖੀਆਂ ਤੇ ਨਾਲ ਹੀ ਖੱਬੇਪੱਖੀਆਂ ਨਾਲ ਗੰਢ-ਤੁੱਪ ਵੀ ਪਾਰਟੀ ਦੇ ਅਕਸ ਲਈ ਭਾਰੀ ਪਈ। ਉਪਰੋਂ ਉਨ੍ਹਾਂ ਦੇ ਸਾਥੀ ਮਨੀਸ਼ ਸਿਸੋਦੀਆ ਵਲੋਂ ਨਵਾਂਸ਼ਹਿਰ ਵਿਚ ਦਿੱਤੇ ਇਸ ਬਿਆਨ ਨੇ ਭੱਠਾ ਬਿਠਾ ਦਿੱਤਾ ਕਿ ਕੇਜਰੀਵਾਲ ਵੀ ਪੰਜਾਬ ਦੇ ਮੁੱਖ ਮੰਤਰੀ ਲਈ ਉਮੀਦਵਾਰ ਹੋ ਸਕਦੇ ਹਨ। ਚੋਣਾਂ ਤੋਂ ਬਾਅਦ ਦੇ ਪੰਜਾਬ ਦੇ ਅੰਕੜਿਆਂ ਤੋਂ ਜ਼ਾਹਰ ਹੈ ਕਿ ਪੰਜਾਬੀ ਕਦੇ ਬਾਹਰਲੇ ਬੰਦੇ ਨੂੰ ਆਪਣਾ ਮੁੱਖ ਮੰਤਰੀ ਨਹੀਂ ਮਨਜ਼ੂਰ ਕਰ ਸਕਦੇ; ਹਾਂ, ਸਥਾਨਕ ਆਗੂ ਹਿੰਦੂ-ਸਿੱਖ ਕੋਈ ਵੀ ਚੱਲ ਸਕਦਾ ਹੈ। ਇਸ ਦੇ ਨਾਲ ਹੀ ਕਮਜ਼ੋਰ ਜਥੇਬੰਦਕ ਢਾਂਚਾ, ਸਿਆਸੀ ਤਜਰਬੇ ਦੀ ਘਾਟ, ਉਮੀਦਵਾਰਾਂ ਦੀ ਗ਼ਲਤ ਚੋਣ, ਫੈਸਲੇ ਲੈਣ ਦੀ ਦਿੱਲੀ ਆਧਾਰਿਤ ਪ੍ਰਕਿਰਿਆ ਆਦਿ ਕਾਰਨ ਪਾਰਟੀ ਦੀ ਜਿੱਤ ਦਾ ਰਾਹ ਔਖਾ ਹੋ ਗਿਆ।

ਇਸ ਹਾਰ ਤੋਂ ਬਾਅਦ ਵੀ ਪਾਰਟੀ ਨੇ ਸਬਕ ਨਹੀਂ ਸਿੱਖਿਆ ਤੇ ਇਸ ਵਿਚ ਅੰਦਰੂਨੀ ਉਥਲ-ਪੁਥਲ ਜਾਰੀ ਰਹੀ। ਸੁਖਪਾਲ ਸਿੰਘ ਖਹਿਰਾ ਨੂੰ 2019 ਦੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਇਆ ਜਾਣਾ, ਐਚ.ਐਸ. ਫੂਲਕਾ ਦਾ ਅਸਤੀਫਾ, ਹੋਰ ਕਈਆਂ ਦੇ ਅਸਤੀਫੇ ਤੇ ਪਾਰਟੀ ਨੂੰ ਛੱਡ ਜਾਣਾ ਤੇ ਹਾਲੀਆ ਅਸੈਂਬਲੀ ਜ਼ਿਮਨੀ ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਤੋਂ ਪਾਰਟੀ ਸਾਫ ਤੌਰ 'ਤੇ ਨਿਘਾਰ ਵਲ ਜਾਂਦੀ ਦਿਖਾਈ ਦੇ ਰਹੀ ਹੈ। 'ਆਪ' ਦਾ ਵਿਧਾਇਕ ਦਲ ਬੁਰੀ ਤਰ੍ਹਾਂ ਦੋਫਾੜ ਹੋ ਕੇ ਰਹਿ ਗਿਆ। ਇਸ ਦੇ ਨਾਲ ਹੀ ਕੇਜਰੀਵਾਲ ਵਲੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਮਾਣਹਾਨੀ ਦੇ ਕੇਸ ਵਿਚ ਮੁਆਫੀ ਮੰਗੇ ਜਾਣ ਨੇ ਉਨ੍ਹਾਂ ਦੇ ਮਜ਼ਬੂਤ ਆਗੂ ਹੋਣ ਦਾ ਵਹਿਮ ਵੀ ਲੋਕ ਮਨਾਂ ਵਿਚੋਂ ਕੱਢ ਦਿੱਤਾ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਸੰਗਰੂਰ ਦੀ ਇਕ ਸੀਟ ਹੀ ਜਿੱਤ ਸਕੀ ਤੇ ਇਸ ਦਾ ਵੋਟ ਆਧਾਰ ਵੀ 2014 ਦੇ 25 ਫੀਸਦੀ ਤੋਂ ਘਟ ਕੇ 2019 ਵਿਚ ਮਹਿਜ਼ 7.4 ਫੀਸਦੀ ਰਹਿ ਗਿਆ।

ਪਾਰਟੀ ਦਾ ਪੰਜਾਬ ਵਿਚਲਾ ਇਹ ਸੰਕਟ ਤੇ ਇਸ ਦੇ ਬਾਕੀ ਬਚੇ ਕਾਰਕੁਨਾਂ ਦਾ ਤਾਜ਼ਾ ਜੋਸ਼ ਇਕ ਵੱਡਾ ਸਵਾਲ ਖੜ੍ਹਾ ਕਰਦਾ ਹੈ ਜੋ ਜਥੇਬੰਦਕ ਮਜ਼ਬੂਤੀ, ਲੀਡਰਸ਼ਿਪ ਦੀ ਕੁਆਲਿਟੀ, ਉਮੀਦਵਾਰਾਂ ਦੀ ਚੋਣ ਤੇ ਇਸ ਦੇ ਏਜੰਡੇ ਵਿਚ ਇਖਲਾਕ ਤੇ ਦਿਆਨਤਦਾਰੀ ਵਰਗੇ ਮੁੱਦਿਆਂ ਸਬੰਧੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਪਾਰਟੀ ਨੂੰ ਆਪਣੀ ਰਣਨੀਤੀ ਦੀ ਨਜ਼ਰਸਾਨੀ ਕਰਨੀ ਪਵੇਗੀ ਤਾਂ ਕਿ ਇਸ ਵਿਚ ਲੋਕਾਂ ਦਾ ਭਰੋਸਾ ਬਹਾਲ ਹੋ ਸਕੇ। ਪਰ ਇਹ ਬਹੁਤ ਔਖਾ ਕੰਮ ਹੈ ਕਿਉਂਕਿ ਇਸ ਦਾ ਆਗੂ ਦਿੱਲੀ ਦੇ ਹਾਲੀਆ ਦੰਗਿਆਂ ਤੇ ਹੋਰ ਅਹਿਮ ਮੁੱਦਿਆਂ ਉਤੇ ਧਾਰੀ ਚੁੱਪ ਕਾਰਨ ਲੋਕਾਂ ਦਾ ਭਰੋਸਾ ਗੁਆ ਚੁੱਕਾ ਹੈ। ਦਿੱਲੀ ਦੇ ਇਨ੍ਹਾਂ ਦੰਗਿਆਂ ਨੇ ਪੰਜਾਬੀਆਂ ਨੂੰ 1984 ਦਾ ਕਤਲੇਆਮ ਚੇਤੇ ਕਰਵਾ ਦਿੱਤਾ ਹੈ। ਕਨ੍ਹੱਈਆ ਕੁਮਾਰ ਖਿਲਾਫ ਦੇਸ਼ਧਰੋਹ ਦਾ ਕੇਸ ਚਲਾਉਣ ਦੀ ਦਿੱਲੀ ਸਰਕਾਰ ਵਲੋਂ ਦਿੱਤੀ ਇਜਾਜ਼ਤ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਵਲੋਂ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਵੀ ਪੰਜਾਬੀਆਂ ਦੇ ਗਲੇ ਨਹੀਂ ਉਤਰੀ। ਇਸ ਦੇ ਨਾਲ ਹੀ ਕੇਜਰੀਵਾਲ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹਾਲੀਆ ਮੀਟਿੰਗ ਨੇ ਵੀ ਉਨ੍ਹਾਂ ਵਲੋਂ 'ਆਪ' ਦੀ ਦਿੱਲੀ ਜਿੱਤ ਤੋਂ ਬਾਅਦ ਦੋਹਰੇ ਢੰਗ-ਤਰੀਕੇ ਅਪਣਾਏ ਜਾਣ ਦੇ ਕਈ ਮੁੱਦੇ ਖੜ੍ਹੇ ਕੀਤੇ ਹਨ।

ਇਹ ਕੁਝ ਅਜਿਹੇ ਬੁਨਿਆਦੀ ਮੁੱਦੇ ਹਨ ਜਿਨ੍ਹਾਂ 'ਤੇ ਪੰਜਾਬ ਵਾਸੀ 'ਆਪ' ਦੇ ਪੰਜਾਬ ਦੇ ਆਗੂਆਂ ਤੋਂ ਜਵਾਬ ਮੰਗਣਗੇ। ਉਹ ਆਪਣੇ ਪਾਰਟੀ ਸੁਪਰੀਮੋ ਦੀਆਂ ਇਨ੍ਹਾਂ ਕਾਰਵਾਈਆਂ ਦਾ ਜਵਾਬ ਦੇਣ ਤੇ ਇਨ੍ਹਾਂ ਨੂੰ ਵਾਜਬ ਠਹਿਰਾਉਣ ਵਿਚ ਕਾਮਯਾਬ ਰਹਿੰਦੇ ਹਨ ਜਾਂ ਨਹੀਂ, ਇਹ ਹੀ ਲੱਖਾਂ ਦਾ ਸਵਾਲ ਹੈ।

# ਕਰੋਨਾ ਵਾਇਰਸ ਨੇ ਸਿਹਤ ਸਹੂਲਤਾਂ ਦਾ ਭਾਂਡਾ ਭੰਨਿਆ

**ਬੂਟਾ ਸਿੰਘ**
ਫੋਨ: +91-94634-74342

ਇਸ ਵਕਤ ਦੁਨੀਆਂ ਭਿਆਨਕ ਮਹਾਮਾਰੀ ਕਰੋਨਾ ਵਾਇਰਸ (ਕੋਵਿਡ-19) ਦੀ ਲਪੇਟ ਵਿਚ ਹੈ। ਕੁਲ ਆਲਮ ਵਿਚ ਮਨੁੱਖੀ ਜ਼ਿੰਦਗੀ ਅਤੇ ਆਰਥਿਕਤਾ ਠੱਪ ਹੋ ਗਈ ਹੈ। ਦੁਨੀਆਂ ਭਰ ਵਿਚ ਕਰੋਨਾ ਦੇ ਕੇਸਾਂ ਦੀ ਤਾਦਾਦ ਪੌਣੇ ਚਾਰ ਲੱਖ ਤੋਂ ਉਪਰ ਅਤੇ ਮੌਤਾਂ ਦੀ ਤਾਦਾਦ ਸਾਢੇ ਸੋਲਾਂ ਹਜ਼ਾਰ ਤੋਂ ਉਪਰ ਹੋ ਗਈ ਹੈ। ਇਟਲੀ ਵਿਚ ਰੋਜ਼ਾਨਾ ਮਰਨ ਵਾਲਿਆਂ ਦੀ ਤਾਦਾਦ ਸਭ ਤੋਂ ਜ਼ਿਆਦਾ ਹੈ। ਇਟਲੀ ਵਿਚ ਹੋਈਆਂ ਮੌਤਾਂ, ਕੁਲ ਆਲਮ ਦੇ ਜਾਨੀ ਨੁਕਸਾਨ ਦਾ 35 ਫੀਸਦੀ ਬਣਦੀਆਂ ਹਨ। ਸਪੇਨ ਵਿਚ ਮੌਤਾਂ ਦੀ ਗਿਣਤੀ ਵਿਚ 30 ਫੀਸਦੀ ਇਜ਼ਾਫਾ ਸਾਹਮਣੇ ਆਇਆ ਹੈ। ਹੋਰ ਮੁਲਕ ਵੀ ਕਰੋਨਾ ਵਾਇਰਸ ਦੀ ਭਿਆਨਕਤਾ ਨਾਲ ਜੂਝ ਰਹੇ ਹਨ।

ਆਲਮੀ ਆਰਥਿਕਤਾ ਦੇ ਥੰਮ੍ਹ ਮੰਨੇ ਜਾਂਦੇ ਅਰਥਚਾਰਿਆਂ ਉਪਰ ਇਸ ਸਥਿਤੀ ਦੇ ਮਾੜੇ ਪ੍ਰਭਾਵ ਸਪਸ਼ਟ ਨਜ਼ਰ ਆ ਰਹੇ ਹਨ। ਸ਼ੇਅਰ ਬਾਜ਼ਾਰ ਬੁਰੀ ਤਰ੍ਹਾਂ ਗਿਰਾਵਟ ਦੀ ਲਪੇਟ ਵਿਚ ਹਨ। ਜਰਮਨੀ ਦੀ ਆਰਥਿਕਤਾ 5 ਫੀਸਦੀ ਸੁੰਗੜ ਗਈ ਹੈ। ਬੇਕਾਰੀ, ਕਾਰੋਬਾਰਾਂ ਦੀ ਲਗਾਤਾਰ ਬੰਦੀ ਨਾਲ ਆਮ ਨਾਗਰਿਕ ਦੀ ਜ਼ਿੰਦਗੀ ਦੀ ਗੱਡੀ ਲੀਹੋਂ ਲੱਥ ਗਈ ਹੈ, ਉਪਰੋਂ ਜ਼ਰੂਰੀ ਵਸਤਾਂ ਦੀ ਬਲੈਕ, ਜਮ੍ਹਾਂਖੋਰੀ ਅਤੇ ਡਰ ਵਿਚੋਂ ਥੋਕ ਖਰੀਦਦਾਰੀ ਉਨ੍ਹਾਂ ਦੀਆਂ ਜੇਬਾਂ ਕੱਟ ਰਹੀ ਹੈ। ਇਸ ਸੰਕਟ ਨਾਲ ਵੱਖੋ-ਵੱਖਰੇ ਮੁਲਕਾਂ ਦੀ ਆਰਥਿਕਤਾ ਕਿੰਨੀ ਨੁਕਸਾਨੀ ਗਈ, ਇਸ ਦੀ ਅਸਲ ਹਾਲਤ ਸਾਹਮਣੇ ਆਉਣ ਲਈ ਅਜੇ ਵਕਤ ਲੱਗੇਗਾ ਲੇਕਿਨ ਇਕ ਚੀਜ਼ ਜੱਗ-ਜ਼ਾਹਰ ਹੈ ਕਿ ਕਰੋਨਾ ਵਾਇਰਸ ਦੀ ਰੋਕਥਾਮ ਲਈ ਦਵਾਈ ਈਜਾਦ ਕਰਕੇ ਮੁਨਾਫੇ ਕਮਾਉਣ ਦੀ ਕਾਰਪੋਰੇਟ ਹੋੜ ਜ਼ੋਰਾਂ 'ਤੇ ਹੈ। ਕੁਲ ਆਲਮ ਵਿਚ ਬਹੁਤ ਹੀ ਗੰਭੀਰ ਹਾਲਾਤ ਹਨ, ਸਿਰਫ ਚੀਨ ਅਤੇ ਦੱਖਣੀ ਕੋਰੀਆ ਵਲੋਂ ਇਸ ਮਹਾਮਾਰੀ ਉਪਰ ਕਾਬੂ ਪਾ ਲੈਣ ਦੀਆਂ ਰਿਪੋਰਟਾਂ ਹਨ ਜੋ ਵੱਡੇ ਪੈਮਾਨੇ 'ਤੇ ਜਾਂਚ ਇੰਤਜ਼ਾਮਾਂ ਜ਼ਰੀਏ ਸੰਭਵ ਹੋਇਆ ਹੈ।

ਇਸ ਮਹਾਮਾਰੀ ਨਾਲ ਨਜਿੱਠਣ ਲਈ ਬਹੁਤ ਸਾਰੇ ਮੁਲਕਾਂ ਨੇ ਵਿਸ਼ੇਸ਼ ਕਦਮ ਚੁੱਕੇ ਹਨ। ਮਹਾਮਾਰੀ ਨੂੰ ਹੋਰ ਫੈਲਣ ਤੋਂ ਰੋਕਣ ਲਈ ਸਪੇਨ ਸਰਕਾਰ ਨੇ ਮੁਲਕ ਦੇ ਤਮਾਮ ਪ੍ਰਾਈਵੇਟ ਹਸਪਤਾਲਾਂ ਦਾ ਰਾਸ਼ਟਰੀਕਰਨ ਕਰਕੇ ਆਪਣੇ ਨਾਗਰਿਕਾਂ ਨੂੰ ਬਚਾਉਣ ਲਈ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਦਾ ਇਤਿਹਾਸਕ ਕਦਮ ਚੁੱਕਿਆ ਹੈ। ਅਵਾਮ ਨੂੰ ਰਾਹਤ ਦੇਣ ਲਈ ਹੋਰ ਵੱਡੇ ਆਰਥਿਕ ਪੈਕੇਜ ਵੀ ਐਲਾਨੇ ਗਏ ਹਨ। ਚੀਨ ਅਤੇ ਕੋਰੀਆ ਤੋਂ ਇਲਾਵਾ ਇਟਲੀ, ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਮੁਲਕਾਂ ਦੀਆਂ ਸਰਕਾਰਾਂ ਨੇ ਵੀ ਇਸ ਮਹਾਮਾਰੀ ਨਾਲ ਨਜਿੱਠਣ ਲਈ ਵਿਸ਼ੇਸ਼ ਪੈਕੇਜ ਐਲਾਨੇ ਹਨ। ਇਨ੍ਹਾਂ ਵਿਚ ਸਿਹਤ ਸੇਵਾਵਾਂ ਅੰਦਰ ਲੋੜੀਂਦੇ ਸੁਧਾਰਾਂ ਦੇ ਨਾਲ-ਨਾਲ ਕਾਰੋਬਾਰੀਆਂ ਅਤੇ ਕਾਮਿਆਂ ਲਈ ਆਰਥਿਕ ਸਹਾਇਤਾ, ਫਰੀ ਜਾਂਚ ਤੇ ਸਿਹਤ ਸੇਵਾਵਾਂ, ਪੜ੍ਹਾਈ ਦੀ ਫੀਸ ਮੁਆਫੀ, ਟੈਕਸਾਂ ਤੇ ਕਰਜ਼ਿਆਂ ਤੋਂ ਵਿਸ਼ੇਸ਼ ਛੋਟ, ਕਈ ਸਰਕਾਰਾਂ ਨੇ ਜ਼ਰੂਰੀ ਵਸਤਾਂ ਦੀ ਘਰ-ਘਰ ਸਪਲਾਈ ਅਤੇ ਹੋਰ ਲੋਕ ਭਲਾਈ ਕਦਮ ਚੁੱਕਣ ਦਾ ਐਲਾਨ ਕੀਤਾ ਹੈ; ਲੇਕਿਨ ਭਾਰਤ ਵਿਚ ਆਰ.ਐਸ.ਐਸ.-ਭਾਜਪਾ ਸਰਕਾਰ ਨੇ ਰਾਸ਼ਟਰਪਤੀ ਭਵਨ ਦੇ ਮੁੜ ਵਿਕਾਸ ਲਈ 20,000 ਕਰੋੜ ਰੁਪਏ ਤਾਂ ਮਨਜ਼ੂਰ ਕਰ ਦਿੱਤੇ ਲੇਕਿਨ ਮਹਾਮਾਰੀ ਨੂੰ ਰੋਕਣ ਲਈ ਇਕ ਧੇਲਾ ਵੀ ਜਾਰੀ ਨਹੀਂ ਕੀਤਾ। ਇਸ ਤੋਂ ਇਕ ਵਾਰ ਫਿਰ ਸਪਸ਼ਟ ਹੋ ਗਿਆ ਕਿ ਉਹ ਕਾਰਪੋਰੇਟ ਲੰਗੋਟੀਏ ਯਾਰਾਂ ਨੂੰ ਅਰਬਾਂ ਖਰਬਾਂ ਦੀਆਂ ਟੈਕਸ ਰਿਆਇਤਾਂ ਦੇਣ, ਬੈਂਕਾਂ, ਤੇਲ ਕੰਪਨੀਆਂ ਲੁਟਾਉਣ ਅਤੇ ਪਾਟਕ-ਪਾਊ ਸਿਆਸਤ ਤੋਂ ਇਕ ਕਦਮ ਵੀ ਅੱਗੇ ਜਾਣਾ ਨਹੀਂ ਚਾਹੁੰਦੇ। ਇਸ ਪੱਖੋਂ ਸਾਮਰਾਜੀ ਸਰਗਨਾ ਟਰੰਪ ਅਤੇ ਹੋਰ ਘੋਰ-ਸੱਜੇਪੱਖੀ ਨਿਜ਼ਾਮ ਵੀ ਉਨ੍ਹਾਂ ਦੇ ਰੋਲ-ਮਾਡਲ ਨਹੀਂ।

ਭਾਰਤ ਵਿਚ ਇਸ ਵਕਤ ਇਹ ਮਹਾਮਾਰੀ ਦੂਜੇ ਪੜਾਅ ਵਿਚ ਹੈ। ਇਹ ਸਥਾਨਕ ਵਸੋਂ ਵਿਚ ਫੈਲਣੀ ਸ਼ੁਰੂ ਹੋ ਚੁੱਕੀ ਹੈ। ਹੁਣ ਤੱਕ ਪੰਜ ਸੌ ਤੋਂ ਉਪਰ ਮਾਮਲੇ ਸਾਹਮਣੇ ਆ ਚੁੱਕੇ ਹਨ; ਜਦਕਿ ਅਜੇ ਟੈਸਟਾਂ ਦੀ ਪੂਰੀ ਵਿਵਸਥਾ ਨਹੀਂ ਹੈ। ਫਿਰ ਵੀ ਜੋ ਮਾਮਲੇ ਸਾਹਮਣੇ ਆ ਰਹੇ ਹਨ, ਉਹ ਸ਼ਾਇਦ ਇਹੀ ਸੰਕੇਤ ਦੇ ਰਹੇ ਹਨ ਕਿ 'ਕਮਿਊਨਿਟੀ ਟਰਾਂਸਮਿਸ਼ਨ' ਦਾ ਪੜਾਅ ਜ਼ਿਆਦਾ ਦੂਰ ਨਹੀਂ।

ਇਸ ਵਕਤ 30 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ 548 ਜ਼ਿਲ੍ਹਿਆਂ ਵਿਚ ਮੁਕੰਮਲ ਲਾਕਡਾਊਨ ਲਾਗੂ ਕਰ ਦਿੱਤਾ ਹੈ, ਸਿਰਫ ਤਿੰਨ ਰਾਜਾਂ ਦੇ 58 ਜ਼ਿਲ੍ਹਿਆਂ ਨੂੰ ਹੀ ਅੰਸ਼ਕ ਪਾਬੰਦੀਆਂ ਲਈ ਬਾਹਰ ਰੱਖਿਆ ਗਿਆ ਹੈ। ਇਸ ਦੌਰਾਨ ਜਦ ਭਾਰਤ ਦੇ 'ਮਾਸਟਰ ਸਟਰੋਕ' ਦੇ ਮਾਹਰ ਪ੍ਰਧਾਨ ਮੰਤਰੀ ਨੇ ਅਵਾਮ ਨੂੰ ਮੁਖਾਤਿਬ ਹੋਣਾ ਸੀ ਤਾਂ ਬਹੁਤ ਸਾਰੇ ਹਿੱਸਿਆਂ ਨੂੰ ਉਮੀਦ ਜਾਗੀ ਕਿ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਕੋਈ ਖਾਸ ਐਲਾਨ ਕੀਤਾ ਜਾਣ ਵਾਲਾ ਹੈ; ਲੇਕਿਨ ਵਿਸ਼ੇਸ਼ ਸੰਬੋਧਨ ਤਾਂ ਮਹਿਜ਼ ਅਵਾਮ ਲਈ 12 ਘੰਟੇ ਦਾ 'ਜਨਤਾ ਕਰਫਿਊ' ਲਾਉਣ, ਹੌਸਲਾ ਰੱਖਣ ਦੀ ਫੋਕੀ ਤਸੱਲੀ ਦੇਣ ਅਤੇ ਥਾਲੀਆਂ ਖੜਕਾਉਣ ਤੇ ਤਾੜੀਆਂ ਵਜਾਉਣ ਲਈ ਸੀ। ਭਾਰਤ ਦੇ ਇਕ ਨਿੱਕੇ ਜਿਹੇ ਰਾਜ ਕੇਰਲ ਨੇ ਆਪਣੇ ਨਾਗਰਿਕਾਂ ਲਈ 20,000 ਕਰੋੜ ਰੁਪਏ ਦਾ ਪੈਕੇਜ ਅਤੇ ਹੋਰ ਕਈ ਸਹੂਲਤਾਂ ਦਾ ਐਲਾਨ ਕੀਤਾ ਹੈ।

ਪੰਜਾਬ ਸਰਕਾਰ ਅਤੇ ਕੇਜਰੀਵਾਲ ਸਰਕਾਰ ਨੇ ਵੀ ਆਪਣੇ ਤੌਰ 'ਤੇ ਰਾਹਤ ਦੇ ਐਲਾਨ ਕੀਤੇ ਹਨ; ਲੇਕਿਨ ਪ੍ਰਧਾਨ ਮੰਤਰੀ ਦੇ ਸੰਬੋਧਨ ਵਿਚ ਫੋਕੇ ਭਾਸ਼ਨ ਤੋਂ ਸਿਵਾਏ ਕੁਝ ਵੀ ਨਹੀਂ ਸੀ। ਇਸ ਵਿਚ ਅਵਾਮ ਲਈ ਨਸੀਹਤਾਂ ਸਨ ਅਤੇ ਇਹ ਅਸਿੱਧਾ ਸੰਦੇਸ਼ ਵੀ ਕਿ ਸੰਕਟ ਦੇ ਹੋਰ ਵਧਣ ਦੀ ਸੂਰਤ ਵਿਚ ਨਾਗਰਿਕ ਉਸ ਦੀ ਵਜ਼ਾਰਤ ਤੋਂ ਉਮੀਦ ਨਾ ਰੱਖਣ। ਕਿਸੇ ਨੂੰ ਲੱਗ ਸਕਦਾ ਹੈ ਕਿ ਜੇ ਪ੍ਰਧਾਨ ਮੰਤਰੀ ਬੇਮਿਸਾਲ ਸੰਕਟ ਨਾਲ ਜੂਝ ਰਹੇ ਸਿਹਤ ਕਾਮਿਆਂ ਦੀ ਹੌਸਲਾ-ਅਫਜ਼ਾਈ ਲਈ ਥਾਲੀਆਂ, ਟੱਲੀਆਂ ਵਜਾਉਣ ਦੀ ਅਪੀਲ ਕਰ ਰਿਹਾ ਹੈ ਤਾਂ ਇਸ ਵਿਚ ਗਲਤ ਕੀ ਹੈ? ਦਰਅਸਲ, ਇਹ ਇਸ ਲਫਾਫੇਬਾਜ਼ੀ ਦੀ ਆੜ ਵਿਚ ਸਰਕਾਰ ਦੀ ਸੰਕਟ ਦੇ ਵਕਤ ਸੰਵਿਧਾਨਕ ਜ਼ਿੰਮੇਵਾਰੀ ਨੂੰ ਤਿਲਾਂਜਲੀ ਦੇਣ ਅਤੇ ਆਪਣੀ ਪ੍ਰਸ਼ਾਸਨਿਕ ਨਾਲਾਇਕੀ ਉਪਰ ਪਰਦਾ ਪਾਉਣ ਲਈ ਅਵਾਮ ਦਾ ਧਿਆਨ ਭਟਕਾਉਣ ਦੀ ਕਵਾਇਦ ਹੀ ਨਹੀਂ ਸੀ, ਇਹ ਹੋਰ ਵੀ ਕਈ ਕੁਝ ਸੀ। ਮਾਮਲੇ ਨੂੰ ਠੋਸ ਹਕੀਕਤ ਦੇ ਪ੍ਰਸੰਗ ਵਿਚ ਦੇਖਿਆਂ-ਪਰਖਿਆਂ ਇਹ ਹਕੀਕਤ ਸਾਫ ਸਮਝ ਆ ਜਾਂਦੀ ਹੈ।

> ***ਰਿਪੋਰਟਾਂ ਦੱਸਦੀਆਂ ਹਨ ਕਿ ਸਿਹਤ ਵਿਵਸਥਾ ਇਸ ਸੰਕਟ ਨਾਲ ਨਜਿੱਠਣ ਦੇ ਨਾਕਾਬਿਲ ਹੈ ਅਤੇ ਮੁਲਕ ਦੀਆਂ 51 ਬੀ.ਆਰ.ਡੀ.ਐਲ. ਲੈਬਾਂ ਵਿਚੋਂ ਜ਼ਿਆਦਾਤਰ ਵਿਚ ਇਹ ਟੈਸਟ ਨਹੀਂ ਹੋ ਰਹੇ। ਸਾਰੇ ਸਰਕਾਰੀ ਹਸਪਤਾਲਾਂ ਵਿਚ ਅਜੇ ਲੋੜੀਂਦੇ ਟੈਸਟਾਂ ਦੀ ਵਿਵਸਥਾ ਹੀ ਨਹੀਂ ਹੈ। ਅਜਿਹੇ ਜ਼ਿਲ੍ਹਾ ਹਸਪਤਾਲ ਵੀ ਹਨ ਜਿਥੇ ਵੈਂਟੀਲੇਟਰ ਹੀ ਨਹੀਂ ਹੈ। ਦਿੱਲੀ ਦੇ ਮੁੱਖ ਹਵਾਈ ਅੱਡੇ ਉਪਰ ਹੁਣ ਵੀ ਆਲਮ ਇਹ ਹੈ ਕਿ ਮੁਸਾਫਿਰਾਂ ਨੂੰ ਸਕਰੀਨਿੰਗ ਲਈ 12 ਘੰਟੇ ਲਈ ਇੰਤਜ਼ਾਰ ਕਰਨੀ ਪੈ ਰਹੀ ਹੈ।***

ਹਰ ਕੋਈ ਜਾਣਦਾ ਹੈ ਕਿ ਕਰੋਨਾ ਵਾਇਰਸ ਸਾਡੇ ਮੁਲਕ ਵਿਚ ਪੈਦਾ ਨਹੀਂ ਹੋਇਆ, ਇਹ ਬਾਹਰੋਂ ਹੋਰ ਮੁਲਕਾਂ ਤੋਂ ਆਉਣ ਵਾਲੇ ਮੁਸਾਫਿਰਾਂ ਜ਼ਰੀਏ ਭਾਰਤ ਵਿਚ ਆਇਆ ਹੈ। ਸਵਾਲ ਇਹ ਹੈ ਕਿ ਚੀਨ ਅਤੇ ਯੂਰਪੀ ਮੁਲਕਾਂ ਵਿਚ ਮਹਾਮਾਰੀ ਦੀ ਵਿਆਪਕਤਾ ਦੇ ਮੱਦੇਨਜ਼ਰ ਵਾਹਦ ਦੇਸ਼ਭਗਤ ਹੋਣ ਦੀ ਦਾਅਵੇਦਾਰ ਸਰਕਾਰ ਨੇ ਇਸ ਦੀ ਰੋਕਥਾਮ ਲਈ ਕੀ ਇਹਤਿਹਾਤੀ ਕਦਮ ਚੁੱਕੇ, ਜੋ ਮੁਢਲੇ ਅਤੇ ਜ਼ਰੂਰੀ ਸਨ? ਬਾਹਰੋਂ ਆਉਣ ਵਾਲਿਆਂ ਦੀ ਸਕਰੀਨਿੰਗ, ਉਨ੍ਹਾਂ ਨੂੰ ਅਲੱਗ ਕਰਕੇ 'ਇਕਾਂਤਵਾਸ' ਵਿਚ ਰੱਖਣਾ, ਉਨ੍ਹਾਂ ਦੇ ਬਾਕੀ ਵਸੋਂ ਨਾਲ ਸੰਪਰਕ ਨੂੰ ਨਿਸ਼ਚਿਤ ਸਮੇਂ ਲਈ ਰੋਕਣਾ, ਸਿਹਤ ਸੇਵਾਵਾਂ ਅਤੇ ਸਫਾਈ ਇੰਤਜ਼ਾਮਾਂ ਨੂੰ ਚੁਸਤ-ਦਰੁਸਤ ਕਰਨ ਲਈ ਵਿਸ਼ੇਸ਼ ਕਦਮ ਚੁੱਕਣਾ, ਇਹ ਸਭ ਜ਼ਰੂਰੀ ਸਨ। ਅਜਿਹਾ ਕੁਝ ਵੀ ਨਹੀਂ ਕੀਤਾ ਗਿਆ। ਜਦ ਹੋਰ ਮੁਲਕਾਂ ਤੋਂ ਨਿੱਤ ਦਿਨ ਸੈਂਕੜੇ ਮੌਤਾਂ ਦੀਆਂ ਰਿਪੋਰਟਾਂ ਆ ਰਹੀਆਂ ਸਨ, ਉਸ ਦਰਮਿਆਨ ਭਗਵੇਂ ਟੋਲੇ 'ਗਊ ਮੂਤਰ ਪਾਰਟੀ' ਅਤੇ ਵੱਖ-ਵੱਖ ਮੀਡੀਆ ਜ਼ਰੀਏ ਗਊ ਮੂਤਰ ਨੂੰ 'ਸਰਵ-ਰੋਗ ਔਸ਼ਧੀ' ਵਜੋਂ ਪ੍ਰਚਾਰ ਰਹੇ ਸਨ।

ਮੋਦੀ ਵਜ਼ਾਰਤ ਅਤੇ ਰਾਜ ਸਰਕਾਰਾਂ ਇਸ ਗੁੰਮਰਾਹਕੁਨ ਪ੍ਰਚਾਰ ਪ੍ਰਤੀ ਅੱਖਾਂ ਮੀਟ ਕੇ ਇਸ ਨੂੰ ਸ਼ਹਿ ਅਤੇ ਹੱਲਾਸ਼ੇਰੀ ਦੇ ਰਹੀਆਂ ਸਨ। ਇਸੇ ਦੌਰਾਨ ਜੋ ਹੋਇਆ ਉਹ ਨਿਹਾਇਤ ਮੁਜਰਮਾਨਾ ਹੈ। ਸਿਰਫ ਸੱਤਾ ਦੇ ਗਲਿਆਰਿਆਂ ਵਿਚ ਪਹੁੰਚ ਵਾਲੇ ਸ਼ਖਸ ਹੀ ਨਹੀਂ ਸਗੋਂ ਬਾਹਰੋਂ ਆਉਣ ਵਾਲੇ ਆਮ ਮੁਸਾਫਿਰ ਵੀ ਬਿਨਾਂ ਟੈਸਟਿੰਗ ਤੋਂ, ਬਿਨਾਂ ਨਜ਼ਰਸਾਨੀ ਤੋਂ ਪਬਲਿਕ ਵਿਚ ਵਿਚਰਨ ਲਈ ਖੁੱਲ੍ਹੇ ਛੱਡੇ ਜਾਂਦੇ ਰਹੇ। ਦੁਨੀਆਂ ਵਿਚ ਐਨੀ ਹਾਹਾਕਾਰ ਮੱਚੀ ਹੋਣ ਦੇ ਬਾਵਜੂਦ ਬਾਹਰੋਂ ਆਉਣ ਵਾਲਿਆਂ ਜ਼ਰੀਏ ਕਰੋਨਾ ਵਾਇਰਸ ਦਾ ਫੈਲਣਾ ਸਰਕਾਰ ਦੀ ਮੁਜਰਮਾਨਾ ਕੋਤਾਹੀ ਤੇ ਪ੍ਰਸ਼ਾਸਨਿਕ ਨਾਲਾਇਕੀ ਦਾ ਨਤੀਜਾ ਹੈ ਜਿਸ ਦਾ ਖਮਿਆਜ਼ਾ ਹੁਣ ਅਵਾਮ ਨੂੰ ਭੁਗਤਣਾ ਪੈ ਰਿਹਾ ਹੈ।



ਹਾਲਾਤ ਕਿੰਨੇ ਖਤਰਨਾਕ ਬਣ ਚੁੱਕੇ ਹਨ, ਇਸ ਦਾ ਅੰਦਾਜ਼ਾ ਇਹ ਰਿਪੋਰਟ ਹੈ ਕਿ ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿਚ ਵਿਦੇਸ਼ਾਂ 'ਚੋਂ ਆਏ ਕ੍ਰਮਵਾਰ 4885 ਅਤੇ 1500 ਵਿਅਕਤੀਆਂ ਵਿਚੋਂ ਪ੍ਰਸ਼ਾਸਨ ਸਿਰਫ 950 ਅਤੇ 750 ਵਿਅਕਤੀਆਂ ਤੱਕ ਹੀ ਪਹੁੰਚ ਕਰ ਸਕਿਆ ਹੈ; ਬਾਕੀ ਅਜੇ ਪ੍ਰਸ਼ਾਸਨ ਦੀ ਪਹੁੰਚ ਤੋਂ ਬਾਹਰ ਹਨ। ਬੰਗਾ ਇਲਾਕੇ ਦੇ ਬੇਰੋਕ-ਟੋਕ ਘੁੰਮਦੇ ਇਕ ਪਰਵਾਸੀ ਭਾਰਤੀ ਨੇ ਨਾ ਸਿਰਫ ਆਪਣੀ ਜਾਨ ਗਵਾਈ ਸਗੋਂ ਉਸ ਦੀ ਵਜ੍ਹਾ ਨਾਲ ਅੱਧੀ ਦਰਜਨ ਗੁਆਂਢੀ ਪਿੰਡਾਂ ਦੇ ਲੋਕਾਂ, ਕੁਝ ਹਸਪਤਾਲਾਂ, ਵਿਦਿਅਕ ਸੰਸਥਾਵਾਂ, ਹੋਲਾ-ਮੁਹੱਲਾ ਦੇਖਣ ਗਏ ਹਜ਼ਾਰਾਂ ਲੋਕਾਂ ਦੀਆਂ ਜ਼ਿੰਦਗੀਆਂ ਲਈ ਖਤਰਾ ਖੜ੍ਹਾ ਹੋ ਗਿਆ ਹੈ; ਜਦਕਿ ਸੰਕਟ ਦੀ ਪੇਸ਼ਬੰਦੀ ਲਈ ਇਨ੍ਹਾਂ ਸਭ ਨੂੰ ਹਵਾਈ ਅੱਡਿਆਂ ਉਪਰ ਹੀ ਸਕਰੀਨਿੰਗ ਲਈ ਅਲੱਗ ਕਰਕੇ ਘੱਟੋ-ਘੱਟ ਦੋ ਹਫਤਿਆਂ ਲਈ ਨਜ਼ਰਸਾਨੀ ਹੇਠ ਰੱਖਿਆ ਜਾਣਾ ਚਾਹੀਦਾ ਸੀ ਅਤੇ ਰੱਖਿਆ ਜਾ ਸਕਦਾ ਸੀ। ਗਾਇਕਾ ਕਨਿਕਾ ਕਪੂਰ ਅਤੇ ਮੁੱਕੇਬਾਜ਼ ਮੈਰੀਕਾਮ ਨੂੰ ਜ਼ਰੂਰੀ ਨਜ਼ਰਸਾਨੀ ਤੋਂ ਛੋਟ ਦਿੱਤੀ ਗਈ। ਉਨ੍ਹਾਂ ਵਲੋਂ ਜਸ਼ਨ ਪਾਰਟੀਆਂ ਵਿਚ ਸ਼ਾਮਲ ਹੋਣ ਅਤੇ ਰਾਸ਼ਟਰਪਤੀ, ਯੋਗੀ ਅਦਿਤਿਆਨਾਥ ਸਮੇਤ ਸੱਤਾਧਾਰੀ ਧਿਰ ਦੇ ਬਹੁਤ ਸਾਰੇ ਉਘੇ ਆਗੂਆਂ ਨਾਲ ਮੇਲ-ਮਿਲਾਪ ਦੀਆਂ ਮਿਸਾਲਾਂ ਨੇ ਇਹਤਿਹਾਤੀ ਪੇਸ਼ਬੰਦੀਆਂ ਦੀ ਨਾਲਾਇਕੀ ਦੀ ਪੋਲ ਖੋਲ੍ਹ ਦਿੱਤੀ ਹੈ। ਇਸ ਤਰ੍ਹਾਂ ਦੇ ਨਿੱਤ ਨਵੇਂ ਖੁਲਾਸੇ ਹੋ ਰਹੇ ਹਨ।

ਰਿਪੋਰਟਾਂ ਦੱਸਦੀਆਂ ਹਨ ਕਿ ਸਿਹਤ ਵਿਵਸਥਾ ਇਸ ਸੰਕਟ ਨਾਲ ਨਜਿੱਠਣ ਦੇ ਨਾਕਾਬਿਲ ਹੈ ਅਤੇ ਮੁਲਕ ਦੀਆਂ 51 ਬੀ.ਆਰ.ਡੀ.ਐਲ. ਲੈਬਾਂ ਵਿਚੋਂ ਜ਼ਿਆਦਾਤਰ ਵਿਚ ਇਹ ਟੈਸਟ ਨਹੀਂ ਹੋ ਰਹੇ। ਸਾਰੇ ਸਰਕਾਰੀ ਹਸਪਤਾਲਾਂ ਵਿਚ ਅਜੇ ਲੋੜੀਂਦੇ ਟੈਸਟਾਂ ਦੀ ਵਿਵਸਥਾ ਹੀ ਨਹੀਂ ਹੈ। ਅਜਿਹੇ ਜ਼ਿਲ੍ਹਾ ਹਸਪਤਾਲ ਵੀ ਹਨ ਜਿਥੇ ਵੈਂਟੀਲੇਟਰ ਹੀ ਨਹੀਂ ਹੈ। ਦਿੱਲੀ ਦੇ ਮੁੱਖ ਹਵਾਈ ਅੱਡੇ ਉਪਰ ਹੁਣ ਵੀ ਆਲਮ ਇਹ ਹੈ ਕਿ ਮੁਸਾਫਿਰਾਂ ਨੂੰ ਸਕਰੀਨਿੰਗ ਲਈ 12 ਘੰਟੇ ਲਈ ਇੰਤਜ਼ਾਰ ਕਰਨੀ ਪੈ ਰਹੀ ਹੈ। ਮੁੰਬਈ ਹਵਾਈ ਅੱਡੇ ਉਪਰ ਸਕਰੀਨਿੰਗ ਦੇ ਨਾਂ ਹੇਠ ਕਾਗਜ਼ੀ ਕਾਰਵਾਈ ਦੀ ਗਵਾਹੀ ਖੁਦ ਮੁਸਾਫਰ ਦੇ ਰਹੇ ਹਨ। ਉਪਰੋਂ ਅਚਾਨਕ ਲਾਕਡਾਊਨ ਅਤੇ ਰੇਲਾਂ, ਬੱਸਾਂ, ਹਵਾਈ ਸੇਵਾਵਾਂ ਬੰਦ ਕਰਕੇ ਖੌਫ ਪੈਦਾ ਕਰ ਦਿੱਤਾ ਗਿਆ ਹੈ।

ਜਿਥੋਂ ਤੱਕ ਪ੍ਰਧਾਨ ਮੰਤਰੀ ਦੇ 'ਜਨਤਾ ਕਰਫਿਊ' ਨੂੰ ਹੁੰਗਾਰੇ ਦਾ ਸਵਾਲ ਹੈ, ਇਹ ਅਣਕਿਆਸਿਆ ਨਹੀਂ। ਰਾਸ਼ਟਰਵਾਦੀ ਲਾਈਲੱਗਤਾ ਦੇ ਮਾਹੌਲ ਵਿਚ ਇਸ ਤੋਂ ਵੱਖਰੀ ਉਮੀਦ ਹੋ ਵੀ ਨਹੀਂ ਸਕਦੀ। ਅਵਾਮ ਨੇ ਇਹ ਗਲਤ ਸਮਝ ਲਿਆ ਕਿ 12 ਘੰਟੇ ਦੇ ਕਰਫਿਊ ਨਾਲ ਕਰੋਨਾ ਦੀ ਛੂਤ-ਚੇਨ ਟੁੱਟ ਜਾਵੇਗੀ। ਠੀਕ ਇਸੇ ਦਿਨ ਮੁਲਕ ਦੇ 75 ਜ਼ਿਲ੍ਹਿਆਂ ਵਿਚ ਮੁਕੰਮਲ ਤਾਲਾਬੰਦੀ ਕਰ ਦਿੱਤੀ ਗਈ। ਭੈਭੀਤ ਅਵਾਮ ਵਿਚ ਇਕ ਪਾਸੇ ਅਫਰਾ-ਤਫਰੀ ਮੱਚੀ ਹੋਈ ਹੈ ਅਤੇ ਦੂਜੇ ਪਾਸੇ ਨਾ ਉਨ੍ਹਾਂ ਕੋਲ ਸਾਫ-ਸਫਾਈ ਅਤੇ ਇਹਤਿਹਾਤੀ ਸਾਫ-ਸਫਾਈ ਦੇ ਸਾਧਨ ਹਨ ਅਤੇ ਨਾ ਲੋੜੀਂਦੀ ਜਾਗਰੂਕਤਾ ਹੈ। ਕੁਲ ਮਿਲਾ ਕੇ ਉਹ ਹਾਲਾਤ ਦੀ ਗੰਭੀਰਤਾ ਤੋਂ ਬੇਖਬਰ ਹਨ ਅਤੇ ਇਸ ਮਨੋਦਸ਼ਾ ਅਤੇ ਪ੍ਰਸ਼ਾਸਨਿਕ ਨਾਲਾਇਕੀ ਕਾਰਨ ਪੂਰਾ ਮੁਲਕ ਇਸ ਵਕਤ ਵੱਡੀ ਮਹਾਮਾਰੀ ਦੇ ਕੰਢੇ ਉਪਰ ਪਹੁੰਚ ਗਿਆ ਹੈ। ਇਸ ਦਾ ਇਕ ਇਜ਼ਹਾਰ 'ਜਨਤਾ ਕਰਫਿਊ' ਦੌਰਾਨ ਹੋਇਆ। ਸੜਕਾਂ ਉਪਰ ਹਜੂਮਾਂ ਦਾ ਭੰਗੜੇ ਪਾ ਕੇ ਜਸ਼ਨ ਮਨਾਉਣਾ; ਗੱਡੀਆਂ ਭਰ ਭਰ ਕੇ ਕਾਫਲੇ ਬੰਨ੍ਹ ਕੇ ਮੋਦੀ ਹਮਾਇਤੀਆਂ ਦਾ 'ਜਨਤਾ ਕਰਫਿਊ' ਦਾ ਪ੍ਰਚਾਰ ਕਰਨਾ; ਹੱਥਾਂ ਦੀ ਸਫਾਈ ਰੱਖਣ ਅਤੇ ਇਕ ਦੂਜੇ ਤੋਂ ਨਿਸ਼ਚਿਤ ਵਿਥ ਬਣਾਈ ਰੱਖਣ ਦੀਆਂ ਨਸੀਹਤਾਂ ਦੀਆਂ ਧੱਜੀਆਂ ਉਡਾਉਣਾ ਅਤੇ ਉਚ ਪੁਲਿਸ ਅਧਿਕਾਰੀਆਂ ਦਾ ਸੰਖ ਵਜਾਉਂਦੇ ਹੋਏ ਭਗਵੇਂ ਹਜੂਮਾਂ ਦਾ ਹਿੱਸਾ ਬਣਨਾ ਇਸ ਨੂੰ ਸਮਝਣ ਲਈ ਕਾਫੀ ਹੈ ਕਿ ਪ੍ਰਸ਼ਾਸਨ ਕਰਫਿਊ ਨੂੰ ਲਾਗੂ ਕਰਨ ਲਈ ਕਿੰਨਾ ਕੁ ਗੰਭੀਰ ਸੀ ਅਤੇ ਮੋਦੀ-ਭਗਤ ਹਿੱਸਿਆਂ ਵਿਚ ਮਹਾਮਾਰੀ ਪ੍ਰਤੀ ਕਿਹੋ ਜਿਹੀ ਸੁਹਿਰਦਤਾ ਹੈ।

ਇਕ ਫਾਸ਼ੀਵਾਦੀ ਸਿਆਸਤਦਾਨ ਨੇ ਮਹਾਮਾਰੀ ਨੂੰ ਜਸ਼ਨ ਬਣਾ ਦਿੱਤਾ ਅਤੇ ਗਿਆਨ ਵਿਹੂਣੇ ਹਜੂਮਾਂ ਨੇ ਖੁਦ ਨੂੰ ਤਮਾਸ਼ਾ ਬਣਾ ਲਿਆ। ਆਮ ਲੋਕਾਈ ਨੂੰ ਡੰਡੇ ਮਾਰ ਕੇ ਕਰਫਿਊ ਲਾਗੂ ਕਰਵਾਉਣ ਵਾਲੀ ਪੁਲਿਸ ਇਨ੍ਹਾਂ ਹਜੂਮਾਂ ਪ੍ਰਤੀ ਤਮਾਸ਼ਬੀਨ ਬਣੀ ਰਹੀ ਜੋ ਪੁਰਅਮਨ ਪ੍ਰਦਰਸ਼ਨਾਂ ਨੂੰ ਖਦੇੜਨ ਲਈ ਅਕਸਰ ਹੀ ਲਾਠੀ-ਗੋਲੀ ਦਾ ਬੇਦਰੇਗ ਇਸਤੇਮਾਲ ਕਰਦੀ ਹੈ। ਮੋਦੀ ਭਗਤਾਂ ਦੇ ਮੁਕਾਬਲੇ ਸ਼ਾਹੀਨ ਬਾਗ ਦੀਆਂ 'ਦੇਸ਼ਧ੍ਰੋਹੀ' ਵੀਰਾਂਗਣਾਂ ਦਾ ਜਜ਼ਬਾ ਦੇਖੋ ਜਿਨ੍ਹਾਂ ਨੇ ਪ੍ਰਦਰਸ਼ਨ ਦੀ ਜਗ੍ਹਾ ਉਪਰ ਆਪਣਾ ਸੰਕੇਤਕ ਵਿਰੋਧ ਵੀ ਨਵੇਂ ਰੂਪ ਵਿਚ ਬਰਕਰਾਰ ਰੱਖਿਆ ਅਤੇ ਇਕੱਠ ਖਿੰਡਾ ਕੇ ਅਵਾਮੀ ਕਰਫਿਊ ਵੀ ਸੱਚੇ ਮਾਇਨਿਆਂ ਵਿਚ ਲਾਗੂ ਕੀਤਾ; ਲੇਕਿਨ ਧਰਨੇ ਵਾਲੀ ਜਗ੍ਹਾ ਪੁਲਿਸ ਤਾਕਤ ਨਾਲ ਖਾਲੀ ਕਰਵਾ ਲਈ ਗਈ।

ਪ੍ਰਧਾਨ ਮੰਤਰੀ ਨੇ ਜੋ ਕੀਤਾ, ਇਹ ਅਸਲ ਵਿਚ ਹਜੂਮੀ ਮਾਨਸਿਕਤਾ ਨੂੰ ਉਕਸਾਉਣ ਦੀ ਸਿਆਸਤ ਸੀ। ਅਸਿੱਧੇ ਢੰਗ ਨਾਲ ਇਹ ਕਥਿਤ ਬਲਾਵਾਂ ਨੂੰ ਭਜਾਉਣ ਲਈ ਭਾਂਡੇ ਅਤੇ ਘੰਟੀਆਂ ਵਜਾਉਣ ਦੀ ਬ੍ਰਾਹਮਣਵਾਦੀ ਆਸਥਾ ਦਾ ਪ੍ਰਚਾਰ ਵੀ ਸੀ। ਜਿਹੜੇ ਲੋਕ ਇਸ ਨੂੰ 'ਸਿਹਤ ਕਾਮਿਆਂ ਦੀ ਹੌਸਲਾ-ਅਫਜ਼ਾਈ' ਸਮਝ ਰਹੇ ਹਨ, ਉਹ ਗਲਤੀ ਕਰ ਰਹੇ ਹਨ। ਸਿਹਤ ਕਾਮਿਆਂ ਦੀ ਅਸਲ ਹੌਸਲਾ-ਅਫਜ਼ਾਈ ਸਿਹਤ ਸੇਵਾਵਾਂ ਨੂੰ ਮਹਾਮਾਰੀ ਦਾ ਮੁਕਾਬਲਾ ਕਰਨ ਦੇ ਕਾਬਲ ਬਣਾਉਣ ਲਈ ਜੰਗੀ ਪੱਧਰ 'ਤੇ ਬੱਜਟ ਮੁਹੱਈਆ ਕਰਵਾ ਕੇ ਅਤੇ ਬੁਨਿਆਦੀ ਸਿਹਤ ਢਾਂਚੇ ਨੂੰ ਹੰਗਾਮੀ ਰੂਪ 'ਚ ਵਧਾ ਕੇ, ਇਸ ਖਾਤਰ ਵਿਸ਼ੇਸ਼ ਤੌਰ 'ਤੇ ਲੋੜੀਂਦਾ ਸਾਜ਼ੋ-ਸਮਾਨ ਤੇ ਟੈਸਟਿੰਗ ਕਿਟਾਂ ਮੁਹੱਈਆ ਕਰਾ ਕੇ ਕੀਤੀ ਜਾ ਸਕਦੀ ਸੀ।

ਬੁਰੀ ਤਰ੍ਹਾਂ ਲੜਖੜਾ ਰਹੀ ਸਰਕਾਰੀ ਸਿਹਤ ਵਿਵਸਥਾ ਤੋਂ ਬੋਝ ਘਟਾਉਣ ਲਈ ਪ੍ਰਾਈਵੇਟ ਹਸਪਤਾਲਾਂ ਉਪਰ ਕਰੋਨਾ ਵਾਇਰਸ ਦੇ ਮੁਫਤ ਟੈਸਟਿੰਗ ਦੀ ਸ਼ਰਤ ਲਗਾਈ ਜਾਂਦੀ। ਜਾਨਾਂ ਜ਼ੋਖਮ ਵਿਚ ਪਾ ਕੇ ਹਸਪਤਾਲਾਂ ਨੂੰ ਸਾਫ ਕਰਨ ਵਾਲੇ ਸਫਾਈ ਕਾਮਿਆਂ ਦੇ ਹੌਸਲੇ ਵਧਾਉਣ ਲਈ ਉਨ੍ਹਾਂ ਨੂੰ ਵਿਸ਼ੇਸ਼ ਪੈਕੇਜ ਦਿੱਤਾ ਜਾਂਦਾ। ਫਿਰ ਤਾਂ ਸਮਝ ਆਉਂਦਾ ਕਿ ਜਾਨਾਂ ਜ਼ੋਖਮ ਵਿਚ ਪਾ ਰਹੇ ਕਾਮਿਆਂ ਦਾ ਹੌਸਲਾ ਵਧਾਇਆ ਜਾ ਰਿਹਾ ਹੈ। ਜੋ ਕੀਤਾ ਗਿਆ, ਇਹ ਤਾਂ ਸਗੋਂ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖਿੜਵਾੜ ਹੈ ਅਤੇ ਉਨ੍ਹਾਂ ਨਾਲ ਕੋਝਾ ਮਜ਼ਾਕ ਵੀ। ਠੋਸ ਕਦਮਾਂ ਦੀ ਅਣਹੋਂਦ ਵਿਚ ਥਾਲੀਆਂ, ਟੱਲੀਆਂ ਵਜਾਉਣ ਦੀ ਕਵਾਇਦ ਅੱਖੀਂ ਘੱਟਾ ਪਾਉਣ ਤੋਂ ਸਿਵਾਏ ਕੁਝ ਨਹੀਂ। ਇਹ ਦਰਅਸਲ, ਸੱਤਾਧਾਰੀ ਧਿਰ ਦੇ ਸੱਦਿਆਂ ਦੀ ਹਮਾਇਤ ਦੇ ਆਧਾਰ 'ਤੇ 'ਰਾਸ਼ਟਰ ਵਿਰੋਧੀ' ਅਤੇ 'ਰਾਸ਼ਟਰ ਹਿਤੈਸ਼ੀ' ਦੀ ਪਾਲਾਬੰਦੀ ਦੀ ਸਿਆਸਤ ਦਾ ਜਾਰੀ ਰੂਪ ਹੈ ਜਿਸ ਅਨੁਸਾਰ ਸੱਤਾਧਾਰੀ ਧਿਰ ਲਈ ਅਜਿਹੇ ਸੱਦਿਆਂ/ਨਾਅਰਿਆਂ ਅਤੇ ਨੀਤੀਆਂ ਦੇ ਹੱਕ ਵਿਚ ਹਜੂਮਾਂ ਦੀ ਲਾਮਬੰਦੀ ਜ਼ਰੂਰੀ ਹੈ, ਸੰਕਟ ਮੂੰਹ ਆਏ ਅਵਾਮ ਦੀ ਇਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਨੋਟਬੰਦੀ, ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਅਤੇ ਬਾਬਰੀ ਮਸਜਿਦ ਦੀ ਜਗ੍ਹਾ ਉਪਰ ਹੀ ਰਾਮ ਮੰਦਰ ਬਣਾਉਣ ਦੀ ਜ਼ਿਦ-ਪੁਗਾਈ ਇਸ ਦੀਆਂ ਮਿਸਾਲਾਂ ਹਨ। ਇਸ ਸਿਆਸਤ ਅਨੁਸਾਰ 'ਜਨਤਾ ਕਰਫਿਊ' ਦਾ ਪ੍ਰਚਾਰ ਕਰਨ ਲਈ ਹਜੂਮਾਂ ਦਾ ਸੜਕਾਂ 'ਤੇ ਬਾਘੀਆਂ ਪਾਉਣਾ ਦੇਸ਼ਭਗਤੀ ਹੈ ਜਦਕਿ ਸ਼ਾਹੀਨ ਬਾਗ ਮੋਰਚੇ ਦਾ ਜਾਰੀ ਰਹਿਣਾ ਮੁਲਕ ਲਈ ਖਤਰਾ ਹੈ ਜਿਸ ਨੂੰ ਬੰਦ ਕਰਾਉਣ ਲਈ ਫਿਰਕੂ ਹਜੂਮਾਂ ਨੂੰ ਲਾਮਬੰਦ ਕਰਨ ਅਤੇ ਮੁਜਰਿਮਾਂ ਕੋਲੋਂ ਬੰਬਾਂ, ਪਿਸਤੌਲਾਂ ਦੇ ਹਮਲੇ ਕਰਾਉਣ ਤੋਂ ਵੀ ਗੁਰੇਜ਼ ਨਹੀਂ ਹੈ।

'ਜਨਤਾ ਕਰਫਿਊ', ਥਾਲੀਆਂ-ਟੱਲੀਆਂ-ਤਾੜੀਆਂ ਦੀ ਸਿਆਸਤ ਅਤੇ ਪ੍ਰਸ਼ਾਸਨ ਵਲੋਂ ਮਹਾਮਾਰੀ ਦੀ ਰੋਕਥਾਮ ਲਈ ਚੁੱਕੇ ਜਾਣ ਵਾਲੇ ਹਕੀਕੀ ਇਹਤਿਹਾਤੀ ਕਦਮਾਂ ਦਰਮਿਆਨ ਨਿਖੇੜਾ ਕਰਨਾ ਜ਼ਰੂਰੀ ਹੈ। ਅੱਜ ਮਹਾਮਾਰੀ ਦੀ ਰੋਕਥਾਮ ਲਈ ਲਾਜ਼ਮੀ ਇਹਤਿਹਾਤੀ ਕਦਮਾਂ ਦੀ ਜਾਗਰੂਕਤਾ ਦੇ ਨਾਲ-ਨਾਲ ਸੱਤਾਧਾਰੀ ਧਿਰ ਦੀ ਸਿਆਸਤ ਦੀ ਘਾਤਕ ਭੂਮਿਕਾ ਨੂੰ ਸਮਝਣਾ ਅਤੇ ਅਵਾਮ ਨੂੰ ਇਸ ਬਾਰੇ ਜਾਗਰੂਕ ਕਰਨਾ ਵੀ ਜ਼ਰੂਰੀ ਹੈ।

## ਜਨਤਾ ਕਰਫਿਊ: ਲੋਕਾਂ ਨੇ ਤਾੜੀਆਂ ਵਜਾਈਆਂ ਤੇ ਥਾਲੀਆਂ ਖੜਕਾਈਆਂ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਤਾ ਕਰਫਿਊ ਨੂੰ ਪੁਰਜ਼ੋਰ ਹੁੰਗਾਰਾ ਦਿੰਦਿਆਂ ਸ਼ਾਮ 5 ਵਜੇ ਲੋਕਾਂ ਨੇ ਆਪਣੇ ਘਰਾਂ ਦੀਆਂ ਖਿੜਕੀਆਂ ਅਤੇ ਬਾਲਕੋਨੀਆਂ ਵਿਚ ਖੜ੍ਹ ਕੇ 5 ਮਿੰਟਾਂ ਲਈ ਥਾਲੀਆਂ, ਤਾੜੀਆਂ, ਸ਼ੰਖ ਆਦਿ ਵਜਾ ਕੇ ਡਾਕਟਰਾਂ, ਮੈਡੀਕਲ ਸਟਾਫ, ਸਫਾਈ ਮੁਲਾਜ਼ਮਾਂ, ਪੁਲਿਸ ਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਕਰੋਨਾ ਵਾਇਰਸ ਦੇ ਵਿਆਪਕ ਕਹਿਰ ਦੀ ਪੇਸ਼ਬੰਦੀ ਵਜੋਂ ਪ੍ਰਧਾਨ ਮੰਤਰੀ ਦੇ ਜਨਤਾ ਕਰਫਿਊ ਦੇ ਸੱਦੇ ਨੂੰ ਬਠਿੰਡਾ ਵਾਸੀਆਂ ਨੇ ਭਰਵਾਂ ਹੁੰਗਾਰਾ ਦਿੱਤਾ। ਪਹਿਲੀ ਦਫਾ ਬਠਿੰਡਾ ਦੇ ਰੇਲ ਜੰਕਸ਼ਨ 'ਤੇ ਖਾਮੋਸ਼ੀ ਦਾ ਸਾਇਆ ਰਿਹਾ। ਬਿਮਾਰ ਜਾਂ ਜ਼ਰੂਰੀ ਕੰਮ-ਧੰਦੇ ਵਾਲੇ ਕੁਝ ਵਿਅਕਤੀਆਂ ਨੂੰ ਛੱਡ ਕੇ ਬਾਕੀ ਲੋਕਾਂ ਨੇ ਘਰ ਬੈਠਣ ਨੂੰ ਤਰਜੀਹ ਦਿੱਤੀ। ਨਵੇਂ ਆਦੇਸ਼ਾਂ ਮਗਰੋਂ ਦਿਹਾੜੀਦਾਰ ਕਾਮੇ ਫਿਕਰਮੰਦ ਵਿਖਾਈ ਦਿੱਤੇ।

ਕਰਫਿਊ 'ਚ ਵਾਧੇ ਦਾ ਐਲਾਨ ਦਿਹਾੜੀਦਾਰ ਕਾਮਿਆਂ ਨੂੰ ਆਪਣੇ ਘਰਾਂ ਦੇ ਚੁੱਲ੍ਹੇ ਬਲਦੇ ਰੱਖਣ ਲਈ ਚਿੰਤਤ ਕਰਨ ਲੱਗਾ ਹੈ। ਕੁਝ ਸੰਗਠਨਾਂ ਦੇ ਵਾਲੰਟੀਅਰਾਂ ਵਲੋਂ ਘਰ-ਘਰ ਜਾ ਕੇ ਕਰੋਨਾ ਤੋਂ ਬਚਾਅ ਦਾ ਸੁਨੇਹਾ ਦਿੰਦੇ ਪੈਂਫਲਿਟ ਤੇ ਹੋਰ ਪ੍ਰਚਾਰ ਸਮੱਗਰੀ ਵੰਡੀ ਗਈ। ਕੁਝ ਸੰਸਥਾਵਾਂ ਦੇ ਵਰਕਰਾਂ ਨੇ ਘਰਾਂ 'ਚ ਸੈਨੇਟਾਈਜ਼ਰ ਅਤੇ ਮਾਸਕ ਵੰਡੇ। ਪ੍ਰਸ਼ਾਸਨ ਵਲੋਂ ਕਰੋਨਾ ਤੋਂ ਬਚਣ ਲਈ ਸਪੀਕਰਾਂ ਉਤੇ ਮੁਨਾਦੀ ਕਰ ਕੇ ਲੋਕਾਂ ਨੂੰ ਸੁਚੇਤ ਕੀਤਾ ਗਿਆ।

# ਗੁਰੂ ਗ੍ਰੰਥ ਸਾਹਿਬ, ਸਤਿਕਾਰ ਕਮੇਟੀਆਂ ਤੇ ਨਾਨਕ ਨਾਮ-ਲੇਵਾ ਸੰਗਤ



ਡਾ. ਗੁਰਨਾਮ ਕੌਰ, ਪਟਿਆਲਾ

ਭਾਈ ਗੁਰਦਾਸ ਨੇ ਪਹਿਲੀ ਵਾਰ ਦੀ 27ਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦੇ ਇਸ ਧਰਤੀ 'ਤੇ ਪਰਗਟ ਹੋਣ ਨੂੰ ਚਾਨਣ ਦਾ ਉਦੈ ਹੋਣਾ ਕਿਹਾ ਹੈ, ਜਿਸ ਦੇ ਪਾਸਾਰ ਨਾਲ ਉਲਝਣ, ਅਨਿਸ਼ਚਿਤਤਾ, ਅਸਥਿਰਤਾ ਦੀ ਧੁੰਦ ਹਟ ਜਾਂਦੀ ਹੈ, ਅਰਥਾਤ ਸਾਰਾ ਮਾਹੌਲ ਨਿੱਖਰ ਜਾਂਦਾ ਹੈ; ਇਹ ਗਿਆਨ ਦਾ ਚਾਨਣ ਹੈ, ਜਿਸ ਵਿਚ ਸਭ ਕੁਝ ਸਾਫ ਦਿਸਦਾ ਹੈ। ਇਹ ਇਸੇ ਤਰ੍ਹਾਂ ਹੈ, ਜਿਵੇਂ ਸੂਰਜ ਦੇ ਨਿਕਲਣ ਨਾਲ ਤਾਰੇ ਅਲੋਪ ਹੋ ਜਾਂਦੇ ਹਨ ਅਤੇ ਰਾਤ ਦਾ ਹਨੇਰਾ ਦੂਰ ਹੋ ਕੇ ਸੱਜਰੀ ਸਵੇਰ ਜੀਵਨ ਰੌਂ ਨੂੰ ਸਜੀਵ ਕਰਦੀ ਹੈ ਤੇ ਨਵਾਂ ਸੁਨੇਹਾ ਲੈ ਕੇ ਆਉਂਦੀ ਹੈ।

ਭਾਈ ਗੁਰਦਾਸ ਅੱਗੇ ਕਹਿੰਦੇ ਹਨ ਕਿ ਜਦੋਂ ਸ਼ੇਰ ਜੰਗਲ ਵਿਚ ਆਪਣੀ ਭਬਕ ਮਾਰਦਾ ਹੈ, ਦਹਾੜਦਾ ਹੈ ਤਾਂ ਉਸ ਤੋਂ ਬਚਣ ਲਈ ਭੱਜੇ ਜਾਂਦੇ ਹਿਰਨਾਂ ਦੇ ਝੁੰਡ ਦਾ ਹੌਂਸਲਾ ਨਹੀਂ ਬੱਝਦਾ। ਗੁਰੂ ਨਾਨਕ ਜਿੱਥੇ ਜਿੱਥੇ ਵੀ ਆਪਣੇ ਕਦਮ ਪਾਉਂਦੇ ਹਨ, ਉਹ ਸਥਾਨ ਪੂਜਾ ਦਾ ਸਥਾਨ ਬਣ ਜਾਂਦਾ ਹੈ, ਉਹ ਧਾਰਮਿਕ ਸਥਾਨ ਬਣ ਜਾਂਦਾ ਹੈ। ਸਿੱਧਾਂ ਦੇ ਜਿੰਨੇ ਵੀ ਸਥਾਨ ਸਨ, ਉਹ ਹੁਣ ਗੁਰੂ ਨਾਨਕ ਦੇ ਨਾਮ 'ਤੇ ਜਾਣੇ ਜਾਣ ਲੱਗੇ ਹਨ। ਹਰ ਘਰ ਵਿਚ ਹੁਣ ਬਾਬੇ ਦੀ ਬਾਣੀ ਦਾ ਕੀਰਤਨ ਹੋਣ ਲੱਗਾ ਹੈ, ਜਿਸ ਸਦਕਾ ਘਰ 'ਧਰਮਸਾਲ' ਅਰਥਾਤ ਧਰਮ-ਸਥਾਨ ਜਾਪਣ ਲੱਗ ਪਏ ਹਨ। ਇਥੇ ਇਹ ਗੱਲ ਖਾਸ ਨੋਟ ਕਰਨ ਵਾਲੀ ਹੈ ਕਿ ਘਰਾਂ ਦੇ ਅੰਦਰ ਬਾਣੀ ਦਾ ਕੀਰਤਨ ਹੋਣ ਲੱਗਾ ਹੈ, ਜਿਸ ਦਾ ਅਰਥ ਇਹ ਵੀ ਬਣਦਾ ਹੈ ਕਿ ਬਾਬੇ ਨਾਨਕ ਦਾ ਮਕਸਦ ਆਮ ਲੋਕਾਈ ਨੂੰ ਸ਼ਬਦ, ਬਾਣੀ ਦੇ ਕੀਰਤਨ ਨਾਲ ਜੋੜ ਕੇ, ਲੋਕ-ਮਨਾਂ ਵਿਚੋਂ ਵਹਿਮ-ਭਰਮ, ਅਗਿਆਨ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦੇ ਚਾਨਣ ਨਾਲ ਰੌਸ਼ਨ ਕਰਨਾ ਸੀ। ਬਾਬੇ ਨੇ ਚਾਰੇ ਦਿਸ਼ਾਵਾਂ ਤਾਰ ਦਿਤੀਆਂ ਅਤੇ ਪ੍ਰਿਥਵੀ ਦੇ ਨੌਆਂ ਖੰਡਾਂ ਵਿਚ ਸੱਚ ਦਾ ਮੇਲ ਹੋ ਗਿਆ। ਇਸ ਤਰ੍ਹਾਂ ਕਲਿਜੁਗ ਦੇ ਸਮੇਂ ਵਿਚ ਜਿਸ ਦੀ ਵਿਆਖਿਆ ਆਮ ਤੌਰ 'ਤੇ ਧਰਮ ਵੱਲੋਂ ਖੰਭ ਲਾ ਕੇ ਉਡ ਜਾਣ ਦੇ ਰੂਪ ਵਿਚ ਕੀਤੀ ਜਾਂਦੀ ਹੈ, ਗੁਰੂ ਨਾਨਕ ਸਾਹਿਬ ਨੇ ਪਰਗਟ ਹੋ ਕੇ ਗਿਆਨ ਦਾ ਚਾਨਣ ਫੈਲਾਇਆ।

ਭਾਈ ਗੁਰਦਾਸ ਨੇ ਉਦਾਸੀਆਂ ਪਿਛੋਂ ਗੁਰੂ ਨਾਨਕ ਸਾਹਿਬ ਵੱਲੋਂ ਕਰਤਾਰਪੁਰ ਆ ਕੇ ਸੰਸਾਰੀ ਕੱਪੜੇ ਪਹਿਨ ਕੇ ਕਿਰਤ ਦੀ ਕਾਰ ਕਰਦਿਆਂ ਲੋਕਾਈ ਨੂੰ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੇ ਰਸਤੇ ਤੋਰਨ ਦੇ ਕਾਰਜ ਦਾ ਬਿਆਨ ਕਰਦਿਆਂ ਕਿਹਾ ਹੈ, "ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।' ਇਸ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬਾਣੀ ਨੂੰ, ਸ਼ਬਦ ਨੂੰ ਗੁਰੂ ਸਾਹਿਬਾਨ ਨੇ ਗਿਆਨ ਦਾ ਸੋਮਾ ਨਿਰਧਾਰਤ ਕੀਤਾ, ਜਿਸ ਰਾਹੀਂ ਅਗਿਆਨ ਦਾ ਹਨੇਰਾ, ਵਹਿਮਾਂ-ਭਰਮਾਂ ਦੀ ਧੁੰਦ ਮਨੁੱਖ ਦੇ ਮਨ ਵਿਚੋਂ, ਸੰਸਾਰ ਵਿਚੋਂ ਦੂਰ ਹੋਣੀ ਹੈ। ਗੁਰੂ ਅਮਰਦਾਸ ਜੀ ਨੇ ਸਤਿਗੁਰੂ ਦੀ ਬਾਣੀ ਨੂੰ ਇਸ ਸੰਸਾਰ ਵਿਚ ਚਾਨਣ ਕਰਨ ਵਾਲੀ ਕਿਹਾ ਹੈ, ਜੋ ਜੀਵਨ ਦਾ ਰਸਤਾ ਦਿਖਾਉਂਦੀ ਹੈ ਅਤੇ ਇਹ ਬਾਣੀ ਮਨੁੱਖ ਦੇ ਮਨ ਅੰਦਰ ਰੱਬ ਦੀ ਮਿਹਰ ਸਦਕਾ ਆ ਕੇ ਵਸਦੀ ਹੈ, "ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥"

ਇਸ ਚਾਨਣ ਬਖਸ਼ਣ ਵਾਲੀ ਗੁਰਬਾਣੀ ਨੂੰ ਅਤੇ ਇਸ ਨਾਲ ਸਿਧਾਂਤਕ ਤੌਰ 'ਤੇ ਇਕਸੁਰਤਾ ਰੱਖਣ ਵਾਲੀ ਸੂਫੀ ਸੰਤਾਂ ਤੇ ਭਗਤਾਂ ਦੀ ਬਾਣੀ ਨੂੰ ਇੱਕ ਥਾਂ ਇਕੱਤਰ ਕਰਕੇ ਗੁਰੂ ਅਰਜਨ ਦੇਵ ਪਾਤਿਸ਼ਾਹ ਨੇ 'ਗ੍ਰੰਥ ਸਾਹਿਬ' ਦਾ ਸਰੂਪ ਬਖਸ਼ਿਸ਼ ਕੀਤਾ। ਦਸਵੀਂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਬਾਕਾਇਦਾ ਪਰੰਪਰਾ ਅਨੁਸਾਰ ਆਉਣ ਵਾਲੇ ਸਰਵ ਸਮਿਆਂ ਵਾਸਤੇ ਗੁਰੂ ਦਾ ਦਰਜਾ ਦੇ ਕੇ ਸੰਗਤਿ ਨੂੰ ਸ਼ਬਦ ਗੁਰੂ ਦੇ ਲੜ ਲਾ ਦਿਤਾ। ਗੁਰੂ ਅਰਜਨ ਦੇਵ ਨੇ 'ਮੁੰਦਾਵਣੀ' ਵਿਚ ਦਸਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਵਸਤਾਂ ਜਾਂ ਪਦਾਰਥ ਪਏ ਹਨ-ਸਤਿ, ਸੰਤੋਖ ਅਤੇ ਵੀਚਾਰ। ਇਸ ਦੇ ਨਾਲ ਹੀ ਵਾਹਿਗੁਰੂ ਦਾ ਅੰਮ੍ਰਿਤ ਨਾਮ ਵੀ ਪਿਆ ਹੈ। ਜੋ ਮਨੁੱਖ ਇਨ੍ਹਾਂ ਵਸਤਾਂ ਨੂੰ ਚੱਖਦਾ ਹੈ, ਉਹ ਤਰ ਜਾਂਦਾ ਹੈ। ਇਹ ਅਜਿਹੀ ਵਸਤੂ ਹੈ, ਜਿਸ ਨੂੰ ਤੱਜਿਆ ਨਹੀਂ ਜਾ ਸਕਦਾ। ਇਸ ਨੂੰ ਹਮੇਸ਼ਾ, ਹਰ ਰੋਜ਼ ਆਪਣੇ ਦਿਲ ਵਿਚ ਵਸਾ ਕੇ ਰੱਖਣਾ ਹੈ। ਇਹ ਸੰਸਾਰ, ਜੋ ਅਗਿਆਨ ਦੇ ਹਨੇਰੇ ਵਿਚ ਗੁੱਸਿਆ ਹੋਇਆ ਹੈ, ਇਸ ਨੂੰ ਗੁਰੂ (ਸ਼ਬਦ) ਦੇ ਚਰਨ ਲੱਗ ਕੇ ਪਾਰ ਕੀਤਾ ਜਾ ਸਕਦਾ ਹੈ। ਸੰਸਾਰ ਦਾ ਇਹ ਜੋ ਵੀ ਪਾਸਾਰਾ ਨਜ਼ਰ ਆਉਂਦਾ ਹੈ, ਇਹ ਉਸ ਬ੍ਰਹਮ ਦਾ ਹੀ ਪਰਗਟ ਰੂਪ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੰਤਾਂ, ਭਗਤਾਂ ਦੀ ਬਾਣੀ ਸ਼ਾਮਲ ਕਰਨ ਲੱਗਿਆਂ ਗੁਰੂ ਸਾਹਿਬ ਨੇ ਜੋ ਪੈਮਾਨਾ ਰੱਖਿਆ, ਉਹ ਸੀ ਵਿਚਾਰਧਾਰਾ, ਫਲਸਫੇ ਦੀ ਸਾਂਝ। ਸੰਤਾਂ ਭਗਤਾਂ ਦੀ ਬਾਣੀ ਨੂੰ ਸ਼ਾਮਲ ਕਰਨ ਲੱਗਿਆਂ ਧਰਮ, ਜਾਤ-ਪਾਤ ਜਾਂ ਉਚ-ਨੀਚ ਜਿਹਾ ਕੋਈ ਪੈਮਾਨਾ ਨਹੀਂ ਵਰਤਿਆ ਗਿਆ, ਕਿਉਂਕਿ ਗੁਰੂ ਸਾਹਿਬ ਦੇ ਸਾਹਮਣੇ ਮਨੁੱਖ ਦੀ ਸਾਂਝ ਦਾ ਪੈਮਾਨਾ ਸਭ ਦਾ ਉਸ ਇੱਕ ਅਕਾਲ ਪੁਰਖ ਦੀ ਜੋਤਿ ਤੋਂ ਪ੍ਰਕਾਸ਼ਿਤ ਹੋਣਾ ਹੈ, ਜਿਸ ਨੂੰ 'ਸਭ ਮਹਿ ਜੋਤਿ ਜੋਤਿ ਹੈ ਸੋਇ' ਕਿਹਾ ਹੈ। ਗੁਰੂ ਅਤੇ ਗੁਰੂ ਦੀ ਬਾਣੀ ਸਰਵ ਸਾਂਝੀ ਹੈ, ਇਸ ਉਤੇ ਕਿਸੇ ਦਾ ਵੀ ਕੋਈ ਏਕਾ-ਅਧਿਕਾਰ ਨਹੀਂ ਹੈ। ਗੁਰੂ ਉਤੇ ਕਬਜ਼ਾ ਕਿਵੇਂ ਕੀਤਾ ਜਾ ਸਕਦਾ ਹੈ? ਗੁਰੂ ਸਭਨਾਂ ਦਾ ਸਾਂਝਾ ਹੈ। ਜੋ ਵੀ ਪ੍ਰਾਣੀ ਗੁਰੂ ਦੀ ਸ਼ਰਨ ਆਉਣਾ ਲੋਚਦਾ ਹੈ, ਉਸ ਨੂੰ ਰੋਕਿਆ ਨਹੀਂ ਜਾ ਸਕਦਾ। ਗੁਰੂ ਅਰਜਨ ਦੇਵ ਨੇ ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਰੱਖੇ ਤਾਂ ਕਿ ਹਰ ਮਾਈ ਭਾਈ, ਭਾਵੇਂ ਉਹ ਕਿਸੇ ਵੀ ਜਾਤ-ਮਜ਼ਹਬ ਨਾਲ ਸਬੰਧਤ ਹੋਵੇ, ਬਿਨਾ ਕਿਸੇ ਵਿਤਕਰੇ ਦੇ ਦਰਸ਼ਨਾਂ ਲਈ ਆ ਸਕੇ। ਗੁਰੂ ਦਾ ਦੱਸਿਆ ਰਾਹ ਸਰਵ-ਅਲਿੰਗਨਕਾਰੀ ਹੈ, ਜਿੱਥੇ 'ਜੋ ਜੀਅ ਆਵੇ ਸੋ ਰਾਜੀ ਜਾਵੇ' ਦੀ ਧਾਰਨਾ ਅਨੁਸਾਰ ਹਰ ਕਿਸੇ ਲਈ ਗੁਰੂ ਦੀ ਗਲਵੱਕੜੀ ਖੁੱਲ੍ਹੀ ਹੈ।

ਦੂਜੀ ਗੱਲ ਜੋ ਧਿਆਨ ਦੇਣ ਯੋਗ ਹੈ, ਉਹ ਹੈ, ਅਸੀਂ ਗੁਰੂ ਦੇ ਬਣਨਾ ਹੈ, ਗੁਰੂ ਵਾਲੇ ਹੋਣਾ ਹੈ, ਨਾ ਕਿ 'ਗੁਰੂ ਸਾਡਾ ਹੈ' ਜਾਂ 'ਗੁਰੂ ਮੇਰਾ ਹੀ ਹੈ' ਨੂੰ ਰੱਟੇ ਲਾਉਣਾ। ਜਦੋਂ ਸਿੱਖ ਆਪੇ ਨੂੰ ਗੁਰੂ ਦੇ ਸਮਰਪਣ ਕਰਦਾ ਹੈ ਤਾਂ ਸਾਰੇ ਹੱਕ ਗੁਰੂ ਨੂੰ ਸਮਰਪਣ ਕਰ ਦਿੱਤੇ ਜਾਂਦੇ ਹਨ, 'ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥' ਪਰ ਜੋ ਕੁਝ ਮੌਜੂਦਾ ਸਮੇਂ ਵਿਚ ਹੋ ਰਿਹਾ ਹੈ, ਉਹ ਬਹੁਤਾ ਗੁਰੂ ਆਸ਼ੇ ਦੇ, ਗੁਰੂ ਦੇ ਸਿਧਾਂਤਾਂ ਦੇ ਉਲਟ ਹੋ ਰਿਹਾ ਹੈ। ਅੰਮ੍ਰਿਤਧਾਰੀ ਹੋ ਕੇ ਅੰਦਰੋਂ ਹਉਮੈ ਦੂਰ ਹੋਣੀ ਚਾਹੀਦੀ, ਗੁਰੂ ਅਨੁਸਾਰੀ ਕਾਰਜ ਹੋਣੇ ਚਾਹੀਦੇ ਹਨ, ਪਰ ਅਸੀਂ ਸਮਝ ਲੈਂਦੇ ਹਾਂ ਜਿਵੇਂ ਦੁਨੀਆਂ ਭਰ ਦੀ ਸਾਰੀ ਸਮਝ ਹੁਣ ਸਾਡੇ ਅੰਦਰ ਹੀ ਆਪ-ਮੁਹਾਰੇ ਆ ਗਈ ਹੈ। ਇਸ ਤਰ੍ਹਾਂ ਬਹੁਤਾ ਕੁਝ ਰਾਜਨੀਤੀ ਜਾਂ ਕਹਿ ਲਈਏ ਵੋਟਾਂ ਦੀ ਰਾਜਨੀਤੀ ਦੇ ਅਧੀਨ ਤੇ ਚੌਧਰ ਲਈ ਵਾਪਰ ਰਿਹਾ ਹੈ ਅਤੇ ਕਾਫੀ ਕੁਝ ਬਾਣੀ ਤੋਂ ਅਣਜਾਣ ਹੋਣ ਦੇ ਨਾਤੇ, ਨਿਜੀ ਹਉਮੈ ਤੇ ਅਗਿਆਨ ਵਿਚੋਂ ਵਾਪਰ ਰਿਹਾ ਹੈ। ਸਾਨੂੰ ਸਮਝ ਹੀ ਨਹੀਂ ਲੱਗ ਰਹੀ ਕਿ ਅਸੀਂ ਸਿੱਖੀ ਜਾਂ ਸਿੱਖ ਧਰਮ ਦਾ ਨੁਕਸਾਨ ਕਰ ਰਹੇ ਹਾਂ ਕਿ ਕੋਈ ਫਾਇਦਾ ਪਹੁੰਚਾ ਰਹੇ ਹਾਂ? ਇਸੇ ਅਗਿਆਨ, ਹਉਮੈ ਕਰਕੇ ਅਸੀਂ ਸਿੱਖ ਸਮੂਹ ਦੇ ਵੱਡੇ ਭਾਈਚਾਰੇ ਨੂੰ ਪਿੰਡਾਂ ਵਿਚ ਅਲੱਗ ਗੁਰਦੁਆਰੇ ਬਣਾਉਣ ਲਈ ਮਜ਼ਬੂਰ ਕਰ ਦਿੱਤਾ ਹੈ। ਭਾਈ ਗੁਰਦਾਸ ਨੇ ਤਾਂ ਗੁਰੂ ਨਾਨਕ ਦੇ ਪਰਗਟ ਹੋਣ ਨੂੰ ਬਿਆਨ ਕਰਦਿਆਂ ਕਿਹਾ ਹੈ,

ਪਾਰਬ੍ਰਹਮੁ ਪੂਰਨ ਬ੍ਰਹਮੁ
ਕਲਿਜੁਗਿ ਅੰਦਰਿ ਇਕੁ ਦਿਖਾਇਆ।
ਚਾਰੇ ਪੈਰ ਧਰਮ ਦੇ ਚਾਰਿ
ਵਰਨਿ ਇਕੁ ਵਰਨੁ ਕਰਾਇਆ।
ਰਾਣਾ ਰੰਕੁ ਬਰਾਬਰੀ
ਪੈਰੀ ਪਾਵਣਾ ਜਗਿ ਵਰਤਾਇਆ।

ਅਸੀਂ ਆਪਣੀ ਧਾਰਮਿਕ ਹਉਮੈ ਅਧੀਨ ਸਿੱਖ ਪੰਥ ਨੂੰ ਵੱਖ ਵੱਖ ਵਰਨਾਂ, ਜਾਤਾਂ ਵਿਚ ਵੰਡ ਰਹੇ ਹਾਂ। ਅਜਿਹੇ ਮਾਮਲੇ ਵੀ ਪਿਛਲੇ ਦਿਨਾਂ ਵਿਚ ਸਾਹਮਣੇ ਆਏ ਹਨ ਜਦੋਂ ਕਿਸੇ ਪਿੰਡ ਵਿਚ ਦਲਿਤ ਭਾਈਚਾਰੇ ਨੂੰ ਵਿਆਹ ਦੀ ਰਸਮ ਤੋਂ ਪਹਿਲਾਂ, ਜੋ ਸਿੱਖ ਸਮਾਜ ਵਿਚ ਆਮ ਪ੍ਰਚਲਿਤ ਪਰੰਪਰਾ ਹੈ, ਘਰ ਵਿਚ ਪਾਠ ਕਰਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ। ਸਵਾਲ ਹੈ, ਕਿਉਂ? ਗੁਰੂ ਨੇ ਤਾਂ ਬਾਣੀ ਨੂੰ ਘਰ ਘਰ ਗਾਉਣ ਦਾ ਅਦੇਸ਼ ਕੀਤਾ ਹੈ, ਫਿਰ ਅਸੀਂ ਕਿਵੇਂ ਇਸ ਗੱਲ ਦੇ ਠੇਕੇਦਾਰ ਬਣ ਗਏ ਕਿ ਕੌਣ ਆਪਣੇ ਘਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਾ ਸਕਦਾ ਹੈ ਤੇ ਕੌਣ ਨਹੀਂ? ਹਾਂ! ਜੇ ਕੋਈ ਬਹੁਤ ਹੀ ਗਿਆਨਵਾਨ ਹੈ ਤਾਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਘਰ ਲੈ ਕੇ ਜਾਣ ਵਾਲੇ ਪਰਿਵਾਰ ਨੂੰ ਇਹ ਸਮਝਾ ਸਕਦਾ ਹੈ ਕਿ ਗੁਰੂ ਦਾ ਸਤਿਕਾਰ, ਮਾਣ-ਸਨਮਾਨ ਮਰਿਆਦਾ ਅਨੁਸਾਰ ਕਿਵੇਂ ਕਰਨਾ ਹੈ। ਸਿੱਖਾਂ ਦੇ ਬਹੁਤ ਵੱਡੇ ਹਿੱਸੇ, ਜਿਸ ਨੂੰ ਸਹਿਜਧਾਰੀ ਸਿੱਖ ਕਿਹਾ ਜਾਂਦਾ ਹੈ, ਨੂੰ ਵੋਟ ਦੀ ਰਾਜਨੀਤੀ ਅਧੀਨ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਵੋਟ ਪਾਉਣ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਸਹਿਜਧਾਰੀ ਸਿੱਖਾਂ ਵੱਲੋਂ ਭੇਟ ਕੀਤੇ ਮਾਇਆ ਦੇ ਗੱਫੇ ਤਾਂ ਮਨਜ਼ੂਰ ਹਨ, ਪਰ ਸਿੱਖ ਮਾਮਲਿਆਂ ਵਿਚ ਹਿੱਸਾ ਲੈਣ ਦਾ ਉਨ੍ਹਾਂ ਨੂੰ ਕੋਈ ਹੱਕ ਨਹੀਂ?

ਹਰ ਕੋਈ ਆਪਣੇ ਛੋਟੇ ਛੋਟੇ ਦਲ, ਕਮੇਟੀਆਂ ਬਣਾ ਕੇ ਇਹ ਸਮਝਣ ਲੱਗ ਪਿਆ ਹੈ ਕਿ ਸਿੱਖ ਧਰਮ ਦੇ ਉਹ ਹੀ ਰਾਖੇ ਅਤੇ ਠੇਕੇਦਾਰ ਹਨ, ਜਦੋਂ ਕਿ ਸਾਡੇ ਕੋਲ ਸਿਰਮੌਰ ਸੰਸਥਾ ਅਕਾਲ ਤਖਤ ਸਾਹਿਬ ਹੈ, ਜਿੱਥੋਂ ਇਨ੍ਹਾਂ ਆਪੂੰ ਸਿਰਜੀਆਂ ਜਥੇਬੰਦੀਆਂ, ਸੰਸਥਾਵਾਂ ਨੂੰ ਅਗਵਾਈ ਲੈਣੀ ਚਾਹੀਦੀ ਹੈ। ਇਸ ਵੇਲੇ ਸਭ ਤੋਂ ਵੱਧ ਚਰਚਾ ਵਿਚ 'ਸਤਿਕਾਰ ਕਮੇਟੀਆਂ' ਕਹੀ ਜਾਣ ਵਾਲੀ ਸੰਸਥਾ ਹੈ। ਸਿੰਧੀ ਨਾਨਕ ਨਾਮ-ਲੇਵਾ ਲੋਕਾਂ ਦੇ ਘਰ ਵਿਚ ਪਹੁੰਚ ਕੇ ਅਦੇਸ਼ ਕੀਤਾ ਜਾਂਦਾ ਹੈ ਕਿ ਉਹ ਆਪਣੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕਰ ਸਕਦੇ, ਕਿਉਂਕਿ ਉਹ ਪੂਰਨ ਗੁਰਸਿੱਖ ਨਹੀਂ ਹਨ। ਕੀ ਇਸ ਕਿਸਮ ਦਾ ਵਰਤਾਰਾ ਲੋਕਾਂ ਨੂੰ ਬਾਣੀ ਨਾਲ ਜੋੜਦਾ ਹੈ ਜਾਂ ਉਨ੍ਹਾਂ ਨੂੰ ਧੱਕ ਕੇ ਬਾਣੀ ਤੋਂ ਦੂਰ ਕਰ ਰਿਹਾ ਹੈ।

ਸ਼ਾਇਦ ਸਾਡੇ ਵਿਚੋਂ ਬਹੁਤਿਆਂ ਨੂੰ ਇਹ ਨਹੀਂ ਪਤਾ ਕਿ ਸਿੰਧੀ ਹਿੰਦੂ ਸਾਥੋਂ ਕਿਤੇ ਵੱਧ ਗੁਰੂ ਨਾਨਕ ਸਾਹਿਬ ਦੇ ਨਾ ਸਿਰਫ ਸ਼ਰਧਾਲੂ ਹਨ, ਸਗੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਬਹੁਤ ਜੁੜੇ ਹੋਏ ਹਨ। ਇੱਥੋਂ ਤੱਕ ਕਿ ਸਿੰਧੀ ਪਰਿਵਾਰਾਂ ਵਿਚ ਜਦੋਂ ਧੀ ਦਾ ਵਿਆਹ ਕੀਤਾ ਜਾਂਦਾ ਹੈ ਤਾਂ ਉਹ ਹੋਰ ਕੋਈ ਦਾਜ ਭਾਵੇਂ ਦੇ ਸਕਣ ਭਾਵੇਂ ਨਾ, ਪਰ ਉਹ ਧੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਜ਼ਰੂਰ ਦਿੰਦੇ ਹਨ। ਇਸ ਤੋਂ ਸਾਨੂੰ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਹੋਵੇਗਾ ਕਿ ਸਤਿਕਾਰ ਕਮੇਟੀਆਂ ਕਹਾਉਣ ਵਾਲੀਆਂ ਇਹ ਸੰਸਥਾਵਾਂ ਕਿਸ ਕਿਸਮ ਦੀ ਸਿੱਖੀ ਦੀ ਸੇਵਾ ਕਰ ਰਹੀਆਂ ਹਨ ਅਤੇ ਸਿੱਖੀ ਦੀ ਪ੍ਰਫੁਲਤਾ ਵਿਚ ਕਿਸ ਤਰ੍ਹਾਂ ਦਾ ਯੋਗਦਾਨ ਪਾ ਰਹੀਆਂ ਹਨ? ਕੋਈ ਜ਼ਮਾਨਾ ਸੀ ਜਦੋਂ ਹਿੰਦੂ ਪਰਿਵਾਰ ਆਪਣੇ ਵੱਡੇ ਪੁੱਤਰ ਨੂੰ ਸਿੱਖ ਸਜਾਉਣ ਵਿਚ ਮਾਣ ਮਹਿਸੂਸ ਕਰਦੇ ਸਨ, ਪਰ ਹੁਣ ਤਾਂ ਅਸੀਂ ਆਪ ਹੀ ਉਨ੍ਹਾਂ ਨੂੰ ਧੱਕ ਕੇ ਬਾਹਰ ਕੱਢ ਰਹੇ ਹਾਂ। ਬਾਹਰੋਂ ਆ ਕੇ ਕਿਸੇ ਆਰ. ਐਸ. ਐਸ. ਜਾਂ ਕਿਸੇ ਹੋਰ ਅਦਾਰੇ ਨੂੰ ਸਿੱਖੀ ਵਿਚ ਸੰਨ੍ਹ ਲਾਉਣ ਦੀ ਲੋੜ ਨਹੀਂ ਹੈ, ਅਸੀਂ ਆਪ ਹੀ ਇਸ ਪਾਸੇ ਪੂਰਾ ਪ੍ਰਬੰਧ ਕਰੀ ਜਾ ਰਹੇ ਹਾਂ।

ਹੁਣੇ ਹੁਣੇ ਮੈਂ ਭਾਰਤ ਹੋ ਕੇ ਆਈ ਹਾਂ। ਮੇਰੀ ਵੱਡੀ ਭੈਣ ਸਮਰਾਲੇ ਨੇੜੇ ਪਿੰਡ ਮਹਿਦੂਦਾਂ ਵਿਆਹੀ ਹੋਈ ਹੈ। ਇੱਕ ਐਤਵਾਰ ਮੈਂ ਆਪਣੇ ਭਤੀਜੇ ਅਤੇ ਭਤੀਜ-ਬਹੂ ਨਾਲ ਉਥੇ ਮਿਲਣ ਗਈ। ਆਮ ਤੌਰ 'ਤੇ ਅਸੀਂ ਪਿੰਡ ਦੇ ਗੁਰਦੁਆਰੇ ਕੋਲੋਂ ਪਿੰਡ ਨੂੰ ਜਾਂਦੀ ਸਿੱਧੀ ਗਲੀ ਰਾਹੀਂ ਜਾਂਦੇ ਹਾਂ, ਪਰ ਉਸ ਦਿਨ ਅੱਗੋਂ ਰਸਤਾ ਬੰਦ ਸੀ ਅਤੇ ਪੁਛਣ 'ਤੇ ਪਤਾ ਲੱਗਾ ਕਿ ਸ਼ਾਮਿਆਨੇ ਲਾ ਕੇ ਮਹੰਤਾਂ ਦੇ ਪਰਿਵਾਰ ਵੱਲੋਂ ਰਮਾਇਣ ਦਾ ਪਾਠ ਕਰਾਇਆ ਜਾ ਰਿਹਾ ਸੀ। ਮੈਂ ਇਸ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਕਿਉਂਕਿ ਉਸ ਪਰਿਵਾਰ ਦੇ ਮੁੰਡੇ ਪਟਿਆਲੇ ਵਿਚ ਵੀ ਬਿਜਲੀ ਦੇ ਸਮਾਨ ਅਤੇ ਫਿਟਿੰਗ ਵਗੈਰਾ ਦਾ ਬਿਜ਼ਨਸ ਕਰਦੇ ਹਨ, ਜਿਸ ਕਰਕੇ ਉਨ੍ਹਾਂ ਨਾਲ ਪਟਿਆਲੇ ਰਹਿੰਦਿਆਂ ਵਾਹ ਪੈਂਦਾ ਰਿਹਾ ਹੈ। ਬਾਵਿਆਂ ਜਾਂ ਮਹੰਤਾਂ ਦੇ ਇਹ ਸਾਰੇ ਪਰਿਵਾਰ ਦਾੜ੍ਹੀ-ਕੇਸਾਂ ਵਾਲੇ ਅਤੇ ਦਸਤਾਰਧਾਰੀ ਹਨ ਅਤੇ ਉਨ੍ਹਾਂ ਦੀ ਆਸਥਾ ਗੁਰੂ ਗ੍ਰੰਥ ਸਾਹਿਬ ਨਾਲ ਜੁੜੀ ਹੋਈ ਹੈ।

ਪਹਿਲਾਂ ਉਹ ਗੁਰੂ ਗ੍ਰੰਥ ਸਾਹਿਬ ਦਾ ਪਾਠ ਆਪਣੇ ਖਾਸ ਸਥਾਨ 'ਤੇ ਕਰਾਉਂਦੇ ਹੁੰਦੇ ਸੀ, ਪਰ ਸਤਿਕਾਰ ਕਮੇਟੀ ਦੇ ਉਜਰ ਕਾਰਨ ਉਨ੍ਹਾਂ ਨੇ ਖਾਸ ਤੌਰ 'ਤੇ ਧਰਮਸਾਲਾ ਉਸਾਰੀ ਹੈ ਤਾਂ ਕਿ ਪਾਠ ਉਥੇ ਕਰਵਾ ਸਕਣ। ਉਹ ਸਤਿਕਾਰ ਕਮੇਟੀ ਦੇ ਕਿਸੇ ਮੈਂਬਰ ਨੂੰ ਨਾਲ ਲੈ ਕੇ ਗਏ ਅਤੇ ਧਰਮਸਾਲਾ ਦਿਖਾਈ, ਜਿੱਥੇ ਉਨ੍ਹਾਂ ਨੇ ਪਾਠ ਕਰਾਉਣਾ ਸੀ; ਪਰ ਉਸ ਭਲੇਮਾਣਸ ਨੇ ਬਜਾਇ ਇਸ ਦੇ ਕਿ ਉਹ ਇਹ ਦਸਦਾ, ਉਨ੍ਹਾਂ ਨੂੰ ਪਾਠ ਕਰਾਉਣ ਵੇਲੇ ਕਿਨ੍ਹਾਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਸਾਫ ਇਨਕਾਰ ਕਰ ਦਿਤਾ ਕਿ ਉਹ ਪਾਠ ਨਹੀਂ ਕਰਾ ਸਕਦੇ। ਹਾਰ ਕੇ ਉਨ੍ਹਾਂ ਨੇ ਆਪਣੇ ਜੀਵਨ ਵਿਚ ਪਹਿਲੀ ਵਾਰ ਆਪਣੀ ਪਰੰਪਰਾ ਨੂੰ ਤੋੜਦਿਆਂ ਇਹ ਫੈਸਲਾ ਕੀਤਾ ਕਿ ਰਮਾਇਣ ਦਾ ਪਾਠ ਹੀ ਕਰਵਾ ਲਿਆ ਜਾਵੇ।

ਸਵਾਲ ਹੈ ਕਿ ਕੀ ਉਸ 'ਸਿੰਘ' ਨੇ ਸਿੱਖੀ ਦੀ ਸੇਵਾ ਕੀਤੀ ਹੈ ਜਾਂ ਬਾਣੀ ਨੂੰ 'ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ' ਦੀ ਧਾਰਨਾ ਦੇ ਉਲਟ ਦਿਸ਼ਾ ਵਿਚ ਕੰਮ ਕੀਤਾ ਹੈ? ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਬੇਨਤੀ ਹੈ ਕਿ ਅਜਿਹੀਆਂ ਆਪੂੰ ਬਣੀਆਂ ਕਮੇਟੀਆਂ ਨੂੰ ਕਿਸੇ ਨਿਯਮਾਂ ਦੇ ਅਧੀਨ ਲਿਆਂਦਾ ਜਾਵੇ ਅਤੇ ਦਿਸ਼ਾ-ਨਿਰਦੇਸ਼ ਦਿਤੇ ਜਾਣ ਤਾਂਕਿ ਆਮ ਨਾਨਕ ਨਾਮ-ਲੇਵਾ ਲੋਕਾਂ ਨੂੰ ਜਲੀਲ ਨਾ ਹੋਣਾ ਪਵੇ ਅਤੇ ਬਾਣੀ ਪੜ੍ਹਨ-ਸੁਣਨ ਤੋਂ ਉਨ੍ਹਾਂ ਨੂੰ ਮਹਿਰੂਮ ਨਾ ਕੀਤਾ ਜਾਵੇ।

ਇੱਕ ਗੱਲ ਵੱਲ ਹੋਰ ਧਿਆਨ ਦੁਆਉਣਾ ਚਾਹੁੰਦੀ ਹਾਂ ਕਿ 'ਸਤਿਕਾਰ ਕਮੇਟੀ' ਦੇ ਮੈਂਬਰ ਕਹਾਉਂਦੇ ਇਹ ਦੋ ਬੰਦੇ, ਜੋ ਆਮ ਤੌਰ 'ਤੇ ਆਸ-ਪਾਸ ਸਰਗਰਮ ਹਨ, ਵਿਚੋਂ ਇੱਕ ਨਿਹੰਗ ਸਿੰਘ ਦੇ ਬਾਣੇ ਵਿਚ ਥਰੀ-ਵੀਲਰ ਚਲਾਉਂਦਾ ਹੈ ਅਤੇ ਦੂਜਾ ਸ਼ਹਿਰ ਦੇ ਕਿਸੇ ਮੋੜ 'ਤੇ 'ਸੁਖਨਿਧਾਨ' ਰਗੜ ਕੇ ਉਸ ਦੇ ਗਿਲਾਸ ਭਰ ਭਰ ਸਵੇਰ ਤੋਂ ਹੀ ਨੌਜਆਨਾਂ ਨੂੰ ਘੋਰ ਘੋਰ ਕੇ ਪਿਲਾਉਣੇ ਸ਼ੁਰੂ ਕਰ ਦਿੰਦਾ ਹੈ। ਮੈਂ ਨਹੀਂ ਜਾਣਦੀ ਇਸ ਵਿਚ ਕਿੰਨੀ ਕੁ ਸੱਚਾਈ ਹੈ, ਪਰ ਸੁਣਨ 'ਚ ਇਹੀ ਕੁਝ ਆਇਆ ਹੈ। ਅਜਿਹੇ 'ਮਹਾਂਪੁਰਖਾਂ' ਨੂੰ ਬਾਣੀ ਦੀ ਕਿੰਨੀ ਕੁ ਸਮਝ ਹੋ ਸਕਦੀ ਹੈ ਅਤੇ ਸਿੱਖ ਪੰਥ ਦੀ ਉਹ ਕਿਹੋ ਜਿਹੀ ਸੇਵਾ ਕਰ ਰਹੇ ਹਨ, ਇਸ ਦਾ ਅੰਦਾਜ਼ਾ ਸਿੱਖ ਸੰਗਤ ਆਪ ਲਾ ਸਕਦੀ ਹੈ।

# ਤਿੰਨ ਦੰਦੀ ਰਾਜਨੀਤੀ-ਦੰਡ, ਦੰਗੇ, ਦੰਗਈ

ਦਲਵਿੰਦਰ ਸਿੰਘ ਘੁੰਮਣ
ਫੋਨ: +33630073111

ਨਫਰਤ ਦੀ ਅੱਗ ਬਹੁਤ ਭਿਆਨਕ ਨਤੀਜੇ ਪੇਸ਼ ਕਰਦੀ ਹੈ। ਪਸ਼ੂਆਂ, ਜਾਨਵਰਾਂ ਤੇ ਪੰਛੀਆਂ ਵਿਚ ਵੀ ਨਫਰਤ ਦੇ ਤੱਤ ਮਿਲਦੇ ਹਨ, ਪਰ ਇਨਸਾਨ ਵਿਧੀਬੰਦ ਤਰੀਕੇ ਵਰਤਦਾ ਹੈ। ਨਫਰਤ ਦੀ ਘਾਣੀ ਵਿਚ ਫਸਿਆ ਵਿਅਕਤੀ ਆਪਣੀ ਹੋਸ਼, ਸੁਧ-ਬੁੱਧ ਤੇ ਨਫੇ-ਨੁਕਸਾਨ ਤੋਂ ਹੀਣਾ ਹੋ ਜਾਂਦਾ ਹੈ। ਨਫਰਤ ਕਿਸੇ ਇਕ ਵਿਅਕਤੀ, ਇਕ ਕੌਮ, ਇਕ ਦੇਸ਼ ਵਿਰੁਧ ਹੋ ਸਕਦੀ ਹੈ।

ਇਕ ਫੌਜੀ ਨੌਜਵਾਨ ਪਹਿਲੀ ਸੰਸਾਰ ਜੰਗ ਵਿਚ ਆਪਣੀ ਕੌਮ ਅਤੇ ਦੇਸ਼ ਵਲੋਂ ਖੂਨ ਦਾ ਆਖਰੀ ਕਤਰਾ ਵਹਾਉਣ ਤੱਕ ਲੜਿਆ, ਪਰ ਉਸ ਨੂੰ ਬਹੁਤ ਭਾਰੀ ਦੁੱਖ ਹੋਇਆ ਕਿ ਉਸ ਦੀ ਕੌਮ ਅਤੇ ਦੇਸ਼ ਦੀ ਹਾਰ ਹੋਈ ਹੈ। ਬਦਲਾ ਲੈਣ ਲਈ ਨਫਰਤ ਬਿਰਤੀ ਭਾਰੂ ਹੋ ਗਈ। ਆਪਣੇ ਆਗੂਆਂ ਦੀ ਮਾੜੀ ਨੀਤੀ ਦਾ ਗੁੱਸਾ ਲੋਕਾਂ ਵਿਚ ਉਭਾਰਨਾ ਸ਼ੁਰੂ ਕੀਤਾ। ਲੋਕਾਂ ਨੂੰ ਇਹ ਦੱਸਣ ਵਿਚ ਕਾਮਯਾਬ ਹੋ ਗਿਆ ਕਿ ਉਹੀ ਦੇਸ਼ ਨੂੰ ਸਹੀ ਦਿਸ਼ਾ ਦੇ ਸਕਦਾ ਹੈ। ਲੋਕਾਂ ਨੂੰ ਇਕ ਨਸਲ ਦੇ ਵਿਰੋਧ ਵਿਚ ਨਫਰਤ ਨੂੰ ਉਭਾਰਿਆ। ਪਹਿਲੀ ਵਾਰੀ ਹਿੱਸੇਦਾਰੀ ਦੀ ਸਰਕਾਰ ਵਿਚ ਮੁਖੀ ਬਣਿਆ ਅਤੇ ਆਪਣੀ ਵਿਅਕਤੀਗਤ ਨਫਰਤ ਨਾਲ ਦੁਨੀਆਂ ਨੂੰ ਦੂਜੀ ਸੰਸਾਰ ਜੰਗ ਦੇਣ ਦਾ ਕਾਰਨ ਬਣਿਆ, ਜਿਸ ਨਾਲ ਦੁਨੀਆਂ ਦਾ ਵੱਡਾ ਹਿੱਸਾ ਬਰਬਾਦ ਹੋਇਆ। ਲੱਖਾਂ ਲੋਕਾਂ ਦੀਆਂ ਜਾਨਾਂ ਗਈਆਂ। ਉਹ ਸੀ, 'ਰਾਸ਼ਟਰਵਾਦੀ ਜਰਮਨ ਨਾਜੀ ਪਾਰਟੀ' ਦਾ ਹਿਟਲਰ, ਜੋ ਅੱਜ ਤੱਕ ਦੀ ਨਫਰਤ ਦੀ ਰਾਜਨੀਤੀ ਦੀ ਮਿਸਾਲ ਬਣਿਆ।

ਆਦਿ ਯੁੱਗ ਤੋਂ ਨਸਲਾਂ, ਕੌਮਾਂ, ਧਰਮਾਂ ਦੀ ਆਪਸੀ ਨਫਰਤ ਵਿਚ ਇੰਨੇ ਲੋਕ ਮਾਰੇ ਗਏ, ਜਿੰਨੇ ਲੋਕ ਸ਼ਾਇਦ ਦੇਸ਼ਾਂ ਦੀਆਂ ਆਪਸੀ ਸਿੱਧੀਆਂ ਜੰਗਾਂ ਵਿਚ ਮਾਰੇ ਗਏ ਹੋਣ!

ਭਾਰਤੀ ਰਾਜਨੀਤੀ ਵਿਚ ਅੱਜ ਹਿਟਲਰੀ ਸੋਚ ਦੇ ਅੰਸ਼ ਵਿਖਾਈ ਦਿੰਦੇ ਹਨ। ਸੱਤਾ ਪ੍ਰਾਪਤੀ ਲਈ ਵੱਖ ਵੱਖ ਤਰ੍ਹਾਂ ਦੀਆਂ ਨਫਰਤੀ ਖੇਡਾਂ ਖੇਡੀਆਂ ਜਾ ਰਹੀਆਂ ਹਨ। ਜੁਰਮ ਵਾਲੀ ਤੇ ਗੁੰਡਾਗਰਦ ਸਿਆਸਤ ਦਾ ਬੋਲ ਬਾਲਾ ਹੈ। ਭਾਰਤ ਵਿਚਲੀ ਰਾਜਨੀਤੀ ਦੇ ਅੰਗਰੇਜ਼ੀ ਸਾਮਰਾਜ ਦੇ ਖਤਮ ਹੋਣ ਪਿਛੋਂ ਆਪਣੇ ਪੈਰੀਂ ਖੜ੍ਹੇ ਹੋ ਕੇ ਦੁਨੀਆਂ ਦੇ ਹਾਣ ਦਾ ਹੋਣ ਨਾਲੋਂ ਧਰਮ ਦੀ ਵੰਡ ਦੇ ਅਧਾਰਤ ਸਿਆਸਤ ਕੇਂਦ੍ਰਿਤ ਹੋ ਗਈ। ਸੰਤਾਲੀ ਵਿਚ ਦੋ ਦੇਸ਼ਾਂ ਦੀ ਨਫਰਤ ਹੀ ਹਜ਼ਾਰਾਂ ਲੋਕਾਂ ਦੀ ਮੌਤ ਦਾ ਕਾਰਨ ਬਣਿਆ। ਇਹ ਸਹਿਜ ਲੱਗਦੀ ਵੰਡ ਵਿਚ ਦੋ ਕੌਮਾਂ ਨੇ ਵੱਡਾ ਸਾਜਿਸ਼ੀ ਕਹਿਰ ਹੰਢਾਇਆ। ਪਰਦੇ ਪਿੱਛੇ ਰਹਿ ਕੇ ਵੰਡ ਦੀ ਜਿੰਮੇਵਾਰੀ ਔਡ ਹੋਈ ਧਿਰ ਸਿਰ ਮੜ੍ਹਨ ਵਿਚ ਕਾਮਯਾਬੀ ਪ੍ਰਾਪਤ ਕੀਤੀ। ਪਿਛਲੇ ਇਕ ਦਹਾਕੇ ਤੋਂ ਵੱਡੀ ਪੱਧਰ 'ਤੇ ਰਾਜਨੀਤੀ ਵਿਚ ਅਪਰਾਧੀ ਲੋਕਾਂ ਦਾ ਪੈਸਾ, ਡਰ ਭੈਅ ਨਾਲ ਚੁਣੇ ਜਾਣਾ ਹਿਟਲਰ ਦੇ ਸਮੇਂ ਵੱਲ ਵਧਦਾ ਨਜ਼ਰ ਪੈਂਦਾ ਹੈ।

ਇਕ ਕੱਟੜ ਸੰਘ ਦੀ ਨਫਰਤੀ ਚਾਲਾਂ ਦੀ ਗ੍ਰਿਫਤ ਵਿਚ ਆਇਆ ਭਾਰਤ ਦੁਨੀਆਂ ਨਾਲੋਂ ਟੁੱਟਦਾ ਜਾ ਰਿਹਾ ਹੈ। ਮਨੁੱਖੀ ਹੱਕਾਂ ਦੇ ਘਾਣ ਦੀਆਂ ਹਰ ਰੋਜ਼ ਦੀਆਂ ਮਿਸਾਲਾਂ ਵਧ ਰਹੀਆਂ ਹਨ। ਅੱਜ ਭਾਰਤ ਵਿਚਲੀ ਸਿਆਸਤ ਵਿਚ ਜੋ ਵੀ ਲੀਡਰ ਜਾਂ ਪਾਰਟੀ ਘੱਟ ਗਿਣਤੀਆਂ 'ਤੇ ਵੱਧ ਤੋਂ ਵੱਧ ਨਫਰਤ ਪੈਦਾ ਕਰਦਾ ਹੈ, ਉਹ ਕੇਂਦਰੀ ਸਿਆਸਤ ਦੀ ਕੁਰਸੀ ਨੂੰ ਹੱਥ ਪਾ ਲੈਂਦਾ ਹੈ। ਜਿਸ ਨੌਜਵਾਨੀ ਨੇ ਦੇਸ਼ ਦੀ ਵਾਗਡੋਰ ਸੰਭਾਲਣੀ ਸੀ, ਉਹ ਬੇਰੁਜ਼ਗਾਰੀ ਦਾ ਮਾਰਿਆ ਹੱਥ ਵਿਚ ਮਾਰੂ ਹਥਿਆਰ ਅਤੇ ਮਨ ਵਿਚ ਨਫਰਤੀ ਕੋਹੜ ਭਰੀ ਬੈਠਾ ਹੈ। ਭਾਰਤੀ ਆਰਥਕਤਾ ਗੋਡਿਆਂ ਭਾਰ ਹੋ ਗਈ ਹੈ।

1984 ਵਿਚ ਸਿੱਖਾਂ ਦੀ ਤਿੰਨ ਦਿਨਾਂ ਨਸਲਕੁਸ਼ੀ ਭਾਰਤ ਵਿਚ ਪਹਿਲੀ ਸਰਕਾਰੀ ਸਰਪ੍ਰਸਤੀ ਹੇਠ ਹੋਈ, ਜਿਸ ਵਿਚ ਹਜਾਰਾਂ ਸਿੱਖਾਂ ਨੂੰ ਹਰ ਥਾਂ ਕੋਹ ਕੋਹ ਕੇ ਮਾਰਿਆ ਗਿਆ। 2002 ਵਿਚ ਮੁਸਲਮਾਨਾਂ ਦੀ ਵੀ ਤਿੰਨ ਦਿਨਾਂ ਨਸਲਕੁਸ਼ੀ ਵਿਚ ਚਿੱਟੇ ਦਿਨ ਸਿਆਸਤਦਾਨਾਂ ਦੀ ਸਮੂਲੀਅਤ ਵਿਖਾਈ ਦਿੱਤੀ। ਜੇ ਸਭ ਨੂੰ ਇਨਸਾਫ ਮਿਲਿਆਂ ਹੁੰਦਾ ਤਾਂ ਅੱਜ ਦਿੱਲੀ ਵਿਚ ਫਿਰ ਤਿੰਨ ਦਿਨਾਂ ਮੁਸਲਮਾਨਾਂ ਖਿਲਾਫ ਨਫਰਤੀ ਕਹਿਰ ਨਾ ਵਰਤਦਾ। ਇਹ ਕਿਹੜੀਆਂ ਤਾਕਤਾਂ ਹਨ, ਜਿਨ੍ਹਾਂ ਨੂੰ ਤਿੰਨ ਦਿਨਾਂ ਦੀ ਖੁੱਲ੍ਹ ਦਿੱਤੀ ਜਾਂਦੀ ਹੈ? ਪੈਸਾ, ਰਾਡਾਂ, ਕੈਮੀਕਲ ਪਾਊਡਰ, ਟਾਇਰ, ਤੇਲ ਆਦਿ ਕਿਹੜੇ ਸਾਧਨਾਂ ਰਾਹੀਂ ਪਹੁੰਚਦਾ ਹੈ। ਹਰ ਵਾਰ ਨਿਸ਼ਾਨੇ ਦੀ ਨਿਸ਼ਾਨਦੇਹੀ ਵੀ ਪਹਿਲਾਂ ਹੀ ਹੋਈ ਹੁੰਦੀ ਹੈ। ਦੁਕਾਨਾਂ, ਮਕਾਨ, ਧਾਰਮਿਕ ਅਸਥਾਨਾਂ ਅਤੇ ਲੋਕਾਂ ਦੀ ਸਤ ਫੂਕ ਕਰਕੇ ਦਹਿਸਤ ਪਾਈ ਜਾਂਦੀ ਹੈ। ਹਰ ਵਾਰ ਇਕੋ ਜਿਹਾ ਨਾਹਰਾ ਦਿੱਤਾ ਜਾਂਦਾ ਹੈ, "ਮਾਰੋ... ਸਰਦਾਰੋਂ ਕੋ, ਹਮਾਰੀ ਮਾ ਕੋ ਮਾਰਾ ਹੈ।", "ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ।" ਇਸ ਤਰ੍ਹਾਂ ਦੰਗੇ ਭੜਕਾਉਣਾ ਸੋਚੀ ਸਮਝੀ ਸਾਜਿਸ਼ ਹੈ।

ਮੀਡੀਏ ਦਾ ਵੱਡਾ ਹਿੱਸਾ ਦੰਗਿਆਂ ਦਾ ਰੂਪ ਪੇਸ਼ ਕਰਦਾ ਹੈ, ਜਦੋਂ ਕਿ ਹਰ ਵਾਰ ਇਕ ਵੱਡੀ ਧਿਰ ਦੀ ਇਕ ਪਾਸੜ ਸ਼ਮੂਲੀਅਤ ਦੀ ਗੱਲ ਸਾਹਮਣੇ ਆਉਂਦੀ ਹੈ। ਉਹ ਜੋ ਵੀ ਜੁਰਮ ਕਰਨ, ਉਸ ਦੀ ਕੋਈ ਤਫਤੀਸ਼ ਨਹੀਂ ਹੁੰਦੀ। ਵਕੀਲ ਸਿਰਫ ਖਾਨਾਪੂਰਤੀ ਲਈ ਖੜ੍ਹੇ ਹੁੰਦੇ ਹਨ, ਭਾਵੇਂ ਮੁਜਰਿਮਾਂ 'ਤੇ ਉਂਗਲ ਵੀ ਰੱਖੋ। ਸਭ 'ਤਮਾਸ਼ਾ-ਏ-ਨਿਆਂ' ਹੈ, ਕਿਸੇ ਜੁਰਮ ਦੇ ਦੰਡ ਦਾ ਭੈਅ ਨਾ ਪੈਦਾ ਕਰਨਾ ਜਾਂ ਸਗੋਂ ਸਰਕਾਰਾਂ ਦਾ ਦੰਗਈਆਂ ਨਾਲ ਖੜ੍ਹੇ ਹੋਣਾ ਮਨੁੱਖਤਾ ਵਿਰੋਧੀ ਹੈ। ਇਸੇ ਕਰਕੇ ਭਾਰਤ ਦੇ ਕਈ ਲੀਡਰਾਂ ਨੂੰ ਆਪਣੀ ਨਫਰਤੀ ਰਾਜਨੀਤੀ ਦਾ ਸ਼ਿਕਾਰ ਹੋ ਕੇ ਜਾਨ ਤੋਂ ਹੱਥ ਧੋਣੇ ਪਏ। ਬੀਜਿਆ ਬੀਜ, ਵੱਢਣ ਵੇਲੇ ਉਹੀ ਫਲ ਦਿੰਦਾ ਹੈ। ਇਨਸਾਫ ਲਈ ਇਕੱਠੇ ਹੋਣਾ ਦੇਸ਼ ਧ੍ਰੋਹੀ ਕਹਿ ਕੇ ਭੰਡਿਆ ਜਾਂਦਾ ਹੈ। ਲੇਖਕਾਂ, ਅਦਾਕਾਰਾਂ, ਵਿਦਵਾਨਾਂ, ਚਿੰਤਕਾਂ, ਸਨਮਾਨਿਤ ਸ਼ਖਸੀਅਤਾਂ ਵਲੋਂ ਉਠਾਈ ਅਵਾਜ਼ ਨੂੰ ਕਿਸੇ ਪਾਰਟੀ ਜਾਂ ਮਜ਼ਹਬ ਹਮਾਇਤੀ ਕਿਹਾ ਜਾਂਦਾ ਹੈ। ਦੰਡ ਦਾ ਨਾ ਭੈਅ ਹੋਣਾ ਦੰਗਿਆਂ ਨੂੰ ਜਨਮ ਦਿੰਦਾ ਹੈ ਤਾਂ ਹੀ ਦੰਗਈ ਜੇਲ੍ਹਾਂ ਵਿਚ ਨਾ ਹੋ ਕੇ, ਨਿਆਂ ਨੂੰ ਚਿੜਾ ਰਹੇ ਹਨ।

# ਯੂਨਾਈਟਿਡ ਸਿੱਖਸ ਅਤੇ ਵੈਲਫੇਅਰ ਕੌਂਸਲ ਨੇ ਕੀਤਾ 30 ਹਜ਼ਾਰ ਲੋਕਾਂ ਲਈ ਲੰਗਰ ਤਿਆਰ

**ਨਿਊ ਯਾਰਕ (ਬਿਊਰੋ):** ਯੂਨਾਈਟਿਡ ਸਿੱਖਸ ਅਤੇ ਵਰਲਡ ਸਿੱਖ ਪਾਰਲੀਮੈਂਟ ਦੀ ਵੈਲਫੇਅਰ ਕੌਂਸਲ ਨੇ ਨਿਊ ਯਾਰਕ ਸਿਟੀ ਵਿਚ ਰਹਿੰਦੇ 30 ਹਜ਼ਾਰ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕਰਨ ਦੀ ਸੇਵਾ ਨਿਭਾਈ ਹੈ।





ਜਾਣਕਾਰੀ ਅਨੁਸਾਰ ਕਰੋਨਾ ਵਾਇਰਸ ਕਰਕੇ ਸਰਕਾਰੀ ਐਮਰਜੈਂਸੀ ਦੇ ਚੱਲਦਿਆਂ ਨਿਊ ਯਾਰਕ ਸਿਟੀ ਦੇ ਮੇਅਰ ਬਿਲ ਡੀ. ਬਲਾਸਿਉ ਨੇ ਨਿਊ ਯਾਰਕ ਦੇ ਸਿੱਖ ਭਾਈਚਾਰੇ ਤੱਕ ਲੋੜਵੰਦਾਂ ਦੇ ਭੋਜਨ ਲਈ ਪਹੁੰਚ ਕੀਤੀ ਤਾਂ ਉਕਤ ਦੋਵੇਂ ਸੰਸਥਾਵਾਂ ਸੰਗਤਾਂ ਦੇ ਸਹਿਯੋਗ ਨਾਲ ਲੰਗਰ ਦੀ ਸੇਵਾ ਲਈ ਅੱਗੇ ਆਈਆਂ।

ਵਰਲਡ ਸਿੱਖ ਪਾਰਲੀਮੈਂਟ ਦੀ ਵੈਲਫੇਅਰ ਕੌਂਸਲ ਅਨੁਸਾਰ ਸਿੱਖ ਸੈਂਟਰ ਆਫ ਨਿਊ ਯਾਰਕ, ਕੁਈਨਜ਼ ਵਿਲੇਜ ਵਿਖੇ ਕੋਈ 30 ਹਜ਼ਾਰ ਲੋਕਾਂ ਲਈ ਖਾਣਾ ਤਿਆਰ ਕੀਤਾ ਗਿਆ। ਇਸ ਵਿਸ਼ੇਸ਼ ਕਾਰਜ ਲਈ ਗੁਰਦੁਆਰਾ ਸਾਹਿਬ ਦਾ ਰਸੋਈ ਘਰ ਬਾਕਾਇਦਾ ਸੈਨੇਟਾਇਜ਼ ਕੀਤਾ ਗਿਆ ਸੀ। ਸਾਰੀ ਰਸਦ ਸੇਵਾਦਾਰਾਂ ਵੱਲੋਂ ਗੁਰੂਘਰ ਪਹੁੰਚਾਈ ਗਈ ਹੈ ਅਤੇ ਖਾਣਾ ਬਣਾਉਣ ਸਮੇਂ ਖਾਸ ਹਦਾਇਤਾਂ ਦਾ ਵੀ ਖਿਆਲ ਰੱਖਿਆ ਗਿਆ ਹੈ। ਖਾਣਾ ਡੱਬਿਆਂ ਵਿਚ ਬੰਦ ਕੀਤਾ ਗਿਆ, ਜਿਸ ਨੂੰ ਸਰਕਾਰੀ ਨੁਮਾਇਦੇ ਲੋੜਵੰਦਾਂ ਤੱਕ ਪੁੱਜਦਾ ਕਰਨਗੇ।

ਵੈਲਫੇਅਰ ਕੌਂਸਲ ਅਨੁਸਾਰ ਜਿੱਥੇ ਬਹੁਤ ਸਾਰੇ ਅਦਾਰੇ ਕਰੋਨਾ ਕਰਕੇ ਬੰਦ ਹੋ ਗਏ ਹਨ ਅਤੇ ਖਾਣਾ ਬਣਾਉਣ ਵਾਲੇ ਵੱਡੇ ਵੱਡੇ ਅਦਾਰੇ ਵੀ ਛੁੱਟੀ ਕਰ ਗਏ ਹਨ, ਅਜਿਹੀ ਸਥਿਤੀ ਵਿਚ ਨਿਊ ਯਾਰਕ ਦੇ ਮੇਅਰ ਵਲੋਂ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਲੰਗਰ ਤੱਕ ਪਹੁੰਚ ਕਰਨਾ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

ਇਸੇ ਦੌਰਾਨ ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਹਰਦਿਆਲ ਸਿੰਘ ਨੇ ਦੱਸਿਆ ਕਿ ਕਰੋਨਾ ਵਾਇਰਸ ਖਿਲਾਫ ਜੰਗ ਲੜ ਰਹੇ ਮੈਡੀਕਲ ਸਟਾਫ, ਪੁਲਿਸ ਅਧਿਕਾਰੀ ਅਤੇ ਹੋਰ ਵਾਲੰਟੀਅਰਾਂ ਵਿਚ ਵੀ ਇਹ ਲੰਗਰ ਵਰਤਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਮੌਕੇ ਸਾਨੂੰ ਸਭ ਨੂੰ ਮਿਲ ਕੇ ਸਰੱਬਤ ਦੇ ਭਲੇ ਲਈ ਅਰਦਾਸ ਵੀ ਕਰਨੀ ਚਾਹੀਦੀ ਹੈ।

ਸ. ਹਰਦਿਆਲ ਸਿੰਘ ਨੇ ਕਿਹਾ ਕਿ ਯੂਨਾਈਟਿਡ ਸਿੱਖਸ ਸੰਸਥਾ ਵਲੋਂ ਸਮੁੱਚੇ ਵਿਸ਼ਵ ਵਿਚ ਕੁਦਰਤੀ ਆਫਤਾਂ ਵਿਚ ਫਸੇ ਲੋਕਾਂ ਦੀ ਮਦਦ ਕਰਨ ਲਈ ਮੋਹਰੀ ਭੂਮਿਕਾ ਨਿਭਾਈ ਜਾਂਦੀ ਹੈ। ਕੋਰਨਾ ਵਾਇਰਸ ਦਾ ਖਤਰਾ ਦੁਨੀਆਂ ਦੇ ਹਰ ਦੇਸ਼ 'ਤੇ ਮੰਡਰਾ ਰਿਹਾ ਹੈ ਅਤੇ ਹਾਲਾਤ ਇਹੋ ਜਿਹੇ ਬਣੇ ਹੋਏ ਹਨ ਕਿ ਮਦਦ ਕਰਨ ਵਾਲਾ ਵੀ ਇਸ ਦੀ ਲਪੇਟ ਵਿਚ ਆ ਸਕਦਾ ਹੈ, ਪਰ ਗੁਰੂ ਨਾਨਕ ਦੇਵ ਜੀ ਦੇ ਓਟ ਆਸਰੇ ਨਾਲ ਯੂਨਾਈਟਿਡ ਸਿੱਖਸ ਦੇ ਸੇਵਾਦਾਰ ਮਾਨਵਤਾ ਦੀ ਭਲਾਈ ਲਈ ਆਪਣੀਆਂ ਸੇਵਾਵਾਂ ਦੇ ਰਹੇ ਹਨ।

# 29 ਮਾਰਚ ਨੂੰ ਅਰਦਾਸ ਦਿਵਸ ਵਜੋਂ ਮਨਾਉਣ ਦੀ ਅਪੀਲ

**ਨਿਊ ਯਾਰਕ (ਬਿਊਰੋ):** ਅਕਾਲੀ ਦਲ (ਅੰਮ੍ਰਿਤਸਰ) ਦੀ ਕੌਮਾਂਤਰੀ ਕੋਆਰਡੀਨੇਸ਼ਨ ਕਮੇਟੀ ਨੇ ਸੰਸਾਰ ਭਰ ਵਿਚ ਕੋਵਿਡ-19 ਦੇ ਸੰਕਟ ਦਾ ਸਾਹਮਣਾ ਕਰ ਰਹੀ ਸਮੁੱਚੀ ਮਨੁੱਖਤਾ ਨੂੰ ਇਸ ਜ਼ਹਿਰੀਲੇ ਵਾਇਰਸ ਤੋਂ ਨਿਜਾਤ ਦਿਵਾਉਣ ਲਈ 29 ਮਾਰਚ ਨੂੰ ਅਰਦਾਸ ਦਿਵਸ ਵਜੋਂ ਮਨਾਉਣ ਦੀ ਅਪੀਲ ਕੀਤੀ ਹੈ।

ਕਮੇਟੀ ਨੇ ਕਿਹਾ ਕਿ 29 ਮਾਰਚ, ਐਤਵਾਰ ਨੂੰ ਸਵੇਰੇ 10 ਵਜੇ ਨਿਊ ਯਾਰਕ ਸਮੇਂ ਮੁਤਾਬਕ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਚਰਨਾਂ ਵਿਚ ਕੌਮਾਂਤਰੀ ਪੱਧਰ 'ਤੇ ਅਰਦਾਸ ਦਿਵਸ ਮਨਾਉਂਦਿਆਂ ਜਪੁਜੀ ਸਾਹਿਬ ਦਾ ਪਾਠ ਤੇ ਅਰਦਾਸ ਬੇਨਤੀ ਕੀਤੀ ਜਾਵੇ।

ਅਰਦਾਸ ਦਿਵਸ ਦਾ ਫੈਸਲਾ ਅਕਾਲੀ ਦਲ (ਅੰਮ੍ਰਿਤਸਰ) ਦੀਆਂ 18 ਮੁਲਕਾਂ ਦੀਆਂ ਯੂਨਿਟਾਂ ਦੇ ਆਧਾਰ 'ਤੇ ਬਣੀ ਕੌਮਾਂਤਰੀ ਕੋਆਰਡੀਨੇਸ਼ਨ ਕਮੇਟੀ ਦੀ ਲੰਘੇ ਐਤਵਾਰ ਬੂਟਾ ਸਿੰਘ ਖੜੌਦ ਦੀ ਪ੍ਰਧਾਨਗੀ ਹੇਠ ਹੋਈ ਟੈਲੀ ਕਾਨਫਰੰਸ ਵਿਚ ਲਿਆ ਗਿਆ। ਸੁਖਮਿੰਦਰ ਸਿੰਘ ਹੰਸਰਾ ਵਲੋਂ ਪੇਸ਼ ਅਰਦਾਸ ਦਿਵਸ ਦੇ ਮਤੇ 'ਤੇ ਪਾਰਟੀ ਨੇ ਵਿਚਾਰ ਕਰਦਿਆਂ ਸਰਵਸੰਮਤੀ ਨਾਲ ਇਹ ਫੈਸਲਾ ਲਿਆ। ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਗਈ ਹੈ ਕਿ ਹਰ ਪਰਿਵਾਰ ਇਸ ਅਰਦਾਸ ਦਿਵਸ ਵਿਚ ਸ਼ਰਧਾ ਨਾਲ ਹਿੱਸਾ ਲਵੇ।

ਗੁਰੂ ਇਤਿਹਾਸ ਅਨੁਸਾਰ ਮਾਰਚ 1664 ਵਿਚ ਦਿੱਲੀ ਵਿਚ ਲੋਕ ਚੇਚਕ ਦੀ ਮਹਾਂਮਾਰੀ ਦਾ ਸ਼ਿਕਾਰ ਹੋਏ ਸਨ, ਜਦੋਂ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਚ ਔਰੰਗਜ਼ੇਬ ਦੀ ਅਦਾਲਤ ਵਿਚ ਪੇਸ਼ ਹੋਣ ਪਹੁੰਚੇ ਸਨ। ਗੁਰੂ ਸਾਹਿਬ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ ਸਨ, ਜੋ ਹੁਣ ਗੁਰਦੁਆਰਾ ਬੰਗਲਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਗੁਰੂ ਸਾਹਿਬ ਨੇ ਇਥੇ ਮੌਜੂਦ ਸਰੋਵਰ 'ਚੋਂ ਪੀੜਤ ਸੰਗਤ ਦੀ ਜਲ ਨਾਲ ਸੇਵਾ ਕੀਤੀ। ਇਸ ਮੌਕੇ ਚੇਚਕ ਦਾ ਸ਼ਿਕਾਰ ਹੋਣ ਕਾਰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤਿ ਸਮਾ ਗਏ।

ਕਮੇਟੀ ਅਨੁਸਾਰ ਹੁਣ ਜਦੋਂ ਸਾਰਾ ਸੰਸਾਰ ਕਰੋਨਾ ਵਾਇਰਸ ਦੀ ਗ੍ਰਿਫਤ ਵਿਚ ਆ ਚੁਕਾ ਹੈ ਅਤੇ ਵੱਡੀ ਤਾਦਾਦ ਵਿਚ ਮਨੁੱਖਤਾ ਵੱਖ ਵੱਖ ਦੇਸ਼ਾਂ ਵਿਚ ਮੌਤ ਦਾ ਸ਼ਿਕਾਰ ਹੋ ਰਹੀ ਹੈ, ਆਓ ਸਮੁੱਚਾ ਸਿੱਖ ਜਗਤ ਸਮੂਹਕ ਤੌਰ 'ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਵਲੋਂ ਬਖਸ਼ੇ ਸਿਧਾਂਤ ਨੂੰ ਸਮਰਪਿਤ ਹੋ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰੀਏ। ਕਮੇਟੀ ਨੇ ਬੇਨਤੀ ਕੀਤੀ ਹੈ ਕਿ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਅਮਲ 'ਚ ਲਿਆਉਂਦਿਆਂ ਸਥਾਨਕ ਹੈਲਥ ਅਥਾਰਟੀ ਦੀਆਂ ਹਦਾਇਤਾਂ 'ਤੇ ਅਮਲ ਕੀਤਾ ਜਾਵੇ, ਬੇਲੋੜਾ ਘਰੋਂ ਬਾਹਰ ਨਾ ਜਾਇਆ ਜਾਵੇ ਅਤੇ ਹਰ ਤਰ੍ਹਾਂ ਦੇ ਇਕੱਠ ਬੰਦ ਕੀਤੇ ਜਾਣ।

ਇਸ ਟੈਲੀ ਕਾਨਫਰੰਸ ਵਿਚ ਪਾਰਟੀ ਦੇ ਕਨਵੀਨਰ ਬੂਟਾ ਸਿੰਘ ਖੜੌਦ (ਅਮਰੀਕਾ), ਸੁਖਮਿੰਦਰ ਸਿੰਘ ਹੰਸਰਾ (ਕੈਨੇਡਾ), ਸੁਰਜੀਤ ਸਿੰਘ ਕੁਲਾਰ, ਰੁਪਿੰਦਰ ਸਿੰਘ ਬਾਠ, ਮਨਵੀਰ ਸਿੰਘ ਮਾਂਟਰੀਅਲ, ਅਵਤਾਰ ਸਿੰਘ ਮਿਨਹਾਸ, ਜੋਗਾ ਸਿੰਘ ਨਿਊ ਜਰਸੀ; ਐਡਮੰਟਨ ਤੋਂ ਮਨਦੀਪ ਸਿੰਘ, ਸੋਹਣ ਸਿੰਘ, ਗੁਰਜੋਤ ਸਿੰਘ, ਗੁਰਪ੍ਰੀਤ ਸਿੰਘ ਤੇ ਮਲਕੀਤ ਸਿੰਘ ਢੇਸੀ; ਕਰਨੈਲ ਸਿੰਘ, ਮੱਖਣ ਸਿੰਘ ਕਲੇਰ ਸ਼ਿਕਾਗੋ, ਇੰਦਰਜੀਤ ਸਿੰਘ ਨਿਊ ਜਰਸੀ ਅਤੇ ਜਸਪਾਲ ਸਿੰਘ ਬੈਂਸ ਇੰਗਲੈਂਡ ਤੇ ਪਰਮਿੰਦਰ ਸਿੰਘ ਪਾਂਗਲੀ ਸ਼ਾਮਲ ਹੋਏ।

## ਬਦਰੀਨਾਥ ਨੇੜੇ ਢਿੱਗਾਂ ਡਿੱਗਣ ਕਾਰਨ 3 ਮੌਤਾਂ

**ਗੋਪੇਸ਼ਵਰ:** ਬਦਰੀਨਾਥ ਕੌਮੀ ਮਾਰਗ ਉਤੇ ਚੱਟਾਨਾਂ ਤੇ ਪੱਥਰ ਡਿਗਣ ਕਾਰਨ ਇਕ ਜੂਨੀਅਰ ਇੰਜੀਨੀਅਰ ਤੇ ਉਸ ਦੇ ਸਹਾਇਕ ਸਣੇ ਤਿੰਨ ਜਣਿਆਂ ਦੀ ਮੌਤ ਹੋ ਗਈ ਹੈ। ਘਟਨਾ ਸਵੇਰੇ ਕਰੀਬ ਚਾਰ ਵਜੇ ਵਾਪਰੀ ਹੈ ਜਦ ਉਹ ਸੜਕ ਚੌੜੀ ਕਰਨ ਦੇ ਕੰਮ 'ਚ ਜੁਟੇ ਹੋਏ ਸਨ। ਦੇਹਾਂ ਨੂੰ ਮਲਬੇ ਵਿਚੋਂ ਕੱਢਿਆ ਗਿਆ ਹੈ ਤੇ ਟਰੈਫਿਕ ਨੂੰ ਹੋਰ ਰੂਟ ਵੱਲ ਤਬਦੀਲ ਕੀਤਾ ਗਿਆ ਹੈ।






MIDWAY Business Broker
We Build Your Dreams
For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store
MIDWAY REALTY GROUP
We Build Your Dreams
MIDWAY REALTY GROUP
For all your Residential Real Estate Needs
Join our team, we are hiring real estate agents.
We help you to
▸ Home Selling ▸ New Construction
▸ Home Buying ▸ Foreclosed / Short Sale
▸ Rental / Lease ▸ REO'S / HUD Property
WE WILL ASSIST YOU TO PROVIDE FUNDING FROM $25K TO 500K IN 48HRS
List your business at WWW.MBBBIZ.COM
AJEET SINGH : 847-529-9778
NICK VERMA : 630-664-1435



The Law Firm
Of Fatima Johnson
3737 N. Meridian St., Ste 106, Indianapolis, IN 46208
vitalvisa THE LAW FIRM OF FATIMA JOHNSON
ਤੁਸੀਂ ਸਾਡੇ ਲਈ ਬਹੁਤ ਅਹਿਮ ਹੋ
Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?
We are experienced in.
•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)
Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ
Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ
Licensed to Practice Immigration Law in all 50 States.
Ph: 317-252-0013
info@vitalvisa.com
*This is an attorney advertisement*

# ਜੀ.ਐਸ.ਟੀ. ਬਕਾਇਆ ਨਾ ਮਿਲਣ ਕਾਰਨ ਪੰਜਾਬ ਦਾ ਵਿਤੀ ਸੰਕਟ ਵਧਿਆ



**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਪਿਛਲੇ ਸਾਲ ਜੀ.ਐਸ.ਟੀ. ਦਾ ਬਕਾਇਆ ਛੇਤੀ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਇਸ ਦੇ ਬਾਵਜੂਦ ਪੰਜਾਬ ਦਾ 4700 ਕਰੋੜ ਰੁਪਏ ਦਾ ਬਕਾਇਆ ਕੇਂਦਰ ਵੱਲ ਖੜ੍ਹਾ ਹੈ। ਦੇਸ਼ ਵਿਚ ਪਹਿਲਾਂ ਹੀ ਮੰਦੀ ਦਾ ਦੌਰ ਚੱਲ ਰਿਹਾ ਹੈ ਤੇ ਕੋਰੋਨਾਵਾਇਰਸ ਕਾਰਨ ਇਹ ਮੰਦੀ ਕੇਂਦਰ ਤੇ ਪੰਜਾਬ ਸਰਕਾਰ ਲਈ ਹੋਰ ਪਰੇਸ਼ਾਨੀਆਂ ਖੜ੍ਹੀਆਂ ਕਰੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਨੇ ਦਸੰਬਰ ਮਹੀਨੇ ਜੀ.ਐਸ.ਟੀ. ਦਾ ਲਗਭਗ 2100 ਕਰੋੜ ਰੁਪਏ ਦਾ ਬਕਾਇਆ ਦੇਣਾ ਸੀ ਪਰ ਪੰਜਾਬ ਨੂੰ ਸਿਰਫ 1400 ਕਰੋੜ ਰੁਪਏ ਹੀ ਦਿੱਤੇ ਗਏ। ਇਸ ਕਰਕੇ ਸੱਤ ਸੌ ਕਰੋੜ ਰੁਪਏ ਕੇਂਦਰ ਵੱਲ ਬਕਾਇਆ ਰਹਿ ਗਏ ਸੀ। ਉਸ ਤੋਂ ਬਾਅਦ ਜਨਵਰੀ ਤੇ ਫਰਵਰੀ ਦਾ ਬਕਾਇਆ ਦੇਣਾ ਸੀ, ਜਿਹੜਾ ਕਿ ਅਜੇ ਤੱਕ ਨਹੀਂ ਮਿਲਿਆ। ਇਸ ਤਰ੍ਹਾਂ ਸੂਬਾ ਸਰਕਾਰ ਦਾ ਕੇਂਦਰ ਵੱਲ 4700 ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੋ ਗਿਆ ਹੈ। ਪਿਛਲੇ ਕੁਝ ਮਹੀਨਿਆਂ ਤੋਂ ਮੰਦੀ ਦਾ ਦੌਰ ਦਾ ਚੱਲ ਰਿਹਾ ਹੈ ਤੇ ਕੋਰੋਨਾਵਾਇਰਸ ਕਾਰਨ ਹਾਲਾਤ ਹੋਰ ਵਿਗੜਨ ਦਾ ਖਦਸ਼ਾ ਹੈ।

ਇਸ ਕਰਕੇ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਕੋਲੋਂ ਪੈਸਾ ਮਿਲਣ ਵਿਚ ਹੋਰ ਦੇਰੀ ਹੋ ਸਕਦੀ ਹੈ। ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਪਿਛਲੇ ਮਹੀਨੇ ਹੀ ਹੋ ਕੇ ਹਟਿਆ ਹੈ ਤੇ ਇਸ ਲਈ ਨਵੇਂ ਪ੍ਰੋਜੈਕਟਾਂ ਲਈ ਪੈਸਾ ਅਲਾਟ ਕਰਨ ਵਿਚ ਕੁਝ ਸਮਾਂ ਲੱਗੇਗਾ। ਵਿਕਾਸ ਕਾਰਜ ਅਣਮਿਥੇ ਸਮੇਂ ਲਈ ਨਹੀਂ ਟਾਲੇ ਜਾ ਸਕਦੇ ਤੇ ਇਸ ਲਈ ਨਗਰ ਨਿਗਮਾਂ, ਮਿਊਂਸਪਲ ਕਮੇਟੀਆਂ, ਨਗਰ ਕੌਂਸਲਾਂ ਦੀਆਂ ਚੋਣਾਂ ਤੋਂ ਪਹਿਲਾਂ ਸ਼ਹਿਰਾਂ ਤੇ ਕਸਬਿਆਂ ਲਈ ਸੂਬਾ ਸਰਕਾਰ ਨੂੰ ਲਾਜ਼ਮੀ ਤੌਰ ਉਤੇ ਪੈਸਾ ਦੇਣਾ ਪਵੇਗਾ। ਇਸ ਲਈ ਜਾਂ ਤਾਂ ਸੂਬਾ ਸਰਕਾਰ ਨੂੰ ਹੋਰ ਕਰਜ਼ਾ ਲੈਣਾ ਪਵੇਗਾ ਜਾਂ ਕੇਂਦਰ ਸਰਕਾਰ ਨੂੰ ਬਕਾਇਆ ਦੇਣ ਲਈ ਮੁੜ ਅਪੀਲ ਕਰਨੀ ਪਵੇਗੀ। ਦੱਸ ਦਈਏ ਕਿ ਇਸ ਸਮੇਂ ਪੰਜਾਬ ਸਰਕਾਰ ਵੱਡੇ ਵਿੱਤੀ ਸੰਕਟ ਵਿਚ ਹੈ। ਵਿੱਤੀ ਸੰਕਟ ਕਾਰਨ ਚੋਣਾਂ ਸਮੇਂ ਕੀਤੇ ਵਾਅਦੇ ਪੂਰੇ ਕਰਨਾ ਮੁਸ਼ਕਲ ਜਾਪ ਰਿਹਾ ਹੈ।

ਦੱਸ ਦਈਏ ਕਿ ਪੰਜਾਬ ਦੀ ਆਰਥਿਕਤਾ ਨੂੰ ਲੀਹ ਉਤੇ ਲਿਆਉਣ ਲਈ ਕੈਪਟਨ ਸਰਕਾਰ ਫੇਲ੍ਹ ਹੀ ਸਾਬਤ ਹੋਈ ਹੈ। ਕਾਂਗਰਸ ਸਰਕਾਰ ਵੱਲੋਂ ਨਿੱਘਰੀ ਹੋਈ ਵਿੱਤੀ ਹਾਲਤ ਲਈ ਪਿਛਲੀ ਅਕਾਲੀ ਸਰਕਾਰ ਉਤੇ ਹੀ ਠੀਕਰਾ ਭੰਨ ਕੇ ਤਿੰਨ ਸਾਲ ਬੁੱਤਾ ਸਾਰਿਆ ਗਿਆ ਤੇ ਆਪ ਡੱਕਾ ਨਹੀਂ ਤੋੜਿਆ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਸਰਕਾਰ ਦੇ ਚਾਰ ਬਜਟ ਪੇਸ਼ ਕਰ ਚੁੱਕੇ ਹਨ ਪਰ ਇਸ ਬਜਟ ਰਾਹੀਂ ਸੂਬੇ ਦੇ ਭਵਿੱਖ ਦੀ ਵਿੱਤੀ ਤਸਵੀਰ ਨੂੰ ਸਪੱਸ਼ਟ ਕਰਨ ਦੀ ਥਾਂ ਹਨੇਰੀ ਸੁਰੰਗ ਵੱਲ ਧੱਕਣ ਦੀ ਸਥਿਤੀ ਹੀ ਜ਼ਿਆਦਾ ਦਿਖਾਈ ਦੇ ਰਹੀ ਹੈ।

ਵਿੱਤੀ ਪੱਖ ਤੋਂ ਪੰਜਾਬ ਸਰਕਾਰ ਦੀ ਲੰਘੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਦੇਖੀ ਜਾਵੇ ਤਾਂ ਕਰਜ਼ੇ ਲੈ ਕੇ ਗੁਜ਼ਾਰਾ ਕਰਨਾ ਅਤੇ ਤਨਖਾਹਾਂ ਦੇਣ ਸਮੇਤ ਹੋਰ ਬੱਝਵੇਂ ਖਰਚਿਆਂ ਦਾ ਜੁਗਾੜ ਕਰਨਾ ਵੀ ਬਹੁਤ ਵੱਡਾ ਕੰਮ ਲੱਗਦਾ ਰਿਹਾ ਹੈ। ਪੰਜਾਬ ਵਿਚ ਜਦੋਂ ਅਕਾਲੀ-ਭਾਜਪਾ ਸਰਕਾਰ ਨੇ ਕਾਂਗਰਸ ਨੂੰ ਸੱਤਾ ਸੌਂਪੀ ਸੀ ਤਾਂ ਉਸ ਸਮੇਂ ਇਕ ਲੱਖ 82 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ। ਕੈਪਟਨ ਸਰਕਾਰ ਵੱਲੋਂ ਤਿੰਨ ਸਾਲਾਂ ਦੇ ਅਰਸੇ ਤਕਰੀਬਨ 66 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਕੇ ਡੰਗ ਟਪਾਈ ਦੀ ਯੋਜਨਾ ਬਣਾਈ ਗਈ। ਇਹੀ ਕਾਰਨ ਹੈ ਕਿ 31 ਮਾਰਚ 2021 ਤੱਕ 2 ਲੱਖ 48 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਇਸ ਤਰ੍ਹਾਂ ਕਰਜ਼ਾ ਚੜ੍ਹਾਉਣ ਵਿਚ ਕਾਂਗਰਸ ਸਰਕਾਰ ਅਕਾਲੀਆਂ ਨਾਲੋਂ ਪਿੱਛੇ ਨਹੀਂ ਰਹੀ। ਇਸ ਦੇ ਉਲਟ ਪੰਜਾਬ ਸਰਕਾਰ ਆਮਦਨ ਵਧਾਉਣ ਵਿਚ ਕਾਮਯਾਬ ਨਹੀਂ ਹੋਈ। ਇਥੋਂ ਤੱਕ ਕਿ ਬਜਟ ਵਿਚ ਜੋ ਆਸ ਮੁਤਾਬਕ ਅੰਕੜੇ ਪੇਸ਼ ਕਰਕੇ ਸਾਲਾਨਾ ਆਮਦਨ ਦੇ ਦਾਅਵੇ ਕੀਤੇ ਜਾਂਦੇ ਹਨ, ਉਹ ਟੀਚੇ ਵੀ ਪੂਰੇ ਨਹੀਂ ਕੀਤੇ ਜਾ ਸਕੇ। ਦੇਖਿਆ ਜਾਵੇ ਤਾਂ ਆਮਦਨ ਘਟਣ ਕਾਰਨ ਸਰਕਾਰ ਨੂੰ ਸਾਰੇ ਪਾਸਿਆਂ ਤੋਂ ਮਾਰ ਪੈ ਰਹੀ ਹੈ। ਸਭ ਤੋਂ ਵੱਡੀ ਮਾਰ ਸ਼ਰਾਬ ਦੀ ਵਿਕਰੀ ਤੋਂ ਪਈ ਹੈ। ਵੱਡਾ ਸਵਾਲ ਉਠਦਾ ਹੈ ਕਿ ਸਰਕਾਰ ਦੀ ਇਹ ਆਮਦਨ ਕਿੱਧਰ ਜਾ ਰਹੀ ਹੈ ਤੇ ਸਰਕਾਰ ਨੇ ਆਮਦਨ ਵਧਾਉਣ ਅਤੇ ਪੰਜਾਬ ਨੂੰ ਵਿੱਤੀ ਪੱਖ ਤੋਂ ਖੜ੍ਹਾ ਕਰਨ ਲਈ ਉਪਰਾਲੇ ਕਿਉਂ ਨਹੀਂ ਕੀਤੇ। ਪਾਵਰਕੌਮ ਨੂੰ ਸਾਲ 2016-17 ਦੇ ਸਬਸਿਡੀ ਦੇ 2500 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਹੁਣ ਤੱਕ ਨਹੀਂ ਕੀਤਾ ਜਾ ਸਕਿਆ ਤੇ ਪੈਸਾ ਨਾ ਦੇਣ ਕਾਰਨ ਪਾਵਰਕੌਮ ਦੀ ਵੀ ਬੱਤੀ ਗੁੱਲ ਹੋਣ ਦੇ ਕੰਢੇ ਪਹੁੰਚ ਗਈ ਹੈ।

## ਦਿਨਕਰ ਗੁਪਤਾ ਵਲੋਂ ਹੁਣ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਬਾਰੇ ਬਿਆਨ



**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਇਕ ਵੱਡੀ ਚੁਣੌਤੀ ਕਰਾਰ ਦਿੱਤਾ ਹੈ ਪਰ ਨਾਲ ਹੀ ਇਹ ਵੀ ਕਿਹਾ ਕਿ ਪੰਜਾਬ ਪੁਲਿਸ ਨੇ ਇਸ ਦਾ ਮੁਕਾਬਲਾ ਕਰਨ ਲਈ ਮਿਸਾਲੀ ਕੰਮ ਕੀਤਾ ਹੈ, ਜਦਕਿ ਸਰਹੱਦ ਪਾਰ ਅਤਿਵਾਦ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ ਵੀ ਰਿਹਾ ਹੈ।

ਸਰਹੱਦ ਪਾਰ ਅਤਿਵਾਦ ਨੂੰ ਰੋਕਣ ਉਤੇ ਗੱਲਬਾਤ ਦੌਰਾਨ ਡੀ.ਜੀ.ਪੀ. ਨੇ ਕਿਹਾ ਕਿ 1980 ਤੋਂ 1993 ਦੇ ਅਤਿਵਾਦ ਪੜਾਅ ਦੌਰਾਨ ਪੰਜਾਬ ਵਿਚ ਮਿੱਥ ਕੇ ਕਤਲ ਹੋਏ ਅਤੇ ਅਤਿਵਾਦ ਬਹੁਤ ਜ਼ਿਆਦਾ ਕਿਰਿਆਸ਼ੀਲ ਸੀ। ਤਕਰੀਬਨ 28000 ਲੋਕ ਆਪਣੀਆਂ ਜਾਨਾਂ ਗੁਆ ਬੈਠੇ ਪਰ ਪੰਜਾਬ ਪੁਲਿਸ ਨੇ ਰਾਜ ਦੇ ਲੋਕਾਂ ਦੇ ਸਹਿਯੋਗ ਅਤੇ ਮਜ਼ਬੂਤ ਰਾਜਨੀਤਕ ਇੱਛਾ ਨਾਲ ਇਸ ਦਹਿਸ਼ਤ ਉਤੇ ਕਾਬੂ ਪਾਇਆ ਸੀ। ਡੀ.ਜੀ.ਪੀ. ਨੇ ਕਿਹਾ ਕਿ ਇਕ ਸਰਹੱਦੀ ਸੂਬਾ ਹੋਣ ਕਰਕੇ ਪੰਜਾਬ 'ਚ ਪਾਕਿਸਤਾਨ ਆਪਣੇ ਖਾਲਿਸਤਾਨੀ ਏਜੰਡੇ ਨਾਲ ਨੌਜਵਾਨਾਂ ਨੂੰ ਭੜਕਾਉਣ ਲਈ ਨਸ਼ਿਆਂ ਦੀ ਤਸਕਰੀ ਅਤੇ ਅਤਿਵਾਦ ਨੂੰ ਮੁੜ ਪੈਦਾ ਕਰਨ ਲਈ ਡਰੋਨਾਂ ਦੀ ਵਰਤੋਂ ਕਰ ਰਿਹਾ ਹੈ। ਡੀ.ਜੀ.ਪੀ. ਨੇ ਕਿਹਾ ਕਿ ਅਤਿ ਆਧੁਨਿਕ ਹਥਿਆਰ, ਹੱਥ ਗੋਲੇ ਅਤੇ ਨਸ਼ੀਲੇ ਪਦਾਰਥ ਡਰੋਨਾਂ ਰਾਹੀਂ ਭਾਰਤ ਭੇਜੇ ਗਏ। ਉਨ੍ਹਾਂ ਕਿਹਾ, ਹਾਲਾਕਿ, ਉੱਚ ਪੱਧਰੀ ਨਿਗਰਾਨੀ ਅਤੇ ਖੁਫੀਆ ਸੂਚਨਾ ਦੇ ਨਾਲ, ਅਸੀਂ ਇਸ ਨਵੀਂ ਚੁਣੌਤੀ ਨੂੰ ਕਾਬੂ ਕਰਨ 'ਚ ਕਾਫੀ ਸਫਲ ਹੋਏ ਅਤੇ 32 ਅਤਿਵਾਦੀ ਮੌਡਿਊਲਾਂ ਦਾ ਵੀ ਪਰਦਾਫਾਸ਼ ਕੀਤਾ ਹੈ।

ਡੀ.ਜੀ.ਪੀ. ਨੇ ਕਿਹਾ ਕਿ ਪਾਕਿਸਤਾਨ ਦੀ ਲੰਬੀ ਸਰਹੱਦ ਸਾਡੇ ਲਈ ਹਮੇਸ਼ਾਂ ਚੁਣੌਤੀ ਬਣੀ ਰਹੇਗੀ। ਸਾਬਕਾ ਚੀਫ ਇੰਟੀਗਰੇਟਡ ਡਿਫੈਂਸ ਸਟਾਫ ਅਤੇ ਕਸ਼ਮੀਰ ਦੇ ਕੋਰਪਸ ਕਮਾਂਡਰ ਲੈਫਟੀਨੈਂਟ ਜਨਰਲ ਸਤੀਸ਼ ਦੁਆ ਨੇ ਕਿਹਾ ਕਿ ਰਾਜ ਪੁਲਿਸ ਤੋਂ ਇਲਾਵਾ ਕਈ ਏਜੰਸੀਆਂ ਨੇ ਪੰਜਾਬ 'ਚੋਂ ਅਤਿਵਾਦ ਨੂੰ ਖਤਮ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਸ਼ੀਨਾਂ ਨੂੰ ਠੱਲ੍ਹ ਪਾਉਣ ਲਈ ਬਹੁਤ ਹੀ ਸਟੀਕ ਖੁਫੀਆ ਜਾਣਕਾਰੀ ਸਮੇਂ ਦੀ ਲੋੜ ਹਨ। ਏ.ਡੀ.ਜੀ.ਪੀ ਕਮਿਊਨਿਟੀ ਅਫੇਅਰਜ਼ ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਪੰਜਾਬ 'ਚ ਔਰਤਾਂ ਦੀ ਸੁਰੱਖਿਆ ਹਮੇਸ਼ਾ ਇਕ ਵੱਡੀ ਚੁਣੌਤੀ ਰਹੀ ਹੈ, ਇਸ ਲਈ ਪੰਜਾਬ ਸਰਕਾਰ ਨੇ ਕਈ ਠੋਸ ਕਦਮ ਚੁੱਕੇ ਹਨ।

## ਸੜਕ ਹਾਦਸੇ 'ਚ ਪਿੰਡ ਗਿਲਜ਼ੀਆਂ ਦੇ ਨੌਜਵਾਨ ਦੀ ਮੌਤ



**ਨਿਊ ਜਰਸੀ (ਬਿਊਰੋ):** ਇਥੇ ਰੂਟ 202 'ਤੇ ਸਥਿਤ ਇਕ ਭਾਰਤੀ ਰੈਸਟੋਰੈਂਟ 'ਮਸਾਲਾ ਹੱਟ' 'ਚ ਤੰਦੂਰੀਏ ਦਾ ਕੰਮ ਕਰਦੇ ਪਿੰਡ ਗਿਲਜ਼ੀਆਂ ਦੇ ਇਕ (36 ਸਾਲ) ਪੰਜਾਬੀ ਨੌਜਵਾਨ ਦੀ ਪਿਛਲੇ ਦਿਨੀਂ ਕਾਰ ਸੜਕ ਹਾਦਸੇ 'ਚ ਮੌਤ ਹੋ ਗਈ।

ਜਾਣਕਾਰੀ ਅਨੁਸਾਰ ਮ੍ਰਿਤਕ ਸੁਰਿੰਦਰ ਸਿੰਘ ਹੈਪੀ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਗਿਲਜ਼ੀਆਂ, ਥਾਣਾ ਟਾਂਡਾ (ਹੁਸ਼ਿਆਰਪੁਰ) ਰੈਸਟੋਰੈਂਟ ਤੋਂ ਰਾਤ ਕਰੀਬ 8:15 ਵਜੇ ਪੈਦਲ ਨਜ਼ਦੀਕੀ ਪੀਜ਼ਾ ਸਟੋਰ ਤੋਂ ਪੀਜ਼ਾ ਲੈਣ ਜਾ ਰਿਹਾ ਸੀ। ਸੜਕ ਪਾਰ ਕਰਨ ਸਮੇਂ ਧਿਆਨ ਲਾਂਭੇ ਹੁੰਦਿਆਂ ਹੀ ਉਸ ਨਾਲ ਇਕ ਅਮਰੀਕਨ ਦੀ ਕਾਰ ਆ ਵੱਜੀ। ਸੁਰਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੋ ਬੱਚਿਆਂ-13 ਸਾਲਾ ਲੜਕੀ ਅਤੇ 8 ਸਾਲਾ ਲੜਕੇ ਦਾ ਪਿਓ ਸੀ, ਜੋ ਆਪਣੀ ਮਾਂ ਨਾਲ ਇੰਡੀਆ ਰਹਿੰਦੇ ਹਨ।

## ਨਸ਼ੇ ਖਾਤਰ ਹੋਏ ਝਗੜੇ 'ਚ ਪਿਤਾ ਤੇ ਦਾਦੀ ਦਾ ਕਤਲ

**ਅਜਨਾਲਾ:** ਇਥੇ ਵਾਰਡ ਨੰਬਰ ਦੋ 'ਚ ਨਸ਼ੇ ਲਈ ਪੈਸੇ ਮੰਗਣ ਤੋਂ ਹੋਏ ਝਗੜੇ 'ਚ ਪੁੱਤਰ ਨੇ ਆਪਣੇ ਪਿਤਾ ਤੇ ਦਾਦੀ ਦਾ ਕਤਲ ਕਰ ਦਿੱਤਾ। ਵਾਰਦਾਤ ਕਰ ਕੇ ਫਰਾਰ ਹੋਣ ਮੌਕੇ ਉਹ ਕਤਲ ਕੀਤੀ ਆਪਣੀ ਦਾਦੀ ਦੇ ਕੰਨਾਂ ਵਿਚ ਪਾਈਆਂ ਵਾਲੀਆਂ, ਪਿਤਾ ਦੀ ਜੇਬ ਵਿਚ ਪਏ 6 ਹਜ਼ਾਰ ਰੁਪਏ ਅਤੇ ਐਕਟਿਵਾ ਲੈ ਕੇ ਭੱਜ ਗਿਆ।

ਵੇਰਵਿਆਂ ਮੁਤਾਬਕ ਰਮਨ ਕੁਮਾਰ ਪੁੱਤਰ ਮੋਤੀ ਲਾਲ ਨਸ਼ਾ ਖਾਣ ਤੇ ਵੇਚਣ ਦਾ ਆਦੀ ਹੈ। ਕੁਝ ਸਮਾਂ ਪਹਿਲਾਂ ਉਹ ਨਸ਼ਿਆਂ ਦੇ ਮਾਮਲੇ ਵਿਚ ਕੈਦ ਕੱਟ ਕੇ ਆਇਆ ਹੈ। ਜੇਲ੍ਹ ਵਿਚ ਵੀ ਮੁਲਜ਼ਮ ਕੋਲੋਂ ਇਕ ਵਿਅਕਤੀ ਦਾ ਕਤਲ ਹੋ ਗਿਆ ਸੀ। ਕੁਝ ਦਿਨ ਪਹਿਲਾਂ ਹੀ ਉਹ ਰਿਹਾਅ ਹੋ ਕੇ ਆਇਆ ਸੀ। ਰਮਨ ਕੁਮਾਰ ਪਹਿਲਾਂ ਆਪਣੇ ਪਿਤਾ ਤੋਂ ਵੱਖਰਾ ਰਹਿੰਦਾ ਸੀ ਪਰ ਬੀਮਾਰ ਹੋਣ ਕਾਰਨ ਹੁਣ ਪਿਤਾ ਦੇ ਘਰ ਰਹਿਣ ਆਇਆ ਸੀ। ਉਸ ਨੇ ਪਿਤਾ ਮੋਤੀ ਲਾਲ ਭੰਡਾਰੀ ਕੋਲੋਂ ਨਸ਼ਾ ਖਾਣ ਲਈ ਪੈਸਿਆਂ ਦੀ ਮੰਗ ਕੀਤੀ ਪਰ ਉਨ੍ਹਾਂ ਵੱਲੋਂ ਇਨਕਾਰ ਕਰਨ ਉਤੇ ਝਗੜਾ ਹੋ ਗਿਆ।

ਨਸ਼ੇ ਦੀ ਹਾਲਤ 'ਚ ਉਸ ਨੇ ਪਿਤਾ ਦਾ ਰਵਾਇਤੀ ਹਥਿਆਰ ਨਾਲ ਕਤਲ ਕਰ ਦਿੱਤਾ। ਸਾਹਮਣੇ ਕਮਰੇ ਵਿਚ ਉਸ ਦੀ ਦਾਦੀ ਸ਼ਕੁੰਤਲਾ ਰਾਣੀ ਨੇ ਜਦੋਂ ਪੋਤਰੇ ਰਮਨ ਕੁਮਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਆਪਣੀ ਦਾਦੀ ਦਾ ਵੀ ਕਤਲ ਕਰ ਦਿੱਤਾ। ਗੁਆਂਢੀ ਰਾਜੂ ਨੇ ਦੱਸਿਆ ਕਿ ਸੁਖਚੈਨ ਰਮਨ ਕੁਮਾਰ ਦੇ ਭਰਾ ਦੀਪਕ, ਜੋ ਕਿ ਆਪਣੀ ਪਤਨੀ ਸਮੇਤ ਵਿਦੇਸ਼ ਗਿਆ ਹੋਇਆ ਹੈ, ਦਾ ਫੋਨ ਆਇਆ ਕਿ ਉਹ ਘਰ ਫੋਨ ਕਰ ਰਿਹਾ ਹੈ, ਕੋਈ ਉਠਾ ਨਹੀਂ ਰਿਹਾ। ਜਦੋਂ ਰਾਜੂ ਮੋਤੀ ਲਾਲ ਦੇ ਘਰ ਗਿਆ ਤਾਂ ਉਥੇ ਦੋਵਾਂ ਦੀਆਂ ਲਾਸ਼ਾਂ ਪਈਆਂ ਸਨ।

## ਤਿੰਨ ਭਾਰਤੀ ਅਧਿਆਪਕ ਆਲਮੀ ਪੁਰਸਕਾਰ ਦੀ ਦੌੜ 'ਚ

**ਲੰਡਨ:** ਭਾਰਤ ਦੇ ਤਿੰਨ ਅਧਿਆਪਕ 10 ਲੱਖ ਡਾਲਰ ਦੇ ਵਰਕੇਅ ਫਾਊਂਡੇਸ਼ਨ ਆਲਮੀ ਅਧਿਆਪਕ ਪੁਰਸਕਾਰ 2020 ਦੀ ਦੌੜ 'ਚ ਸ਼ਾਮਲ ਹਨ। ਉਨ੍ਹਾਂ ਦੇ ਨਾਮ ਮੋਹਰੀ 50 ਅਧਿਆਪਕਾਂ ਵਿਚ ਸ਼ਾਮਲ ਹਨ। ਰਾਜਸਥਾਨ ਦੇ ਸ਼ਿਕਸ਼ਾ ਨਿਕੇਤਨ ਬੇਅਰਫੁੱਟ ਕਾਲਜ ਦੇ ਸੁਵਾਜੀਤ ਪੇਅਨੇ, ਸੋਲਾਪੁਰ (ਮਹਾਰਾਸ਼ਟਰ) ਦੇ ਪਰੀਤੇਵਾੜੀ ਦੇ ਜ਼ਿਲ੍ਹਾ ਪ੍ਰੀਸ਼ਦ ਪ੍ਰਾਇਮਰੀ ਸਕੂਲ ਦੇ ਰਣਜੀਤ ਸਿੰਘ ਦਿਸਾਲੇ ਅਤੇ ਦਿੱਲੀ ਦੇ ਐਸ.ਆਰ.ਡੀ.ਏ.ਵੀ. ਪਬਲਿਕ ਸਕੂਲ ਦੀ ਵਿਨੀਤਾ ਗਰਗ ਦੀ ਚੋਣ 12 ਹਜ਼ਾਰ ਨਾਮਜ਼ਦਗੀਆਂ 'ਚੋਂ ਹੋਈ ਹੈ। ਕੁੱਲ 140 ਮੁਲਕਾਂ ਤੋਂ ਅਧਿਆਪਕਾਂ ਦੀਆਂ ਅਰਜ਼ੀਆਂ ਮਿਲੀਆਂ ਸਨ। ਯੂਨੈਸਕੋ ਦੀ ਸਹਾਇਤਾ ਨਾਲ ਦਿੱਤੇ ਜਾਂਦੇ ਪੁਰਸਕਾਰ ਦੀ ਦੌੜ 'ਚ ਸ਼ਾਮਲ 50 ਅਧਿਆਪਕਾਂ ਵਿਚੋਂ ਹੁਣ ਇਨਾਮ ਕਮੇਟੀ ਵੱਲੋਂ 10 ਫਾਈਨਲਿਸਟਾਂ ਦੀ ਚੋਣ ਕੀਤੀ ਜਾਵੇਗੀ। ਇਸ ਦਾ ਨਤੀਜਾ ਜੂਨ 'ਚ ਐਲਾਨਿਆ ਜਾਵੇਗਾ। 2020 ਦੇ ਜੇਤੂ ਦਾ ਐਲਾਨ ਲੰਡਨ ਦੇ ਨੈਚੁਰਲ ਹਿਸਟਰੀ ਮਿਊਜ਼ੀਅਮ 'ਚ 12 ਅਕਤੂਬਰ ਨੂੰ ਕੀਤਾ ਜਾਵੇਗਾ।

## ਗਾਇਕ ਅੰਮ੍ਰਿਤ ਮਾਨ ਖਿਲਾਫ ਕੇਸ

**ਬਠਿੰਡਾ:** ਗੋਨਿਆਣਾ ਮੰਡੀ ਦੇ ਰਹਿਣ ਵਾਲੇ ਗਾਇਕ ਅੰਮ੍ਰਿਤ ਮਾਨ ਨੂੰ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਵਾਲਾ ਗੀਤ ਗਾਉਣਾ ਮਹਿੰਗਾ ਪਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਐਚ.ਸੀ. ਅਰੋੜਾ ਨੇ ਗੋਨਿਆਣਾ ਨਜ਼ਦੀਕ ਪੈਂਦੇ ਥਾਣਾ ਨੇਹੀਆਂ ਵਾਲਾ ਵਿਚ ਅੰਮ੍ਰਿਤ ਮਾਨ ਖਿਲਾਫ ਕੇਸ ਦਰਜ ਕਰਵਾਉਂਦਿਆਂ ਦੋਸ਼ ਲਗਾਏ ਹਨ ਕਿ ਅੰਮ੍ਰਿਤ ਮਾਨ ਵੱਲੋਂ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲਾ ਗੀਤ 'ਮੈਂ ਤੇ ਮੇਰੀ ਰਫਲ ਦੋਨਾਲੀ ਕੰਬੀਨੇਸ਼ਨ ਚੋਟੀ ਦਾ' ਗਾਣਾ ਯੂ ਟਿਊਬ ਉਤੇ ਅੱਪਲੋਡ ਕੀਤਾ ਗਿਆ ਹੈ, ਜੋ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਉਣ ਵਾਲਾ ਹੈ। ਇਸ ਸਬੰਧੀ ਥਾਣਾ ਨੇਹੀਆਂ ਵਾਲਾ ਦੇ ਮੁਖੀ ਬੂਟਾ ਸਿੰਘ ਨੇ ਦੱਸਿਆ ਕਿ ਹਾਈ ਕੋਰਟ ਦੇ ਵਕੀਲ ਐਚ.ਸੀ. ਅਰੋੜਾ ਨੇ ਐਸ.ਪੀ ਬਠਿੰਡਾ ਨੂੰ ਆਨਲਾਈਨ ਸ਼ਿਕਾਇਤ ਕੀਤੀ ਸੀ, ਜਿਸ ਉਤੇ ਕਾਰਵਾਈ ਕਰਦਿਆਂ ਪੁਲਿਸ ਨੇ ਕੇਸ ਦਰਜ ਕਰ ਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਨਵਜੋਤ ਸਿੱਧੂ ਵਲੋਂ ਹੱਕਾਂ ਦੀ ਲੜਾਈ ਲਈ ਇਕਜੁਟਤਾ ਦਾ ਸੱਦਾ



**ਅੰਮ੍ਰਿਤਸਰ:** ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਆਪਣੇ ਨਵੇਂ ਸ਼ੁਰੂ ਕੀਤੇ ਯੂ-ਟਿਊਬ ਚੈਨਲ 'ਜਿੱਤੇਗਾ ਪੰਜਾਬ' ਤੋਂ ਦੂਜੀ ਵੀਡੀਓ ਜਾਰੀ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਲੜਾਈ ਵਿਚਾਰਧਾਰਾ ਦੀ ਹੈ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਨਾਲ ਹੈ। ਲਗਭਗ ਪੌਣੇ ਪੰਜ ਮਿੰਟ ਦੀ ਇਸ ਵੀਡੀਓ ਵਿਚ ਉਹ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਹਿ ਰਹੇ ਹਨ ਕਿ ਹੁਣ ਅਤਿ ਹੋ ਚੁੱਕੀ ਹੈ ਅਤੇ ਇਸ ਖਿਲਾਫ ਇਕਜੁੱਟ ਹੋ ਕੇ ਖੜ੍ਹਨ ਦੀ ਲੋੜ ਹੈ।

ਉਨ੍ਹਾਂ ਲੋਕਾਂ ਨੂੰ ਆਪਣੇ ਹੱਕਾਂ ਦੀ ਲੜਾਈ ਲਈ ਇਕਜੁਟ ਹੋਣ ਲਈ ਕਿਹਾ। ਸਿੱਧੂ ਨੇ ਕਿਹਾ ਕਿ ਉਨ੍ਹਾਂ ਹਮੇਸ਼ਾ ਸਰਕਾਰਾਂ ਦੇ ਭ੍ਰਿਸ਼ਟ ਸਿਸਟਮ ਖਿਲਾਫ ਆਵਾਜ਼ ਬੁਲੰਦ ਕੀਤੀ ਹੈ। ਕਿਸੇ ਸਰਕਾਰ ਦਾ ਨਾਂ ਲਏ ਬਿਨਾਂ ਉਨ੍ਹਾਂ ਕਿਹਾ ਕਿ ਉਹ ਜਦੋਂ ਤੋਂ ਸਿਆਸਤ ਵਿਚ ਆਏ ਹਨ, ਸੱਦਾ ਮਿਲਣ ਦੇ ਬਾਵਜੂਦ ਉਹ ਭ੍ਰਿਸ਼ਟ ਸਿਸਟਮ ਦਾ ਹਿੱਸਾ ਨਹੀਂ ਬਣੇ, ਸਗੋਂ ਇਸ ਖਿਲਾਫ ਲੜਾਈ ਲੜੀ ਹੈ। ਇਹ ਲੜਾਈ ਅੱਜ ਵੀ ਜਾਰੀ ਹੈ।

ਉਨ੍ਹਾਂ ਕਿਹਾ ਕਿ ਜਦ ਵੀ ਅਜਿਹੇ ਸਿਸਟਮ ਖਿਲਾਫ ਖੜ੍ਹੇ ਹੋਣ ਦਾ ਅਹਿਦ ਲਿਆ ਤਾਂ ਫਿਰ ਕਦੇ ਪਿੱਛੇ ਨਹੀਂ ਹਟੇ। ਕਾਂਗਰਸੀ ਆਗੂ ਨੇ ਕਿਹਾ ਕਿ ਜਦ ਵੀ ਕਦੇ ਉਹ ਗੁਰਦੁਆਰੇ ਗਏ ਹਨ ਤਾਂ ਉਨ੍ਹਾਂ ਨੂੰ ਧਰਮ ਦਾ ਨਿਸ਼ਾਨ ਸਾਹਿਬ ਉਚਾ ਦਿਖਾਈ ਦਿੱਤਾ ਹੈ। ਉਨ੍ਹਾਂ ਆਪਣਾ ਧਰਮ ਰਾਸ਼ਟਰ ਸੇਵਾ ਨੂੰ ਬਣਾਇਆ ਹੈ, ਲੋਕਾਂ ਦੇ ਹਿੱਤਾਂ ਲਈ ਕੰਮ ਕਰਨਾ ਉਨ੍ਹਾਂ ਦਾ ਧਰਮ ਹੈ। ਪੰਜਾਬ ਦੇ ਲੋਕਾਂ ਦੀ ਖੁਸ਼ਹਾਲੀ ਅਤੇ ਤਰੱਕੀ ਉਨ੍ਹਾਂ ਦਾ ਮੁੱਖ ਟੀਚਾ ਹੈ। ਉਨ੍ਹਾਂ ਲੋਕਾਂ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਇਸ ਵੇਲੇ ਦੋ ਰਾਹ ਦਿਖਾਈ ਦੇ ਰਹੇ ਹਨ। ਇਕ ਰਾਹ ਪੰਜਾਬ ਦੀ ਬਰਬਾਦੀ ਵੱਲ ਜਾਂਦਾ ਹੈ, ਜਿਥੇ ਕਰਜ਼ੇ ਦੇ ਭਾਰ ਹੇਠ ਦੱਬੇ ਲੋਕ ਹਨ ਅਤੇ ਹੋਰ ਕਰਜ਼ਈ ਹੋ ਰਹੇ ਹਨ। ਦੂਜਾ ਰਾਹ ਪੰਜਾਬ ਦੀ ਖੁਸ਼ਹਾਲੀ, ਤਰੱਕੀ ਅਤੇ ਆਤਮ ਨਿਰਭਰਤਾ ਵੱਲ ਜਾਂਦਾ ਹੈ।

ਉਨ੍ਹਾਂ ਲੋਕਾਂ ਨੂੰ ਇਕਜੁਟਤਾ ਦਾ ਸੱਦਾ ਦਿੱਤਾ ਤੇ ਪੰਜਾਬ ਦੀ ਖੁਸ਼ਹਾਲੀ ਦਾ ਰਾਹ ਚੁਣਨ ਲਈ ਆਖਿਆ। ਉਨ੍ਹਾਂ ਕਿਹਾ ਕਿ ਪੰਜਾਬ ਉਤੇ ਪਹਿਲਾਂ ਵੀ ਕਈ ਸੰਕਟ ਆਏ ਹਨ, ਪਰ ਲੋਕਾਂ ਨੇ ਇਕਜੁੱਟ ਹੋ ਕੇ ਦੂਰ ਕੀਤੇ ਹਨ। ਨਵਜੋਤ ਸਿੱਧੂ ਨੇ ਕਿਹਾ ਕਿ ਜਦ ਵੀ ਕੋਈ ਯੋਧਾ ਸੱਚ ਦੀ ਲੜਾਈ ਲੜਦਾ ਹੈ ਤਾਂ ਉਹ ਸਾਰੇ ਰਿਸ਼ਤੇ ਛੱਡ ਕੇ ਮੈਦਾਨ ਵਿਚ ਆਉਂਦਾ ਹੈ। ਉਹ ਵੀ ਇਕ ਯੋਗੀ ਵਾਂਗ ਨਿੱਤਰੇ ਹਨ ਅਤੇ ਉਨ੍ਹਾਂ ਦਾ ਟੀਚਾ ਪੰਜਾਬ ਨੂੰ ਕਰਜ਼ਾ ਮੁਕਤ ਕਰਨਾ, ਪੰਜਾਬ ਨੂੰ ਮੁੜ ਉਭਾਰਨਾ ਅਤੇ ਨੀਤੀਬੱਧ ਢੰਗ ਨਾਲ ਤਰੱਕੀ ਦੇ ਰਾਹ ਉਤੇ ਲਿਆਉਣਾ ਹੈ। ਦੱਸਣਯੋਗ ਹੈ ਕਿ ਸ੍ਰੀ ਸਿੱਧੂ ਨੇ ਕੁਝ ਦਿਨ ਪਹਿਲਾਂ ਇਹ ਚੈਨਲ ਸ਼ੁਰੂ ਕੀਤਾ ਸੀ। ਇਸ ਚੈਨਲ ਦੀ ਸ਼ੁਰੂਆਤ ਨਾਲ ਹੀ ਹੋਰ ਵੀ ਅਜਿਹੇ ਕਈ ਚੈਨਲ ਸ਼ੁਰੂ ਹੋ ਗਏ ਸਨ। ਉਨ੍ਹਾਂ ਇਸ ਮਾਮਲੇ 'ਚ ਕਾਪੀਰਾਈਟ ਐਕਟ ਦੀ ਉਲੰਘਣਾ ਹੇਠ ਨਕਲ ਕਰਨ ਵਾਲੇ ਚੈਨਲਾਂ ਨੂੰ ਨੋਟਿਸ ਭੇਜੇ ਹਨ।

# ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਕੈਪਟਨ ਵਿਚਾਲੇ ਮੁੜ ਖੜਕੀ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਅਤੇ ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲੁਧਿਆਣਾ ਜ਼ਿਲ੍ਹੇ ਦੇ ਲਾਡੋਵਾਲ 'ਚ ਸਥਾਪਤ ਹੋ ਰਹੇ ਮੈਗਾ ਫੂਡ ਪਾਰਕ ਸਬੰਧੀ ਮੁੱਖ ਮੰਤਰੀ ਉਤੇ ਸੰਜੀਦਾ ਨਾ ਹੋਣ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਹੈ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ ਨੇ ਇਸ ਫੂਡ ਪਾਰਕ ਨੂੰ ਜਲਦੀ ਮੁਕੰਮਲ ਕਰਨ ਪ੍ਰਤੀ ਦਿਲਚਸਪੀ ਨਾ ਦਿਖਾਈ ਤਾਂ ਦਿੱਤੀ ਜਾਣ ਵਾਲੀ ਸਬਸਿਡੀ ਦੀ ਤੀਜੀ ਅਤੇ ਚੌਥੀ ਕਿਸ਼ਤ ਜਾਰੀ ਨਹੀਂ ਕੀਤੀ ਜਾਵੇਗੀ। ਕੇਂਦਰੀ ਮੰਤਰੀ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਵਿਖਾਈ ਸੁਸਤੀ ਨੇ ਇਸ ਪ੍ਰੋਜੈਕਟ ਨੂੰ 2 ਸਾਲ ਲਈ ਪਛਾੜ ਦਿੱਤਾ ਹੈ ਅਤੇ ਕਿਸਾਨਾਂ ਤੇ ਨੌਜਵਾਨਾਂ ਨੂੰ ਲਾਭ ਨਹੀਂ ਮਿਲ ਸਕੇ ਹਨ।

ਮੁੱਖ ਮੰਤਰੀ ਨੂੰ ਲਿਖੀ ਤਾਜ਼ਾ ਚਿੱਠੀ ਵਿਚ ਬੀਬੀ ਬਾਦਲ ਨੇ ਕਿਹਾ ਕਿ ਪ੍ਰੋਜੈਕਟ ਵਾਸਤੇ ਰਾਖਵੀਂ ਰੱਖੀ 50 ਕਰੋੜ ਰੁਪਏ ਦੀ ਰਾਸ਼ੀ ਵਿਚੋਂ 35 ਕਰੋੜ ਰੁਪਏ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ (ਪੀਏਆਈਸੀ) ਨੂੰ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਮੈਗਾ ਫੂਡ ਪਾਰਕ 2018 ਵਿਚ ਮੁਕੰਮਲ ਕੀਤਾ ਜਾਣਾ ਸੀ, ਪਰ ਕਾਂਗਰਸ ਸਰਕਾਰ ਦੀ ਮਾੜੀ ਯੋਜਨਾਬੰਦੀ ਅਤੇ ਫੈਸਲਿਆਂ ਦੀ ਢਿੱਲੀ ਰਫਤਾਰ ਨੇ ਪ੍ਰੋਜੈਕਟ ਵਿਚ ਵਾਰ-ਵਾਰ ਤਬਦੀਲੀਆਂ ਕੀਤੀਆਂ। ਫਲਸਰੂਪ ਪ੍ਰੋਜੈਕਟ ਮੁਕੰਮਲ ਕਰਨ ਵਾਲੀ ਏਜੰਸੀ ਪੀਏਆਈਸੀ ਇਸ ਨੂੰ ਪੂਰਾ ਕਰਨ ਤੋਂ ਵਾਰ ਵਾਰ ਖੁੰਝਦੀ ਗਈ।

ਮੁੱਖ ਮੰਤਰੀ ਵੱਲੋਂ ਫੂਡ ਪ੍ਰੋਸੈਸਿੰਗ ਇੰਡਸਟਰੀ ਮੰਤਰਾਲੇ ਨੂੰ ਪ੍ਰੋਜੈਕਟ ਦੀ ਚੌਥੀ ਤੇ ਆਖਰੀ ਕਿਸ਼ਤ ਜਾਰੀ ਕਰਨ ਲਈ ਕੀਤੀ ਬੇਨਤੀ ਦਾ ਜਵਾਬ ਦਿੰਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਬਾਰੇ ਸਹੀ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਣਕਾਰੀ ਦੇ ਉਲਟ ਇਸ ਪਾਰਕ ਦੇ ਸਿਰਫ ਚਾਰ ਯੂਨਿਟ ਚਾਲੂ ਹੋਏ ਹਨ।

ਕੇਂਦਰੀ ਮੰਤਰੀ ਨੇ ਕਿਹਾ ਕਿ ਇਸ ਪ੍ਰੋਜੈਕਟ ਦਾ ਫੂਡ ਪ੍ਰੋਸੈਸਿੰਗ ਇੰਡਸਟਰੀ ਮੰਤਰਾਲੇ ਦੇ ਵਧੀਕ ਸਕੱਤਰ ਵੱਲੋਂ ਵੀ ਮੁਲਾਂਕਣ ਕੀਤਾ ਗਿਆ ਸੀ, ਜਿਸ ਦੌਰਾਨ ਪਾਇਆ ਗਿਆ ਕਿ ਪ੍ਰੋਜੈਕਟ ਦੀਆਂ ਮੁੱਖ ਸਹੂਲਤਾਂ ਨੂੰ ਚਾਲੂ ਨਹੀਂ ਕੀਤਾ ਗਿਆ ਹੈ। ਬੀਬੀ ਬਾਦਲ ਨੇ ਕਿਹਾ ਕਿ ਇਹ ਵੀ ਰਿਪੋਰਟ ਆਈ ਹੈ ਕਿ ਬਿਜਲੀ ਦਾ ਕੁਨੈਕਸ਼ਨ ਅਤੇ ਜਨਰੇਟਰ ਦੇਣ ਵਿਚ ਕੀਤੀ ਦੇਰੀ ਕਰਕੇ ਕੋਲਡ ਸਟੋਰੇਜ ਦੀ ਸਹੂਲਤ ਪਿਛਲੇ ਇਕ ਸਾਲ ਤੋਂ ਅਣਵਰਤੀ ਪਈ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸਿਲੋਜ਼ ਮੁਕੰਮਲ ਹੋ ਚੁੱਕੇ ਹਨ ਅਤੇ ਪਿਛਲੇ ਕਈ ਮਹੀਨਿਆਂ ਤੋਂ ਉਨ੍ਹਾਂ ਨੂੰ ਇਸਤੇਮਾਲ ਨਹੀਂ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੀਏਆਈਸੀ ਦੇ ਦੱਸਣ ਮੁਤਾਬਕ ਕੋਲਡ ਸਟੋਰੇਜ ਦੀ ਪਰਖ ਕੀਤੀ ਜਾ ਰਹੀ ਹੈ ਅਤੇ ਇਸ ਨੂੰ ਅਪਰੈਲ ਦੇ ਅਖੀਰ ਤਕ ਚਾਲੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੀਏਆਈਸੀ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਬਲਾਸਟ ਫਰੀਜ਼ਰ ਸਥਾਪਤ ਕਰਨ ਦਾ ਕੰਮ ਅਜੇ ਮੁਕੰਮਲ ਨਹੀਂ ਹੋਇਆ ਹੈ ਅਤੇ ਆਰਟੀਟੀ (ਰੈਡੀ ਟੂ ਈਟ) ਲਾਈਨ ਲਈ ਅਜੇ ਟੈਂਡਰ ਵੀ ਜਾਰੀ ਨਹੀਂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਬੇਸਿਕ ਫੂਡ ਟੈਸਟਿੰਗ ਲੈਬਾਰਟਰੀ ਲਈ ਸਾਜ਼ੋ-ਸਾਮਾਨ ਖਰੀਦਣ ਦੀ ਪ੍ਰਕਿਰਿਆ ਵੀ ਅਜੇ ਸ਼ੁਰੂ ਕਰਨੀ ਹੈ। ਪ੍ਰੋਜੈਕਟ ਦੀਆਂ ਤਿਆਰ ਹੋ ਚੁੱਕੀਆਂ ਸਹੂਲਤਾਂ ਦੀ ਸੰਭਾਲ ਅਤੇ ਮੁਰੰਮਤ ਲਈ ਅਜੇ ਤਕ ਕੋਈ ਠੇਕੇਦਾਰ ਵੀ ਭਰਤੀ ਨਹੀਂ ਕੀਤਾ ਗਿਆ ਹੈ।

ਫੂਡ ਪ੍ਰੋਸੈਸਿੰਗ ਮੰਤਰੀ ਨੇ ਮੁੱਖ ਮੰਤਰੀ ਨੂੰ ਲਿਖੀ ਚਿੱਠੀ ਵਿਚ ਕਿਹਾ ਕਿ ਉਪਰੋਕਤ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਪੀਏਆਈਸੀ ਨੂੰ ਚੌਥੀ ਅਤੇ ਆਖਰੀ 10 ਕਰੋੜ ਰੁਪਏ ਦੀ ਕਿਸ਼ਤ ਜਾਰੀ ਕਰਨਾ ਸੰਭਵ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਸਕੀਮ ਦੀਆਂ ਸ਼ਰਤਾਂ ਨੇ ਉਨ੍ਹਾਂ ਦੇ ਹੱਥ ਬੰਨ੍ਹੇ ਹੋਏ ਹਨ, ਜਿਨ੍ਹਾਂ ਵਿਚ ਸਾਫ ਲਿਖਿਆ ਹੈ ਕਿ ਪ੍ਰੋਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਹੀ ਆਖਰੀ ਕਿਸ਼ਤ ਜਾਰੀ ਕੀਤੀ ਜਾ ਸਕੇਗੀ, ਜਿਸ ਵਿਚ ਪ੍ਰੋਜੈਕਟ ਤਿਆਰ ਕਰਨ ਵਾਲੀ ਏਜੰਸੀ ਦੇ 100 ਫੀਸਦੀ ਖਰਚਿਆਂ ਦਾ ਯੋਗਦਾਨ, ਕੁੱਲ ਪਲਾਟਾਂ ਦੇ 75 ਫੀਸਦੀ ਦੀ ਅਲਾਟਮੈਂਟ, ਅਲਾਟਿਡ ਯੂਨਿਟਾਂ ਵਿਚੋਂ ਘੱਟੋ ਘੱਟ 25 ਫੀਸਦੀ ਉੱਤੇ ਕੰਮ ਸ਼ੁਰੂ ਹੋਣਾ ਸ਼ਾਮਲ ਹੋਵੇਗਾ। ਉਨ੍ਹਾਂ ਕਿਹਾ ਕਿ ਅਜੇ ਤਕ ਕੈਪਟਨ ਸਰਕਾਰ ਨੇ ਉਪਰੋਕਤ ਸ਼ਰਤਾਂ ਵਿਚੋਂ ਕੋਈ ਵੀ ਪੂਰੀ ਨਹੀਂ ਕੀਤੀ ਹੈ ਅਤੇ ਇਸ ਲਈ ਆਖਰੀ ਕਿਸ਼ਤ ਜਾਰੀ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ।

# ਪੁੱਤਰ ਨੇ ਲਈ ਪਿਤਾ ਦੀ ਜਾਨ

**ਬੋਹਾ:** ਗਾਦੜਪੱਤੀ ਇਲਾਕੇ ਵਿਚ ਪਿਉ-ਪੁੱਤਰ ਵਿਚਾਲੇ ਟਰੈਕਟਰ ਵੇਚਣ ਦੇ ਪੈਸਿਆਂ ਨੂੰ ਲੈ ਕੇ ਹੋਏ ਝਗੜੇ ਦੌਰਾਨ ਸੱਟ ਲੱਗਣ ਕਾਰਨ ਪਿਤਾ ਦੀ ਮੌਤ ਹੋ ਗਈ। ਬੋਹਾ ਪੁਲਿਸ ਨੇ ਮ੍ਰਿਤਕ ਦੀ ਪਤਨੀ ਦੇ ਬਿਆਨਾਂ 'ਤੇ ਪੁੱਤਰ ਖਿਲਾਫ ਕੇਸ ਦਰਜ ਕਰ ਲਿਆ ਹੈ। ਬੋਹਾ ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਅਨੁਸਾਰ ਮ੍ਰਿਤਕ ਦਰਸ਼ਨ ਸਿੰਘ (65) ਦੀ ਪਤਨੀ ਰਵਿੰਦਰ ਕੌਰ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਦਰਸ਼ਨ ਸਿੰਘ ਨੇ ਆਪਣਾ ਟਰੈਕਟਰ ਵੇਚ ਦਿੱਤਾ ਸੀ ਅਤੇ ਉਨ੍ਹਾਂ ਦਾ ਪੁੱਤਰ ਗੁਰਪ੍ਰੀਤ ਸਿੰਘ (35) ਇਸ ਗੱਲ ਨੂੰ ਲੈ ਕੇ ਕਲੇਸ਼ ਕਰ ਰਿਹਾ ਸੀ ਕਿ ਉਨ੍ਹਾਂ ਨੇ ਟਰੈਕਟਰ ਸਸਤੇ ਭਾਅ 'ਚ ਵੇਚ ਦਿੱਤਾ ਹੈ। ਉਸ ਨੇ ਦੱਸਿਆ ਕਿ ਦੋਵਾਂ 'ਚ ਤਕਰਾਰ ਹੋ ਗਈ, ਜਿਸ ਦੌਰਾਨ ਉਹ ਹੱਥੋਪਾਈ ਹੋ ਗਏ ਅਤੇ ਗੁੱਸੇ 'ਚ ਆਏ ਗੁਰਪ੍ਰੀਤ ਸਿੰਘ ਨੇ ਆਪਣੇ ਪਿਤਾ ਨੂੰ ਧੱਕਾ ਮਾਰਿਆ, ਜਿਸ ਨਾਲ ਦਰਸ਼ਨ ਸਿੰਘ ਨੇੜੇ ਪਈ ਕਣਕ ਬੀਜਣ ਵਾਲੀ ਮਸ਼ੀਨ 'ਤੇ ਜਾ ਡਿੱਗਾ। ਇਸ ਦੌਰਾਨ ਉਸ ਦੀ ਛਾਤੀ 'ਚ ਤਿੱਖੇ ਸਰੀਏ ਧਸ ਗਏ। ਜਖਮੀ ਦਰਸ਼ਨ ਸਿੰਘ ਦੀ ਸਿਵਲ ਹਸਪਤਾਲ ਮਾਨਸਾ 'ਚ ਮੌਤ ਹੋ ਗਈ।

# ਬਾਦਲ 'ਚ ਬਣੇਗਾ ਏਮਜ਼ ਦਾ ਪੇਂਡੂ ਸਿਹਤ ਤੇ ਸਿਖਲਾਈ ਕੇਂਦਰ

**ਲੰਬੀ:** ਬਠਿੰਡਾ ਤੋਂ ਇਲਾਵਾ ਸਾਬਕਾ ਵੀ.ਆਈ.ਪੀ. ਖੇਤਰ ਲੰਬੀ ਦੀਆਂ ਪੇਂਡੂ ਸਫਾਂ ਵੀ ਵਧੀਆ ਸਿਹਤ ਸਹੂਲਤਾਂ ਨਾਲ ਲੈਸ ਹੋਣਗੀਆਂ। ਏਮਜ਼ ਬਠਿੰਡਾ ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਵਿਚਕਾਰ ਸਹੀਬੱਧ ਹੋਏ ਸਮਝੌਤੇ ਨਾਲ ਸਿਵਲ ਹਸਪਤਾਲ ਬਾਦਲ ਵਿਚ ਏਮਜ਼ ਪੱਧਰ ਦੀਆਂ ਸਿਹਤ ਸਹੂਲਤਾਂ ਦਾ ਮੁੱਢ ਬੱਝਿਆ ਹੈ।

ਸਮਝੌਤੇ ਤਹਿਤ ਇਸ ਪੇਂਡੂ ਹਸਪਤਾਲ ਨੂੰ ਏਮਜ਼ ਦਾ ਪੇਂਡੂ ਸਿਹਤ ਅਤੇ ਸਿਖਲਾਈ ਕੇਂਦਰ ਐਲਾਨਿਆ ਗਿਆ ਹੈ। ਏਮਜ਼ ਦੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਵਿਦਿਆਰਥੀ ਡਾਕਟਰੀ ਦੀ ਪੜ੍ਹਾਈ ਦੇ ਨਾਲ-ਨਾਲ ਪਿੰਡ ਬਾਦਲ ਵਿਚ ਸਿਹਤ ਸਿਖਲਾਈ ਹਾਸਲ ਕਰਿਆ ਕਰਨਗੇ। ਫੂਡ ਪ੍ਰੋਸੈਸਿੰਗ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਇਸ ਸਮਝੌਤੇ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ।

ਏਮਜ਼ ਬਠਿੰਡਾ ਤਹਿਤ ਪੇਂਡੂ ਸਿਹਤ ਅਤੇ ਸਿਖਲਾਈ ਕੇਂਦਰ ਬਾਦਲ 'ਚ ਬਣਨ ਸਦਕਾ ਜਿਥੇ ਪੇਂਡੂ ਮਰੀਜ਼ਾਂ ਨੂੰ ਬਿਹਤਰੀਨ ਸਹੂਲਤਾਂ ਘਰ ਨੇੜੇ ਹਾਸਲ ਹੋਣਗੀਆਂ, ਉਥੇ ਹੀ ਡਾਕਟਰੀ ਦੇ ਵਿਦਿਆਰਥੀਆਂ ਨੂੰ ਪੇਂਡੂ ਅਤੇ ਆਮ ਲੋਕਾਂ ਦੀਆਂ ਬਿਮਾਰੀਆਂ ਅਤੇ ਸਰੀਰਕ ਦਿੱਕਤਾਂ ਨੂੰ ਜ਼ਮੀਨੀ ਪੱਧਰ ਉਤੇ ਵਾਚਣ ਦਾ ਮੌਕਾ ਮਿਲੇਗਾ। ਖੇਤਰ ਦੇ ਲੋਕਾਂ ਨੇ ਇਸ ਸਿਖਲਾਈ ਕੇਂਦਰ ਨੂੰ ਪਿੰਡਾਂ ਦੇ ਲੋਕਾਂ ਲਈ ਸਿਹਤ ਪੱਖੀ ਸੌਗਾਤ ਦੱਸਿਆ ਹੈ। ਸਿਵਲ ਹਸਪਤਾਲ ਬਾਦਲ ਦੇ ਐਸ.ਐਮ.ਓ. ਨੂੰ ਇਸ ਪੇਂਡੂ ਸਿਹਤ ਅਤੇ ਸਿਖਲਾਈ ਕੇਂਦਰ ਦੇ ਕੋਆਰਡੀਨੇਟਰ ਵਜੋਂ ਦੇਖ-ਰੇਖ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੇ ਬਾਦਲ ਨੇ ਸਿਹਤ ਕੇਂਦਰ ਦੀ ਸਥਾਪਨਾ ਲਈ ਦੋਵਾਂ ਅਦਾਰਿਆਂ ਦੀ ਸ਼ਲਾਘਾ ਅਤੇ ਖੇਤਰ ਵਾਸੀਆਂ ਨੂੰ ਵਧਾਈ ਦਿੱਤੀ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸਿਵਲ ਹਸਪਤਾਲ ਬਾਦਲ ਨੂੰ ਏਮਜ਼ ਦਾ ਪੇਂਡੂ ਸਿਹਤ ਤੇ ਸਿਖਲਾਈ ਕੇਂਦਰ ਐਲਾਨਿਆ ਜਾਣਾ ਹਰ ਘਰ ਤੱਕ ਬਿਹਤਰੀਨ ਸਿਹਤ ਸੇਵਾਵਾਂ ਪਹੁੰਚਾਉਣ ਦੀ ਵਚਨਬੱਧਤਾ ਦਾ ਹਿੱਸਾ ਹੈ। ਅਗਾਂਹ ਵੀ ਸਿਹਤ ਸਹੂਲਤਾਂ ਵਲ ਉਚੇਚਾ ਧਿਆਨ ਦਿੱਤਾ ਜਾਵੇਗਾ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਜਿਸ ਦਿਨ ਸ਼ੇਖੂਪੁਰਾ ਸੜਿਆ

ਜਿਸ ਦਿਨ ਸ਼ੇਖੂਪੁਰਾ ਸੜਿਆ, ਉਸ ਦਿਨ 26 ਅਗਸਤ 1947 ਸੀ। ਪਾਕਿਸਤਾਨ ਬਣਿਆਂ ਤੇਰ੍ਹਾਂ ਦਿਨ ਹੋ ਗਏ ਸਨ। ਉਸ ਦਿਨ ਅਸੀਂ ਸ਼ੇਖੂਪੁਰੇ ਵਿਚ ਸੀ। ਇਹ ਦਿਨ ਕੋਈ ਖੁਦਾਈ ਕਹਿਰ ਵਾਂਗ ਤਾਂ ਨਹੀਂ ਸੀ ਆਇਆ। ਇਸ ਪਿੱਛੇ ਤਾਂ ਇਤਿਹਾਸਕ ਘਟਨਾ ਸੀ: ਹਿੰਦੋਸਤਾਨ ਦੀ ਵੰਡ। ਸ਼ੇਖੂਪੁਰਾ ਅਠਾਰਵੀਂ ਸਦੀ ਦਾ ਲੱਕੜੀ ਦਾ ਉਸਰਿਆ ਲੰਡਨ ਜਾਂ ਮਾਸਕੋ ਨਹੀਂ ਸੀ ਕਿ ਗਲਤੀ ਨਾਲ ਜਾਂ ਸ਼ਰਾਰਤਨ ਇਕ ਤੀਲ੍ਹੀ ਡਿੱਗੀ ਤੇ ਸ਼ਹਿਰ ਭਸਮ ਹੋ ਗਿਆ। ਸ਼ੇਖੂਪੁਰਾ ਵਿਉਂਤ ਮੁਤਾਬਿਕ ਹੀ ਜਲਾਇਆ ਗਿਆ ਸੀ। ਸ਼ੇਖੂਪੁਰਾ ਸੜਨ ਦੀ ਕਹਾਣੀ ਕੁਝ ਦਿਨ ਪਹਿਲਾਂ ਸ਼ੁਰੂ ਹੁੰਦੀ ਹੈ।

ਮਾਨਾਂਵਾਲੇ, ਤਹਿਸੀਲ ਨਨਕਾਣਾ ਸਾਹਿਬ, ਹਸਪਤਾਲ ਵਿਚ ਮੇਰੇ ਪਿਤਾ ਜੀ ਡਾਕਟਰ ਵਜੋਂ ਤਾਇਨਾਤ ਸਨ। ਹਸਪਤਾਲ ਦੇ ਕੰਪਾਊਂਡਰ ਦਾ ਪੁੱਤਰ ਰਸ਼ੀਦ ਮੇਰਾ ਦੋਸਤ ਸੀ। ਕੋਈ ਅੱਠ ਸਾਲ ਦਾ ਹੋਵੇਗਾ। ਮੇਰੇ ਕੋਲੋਂ ਸਾਲ ਛੋਟਾ। ਗੋਰਾ, ਗੋਲ-ਮਟੋਲ; ਕਸ਼ਮੀਰੀ ਬ੍ਰਾਹਮਣਾਂ ਤੋਂ ਹੋਏ ਮੁਸਲਮਾਨਾਂ ਦੀ ਅੰਸ਼। ਕੰਪਾਊਂਡ ਛੋਟਾ ਜਿਹਾ ਸੀ ਤੇ ਹਰ ਬੱਚੇ ਦੇ ਇਕ ਦੋ ਦੋਸਤ। ਰਸ਼ੀਦ ਮੇਰਾ ਵਾਹਦ ਦੋਸਤ ਸੀ। ਰਸ਼ੀਦ ਤੋਂ ਪਹਿਲਾਂ ਉਸ ਦਾ ਨਾਂ ਖਿਜ਼ਰ ਸੀ।

**ਰਣਜੀਤ ਸਿੰਘ**

ਇਕ ਦਿਨ ਮੈਂ ਉਸ ਦੇ ਘਰ ਗਿਆ ਤੇ ਮਾਮੂਲ ਮੁਤਾਬਿਕ ਆਵਾਜ਼ ਦਿੱਤੀ, "ਖਿਜ਼ਰੀ!"

ਉਹ ਬਾਹਰ ਆਇਆ। ਕਿੰਨਾ ਚਿਰ ਮੇਰੇ ਨਾਲ ਖੇਡਦਾ ਰਿਹਾ ਤੇ ਫਿਰ ਮੈਨੂੰ ਉਸ ਕਿਹਾ, "ਕਾਕੇ, ਤੂੰ ਮੈਨੂੰ ਹੁਣ ਖਿਜ਼ਰੀ ਨਾ ਕਿਹਾ ਕਰ, ਹੁਣ ਮੇਰਾ ਨਾਂ ਰਸ਼ੀਦ ਹੈ।"

ਮੇਰੇ ਮੂੰਹ 'ਤੇ ਖਿਜ਼ਰੀ ਚੜ੍ਹਿਆ ਹੋਇਆ ਸੀ। ਮੈਂ ਕਿਹਾ, "ਨਾਂ ਕਿਉਂ ਬਦਲਿਆ?"

ਉਸ ਕਿਹਾ, "ਪਤਾ ਨਹੀਂ ਕਿਉਂ। ਇਕ ਦਿਨ ਅੱਬਾ ਮੇਰੀ ਅੰਮੀ ਨੂੰ ਦੱਸ ਰਹੇ ਸਨ ਕਿ ਜੁੰਮੇ ਵਾਲੇ ਦਿਨ ਨਮਾਜ਼ ਤੋਂ ਬਾਅਦ ਮਸੀਤੋਂ ਨਿਕਲਦੇ ਲੋਕ ਨਾਅਰੇ ਲਗਾ ਰਹੇ ਸਨ- 'ਖਿਜ਼ਰੀ ਬੱਚਾ ਹਾਏ ਹਾਏ, ਖਿਜ਼ਰੀ ਬੱਚਾ ਹਾਏ ਹਾਏ'। ਅੱਲਾ ਨੇ ਚੰਨ ਜਿਹਾ ਬੱਚਾ ਦਿੱਤਾ ਹੈ, ਐਵੇਂ ਕਿਉਂ ਹਾਏ-ਹਾਏ ਕਰਾਈਏ? ਇਸ ਦਾ ਨਾਂ ਬਦਲ ਦੇਈਏ। ਅੱਬਾ ਮੈਨੂੰ ਮਸੀਤੇ ਲੈ ਗਏ। ਮੌਲਵੀ ਨੇ ਕੁਰਾਨ ਮਜੀਦ ਖੋਲ੍ਹਿਆ, ਕੁਝ ਪੜ੍ਹਿਆ ਤੇ ਕਿਹਾ, "ਬੱਚੇ ਦਾ ਨਾਮ ਰਸ਼ੀਦ ਰੱਖ ਲਵੋ।" ਮੌਲਵੀ ਤੇ ਅੱਬਾ ਨੇ 'ਹਮਦ-ਉਲਾ' ਕਿਹਾ ਅਤੇ ਮੈਂ ਖਿਜ਼ਰ ਤੋਂ ਰਸ਼ੀਦ ਹੋ ਗਿਆ।"

ਅਸੀਂ ਬਾਰਾਂ ਟਾਹਣੀ ਖੇਡਣ ਲੱਗੇ। ਮੈਨੂੰ ਲੱਗਾ ਕਿ ਉਹ ਰੋਂਦ ਮਾਰ ਰਿਹਾ ਸੀ। ਮੈਂ ਰੋਕਿਆ। ਉਸ ਕਿਹਾ, "ਇਸ ਖੇਡ ਵਿਚ ਰੋਂਦ ਵੱਜ ਹੀ ਨਹੀਂ ਸਕਦਾ।" ਗਲ ਵਧ ਗਈ। ਮੈਂ ਕਿਹਾ, "ਖਿਜ਼ਰੀ ਬੱਚਾ ਹਾਏ-ਹਾਏ।" ਉਸ ਨੇ ਮੇਰਾ ਜੂੜਾ ਫੜ ਲਿਆ ਤੇ ਮੈਂ ਉਸ ਦੇ ਕੰਨ। ਲੱਗੇ ਖਿੱਚਣ। ਕਿਸੇ ਨੇ ਆ ਕੇ ਸਾਨੂੰ ਛੁਡਾਇਆ ਤੇ ਅਸੀਂ ਗੁੱਸੇ-ਗੁੱਸੇ ਆਪੋ-ਆਪਣੇ ਘਰ ਚਲੇ ਗਏ।

ਦਰਅਸਲ, ਖਿਜ਼ਰ ਹਯਾਤ ਖਾਨ ਪੰਜਾਬ ਦਾ ਵਜ਼ੀਰੇ-ਆਲਾ ਸੀ, ਪਹਿਲੇ ਵਜ਼ੀਰੇ-ਆਲਾ ਸਿਕੰਦਰ ਹਯਾਤ ਖਾਨ ਦਾ ਭਤੀਜਾ। ਇਹ ਪਰਿਵਾਰ ਯੂਨੀਅਨਿਸਟ ਸੀ ਅਤੇ ਹਿੰਦੋਸਤਾਨ ਦੀ ਵੰਡ ਦੇ ਖਿਲਾਫ ਸੀ। ਮੁਸਲਿਮ ਲੀਗ ਖਿਜ਼ਰ ਹਯਾਤ ਨੂੰ ਪਾਕਿਸਤਾਨ ਦੇ ਰਾਹ ਵਿਚ ਕਾਂਗਰਸ ਨਾਲੋਂ ਵੀ ਵੱਡਾ ਅੜਿੱਕਾ ਸਮਝਦੀ ਸੀ। ਪੰਜਾਬ ਭਰ ਦਾ ਮੌਲਾਣਾ ਖਿਜ਼ਰ ਹਯਾਤ ਦੇ ਪਿੱਛੇ ਪੈ ਗਿਆ ਅਤੇ ਆਖਰ ਉਸ ਨੂੰ ਆਲਾ ਵਜ਼ੀਰੀ ਛੱਡਣੀ ਪਈ। ਬਸ ਕੁਝ ਮਹੀਨੇ 'ਖਿਜ਼ਰੀ ਬੱਚਾ ਹਾਏ-ਹਾਏ' ਹੁੰਦਾ ਰਿਹਾ। ਰਸ਼ੀਦ ਅਤੇ ਮੈਂ ਕਿੰਨੀ ਕੁ ਦੇਰ ਦੂਰ ਰਹਿ ਸਕਦੇ ਸੀ। 'ਲੜਾਈ-ਲੜਾਈ ਖਤਮ, ਹੱਡੀ ਹਜ਼ਮ' ਕਹਿੰਦਾ ਮੈਂ ਉਸ ਦੇ ਘਰ ਚਲਾ ਗਿਆ ਤੇ ਆਵਾਜ਼ ਦਿੱਤੀ, "ਖਿਜ਼ਰੀ, ਓ ਖਿਜ਼ਰੀ।" ਉਸ ਦੀ ਪਰਦੇਦਾਰ ਅੰਮੀ ਬਾਹਰ ਆਈ ਅਤੇ ਮੇਰੀ ਬਾਂਹ ਫੜ ਕੇ ਅੰਦਰ ਲੈ ਗਈ। ਮੂੰਹ ਸਿਰ ਪਲੋਸਿਆ, ਪਿੱਠ ਥਾਪੜੀ ਤੇ ਮੇਰੀ ਢਿੱਲੀ ਜੂੜੀ ਖੋਲ੍ਹ ਕੇ ਫਿਰ ਬਣਾਉਂਦਿਆਂ ਸੌ-ਸੌ ਦੁਆਵਾਂ ਦਿੱਤੀਆਂ। ਇਸ ਤੋਂ ਬਾਅਦ ਸਾਡੀਆਂ ਠੋਡੀਆਂ ਆਪਣੇ ਹੱਥਾਂ ਦੀਆਂ ਬੁੱਕਾਂ ਵਿਚ ਘੁੱਟ ਕੇ ਕਿਹਾ, "ਤੁਹਾਨੂੰ ਤਾਂ ਅਜੇ ਖੇਡਣਾ ਵੀ ਨਹੀਂ ਆਇਆ, ਲੜਨਾ ਕਿਵੇਂ ਆ ਗਿਆ?"

ਲੜੇ ਅਸੀਂ ਕਦੋਂ ਸਾਂ, ਖਰੂਦ ਪਾਉਣਾ ਸੀ, ਪਾ ਲਿਆ ਸੀ।

ਰਸ਼ੀਦ ਤੇ ਮੈਂ ਕੁਝ ਦੇਰ ਖੇਡਦੇ ਰਹੇ। ਖੇਡਦਾ-ਖੇਡਦਾ ਉਹ ਰੁਕ ਗਿਆ ਅਤੇ ਬੜੇ ਰਾਜ਼ਦਾਰਾਨਾ ਤਰੀਕੇ ਨਾਲ ਉਸ ਕਿਹਾ, "ਕਾਕਾ, ਤੈਨੂੰ ਇਕ ਚੀਜ਼ ਦਿਖਾਉਣੀ ਏ।"

"ਉਹ ਕੀ?"

ਉਸ ਕਿਹਾ, "ਤਾਸ਼, ਪਰ ਉਹ ਤਾਸ਼ ਨਹੀਂ, ਤਸਵੀਰਾਂ ਨੇ।"

"ਤਸਵੀਰਾਂ?"

"ਹਾਂ, ਤਸਵੀਰਾਂ; ਗੰਦੀਆਂ। ਕਿਧਰੇ ਛੁਪ ਕੇ ਦੇਖਣੀਆਂ ਪੈਣੀਆਂ ਨੇ।"

"ਚੱਲ, ਉਸ ਵਾੜ ਦੇ ਓਹਲੇ। ਉਸ ਤੋਂ ਪਰ੍ਹਾਂ ਤਾਂ ਸਿਰਫ ਕੰਧ ਹੈ। ਇਸ ਵੇਲੇ ਓਧਰ ਕਿਸੇ ਨਹੀਂ ਆਉਣਾ।"

ਅਸੀਂ ਵਾੜ ਦੇ ਪਿੱਛੇ ਚਲੇ ਗਏ। ਦੂਜੇ ਪਾਸੇ ਉਚੀ ਕੰਧ। ਸ਼ਾਮ ਦਾ ਵਕਤ ਸੀ, ਪਰ ਰੌਸ਼ਨੀ ਅਜੇ ਕਾਫੀ ਸੀ। ਅਸੀਂ ਇਕ ਥਾਂ ਛੁਪ ਕੇ ਬੈਠ ਗਏ। ਉਸ ਨੇ ਆਪਣੀ ਜੇਬ ਵਿਚੋਂ ਤਾਸ਼ ਜਿਹੀ ਕੱਢੀ, ਇਕ ਤਸਵੀਰ ਮੇਰੇ ਵੱਲ ਕੀਤੀ, ਇਕ ਹੋਰ ਤੇ ਫਿਰ ਇਕ-ਇਕ ਕਰਕੇ ਉਹ ਮੈਨੂੰ ਨਵੀਆਂ ਤਸਵੀਰਾਂ ਦਿਖਾਉਂਦਾ ਰਿਹਾ ਤੇ ਮੇਰੀਆਂ ਦੇਖੀਆਂ ਇਕੱਠੀਆਂ ਕਰਦਾ ਰਿਹਾ। ਅਜੀਬ ਤਸਵੀਰਾਂ ਸਨ। ਮੂੰਹ ਸਿਰ ਤੇ ਜ਼ਨਾਨਾ ਸਨ ਸੋਹਣੇ ਤੇ ਮਲੂਕ, ਪਰ ਜਿਸਮ! ਤਸਵੀਰਾਂ ਕੀ ਸਨ, ਕੁੜੀਆਂ ਤੇ ਉਨ੍ਹਾਂ ਦੀ ਬੇਹੁਰਮਤੀ ਕਰਦੇ ਲੋਕ। ਮੈਂ ਪੁੱਛਿਆ, "ਤੂੰ ਇਹ ਤਸਵੀਰਾਂ ਕਿੱਥੋਂ ਲਈਆਂ?" ਰਸ਼ੀਦ ਦੱਸਿਆ, "ਨਿਆਮਤੇ ਦੇ ਵੱਡੇ ਮੁੰਡੇ ਕੋਲੋਂ। ਉਹ ਕਹਿੰਦਾ ਸੀ ਕਿ ਇਹ ਤਸਵੀਰਾਂ ਰਾਵਲਪੰਡੀ ਦੀਆਂ ਨੇ। ਇਹ ਕੁੜੀਆਂ ਹਿੰਦੂ-ਸਿੱਖ ਨੇ।"

"ਹਿੰਦੂ-ਸਿੱਖ?"

"ਹਾਂ, ਹਿੰਦੂ-ਸਿੱਖ। ਨਿਆਮਤੇ ਦਾ ਮੁੰਡਾ ਕਹਿੰਦਾ ਸੀ ਕਿ ਤੈਨੂੰ ਛੁਪਾ ਕੇ ਦਿਖਾ ਦਿਆਂ, ਪਰ ਕਿਸੇ ਹੋਰ ਨੂੰ ਨਾ ਦਿਖਾਵਾਂ।" ਰਾਤ ਪੈਣ ਤਕ ਉਹ ਤਸਵੀਰਾਂ ਮੇਰੇ ਜ਼ਿਹਨ ਵਿਚ ਘੁੰਮਦੀਆਂ ਰਹੀਆਂ। ਇਹ ਸਾਰਾ ਕੁਝ ਦਿਮਾਗ ਵਿਚੋਂ ਨਾ ਨਿਕਲਣ ਕਾਰਨ ਮੈਨੂੰ ਬੁਖਾਰ ਹੋ ਗਿਆ। ਬਰਾਮਦੇ ਵਿਚ ਪਈ ਚਾਰਪਾਈ 'ਤੇ ਲੇਟਿਆ ਉਨ੍ਹਾਂ ਲੋਕਾਂ ਬਾਰੇ ਸੋਚ ਰਿਹਾ ਸੀ ਜੋ ਇਹ ਜ਼ੁਲਮ ਸਹਿ ਰਹੇ ਸਨ ਅਤੇ ਉਹ ਕੌਣ ਸਨ ਜੋ ਇਹ ਸਿਤਮ ਕਰ ਰਹੇ ਸਨ। ਕੁਝ-ਕੁਝ ਸਮਝ ਆ ਵੀ ਰਿਹਾ ਸੀ।

ਪਿਤਾ ਜੀ ਘਰ ਆਏ। ਮੈਨੂੰ ਵਰਾਂਡੇ ਵਿਚ ਲੇਟਿਆਂ ਵੇਖ ਕੇ ਕਿਹਾ, "ਅੱਜ ਕਾਕਾ ਇਸ ਤਰ੍ਹਾਂ ਕਿਉਂ ਲੇਟਿਆ ਹੋਇਆ ਹੈ?" ਉਨ੍ਹਾਂ ਦਿਨਾਂ ਵਿਚ ਜੇ ਕਿਸੇ ਦਾ ਨਾਂ ਲੈ ਕੇ ਸੰਬੋਧਿਤ ਨਾ ਕੀਤਾ ਗਿਆ ਹੋਵੇ ਤਾਂ ਸਮਝਿਆ ਜਾਂਦਾ ਸੀ ਕਿ ਗੱਲਬਾਤ ਪਤੀ ਪਤਨੀ ਵਿਚਕਾਰ ਹੋ ਰਿਹਾ ਹੈ।

"ਸ਼ਾਮ ਨੂੰ ਖੇਡ ਕੇ ਆਇਆ ਤਾਂ ਢਿੱਲਾ ਲੱਗਦਾ ਸੀ। ਆ ਕੇ ਲੰਮਾ ਪੈ ਗਿਆ।"

ਪਿਤਾ ਜੀ ਨੇ ਮੱਥੇ 'ਤੇ ਹੱਥ ਰੱਖਿਆ, ਬੁਖਾਰ ਤਾਂ ਨਹੀਂ ਸੀ; ਪਰ ਮੈਂ ਕੰਬ ਰਿਹਾ ਸੀ। ਉਨ੍ਹਾਂ ਕਿਹਾ, "ਬੁਖਾਰ ਤਾਂ ਨਹੀਂ ਲੱਗਦਾ, ਕੁਝ ਸਹਿਮਿਆ ਲੱਗਦਾ ਹੈ।" ਮੈਨੂੰ ਉਠਾ ਕੇ ਵੱਖੀ ਨਾਲ ਲਗਾਉਂਦਿਆਂ ਕਿਹਾ, "ਇਸ ਤਰ੍ਹਾਂ ਘਬਰਾਇਆ ਹੋਇਆ ਕਿਉਂ ਹੈਂ?"

"ਤਸਵੀਰਾਂ।" ਮੈਂ ਕੰਬਦੀ ਜੀਭ ਨਾਲ ਕਿਹਾ।

"ਤਸਵੀਰਾਂ?"

"ਰਸ਼ੀਦ ਨੇ ਦਿਖਾਈਆਂ। ਕਹਿੰਦਾ ਸੀ ਰਾਵਲਪਿੰਡੀ ਦੀਆਂ ਹਨ; ਹਿੰਦੂ-ਸਿੱਖਾਂ ਦੀਆਂ।"

"ਹੂੰ!" ਇਕ ਕਾਲਾ ਪਰਛਾਵਾਂ ਪਿਤਾ ਜੀ ਦੇ ਚਿਹਰੇ ਤੋਂ ਗੁਜ਼ਰ ਗਿਆ।

ਉਹ ਰਾਤ ਦੀ ਰੋਟੀ ਤੋਂ ਬਾਅਦ ਵੀ ਮੇਜ਼ ਦੇ ਇਕ ਕੋਨੇ 'ਤੇ ਬੈਠੇ ਸੋਚਾਂ ਵਿਚ ਗਲਤਾਨ ਸਨ। ਫਿਰ ਜਿਵੇਂ ਆਪਣੇ ਆਪ ਨੂੰ ਹੀ ਮੁਖਾਤਿਬ ਹੁੰਦਿਆਂ ਬੋਲੇ, "ਨਿਕਲਣਾ ਤਾਂ ਪੈਣਾ ਹੀ ਹੈ; ਜਿੰਨੀ ਜਲਦੀ ਹੋ ਸਕੇ।"

"ਪਰ ਕੋਈ ਵਸੀਲਾ ਵੀ ਤਾਂ ਹੋਣਾ ਚਾਹੀਦਾ ਹੈ। ਇਕੱਲਿਆਂ ਤਾਂ ਰਾਹ ਵਿਚ ਹੀ ਉਨ੍ਹਾਂ ਜਰਵਾਣਿਆਂ ਨੇ ਰੋਕ ਲੈਣਾ ਹੈ।" ਮਾਤਾ ਨੇ ਕਿਹਾ।

"ਨਿਕਲਿਆ ਤਾਂ ਉਦੋਂ ਹੀ ਜਾਣਾ ਹੈ ਜਦੋਂ ਇਹ ਮਾਨ ਸਰਦਾਰ ਨਿਕਲਣਗੇ। ਮੁਰੱਬਿਆਂ ਦੇ ਮਾਲਕ ਹਨ, ਛੱਡ ਕੇ ਨਹੀਂ ਜਾਣਾ ਚਾਹੁੰਦੇ। ਸੋਚਦੇ ਹਨ ਅਮਨ-ਅਮਾਨ ਬਹਾਲ ਹੋ ਜਾਏ ਪਰ ਇੰਜ ਹੋਣਾ ਨਹੀਂ।" "ਹੋਣਾ ਕਿਉਂ ਨਹੀਂ? ਸਦੀਆਂ ਤੋਂ ਇਕੱਠੇ ਰਹਿੰਦੇ ਆਏ ਹਾਂ। ਮੁਸਲਮਾਨ ਹਕੂਮਤ ਵੇਲੇ ਵੀ, ਸਿੱਖ ਅਤੇ ਅੰਗਰੇਜ਼ੀ ਰਾਜ ਸਮੇਂ ਵੀ। ਹੁਣ ਜੇ ਫਿਰ ਮੁਸਲਿਮ ਰਾਜ ਹੋ ਜਾਏਗਾ ਤਾਂ ਕੀ ਹੋਇਆ! ਹਿੰਦੂ ਮੁਸਲਮਾਨ ਇਸੇ ਤਰ੍ਹਾਂ ਰਹੀ ਜਾਣਗੇ।" ਇਹ ਸਾਡੇ ਸਭ ਤੋਂ ਵੱਡੇ ਭਰਾ ਦਾ ਵਿਚਾਰ ਸੀ। "ਇਸ ਤਰ੍ਹਾਂ ਹੋਣਾ ਹੁਣ ਮੁਸ਼ਕਿਲ ਹੈ। ਪਾਕਿਸਤਾਨ ਜੋ ਬਣਿਆ ਹੈ ਦੋ ਦੂਰ-ਦਰਾਜ਼ ਹਿੱਸਿਆਂ ਵਿਚ ਹੈ ਅਤੇ ਵਿਚਕਾਰ ਭਾਰਤ ਹੋਣਾ ਹੈ, ਹਿੰਦੂ ਅਕਸਰੀਅਤ ਦਾ ਬਹੁਤ ਵੱਡਾ ਮੁਲਕ। ਪਾਕਿਸਤਾਨ ਨੂੰ ਕਾਇਮ ਰੱਖਣਾ ਬਹੁਤ ਮੁਸ਼ਕਿਲ ਹੋਏਗਾ। ਇਸ ਨਵੇਂ ਬਣੇ ਮੁਲਕ ਵਿਚ ਵਪਾਰ ਤੇ ਕਾਰਖਾਨੇ ਸਭ ਹਿੰਦੂਆਂ ਦੇ ਹੱਥ ਹਨ, ਬੈਂਕ ਵੀ। ਇਸ ਤੋਂ ਇਲਾਵਾ ਜ਼ਮੀਨਾਂ ਦੀ ਮਾਲਕੀ ਵੀ ਬਹੁਤੀ ਹਿੰਦੂਆਂ ਸਿੱਖਾਂ ਦੀ ਹੈ। ਮੁਸਲਮਾਨ ਗਰੀਬ ਅਤੇ ਕਰਜ਼ਿਆਂ ਹੇਠ ਦੱਬਿਆ ਹੋਇਆ ਹੈ। ਮੁਸਲਿਮ ਲੀਗੀ ਇਹ ਸਮਝਦੇ ਹਨ ਕਿ ਅਗਰ ਹਿੰਦੂਆਂ ਸਿੱਖਾਂ ਨੂੰ ਪਾਕਿਸਤਾਨ ਵਿਚੋਂ ਕੱਢਿਆ ਨਾ ਗਿਆ ਤਾਂ ਪਾਕਿਸਤਾਨ ਦਾ ਵਜੂਦ ਹਮੇਸ਼ਾਂ ਖਤਰੇ ਵਿਚ ਰਹੇਗਾ ਅਤੇ ਮੁਸਲਮਾਨ ਉਹੀ ਕੰਮੀ-ਕਮੀਣ।"

"ਇਹ ਮਾਰ-ਕੱਟ?" "ਉਸ ਵਕਤ ਤਕ ਬੰਦ ਨਹੀਂ ਹੋਣੀ ਜਦੋਂ ਤਕ ਅਸੀਂ ਲੋਕ ਮਾਰ ਮੁਕਾਏ ਨਹੀਂ ਜਾਂਦੇ ਜਾਂ ਭਾਰਤ ਵੱਲ ਧੱਕ ਨਹੀਂ ਦਿੱਤੇ ਜਾਂਦੇ।" "ਨਿਕਲਣ ਵਿਚ ਹੀ ਖੈਰ ਏ।" ਸਾਡੀ ਮਾਤਾ ਦੀ ਰਾਇ ਸੀ।

"ਕੋਈ ਸਬੱਬ ਵੀ ਤਾਂ ਬਣੇ। ਸੁਣਨ ਵਿਚ ਆਇਆ ਹੈ ਕਿ ਸੱਚਾ ਸੌਦਾ ਗੁਰਦੁਆਰੇ ਵਿਚ ਨਾਲ ਲੱਗਦੇ ਇਲਾਕੇ ਦੇ ਹਿੰਦੂ-ਸਿੱਖ ਇਕੱਠੇ ਹੋ ਰਹੇ ਹਨ ਤੇ ਕਾਫਲਾ ਬਣਦਿਆਂ ਭਾਰਤ ਲਈ ਤੁਰ ਪੈਣਗੇ।"

"ਉਧਰ ਹੋ ਤੁਰੀਏ।" ਮਾਤਾ ਦਾ ਸੁਝਾਅ ਸੀ।

"ਰਾਹ ਵਿਚ ਨਹਿਰਾਂ ਪੈਂਦੀਆਂ ਹਨ ਤੇ ਪੁਲਾਂ 'ਤੇ ਲੀਗੀਆਂ ਦੀਆਂ ਧਾੜਾਂ ਹਨ। ਬੇਪਤੀਆਂ ਕਰ, ਲੁੱਟ-ਮਾਰ ਕਰ ਨਹਿਰਾਂ ਵਿਚ ਸੁੱਟ ਦਿੰਦੇ ਹਨ। ਇਹ ਪਿੰਡ ਮਾਨ ਸਰਦਾਰਾਂ ਦਾ ਹੈ। ਅਸਲਾ ਬੇਅੰਤ ਤੇ ਦਬਦਬਾ ਬਹੁਤ ਹੈ। ਇਸ ਲਈ ਨਿਕਲਣ ਦਾ ਨਾਂ ਨਹੀਂ ਲੈਂਦੇ। ਸਮਝਦੇ ਨਹੀਂ ਕਿ ਅਸਲਾ ਪੁਲਿਸ ਨੇ ਖੋਹ ਲੈਣਾ ਹੈ ਅਤੇ ਉਪਰ ਮੁਲਖੱਈਆ ਚੜ੍ਹਾ ਦੇਣਾ ਹੈ। ਸਭ ਨੂੰ ਮਿਲ ਕੇ ਨਨਕਾਣਾ ਸਾਹਿਬ ਵੱਲ ਤੁਰ ਪੈਣਾ ਚਾਹੀਦਾ ਹੈ। ਕਾਫਲਾ ਉਥੋਂ ਹੀ ਬਣੇਗਾ।"



ਸ਼ੇਖੂਪੁਰਾ ਦਾ ਪੁਰਾਣਾ ਕਿਲ੍ਹਾ।

ਸੋਚਾਂ ਲੰਮੀਆਂ ਸਨ, ਪਰ ਹੱਲ ਕੋਈ ਨਿਕਲ ਨਹੀਂ ਰਿਹਾ। ਫਿਰ ਦੋ ਘਟਨਾਵਾਂ ਅਜਿਹੀਆਂ ਹੋਈਆਂ ਕਿ ਫੈਸਲਾ ਕਰਨ ਵਿਚ ਮਦਦਗਾਰ ਸਾਬਤ ਹੋਈਆਂ।

ਈਦ ਆ ਗਈ। ਹੁਕਮ ਤਾਂ ਇਹੀ ਹੈ ਕਿ ਮੁਸਲਮਾਨ ਸਭ ਗਿਲੇ-ਸ਼ਿਕਵੇ ਮਿਟਾ ਕੇ ਗਲੇ ਮਿਲਣ ਅਤੇ ਇਕ-ਦੂਜੇ ਨੂੰ ਈਦ ਦੀ ਵਧਾਈ ਦੇਣ। ਅਸਲ ਵਿਚ ਹੁੰਦਾ ਇਹ ਹੈ ਕਿ ਪਿੰਡਾਂ ਦੇ ਲੋਕ ਨਵੇਂ ਕੱਪੜੇ ਪਾ ਮਿਲਦੇ ਗਿਲਦੇ ਹਨ, ਪਰ ਹੱਸਦੇ-ਖੇਡਦੇ ਬੜ੍ਹਕਾਂ ਮਾਰਨ ਲੱਗ ਜਾਂਦੇ ਹਨ ਤੇ ਫਿਰ ਸੇਲੇ, ਛਵ੍ਹੀਆਂ, ਕੁਹਾੜੀਆਂ ਨਿਕਲ ਆਉਂਦੀਆਂ ਹਨ। ਇਸ ਈਦ ਵਾਲੇ ਦਿਨ ਵੀ ਇਹੀ ਹੋਇਆ। ਇਕ ਨਜ਼ਦੀਕੀ ਪਿੰਡ ਤੋਂ ਫੱਟੜ ਹੋਏ ਮਰਦਾਂ ਔਰਤਾਂ ਦੀ ਭੀੜ ਮਾਨਾਂਵਾਲੇ ਹਸਪਤਾਲ ਆ ਗਈ। ਕੁਝ ਜ਼ਖਮੀਆਂ ਦੀ ਹਾਲਤ ਨਾਜ਼ੁਕ ਸੀ। ਇਕ ਔਰਤ ਦੇ ਸਿਰ ਵਿਚ ਕੁਹਾੜੀ ਦੇ ਤਿੰਨ ਗਹਿਰੇ ਨਿਸ਼ਾਨ ਸਨ। ਇਕ ਆਦਮੀ ਦੀ ਬਾਂਹ ਤਕਰੀਬਨ ਲੱਥੀ ਹੋਈ ਸੀ। ਇਕ ਬਜ਼ੁਰਗ ਦੀ ਬਾਂਹ ਵਿਚੋਂ ਬਰਛੀ ਆਰ-ਪਾਰ ਲੰਘ ਗਈ ਸੀ। ਇਹ ਕੇਸ ਕਿਸੇ ਵੱਡੇ ਹਸਪਤਾਲ ਦੇ ਸਨ, ਪਰ ਨੇੜੇ ਦਾ ਵੱਡਾ ਹਸਪਤਾਲ ਸ਼ੇਖੂਪੁਰੇ ਸੀ ਅਤੇ ਉਹ ਕੋਈ ਚਾਲੀ ਮੀਲ ਦੂਰ ਸੀ। ਆਵਾਜਾਈ ਦਾ ਸਾਧਨ ਸਿਰਫ ਗੱਡਾ ਸੀ। ਜੇ ਉਥੇ ਭੇਜੇ ਜਾਂਦੇ ਤਾਂ ਦੋ ਤਿੰਨ ਦੇ ਰਾਹ ਵਿਚ ਹੀ ਫੌਤ ਹੋ ਜਾਣ ਦਾ ਖਦਸ਼ਾ ਸੀ।

ਸੋ ਪਿਤਾ ਜੀ ਇਨ੍ਹਾਂ ਜ਼ਖਮੀਆਂ ਦੀ ਮੱਲ੍ਹਮ ਪੱਟੀ ਅਤੇ ਸੇਵਾ ਸੰਭਾਲ ਵਿਚ ਜੁਟ ਗਏ। ਜ਼ਖਮ ਸਾਫ ਕੀਤੇ ਗਏ। ਸੀਤੇ ਪਰੋਏ ਗਏ। ਫੱਟੀਆਂ ਲਗਾ ਕੇ ਟੁੱਟੀਆਂ ਹੱਡੀਆਂ ਬੰਨ੍ਹੀਆਂ ਗਈਆਂ। ਕੁਝ ਹੋਸ਼ ਵਿਚ ਆ ਗਏ ਸਨ। ਕੁਝ ਦੇ ਹੋਸ਼ ਵਿਚ ਆਉਣ ਦੇ ਆਸਾਰ ਨਜ਼ਰ ਆ ਰਹੇ ਸਨ। ਹੱਥ ਸ਼ੁਕਰਾਨੇ ਵਿਚ ਉਠ ਵੀ ਰਹੇ ਸਨ।

ਪਾਕਿਸਤਾਨ ਬਣਿਆਂ ਅੱਠ ਦਿਨ ਹੋ ਗਏ ਸਨ। ਤਾਰੀਖ 22 ਅਗਸਤ 1947 ਸੀ।

ਦੂਜੀ ਘਟਨਾ ਇਸ ਤੋਂ ਵੀ ਵਧੇਰੇ ਮਹੱਤਵਪੂਰਨ ਸੀ। ਨਿਕਲਣ ਦੀ ਚਿੰਤਾ ਤਾਂ ਬਹੁਤ ਸੀ, ਪਰ ਵਸੀਲਾ ਕੋਈ ਨਹੀਂ ਬਣ ਰਿਹਾ ਸੀ। ਇਕੋ ਆਸ ਸੀ ਕਿ ਕਾਫਲਾ ਜਦੋਂ ਬਣਿਆ, ਨਾਲ ਤੁਰ ਪਵਾਂਗੇ। ਇਸੇ ਸੋਚ ਵਿਚ ਸੀ ਕਿ ਮਾਨਾਂਵਾਲੇ ਸਕੂਲ ਵਿਚ ਪੜ੍ਹਾਉਂਦੇ ਅਧਿਆਪਕ ਦਾ ਸੁਨੇਹਾ ਆ ਗਿਆ: "ਸਾਨੂੰ ਲਿਜਾਣ ਵਾਸਤੇ ਫੌਜੀ ਟਰੱਕ ਆਇਆ ਹੈ। ਡਾਕਟਰ ਸਾਹਿਬ, ਜੇ ਚੱਲਣਾ ਹੈ ਤਾਂ ਦੱਸੋ, ਅਸੀਂ ਟਰੱਕ ਤੁਹਾਡੇ ਵਾਲੇ ਪਾਸੇ ਹੋ ਕੇ ਲੈ ਜਾਵਾਂਗੇ।"

"ਆ ਜਾਓ।" ਪਿਤਾ ਜੀ ਨੇ ਕਿਹਾ ਅਤੇ ਸਾਡੀ ਮਾਤਾ ਨੂੰ ਕਿਹਾ, "ਜ਼ਰੂਰੀ ਸਾਮਾਨ ਅਤੇ ਛੁੱਟੀਆਂ ਬਿਤਾਉਣ ਲਈ ਕੱਪੜੇ ਵਗੈਰਾ ਸੰਭਾਲ ਲਵੋ। ਮਾਸਟਰ ਜੀ ਨੂੰ ਲੈਣ ਵਾਸਤੇ ਫੌਜੀ ਟਰੱਕ ਆਇਆ ਹੈ। ਮੌਕਾ ਖੁੰਝਾਉਣਾ ਨਹੀਂ ਚਾਹੀਦਾ। ਨਿਕਲ ਚੱਲੀਏ।"

ਤਿਆਰੀ ਤਾਂ ਪਹਿਲਾਂ ਹੀ ਸੀ। ਟਰੱਕ ਆਉਣ ਤਕ ਸਾਡਾ ਸਾਮਾਨ ਤਿਆਰ ਸੀ। ਅਸੀਂ ਉਡੀਕਦੇ ਖੜ੍ਹੇ ਸਾਂ, ਪਰ ਦੋ ਅੜਿਕੇ ਪੈ ਗਏ। ਟਰੱਕ ਵਿਚੋਂ ਨਿਕਲਣ ਵਾਲੇ ਪਹਿਲੇ ਫੌਜੀ ਸਿੱਖ ਨਹੀਂ, ਬਲੋਚ ਸਨ। ਸਿੱਖ ਫੌਜੀਆਂ ਕੋਲੋਂ ਹਥਿਆਰ ਲੈ ਲਏ ਗਏ ਸਨ ਅਤੇ ਟਰੱਕ ਬਲੋਚ ਦਸਤੇ ਦੀ ਹਿਫਾਜ਼ਤ ਵਿਚ ਸੀ। ਪਿਤਾ ਜੀ ਕੋਲ ਬੰਦੂਕ ਸੀ ਤੇ ਬਲੋਚ ਬੰਦੂਕ ਨੂੰ ਟਰੱਕ ਵਿਚ ਲਿਆਉਣ ਦੀ ਇਜਾਜ਼ਤ ਨਹੀਂ ਦੇ ਰਹੇ ਸਨ। ਸਿੱਖ ਸੂਬੇਦਾਰ ਦੇ ਕਹਿਣ 'ਤੇ ਕਿ ਜਿੱਥੇ ਸਾਡੇ ਹਥਿਆਰ ਰੱਖੇ ਨੇ, ਇਹ ਵੀ ਰੱਖ ਲਵੋ; ਮੰਨ ਤਾਂ ਗਏ, ਪਰ ਰਹੇ ਔਖੇ-ਔਖੇ ਹੀ।

ਦੂਜੀ ਦਿੱਕਤ ਈਦ ਵਾਲੇ ਦਿਨ ਆਏ ਜ਼ਖਮੀਆਂ ਦੇ ਰਿਸ਼ਤੇਦਾਰਾਂ ਨੇ ਖੜ੍ਹੀ ਕਰ ਦਿੱਤੀ। ਉਨ੍ਹਾਂ ਹੱਥ ਬੰਨ੍ਹ ਕੇ ਕਿਹਾ, "ਸਰਦਾਰਾ, ਇਨ੍ਹਾਂ ਨੂੰ ਕੀਹਦੇ ਆਸਰੇ ਛੱਡ ਚੱਲਿਐਂ?" ਉਨ੍ਹਾਂ ਨੇ ਪਿਤਾ ਜੀ ਦੇ ਪੈਰ ਫੜ ਲਏ। ਬਥੇਰਾ ਸਮਝਾਇਆ, ਪਰ ਉਹ ਪੈਰ ਨਾ ਛੱਡਣ। ਪਿਤਾ ਜੀ ਵਾਸਤੇ ਵੱਡੀ ਸਮੱਸਿਆ ਬਣ ਗਈ! ਜੇ ਰਹਿੰਦੇ ਸਨ ਤਾਂ ਪਰਿਵਾਰ ਖਿੰਡਦਾ ਸੀ, ਇਕ ਵਾਰੀ ਵਿਛੜੇ ਫਿਰ ਮਿਲਦੇ ਜਾਂ ਨਾ ਕੋਈ ਪਤਾ ਨਹੀਂ ਸੀ। ਨਿਕਲਣ ਦਾ ਅਵਸਰ ਖੁੰਝਦਾ ਸੀ। ਜੇ ਜਾਂਦੇ ਤਾਂ ਜ਼ਖਮੀਆਂ ਵਿਚੋਂ ਦੋ ਤਿੰਨ ਨੇ ਫੌਤ ਹੋ ਜਾਣਾ ਸੀ। ਫੌਜੀ ਕਾਹਲੇ। ਕਹਿਣ, "ਨਿਕਲੋ ਜੇ ਚੱਲਣਾ!" ਆਖਰ ਫੈਸਲਾ ਰੁਕਣ ਦੇ ਹੱਕ ਵਿਚ ਹੋਇਆ। ਡਾਕਟਰੀ ਮਾਣ-ਮਰਯਾਦਾ ਨੇ ਪਹਿਲ ਲੈ ਲਈ। ਪਿਤਾ ਜੀ ਰੁਕ ਗਏ।

ਮਾਨਾਂਵਾਲੇ ਤੋਂ ਸ਼ੇਖੂਪੁਰੇ ਦੀ ਜੂਹ ਤਕ ਮੁਲਕ ਵੀਰਾਨ ਪਿਆ ਸੀ। ਸੜਕ ਨਾਲ ਲੱਗਦੇ ਪਿੰਡ ਵੀ ਸੁੰਨਸਾਨ! ਘਰ ਬੰਦ, ਸੜਕਾਂ ਖਾਲੀ, ਨਾ ਕੋਈ ਗੱਡਾ, ਨਾ ਖੁੱਲ੍ਹੀ ਮੱਝ ਗਾਂ। ਸਿਰਫ ਇਕ ਥਾਂ ਦੋ ਘੋੜਸਵਾਰ ਨਜ਼ਰ ਆਏ- ਗੋਲ ਪੱਗਾਂ, ਤੇੜ ਕੜਿਹਰੇ ਅਤੇ ਸੱਜੇ ਹੱਥਾਂ ਵਿਚ ਬਰਛੇ। ਟਰੱਕ ਰੁਕਵਾ, ਛਾਲਾਂ ਮਾਰ ਬਾਹਰ ਨਿਕਲ ਬਲੋਚ ਰਾਈਫਲਾਂ ਤਾਣ ਫਾਇਰ ਕਰਨ ਲਈ ਤਿਆਰ ਹੋ ਗਏ ਪਰ ਉਹ ਵੀ ਸ਼ਾਤਰ ਸਨ। ਤੇਜ਼ ਘੋੜੇ ਦੌੜਾ, ਇਕ ਮੋੜ ਮੁੜ ਕੇ ਤਿੱਤਰ ਹੋ ਗਏ।

ਸ਼ਾਇਦ ਉਹ ਭਾਰਤ ਆਉਂਦੇ ਕਿਸੇ ਕਾਫਲੇ ਦੇ ਮੁਹਾਫਿਜ਼ ਸਨ, ਇਕੱਲੇ-ਦੁਕੱਲੇ ਮਿਲੇ ਮੁਸਲਮਾਨ ਲਈ ਮੌਤ। ਉਹ ਸਿੱਖ ਘੋੜਸਵਾਰ ਸਨ, ਉਹ ਵੀ ਹਥਿਆਰਾਂ ਨਾਲ ਲੈਸ।

ਸ਼ੇਖੂਪੁਰਾ ਸ਼ਹਿਰ ਤੋਂ ਪਹਿਲਾਂ ਸ਼ੇਖੂਪੁਰਾ ਛਾਉਣੀ ਆਉਂਦੀ ਸੀ। ਬਲੋਚ ਟਰੱਕ ਨੂੰ ਆਪਣੀ ਯੂਨਿਟ ਦੇ ਕੰਪਾਊਂਡ ਵਿਚ ਲੈ ਗਏ। ਉਹ ਚਾਹ ਪਾਣੀ ਲਈ ਕੁਝ ਦੇਰ ਰੁਕਣਾ ਚਾਹੁੰਦੇ ਸਨ। ਸਿੱਖ ਸੂਬੇਦਾਰ ਅੱਗੇ ਲੰਮਾ ਸਫਰ ਹੋਣ ਕਰ ਕੇ ਜਲਦੀ ਤੋਂ ਜਲਦੀ ਨਿਕਲਣਾ ਚਾਹੁੰਦਾ ਸੀ। ਬਲੋਚਾਂ ਦਾ ਕਰਨਲ ਵੀ ਇਹੀ ਚਾਹੁੰਦਾ ਸੀ; ਅਖੇ: "ਜੇ ਕਿਸੇ ਮਨਮਰਜ਼ੀ ਵਾਲੇ ਸਿਪਾਹੀ ਨੇ ਇਨ੍ਹਾਂ 'ਤੇ ਫਾਇਰ ਖੋਲ੍ਹ ਦਿੱਤਾ ਤਾਂ ਉਹ ਕੀ ਕਰ ਲਏਗਾ।" ਮਿੰਟ-ਮਿੰਟ ਕਰ ਕੇ ਵਕਤ ਗੁਜ਼ਰ ਰਿਹਾ ਸੀ।

ਉਥੇ ਰੁਕਿਆਂ ਨੂੰ ਇਕ ਮੁਸ਼ਕਿਲ ਹੋਰ ਆ ਬਣੀ। ਇਕ ਸਿੱਖ ਬੀਬੀ ਪਤਾ ਨਹੀਂ ਕਿਵੇਂ ਬਲੋਚਾਂ ਦੀ ਯੂਨਿਟ ਵਿਚ ਆ ਗਈ। ਹੋ ਸਕਦਾ ਹੈ, ਉਹੀ ਕਿਧਰੋਂ ਫੜ ਲਿਆਏ ਹੋਣ। ਸਾਦ-ਮੁਰਾਦੇ ਕੱਪੜੇ ਪਹਿਨੀ ਉਹ ਜਵਾਨੀ ਦੀ ਦਹਿਲੀਜ਼ ਦੇ ਆਰ-ਪਾਰ ਸੀ। ਉਸ ਨਾਲ ਚਾਰ ਪੰਜ ਸਾਲ ਦਾ ਲੜਕਾ ਸੀ।

ਇਧਰ ਉਧਰ ਹੱਥ ਜੋੜਦੀ, ਸਿੱਖ ਸੂਬੇਦਾਰ ਨੂੰ ਦੇਖ ਕੇ ਉਸ ਕੋਲ ਆ ਗਈ ਅਤੇ ਨਾਲ ਲੈ ਚੱਲਣ ਵਾਸਤੇ ਤਰਲੇ ਕੱਢਣ ਲੱਗੀ। ਬਲੋਚ ਅਫਸਰ ਨੇ ਕਿਹਾ, "ਇਸ ਨੂੰ ਲਿਜਾਣ ਵਾਸਤੇ ਤੁਹਾਨੂੰ ਇਜਾਜ਼ਤ ਲੈਣੀ ਪਵੇਗੀ ਅਤੇ ਇਜਾਜ਼ਤ ਦੇਣ ਵਾਲਾ ਇਥੇ ਹੈ ਕੋਈ ਨਹੀਂ।"

ਸਿੱਖ ਸੂਬੇਦਾਰ ਕਹੇ, "ਬੀਬੀ, ਮੈਨੂੰ ਤੈਨੂੰ ਲਿਜਾਣ ਦੀ ਇਜਾਜ਼ਤ ਨਹੀਂ, ਟਰੱਕ ਵਿਚ ਥਾਂ ਨਹੀਂ। ਮੈਂ ਤੈਨੂੰ ਨਹੀਂ ਲਿਜਾ ਸਕਦਾ।"

ਅੱਜ ਦਹਾਕੇ ਹੋ ਗਏ ਹਨ। ਟਰੱਕ ਪਿਛਲੇ ਫੱਟੇ ਵਿਚ ਪੈਰ ਰੱਖ ਕੇ ਚੜ੍ਹਨ ਲਈ ਬਣੇ ਚਕੋਰ ਮੋਰੇ ਵਿਚੋਂ ਦਿਸਦੀ ਡਰ ਅਤੇ ਫਿਕਰ ਨਾਲ ਤਰਲੇ ਕਰਦੀ ਉਸ ਬੀਬੀ ਦੀ ਮੂਰਤ ਸਾਵੀਂ ਦੀ ਸਾਵੀਂ ਅੱਖਾਂ ਸਾਹਵੇਂ ਕਾਇਮ ਹੈ।

ਇਨ੍ਹਾਂ ਗੱਲਾਂ ਨੂੰ ਇੰਨੇ ਸਾਲ ਬੀਤ ਗਏ ਹਨ, ਪਰ ਅਜੇ ਵੀ ਅੱਖਾਂ ਮੀਟ ਕੇ ਸੋਚੀਂ ਪੈਣ ਤੋਂ ਡਰਦਾ ਹਾਂ। ਡਰਦਾ ਹਾਂ ਕਿ ਉਹ ਤਸਵੀਰਾਂ ਕੀ ਉਸ ਵਕਤ ਵੀ ਮੇਰੀਆਂ ਅੱਖਾਂ ਸਾਹਵੇਂ ਹੋਣਗੀਆਂ ਜਦੋਂ ਮੇਰਾ ਆਪਣਾ ਅੱਖਾਂ ਮੀਟਣ ਦਾ ਸਮਾਂ ਆ ਜਾਏਗਾ।

ਸ਼ੇਖੂਪੁਰਾ ਛਾਉਣੀ ਤੋਂ ਹੀ ਇਕ ਹੋਰ ਟਰੱਕ, ਜਿਸ ਵਿਚ ਬਲੋਚ ਸਿਪਾਹੀ ਹੀ ਸਨ, ਸਾਡੇ ਨਾਲ ਹੋ ਤੁਰਿਆ ਸੀ। ਸ਼ੇਖੂਪੁਰੇ ਤੋਂ ਬਾਹਰ ਨਿਕਲ ਲਾਹੌਰ ਵਾਲੀ ਸੜਕ ਪੈਣ ਤੋਂ ਬਾਅਦ ਕੁਝ ਮੀਲ ਚੱਲਣ 'ਤੇ ਦੋਵੇਂ ਟਰੱਕ ਰੁਕ ਗਏ। ਸਾਡੇ ਵਾਲੇ ਟਰੱਕ ਵਿਚੋਂ ਪਹਿਲਾਂ ਬਲੋਚ ਉਤਰੇ, ਫਿਰ ਸਿੱਖ ਸਿਪਾਹੀ। ਬਲੋਚਾਂ ਨੇ ਦੂਜੇ ਟਰੱਕ ਵਿਚੋਂ ਰਾਈਫਲਾਂ ਅਤੇ ਇਕ ਸਟੇਨਗੰਨ ਕੱਢੀ। ਸਟੇਨਗਨ ਉਨ੍ਹਾਂ ਨੇ ਸਿੱਖ ਸੂਬੇਦਾਰ ਨੂੰ ਫੜਾਈ ਅਤੇ ਰਾਈਫਲਾਂ ਬਾਕੀ ਫੌਜੀਆਂ ਨੂੰ। ਅਸਲੇ ਦੇ ਦੋ ਬਕਸੇ ਵੀ ਵਾਪਸ ਕੀਤੇ।

ਫੌਜੀਆਂ ਹੱਥ ਮਿਲਾਏ। ਖੁਦਾ ਹਾਫਿਜ਼ ਅਤੇ ਸਤਿ ਸ੍ਰੀ ਅਕਾਲ ਹੋਈ। ਅਜੇ ਗੋਰੇ ਰਾਜ ਸਮੇਂ ਦੀਆਂ ਸਾਂਝਾਂ ਕਾਇਮ ਸਨ। ਕਸ਼ਮੀਰ ਲਈ ਅਜੇ ਲੜਾਈ ਛਿੜੀ ਨਹੀਂ ਸੀ ਅਤੇ ਨਾ ਹੀ ਅਜੇ ਰਿਸ਼ਤਿਆਂ ਵਿਚ ਕੁੜੱਤਣ ਘੁਲੀ ਸੀ। ਹਥਿਆਰ ਵਾਪਸ ਮਿਲਣ 'ਤੇ ਸਿੱਖ ਫੌਜੀਆਂ ਦੇ ਚਿਹਰਿਆਂ 'ਤੇ ਰੌਣਕ ਆ ਗਈ। ਸੂਬੇਦਾਰ ਨੇ ਕਿਹਾ, "ਹੁਣ ਕੋਈ ਫਿਕਰ ਨਹੀਂ। ਮਰਾਂਗੇ ਤਾਂ ਲੜ ਕੇ ਮਰਾਂਗੇ।"

ਅਜੇ ਕੁਝ ਦੂਰ ਹੀ ਗਏ ਸਾਂ ਕਿ ਹਨੇਰਾ ਪੈ ਗਿਆ। ਟਰੱਕ ਦੀਆਂ ਬੱਤੀਆਂ ਔਨ ਕੀਤੀਆਂ, ਉਹ ਨਾ ਜਗੀਆਂ। ਡਰਾਈਵਰ ਨੇ ਠੀਕ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਕਾਮਯਾਬੀ ਨਾ ਮਿਲੀ। ਜ਼ਿਆਦਾ ਛੇੜਛਾੜ ਕਰਨਾ ਮੁਨਾਸਿਬ ਨਹੀਂ ਸੀ। ਖਤਰਾ ਇਹ ਵੀ ਸੀ ਕਿ ਰਾਤ ਦੇ ਸਫਰ ਵਿਚ ਉਝੜ ਪੈ ਗਏ ਤਾਂ ਬੜੀ ਵੱਡੀ ਮੁਸ਼ਕਿਲ ਪੈ ਜਾਣੀ ਸੀ। ਪੈਟਰੋਲ ਪੂਰਾ-ਪੂਰਾ ਸੀ- ਅੰਮ੍ਰਿਤਸਰ ਅੱਪੜਨ ਜੋਗਾ। ਰਾਤ ਖੇਤਾਂ ਵਿਚ ਹੀ ਕੱਟਣ ਦਾ ਫੈਸਲਾ ਹੋਇਆ। ਟਰੱਕ ਦਰੱਖਤਾਂ ਓਹਲੇ ਖੜ੍ਹਾ ਦਿੱਤਾ ਗਿਆ, ਖੇਤ ਵਿਚ ਦਰੀਆਂ ਵਿਛਾ ਲਈਆਂ, ਸਵੇਰ ਦੀ ਪੱਕੀ ਰੋਟੀ ਵੰਡੀ ਅਤੇ ਘੁੱਟ-ਘੁੱਟ ਪਾਣੀ ਪੀਤਾ, ਪਰ ਅੱਖਾਂ ਅਜੇ ਪਿੱਛੇ ਵੱਲ ਦੇਖ ਰਹੀਆਂ ਸਨ ਜਿਸ ਤਰਫ ਸ਼ੇਖੂਪੁਰਾ ਸੜ ਰਿਹਾ ਸੀ। ਹਨੇਰੇ ਆਕਾਸ਼ ਤਕ ਜਾਂਦਾ ਕਾਲਾ ਧੂੰਆਂ ਅਤੇ ਹੇਠਾਂ ਦੂਰ-ਦੂਰ ਤਕ ਫੈਲੇ ਅੱਗ ਦੇ ਭਾਂਬੜ। ਅਸੀਂ ਬੱਚੇ ਤਾਂ ਸੌਂ ਗਏ, ਪਰ ਫੌਜੀ ਅਤੇ ਵੱਡੇ ਸਾਰੀ ਰਾਤ ਜਾਗਦੇ ਰਹੇ। ਸਵੇਰੇ ਜਦੋਂ ਸਾਨੂੰ ਉਠਾਇਆ ਤਾਂ ਅਜੇ ਹਨੇਰਾ ਸੀ। ਸਿਰਫ ਸੜਕ ਚੌਗਿਰਦੇ ਨਾਲੋਂ ਜ਼ਿਆਦਾ ਕਾਲੀ ਹੋਣ ਕਰਕੇ ਦਿਸ ਰਹੀ ਸੀ। ਰਾਹ ਕੁਲ ਚਾਲੀ ਪੰਜਤਾਲੀ ਮੀਲ ਦਾ ਸੀ। ਅਜੇ ਹਨੇਰਾ ਹੀ ਸੀ ਕਿ ਅਸੀਂ ਬਾਦਾਮੀ ਬਾਗ ਵਾਲਾ ਰਾਵੀ ਦਾ ਪੁਲ ਪਾਰ ਕਰਕੇ ਲਾਹੌਰ ਆ ਗਏ। ਸਾਨੂੰ ਸਭ ਨੂੰ ਸਿਰ ਨਿਵਾ ਕੇ ਬੈਠਣ ਲਈ ਕਿਹਾ ਗਿਆ। ਸਾਡੇ ਸਿਰ ਤਾਂ ਟਰੱਕ ਦੇ ਫਰਸ਼ ਨਾਲ ਲੱਗੇ ਹੋਏ ਸਨ। ਸਾਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਅਸੀਂ ਲਾਹੌਰ ਪਾਰ ਕਰ ਆਏ। ਟਰੱਕ ਤੇਜ਼ ਰਫਤਾਰ ਨਾਲ ਜਾ ਰਿਹਾ ਸੀ ਅਤੇ ਸਫਰ ਆਖਰੀ ਪੜਾਅ 'ਤੇ ਸੀ। ਇਕ ਪਲ ਲਈ ਟਰੱਕ ਫਿਰ ਰੁਕਿਆ- ਸ਼ਨਾਖਤ ਲਈ। ਅਸੀਂ ਵਾਹਗਾ ਬਾਰਡਰ 'ਤੇ ਸੀ। ਬਾਹਾਂ ਉਚੀਆਂ ਹੋਈਆਂ ਅਤੇ ਜੈਕਾਰਾ ਗੂੰਜਿਆ- ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

ਹੁਣ ਅਸੀਂ ਭਾਰਤ ਵਿਚ ਸਾਂ।

# ਪਾਣੀ ਦੀ ਸੰਭਾਲ ਲਈ ਸੰਜੀਦਾ ਯਤਨਾਂ ਦੀ ਲੋੜ

ਹਰ ਵਰ੍ਹੇ 22 ਮਾਰਚ ਨੂੰ ਦੁਨੀਆਂ ਭਰ ਵਿਚ ਪਾਣੀ ਦੀ ਸਾਂਭ-ਸੰਭਾਲ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਲੋਕਾਂ ਨੂੰ ਪ੍ਰਿੰਟ ਤੇ ਸੋਸ਼ਲ ਮੀਡੀਏ, ਸੈਮੀਨਾਰਾਂ ਆਦਿ ਰਾਹੀਂ ਪਾਣੀ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਧਰਤੀ 'ਤੇ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਹਵਾ ਤੋਂ ਬਾਅਦ ਪਾਣੀ ਦੂਜੀ ਮੁਢਲੀ ਲੋੜ ਹੈ। ਪਾਣੀ ਤੋਂ ਬਿਨਾ ਕਿਸੇ ਵੀ ਤਰ੍ਹਾਂ ਦੀ ਜ਼ਿੰਦਗੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਸਾਡੇ ਵੱਡੇ-ਵਡੇਰੇ ਪਾਣੀ ਦੇ ਮਹੱਤਵ ਨੂੰ ਬਾਖੂਬੀ ਸਮਝਦੇ ਸਨ, ਇਸੇ ਲਈ ਉਹ ਸਾਰੇ ਕੁਦਰਤੀ ਸਰੋਤਾਂ ਨੂੰ ਪੂਜਦੇ ਅਤੇ ਸਤਿਕਾਰਦੇ ਸਨ। ਸਾਡੇ ਸਾਰੇ ਧਾਰਮਿਕ ਗ੍ਰੰਥਾਂ ਵਿਚ ਵੀ

**ਡਾ. ਗੁਰਿੰਦਰ ਕੌਰ***
**ਫੋਨ: 91-99156-82196**

ਕੁਦਰਤੀ ਸਰੋਤਾਂ ਲਈ ਸਤਿਕਾਰਤ ਸ਼ਬਦ ਵਰਤੇ ਗਏ ਜਿਵੇਂ ਪਵਨ ਦੇਵਤਾ, ਅਗਨੀ ਦੇਵਤਾ, ਜਲ ਦੇਵਤਾ ਆਦਿ। ਗੁਰੂ ਨਾਨਕ ਦੇਵ ਜੀ ਨੇ ਤਾਂ ਇਨ੍ਹਾਂ ਕੁਦਰਤੀ ਸਰੋਤਾਂ ਨੂੰ ਗੁਰੂ, ਪਿਤਾ ਅਤੇ ਮਾਤਾ ਸਮਾਨ ਦਰਜਾ ਦਿੱਤਾ, ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਉਨ੍ਹਾਂ ਨੂੰ ਇਨ੍ਹਾਂ ਦੇ ਮਹੱਤਵ ਦਾ ਪਤਾ ਸੀ, ਪਰ ਅਫਸੋਸ ਦੁਨੀਆਂ ਦੇ ਬਹੁਤੇ ਦੇਸ਼ ਆਰਥਕ ਵਿਕਾਸ ਦੀ ਅੰਨ੍ਹੀ ਦੌੜ ਵਿਚ ਪੈ ਕੇ ਇਨ੍ਹਾਂ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਕਰਨਾ ਹੀ ਭੁੱਲ ਗਏ ਹਨ।

1992 ਵਿਚ ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿਚ ਸੰਯੁਕਤ ਰਾਸ਼ਟਰ ਦੀ ਵਾਤਾਵਰਣ ਅਤੇ ਵਿਕਾਸ ਸਬੰਧੀ ਹੋਈ ਕਾਨਫਰੰਸ ਵਿਚ ਜ਼ਮੀਨ ਹੇਠਲੇ ਪਾਣੀ ਦੇ ਡਿਗਦੇ ਪੱਧਰ, ਦਰਿਆਵਾਂ ਅਤੇ ਝੀਲਾਂ ਦੇ ਸਰੋਤਾਂ ਥੱਲੇ ਘਟਦੇ ਖੇਤਰਾਂ ਨੂੰ ਦੇਖਦਿਆਂ ਪਾਣੀ ਦੀ ਸਾਂਭ-ਸੰਭਾਲ ਅਤੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ ਲਈ ਹਰ ਸਾਲ 22 ਮਾਰਚ ਨੂੰ ਪਾਣੀ ਦਿਵਸ ਮਨਾਉਣ ਦਾ ਫੈਸਲਾ ਲੈ ਲਿਆ ਗਿਆ ਸੀ। ਉਸ ਪਿਛੋਂ ਹਰ ਸਾਲ ਸੰਯੁਕਤ ਰਾਸ਼ਟਰ ਇਸ ਦਿਨ ਲਈ ਪਾਣੀ ਦੇ ਕਿਸੇ ਇਕ ਵਿਸ਼ੇਸ਼ ਵਿਸ਼ੇ ਦੀ ਚੋਣ ਕਰਦਾ ਹੈ ਅਤੇ ਫਿਰ ਸਾਰਾ ਸਾਲ ਉਸ ਉਦੇਸ਼ ਨੂੰ ਪੂਰਾ ਕਰਨ ਲਈ ਦੁਨੀਆਂ ਭਰ ਵਿਚ ਸਿਰਤੋੜ ਯਤਨ ਕੀਤੇ ਜਾਂਦੇ ਹਨ।

1993 ਵਿਚ ਪਾਣੀ ਦਿਵਸ ਦਾ ਵਿਸ਼ਾ 'ਸ਼ਹਿਰਾਂ ਲਈ ਪਾਣੀ' ਸੀ ਅਤੇ ਉਸ ਪਿਛੋਂ ਹਰ ਸਾਲ ਇਹ ਵਿਸ਼ਾ ਬਦਲਦਾ ਰਿਹਾ ਹੈ। ਪਿਛਲੇ ਸਾਲ (2019) ਦਾ ਵਿਸ਼ਾ 'ਲੀਵਿੰਗ ਨੋ ਵਨ ਬਿਹਾਈਂਡ' ਸੀ, ਜਿਸ ਦਾ ਅਰਥ ਹੈ ਕਿ ਦੁਨੀਆਂ ਵਿਚ ਕੋਈ ਵੀ ਵਿਅਕਤੀ ਅਜਿਹਾ ਨਾ ਰਹੇ, ਜਿਸ ਨੂੰ ਪੀਣ ਲਈ ਸ਼ੁੱਧ ਪਾਣੀ ਨਾ ਮਿਲੇ, ਕਿਉਂਕਿ ਦੁਨੀਆਂ ਦੀ ਕੁੱਲ ਆਬਾਦੀ ਦਾ ਵੱਡਾ ਹਿੱਸਾ ਸ਼ੁੱਧ ਪਾਣੀ ਦੀ ਨਿਆਮਤ ਤੋਂ ਵਾਂਝਾ ਰਹਿੰਦਾ ਹੈ। ਇਸ ਸਾਲ ਦਾ ਵਿਸ਼ਾ 'ਮੌਸਮੀ ਤਬਦੀਲੀ ਅਤੇ ਪਾਣੀ' ਹੈ, ਜੋ ਬਹੁਤ ਅਹਿਮ ਵਿਸ਼ਾ ਹੈ, ਕਿਉਂਕਿ ਮੌਸਮ ਵਿਚ ਤੇਜ਼ੀ ਨਾਲ ਆਉਣ ਵਾਲੀਆਂ ਤਬਦੀਲੀਆਂ ਨਾਲ ਹਰ ਦੇਸ਼ ਦੇ ਮੌਸਮੀ ਚੱਕਰ ਉਤੇ ਬਹੁਤ ਪ੍ਰਭਾਵ ਪੈ ਰਿਹਾ ਹੈ, ਜਿਸ ਨਾਲ ਸਾਰਾ ਕੁਝ ਗੜਬੜਾ ਜਾਂਦਾ ਹੈ। 2019 ਵਿਚ ਜਨਵਰੀ ਤੋਂ ਦਸੰਬਰ ਤੱਕ ਸਾਡੇ ਦੇਸ਼ ਦੇ ਮੌਸਮ ਵਿਚ ਹਰ ਰੁੱਤ ਅਤੇ ਕਰੀਬ ਹਰ ਮਹੀਨੇ ਵਿਚ ਆਮ ਮੌਸਮ ਨਾਲੋਂ ਕਾਫੀ ਤਬਦੀਲੀ ਆਂਕੀ ਗਈ ਸੀ।

ਪਿਛਲੇ ਸਾਲ ਸਰਦੀ ਆਮ ਨਾਲੋਂ ਲੰਮੀ ਸੀ। ਬਸੰਤ ਦੀ ਰੁੱਤ ਸਿਰਫ ਕੁਝ ਦਿਨਾਂ ਦੀ ਸੀ, ਜਦਕਿ ਗਰਮੀ ਦੀ ਰੁੱਤ ਲੰਮੀ ਸੀ ਅਤੇ ਕਈ ਥਾਂਵਾਂ 'ਤੇ ਤਾਪਮਾਨ ਦੇ ਰਿਕਾਰਡ ਟੁੱਟ ਗਏ ਸਨ। ਤਾਪਮਾਨ ਦੇ ਵਾਧੇ ਨਾਲ ਦੇਸ਼ ਵਿਚ ਕਈ ਥਾਂਈਂ ਸੋਕੇ ਦੇ ਹਾਲਾਤ ਪੈਦਾ ਹੋ ਗਏ। ਚੇਨੱਈ, ਦਿੱਲੀ, ਬੰਗਲੂਰੂ, ਸ਼ਿਮਲਾ ਆਦਿ ਸ਼ਹਿਰਾਂ ਵਿਚ ਪੀਣ ਵਾਲੇ ਪਾਣੀ ਦੀ ਘਾਟ ਨੇ ਲੋਕਾਂ ਦਾ ਬੁਰਾ ਹਾਲ ਕਰ ਦਿੱਤਾ ਸੀ। ਮੌਸਮੀ ਤਬਦੀਲੀ ਕਾਰਨ ਮੌਨਸੂਨ ਮਿਥੇ ਸਮੇਂ ਤੋਂ ਇਕ ਹਫਤਾ ਦੇਰ ਨਾਲ ਆਈ ਅਤੇ ਨਿਸ਼ਚਿਤ ਸਮੇਂ ਤੋਂ 39 ਦਿਨ ਵਧ ਭਾਰਤ ਵਿਚ ਮੀਂਹ ਵਰਾਉਂਦੀ ਰਹੀ, ਜੋ 1961 ਤੋਂ 2010 ਤੱਕ ਦੀ ਔਸਤ ਨਾਲੋਂ ਕਰੀਬ 10% ਵੱਧ ਸੀ। ਇਸ ਤੋਂ ਇਲਾਵਾ ਭਾਰਤ ਦੇ ਉਤਰ-ਪੂਰਬੀ ਰਾਜਾਂ ਵਿਚ ਦੇਸ਼ ਦੀ ਔਸਤ ਨਾਲੋਂ ਵੀ ਘੱਟ ਮੀਂਹ ਪਿਆ, ਜੋ ਕਦੇ ਸਭ ਤੋਂ ਵੱਧ ਮੀਂਹ ਖੇਤਰਾਂ ਵਜੋਂ ਜਾਣੇ ਜਾਂਦੇ ਸਨ। ਮੌਨਸੂਨ ਅਤੇ ਮੀਂਹ ਪੈਣ ਦੇ ਇਸ ਤਰ੍ਹਾਂ ਦੇ ਬਦਲੇ ਵਰਤਾਰੇ ਦਾ ਸਬੰਧ ਮੌਸਮ ਵਿਗਿਆਨੀਆਂ ਅਨੁਸਾਰ ਮੌਸਮੀ ਤਬਦੀਲੀਆਂ ਨਾਲ ਜੁੜਿਆ ਹੋਇਆ ਹੈ।

2014 ਵਿਚ ਆਈ. ਪੀ. ਸੀ. ਸੀ. ਦੀ ਇਕ ਰਿਪੋਰਟ, ਜੋ 70 ਦੇਸ਼ਾਂ ਦੇ 1724 ਮੌਸਮ ਵਿਗਿਆਨੀਆਂ ਨੇ ਤਿਆਰ ਕੀਤੀ ਸੀ, ਵਿਚ ਖੁਲਾਸਾ ਕੀਤਾ ਗਿਆ ਸੀ ਕਿ ਜੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਛੇਤੀ ਤੋਂ ਛੇਤੀ ਕਟੌਤੀ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿਚ ਦੱਖਣੀ ਅਮਰੀਕਾ, ਅਫਰੀਕਾ ਅਤੇ ਯੂਰਪ ਦੇ ਕੁਝ ਦੇਸ਼ਾਂ ਨੂੰ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਉਤਰੀ ਅਮਰੀਕਾ, ਅਫਰੀਕਾ, ਏਸ਼ੀਆ ਅਤੇ ਯੂਰਪ ਦੇ ਦੇਸ਼ਾਂ ਵਿਚ ਮਨੁੱਖ ਨੂੰ ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਨਾਲ ਫੈਲਣ ਵਾਲੀਆਂ ਬਿਮਾਰੀਆਂ ਦੀ ਭਾਰੀ ਮਾਰ ਝੱਲਣੀ ਪੈ ਸਕਦੀ ਹੈ। ਇਸ ਰਿਪੋਰਟ ਅਨੁਸਾਰ ਭਾਰਤ, ਚੀਨ ਅਤੇ ਦੱਖਣੀ ਏਸ਼ੀਆ ਦੇ ਦੇਸ਼ਾਂ ਉਤੇ ਤਾਪਮਾਨ ਦੇ ਵਾਧੇ ਦੀ ਸਭ ਤੋਂ ਵਧ ਮਾਰ ਪੈਣ ਦੀ ਸੰਭਾਵਨਾ ਹੈ। ਇਨ੍ਹਾਂ ਦੇਸ਼ਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਅਤੇ ਖਾਧ-ਪਦਾਰਥਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਪੀਣ ਵਾਲੇ ਪਾਣੀ ਦੀ ਕਮੀ ਹੋਣ ਨਾਲ ਕੌਮਾਂਤਰੀ, ਕੌਮੀ ਅਤੇ ਖੇਤਰੀ ਪੱਧਰਾਂ 'ਤੇ ਲੜਾਈਆਂ ਵੀ ਹੋ ਸਕਦੀਆਂ ਹਨ। ਮੌਸਮੀ ਤਬਦੀਲੀਆਂ ਅਤੇ ਮੌਜੂਦਾ ਆਰਥਕ ਵਿਕਾਸ ਦੇ ਮਾਡਲ ਨਾਲ ਦੁਨੀਆਂ ਦੇ ਵੱਖ ਵੱਖ ਦੇਸ਼ ਪਾਣੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।

2014 ਵਿਚ ਬੋਸਟਨ (ਅਮਰੀਕਾ) ਦੀ ਇਕ ਚੈਰੀਟੇਬਲ ਇਨਵਾਇਰਨਮੈਂਟਲ ਆਰਗੇਨਾਈਜੇਸ਼ਨ ਦੀ ਇਕ ਰਿਪੋਰਟ ਵਿਚ ਦੁਨੀਆਂ ਦੇ 20 ਸ਼ਹਿਰਾਂ ਦੇ ਨਾਂ ਦਿੱਤੇ ਗਏ, ਜੋ ਆਉਣ ਵਾਲੇ ਸਮੇਂ ਵਿਚ ਪੀਣ ਵਾਲੇ ਪਾਣੀ ਦੀ ਕਿੱਲਤ ਦੀ ਮਾਰ ਸਹਿਣਗੇ, ਜਿਸ ਵਿਚ ਪਹਿਲਾ ਨਾਂ ਦੱਖਣੀ ਅਫਰੀਕਾ ਦੇ ਕੇਪ ਟਾਊਨ ਦਾ ਸੀ, ਜਿੱਥੇ ਪਾਣੀ ਦੀ ਘਾਟ ਕਾਰਨ ਅਪਰੈਲ 2018 'ਚ ਜ਼ੀਰੋ ਡੇਅ ਆਉਂਦਾ ਆਉਂਦਾ ਬਚਿਆ। ਇਸ ਰਿਪੋਰਟ ਵਿਚਲੇ 20 ਸ਼ਹਿਰਾਂ ਵਿਚੋਂ 10 ਭਾਰਤ ਦੇ ਸਨ ਅਤੇ ਕੇਪ ਟਾਊਨ ਪਿਛੋਂ ਦੂਜਾ



ਨੰਬਰ ਭਾਰਤ ਦੇ ਸ਼ਹਿਰ ਬੰਗਲੂਰੂ ਦਾ ਸੀ।

ਹਰ ਸਾਲ ਗਰਮੀਆਂ ਵਿਚ ਭਾਰਤ ਦੇ ਕਈ ਸ਼ਹਿਰਾਂ ਵਿਚ ਪਾਣੀ ਦੀ ਕਿੱਲਤ ਹੋ ਜਾਂਦੀ ਹੈ। ਸਾਲ 2019 ਵਿਚ ਚੇਨੱਈ ਸ਼ਹਿਰ ਨੇ ਪਾਣੀ ਦੀ ਘਾਟ ਦੀ ਭਾਰੀ ਮਾਰ ਸਹੀ ਸੀ। ਸਾਨੂੰ ਇਸ ਬਾਰੇ ਵਿਚਾਰ ਕਰਨੀ ਬਣਦੀ ਹੈ ਕਿ ਸਾਡੇ ਦੇਸ਼ ਨੂੰ ਪਾਣੀ ਦੀ ਘਾਟ ਦਾ ਸਾਹਮਣਾ ਕਿਉਂ ਕਰਨਾ ਪੈ ਰਿਹਾ ਹੈ? ਇਸ ਦੇ ਦੋ ਹੀ ਕਾਰਨ ਹੋ ਸਕਦੇ ਹਨ-ਪਹਿਲਾ, ਕੀ ਸਾਡੇ ਦੇਸ਼ ਵਿਚ ਪਾਣੀ ਦੇ ਸਰੋਤਾਂ ਦੀ ਕਮੀ ਹੈ? ਦੂਜਾ, ਕੀ ਸਾਨੂੰ ਇਹ ਸਮਝਦਾਰੀ ਨਾਲ ਵਰਤਣਾ ਨਹੀਂ ਆਉਂਦਾ? ਸਾਡੇ ਦੇਸ਼ ਵਿਚ ਦੁਨੀਆਂ ਦੀ ਕੁੱਲ ਆਬਾਦੀ ਦਾ ਕਰੀਬ 18% ਹਿੱਸਾ ਵੱਸਦਾ ਹੈ ਅਤੇ ਸਾਡੇ ਕੋਲ ਪੀਣਯੋਗ ਕੁੱਲ ਪਾਣੀ ਦਾ ਸਿਰਫ 4% ਹਿੱਸਾ ਹੈ। ਭਾਰਤ ਵਿਚ ਹਰ ਰੋਜ਼ 49,481 ਬੱਚੇ ਜਨਮ ਲੈਂਦੇ ਹਨ ਅਤੇ 14,475 ਲੋਕ ਮਰਦੇ ਹਨ ਭਾਵ ਹਰ ਰੋਜ਼ ਕਰੀਬ 35,000 ਪਾਣੀ ਪੀਣ ਵਾਲੇ ਨਵੇਂ ਵਿਅਕਤੀ ਵਧ ਜਾਂਦੇ ਹਨ। ਇਸ ਦਾ ਮਤਲਬ ਹੈ ਕਿ ਸਾਡੀ ਆਬਾਦੀ ਤੇਜ਼ੀ ਨਾਲ ਵਧਦੀ ਹੈ। ਇਸ ਦੇ ਨਾਲ ਵਧਦਾ ਸ਼ਹਿਰੀਕਰਨ, ਫਸਲੀ ਚੱਕਰ, ਜੰਗਲਾਂ ਦੀ ਅੰਧਾਧੁੰਦ ਕਟਾਈ, ਪਾਣੀ ਦੇ ਸਰੋਤਾਂ ਵਿਚ ਉਦਯੋਗਾਂ ਤੇ ਸੀਵਰੇਜ ਦਾ ਪਾਣੀ ਸੁੱਟਣਾ, ਆਰਥਕ ਵਿਕਾਸ ਦੇ ਨਾਂ 'ਤੇ ਦਰਿਆਵਾਂ ਦੇ ਵਹਾਅ ਖੇਤਰਾਂ 'ਤੇ ਉਸਾਰੀਆਂ ਅਤੇ ਦਰਿਆਵਾਂ ਤੇ ਡੈਮਾਂ ਦੇ ਰੂਪ ਵਿਚ ਵੱਡੇ-ਵੱਡੇ ਬੰਨ ਬਣਾ ਕੇ ਉਨ੍ਹਾਂ ਨੂੰ ਪਾਣੀ-ਵਿਹੂਣੇ ਕਰਨਾ ਆਦਿ ਕਾਰਨ ਹਨ।

ਭਾਰਤ ਦੀ ਸ਼ਹਿਰੀ ਆਬਾਦੀ ਪਿਛਲੀ ਇਕ ਸਦੀ ਵਿਚ 2.5 ਕਰੋੜ (1901) ਤੋਂ ਵਧ ਕੇ 37 ਕਰੋੜ (2011) ਹੋ ਗਈ। ਸ਼ਹਿਰੀ ਆਬਾਦੀ ਪੇਂਡੂ ਆਬਾਦੀ ਨਾਲੋਂ ਘਰੇਲੂ ਲੋੜਾਂ ਅਤੇ ਉਦਯੋਗਾਂ ਲਈ ਵੱਧ ਪਾਣੀ ਦੀ ਵਰਤੋਂ ਕਰਦੀ ਹੈ। ਪੰਜਾਬ ਅਤੇ ਹਰਿਆਣਾ ਦਾ ਕਣਕ ਤੇ ਝੋਨੇ ਅਤੇ ਮਹਾਰਾਸ਼ਟਰ ਤੇ ਕੁਝ ਹੋਰ ਰਾਜਾਂ ਵਿਚ ਗੰਨੇ ਦੀ ਫਸਲ ਵੀ ਕਾਫੀ ਹੱਦ ਤੱਕ ਤਾਂ ਜ਼ਮੀਨ ਹੇਠਲੇ ਪਾਣੀ ਦੇ ਘਟਦੇ ਪੱਧਰ ਲਈ ਜਿੰਮੇਵਾਰ ਹਨ। ਗਰੀਨ ਐਂਡ ਗਰੇਅ ਇਨਫਰਾਸਟ੍ਰਕਚਰ ਏਜੰਸੀ ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਧਰਤੀ ਹੇਠਲਾ ਪਾਣੀ ਕੱਢਣ ਦੀ ਮਾਤਰਾ 23 ਫੀਸਦ ਹੈ, ਜੋ ਦੁਨੀਆਂ ਦੀ ਔਸਤ (22 ਫੀਸਦ) ਤੋਂ ਵੱਧ ਹੈ।

ਜੰਗਲ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਅਤੇ ਮੀਂਹ ਦੇ ਪਾਣੀ ਨੂੰ ਆਪਣੀਆਂ ਜੜ੍ਹਾਂ ਵਿਚ ਸੋਖਣ ਦੇ ਨਾਲ ਨਾਲ ਦਰਿਆਵਾਂ, ਝੀਲਾਂ, ਝਰਨਿਆਂ ਅਤੇ ਚਸ਼ਮਿਆਂ ਵਿਚਲੇ ਪਾਣੀ ਦੇ ਵਹਾਅ ਨੂੰ ਨਿਰੰਤਰ ਬਣਾਈ ਰੱਖਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਦੇ ਨਾਲ ਆਰਥਕ ਵਿਕਾਸ ਦੇ ਨਾਂ 'ਤੇ ਸੰਘਣੇ ਜੰਗਲਾਂ ਦਾ ਤੇਜ਼ੀ ਨਾਲ ਸਫਾਇਆ ਹੋ ਰਿਹਾ ਹੈ, ਜੋ ਬਹੁਤ ਚਿੰਤਾ ਦੀ ਗੱਲ ਹੈ। ਇਸ ਨਾਲ ਜ਼ਮੀਨ ਹੇਠਲਾ ਪਾਣੀ ਵੀ ਲਗਾਤਾਰ ਘਟਦਾ ਜਾ ਰਿਹਾ ਹੈ। ਪਹਾੜੀ ਇਲਾਕਿਆਂ ਵਿਚ ਝਰਨੇ ਅਤੇ ਚਸ਼ਮੇ ਖਤਮ ਹੁੰਦੇ ਜਾ ਰਹੇ ਹਨ। ਹਰ ਦੇਸ਼ ਅਤੇ ਹਰ ਖੇਤਰ ਵਿਚ ਘੱਟੋ-ਘੱਟ 33% ਰਕਬੇ ਵਿਚ ਜੰਗਲ ਹੋਣੇ ਚਾਹੀਦੇ ਹਨ। ਸਾਡੇ ਦੇਸ਼ ਵਿਚ 2017 ਵਿਚ ਇਹ ਖੇਤਰ 21.67% ਸੀ, ਜੋ 2019 ਵਿਚ ਵਧ ਕੇ 24.56% ਹੋ ਗਿਆ, ਪਰ ਇਹ ਵਾਧਾ ਭੁਲੇਖਾ-ਪਾਊ ਹੈ, ਕਿਉਂਕਿ ਇਸ ਵਿਚੋਂ 82% ਰਕਬਾ ਫਸਲਾਂ ਥੱਲੇ ਅਤੇ 4.4% ਨਾਰੀਅਲ, ਚਾਹ, ਕੌਫੀ ਆਦਿ ਵਪਾਰਕ ਫਸਲਾਂ ਥੱਲੇ ਵਧਿਆ ਸੀ। ਜੰਗਲ ਵੱਢਣ ਨਾਲ ਹਵਾ ਵਿਚ ਕਾਰਬਨ ਡਾਈਆਕਸਾਈਡ ਦਾ ਪੱਧਰ ਵੀ ਤੇਜ਼ੀ ਨਾਲ ਵਧਦਾ ਹੈ, ਜਿਸ ਨਾਲ ਮੌਸਮੀ ਤਬਦੀਲੀਆਂ ਆਉਣ ਨਾਲ ਕੁਦਰਤੀ ਆਫਤਾਂ ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਵਾਧਾ ਹੁੰਦਾ ਹੈ। ਅੱਤ ਦੀ ਗਰਮੀ ਦੇ ਦਿਨਾਂ ਵਿਚ ਵਾਧਾ ਹੋਣ ਨਾਲ ਪਹਾੜਾਂ ਤੋਂ ਬਰਫ ਤੇਜ਼ੀ ਨਾਲ ਪਿਘਲਦੀ ਹੈ, ਜੋ ਹੜ੍ਹਾਂ ਦਾ ਕਾਰਨ ਬਣਦੀ ਹੈ ਅਤੇ ਦੂਜੇ ਪਾਸੇ ਸੋਕੇ ਦੇ ਹਾਲਾਤ ਪੈਦਾ ਕਰਦੀ ਹੈ, ਜਿਸ ਨਾਲ ਕੁਝ ਇਲਾਕਿਆਂ ਵਿਚ ਪਾਣੀ ਦੀ ਕਿੱਲਤ ਪੈਦਾ ਹੋ ਜਾਂਦੀ ਹੈ।

2020 ਦਾ ਮੌਸਮੀ ਤਬਦੀਲੀਆਂ ਅਤੇ ਪਾਣੀ ਦੇ ਵਿਸ਼ੇ ਦੀ ਚੋਣ ਸਮੇਂ ਨਾਲ ਢੁਕਦਾ ਹੈ। ਇਸ ਲਈ ਸਾਨੂੰ ਇਸ ਸਬੰਧੀ ਉਪਰਾਲੇ ਕਰਨੇ ਚਾਹੀਦੇ ਹਨ। ਸਾਨੂੰ ਆਪਣੇ ਘਰਾਂ ਵਿਚ ਬੁਰਸ਼ ਕਰਨ ਅਤੇ ਨਹਾਉਣ ਵੇਲੇ ਫਾਲਤੂ ਪਾਣੀ ਨਹੀਂ ਵਹਾਉਣਾ ਚਾਹੀਦਾ। ਘਰਾਂ ਵਿਚ ਫਰਸ਼ਾਂ, ਕਾਰਾਂ ਆਦਿ ਨੂੰ ਧੋਣ ਦੀ ਥਾਂ ਬਾਲਟੀ ਵਿਚ ਪਾਣੀ ਲੈ ਕੇ ਸਾਫ ਕਰਨਾ ਚਾਹੀਦਾ ਹੈ। ਹਰ ਘਰ ਵਿਚ ਮੀਂਹ ਦਾ ਪਾਣੀ ਜਮ੍ਹਾਂ ਕਰਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਥਾਨਕ ਪ੍ਰਸ਼ਾਸਨ ਨੂੰ ਵੱਡੇ ਪੱਧਰ 'ਤੇ ਮੀਂਹ ਦਾ ਪਾਣੀ ਜਮ੍ਹਾਂ ਕਰਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਰੀਚਾਰਜ ਕਰਨ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਥਾਨਕ ਅਤੇ ਕੌਮਾਂਤਰੀ ਪੱਧਰ 'ਤੇ ਗੰਦੇ ਪਾਣੀ ਨੂੰ ਸਾਫ ਕਰਨ ਦੇ ਪਲਾਂਟ ਲਾ ਕੇ ਉਸ ਪਾਣੀ ਨੂੰ ਖੇਤੀ, ਫੁੱਲ-ਬੂਟਿਆਂ ਨੂੰ ਸਿੰਜਣ, ਜਨਤਕ ਪਾਰਕਾਂ, ਉਸਾਰੀ ਆਦਿ ਦੇ ਕੰਮਾਂ ਵਿਚ ਵਰਤਿਆ ਜਾਣਾ ਚਾਹੀਦਾ ਹੈ। ਸਰਕਾਰ ਨੂੰ ਜੰਗਲਾਂ ਦੇ ਰਕਬੇ ਵਿਚ ਅਸਲ ਵਾਧਾ ਕਰਨਾ ਚਾਹੀਦਾ ਹੈ ਅਤੇ ਸੰਘਣੇ ਜੰਗਲਾਂ ਨੂੰ ਵੱਢਣ ਉਤੇ ਸੰਜੀਦਗੀ ਨਾਲ ਰੋਕ ਲਾਉਣੀ ਚਾਹੀਦੀ ਹੈ। ਦਰਿਆਵਾਂ ਵਿਚ ਘੱਟੋ-ਘੱਟ ਪਾਣੀ ਦੀ ਮਾਤਰਾ ਯਕੀਨੀ ਬਣਾਉਣ ਦੇ ਨਾਲ ਨਾਲ ਝੀਲਾਂ-ਟੋਭਿਆਂ ਅਤੇ ਦਰਿਆਵਾਂ ਵਿਚ ਨਾ ਤਾਂ ਗੰਦਗੀ ਸੁੱਟਣੀ ਚਾਹੀਦੀ ਹੈ ਤੇ ਨਾ ਹੀ ਉਨ੍ਹਾਂ ਦੇ ਖੇਤਰਾਂ ਉਤੇ ਕਬਜ਼ੇ ਕਰਕੇ ਉਸਾਰੀਆਂ ਕਰਨੀਆਂ ਚਾਹੀਦੀਆਂ ਹਨ। ਫਸਲੀ ਚੱਕਰ ਵੀ ਸਥਾਨਕ ਵਾਤਾਵਰਣ ਦੇ ਅਨੁਕੂਲ ਹੋਣਾ ਚਾਹੀਦਾ ਹੈ। ਕੌਮਾਂਤਰੀ ਪੱਧਰ ਉਤੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਮੌਸਮੀ ਤਬਦੀਲੀਆਂ ਨਾਲ ਹੋਣ ਵਾਲੀਆਂ ਕੁਦਰਤੀ ਆਫਤਾਂ ਦੀ ਮਾਰ ਤੋਂ ਬਚਿਆ ਜਾ ਸਕੇ ਅਤੇ ਸੋਕੇ ਆਦਿ ਕਾਰਨਾਂ ਕਰਕੇ ਪਾਣੀ ਦੀ ਕਿੱਲਤ ਜਿਹੀਆਂ ਸਮੱਸਿਆਵਾਂ ਤੋਂ ਨਿਜਾਤ ਪਾਈ ਜਾ ਸਕੇ।

---

*ਪ੍ਰੋਫੈਸਰ, ਜਿਓਗਰਾਫੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪਾਣੀ ਦਾ ਮਹੱਤਵ

ਹਾਈਡਰੋਜਨ ਅਤੇ ਆਕਸੀਜਨ ਤੋਂ ਮਿਲ ਕੇ ਬਣਿਆ ਹੈ, ਪਾਣੀ। ਧਰਤੀ ਦਾ ਤਿੰਨ ਚੌਥਾਈ ਹਿੱਸਾ ਪਾਣੀ ਨਾਲ ਢਕਿਆ ਹੋਇਆ ਹੈ, ਪਰ 99% ਪਾਣੀ ਸਿੱਧਾ ਪੀਣ ਯੋਗ ਨਹੀਂ ਹੈ ਅਤੇ ਪੀਣ ਯੋਗ ਪਾਣੀ ਸਿਰਫ ਇਕ ਫੀਸਦੀ ਹੈ।

ਪਾਣੀ ਜੀਵਨ ਦਾ ਆਧਾਰ ਹੈ ਅਤੇ ਆਮ ਹਾਲਤਾਂ ਵਿਚ ਇੱਕ ਮਨੁੱਖ ਭੋਜਨ ਤੋਂ ਬਿਨਾ ਕਰੀਬ

**ਗੋਬਿੰਦਰ ਸਿੰਘ ਢੀਂਡਸਾ**
**bardwal.gobinder@gmail.com**

20 ਦਿਨ ਰਹਿ ਸਕਦਾ ਹੈ, ਪਰ ਪਾਣੀ ਤੋਂ ਬਿਨ 3-4 ਦਿਨਾਂ ਤੋਂ ਵੱਧ ਜਿਊਣਾ ਮੁਸ਼ਕਿਲ ਹੈ। ਇੱਕ ਬਾਲਗ ਪੁਰਸ਼ ਵਿਚ ਆਪਣੇ ਵਜ਼ਨ ਦਾ 60% ਅਤੇ ਔਰਤ ਵਿਚ 55% ਪਾਣੀ ਹੁੰਦਾ ਹੈ ਅਤੇ ਨਵਜੰਮੇ ਬੱਚਿਆਂ ਵਿਚ ਬਾਲਗਾਂ ਦੇ ਮੁਕਾਬਲੇ ਵੱਧ ਪਾਣੀ ਹੁੰਦਾ ਹੈ।

ਸਰੀਰ ਵਿਚ ਹਾਰਮੋਨ ਬਣਾਉਣ ਲਈ ਦਿਮਾਗ ਨੂੰ ਪਾਣੀ ਦੀ ਲੋੜ ਹੁੰਦੀ ਹੈ। ਸਰੀਰ ਪਾਣੀ ਨਾਲ ਥੁੱਕ ਬਣਾਉਂਦਾ ਹੈ, ਜੋ ਪਾਚਨ ਕਿਰਿਆ ਲਈ ਜ਼ਰੂਰੀ ਹੈ। ਸਰੀਰ ਦਾ ਤਾਪਮਾਨ ਪਾਣੀ ਨਾਲ ਤੈਅ ਹੁੰਦਾ ਹੈ। ਸਰੀਰ ਦੇ ਸੈਲ ਪਾਣੀ ਦੇ ਪੱਧਰ ਦੇ ਹਿਸਾਬ ਨਾਲ ਵਧਦੇ ਹਨ ਅਤੇ ਨਵੇਂ ਸੈਲ ਤਿਆਰ ਕਰਦੇ ਹਨ। ਸਰੀਰ ਦੀ ਗੰਦਗੀ ਨੂੰ ਪਸੀਨੇ ਅਤੇ ਪੇਸ਼ਾਬ ਦੇ ਰੂਪ ਵਿਚ ਬਾਹਰ ਕੱਢਣ ਵਿਚ ਪਾਣੀ ਦੀ ਅਹਿਮ ਭੂਮਿਕਾ ਹੈ। ਹੱਡੀਆਂ ਦੇ ਜੋੜਾਂ ਵਿਚ ਚਿਕਨਾਹਟ ਅਤੇ ਚਮੜੀ ਨੂੰ ਨਮੀ ਵੀ ਪਾਣੀ ਨਾਲ ਮਿਲਦੀ ਹੈ ਅਤੇ ਸਰੀਰ ਵਿਚ ਆਕਸੀਜਨ ਦੀ ਜ਼ਰੂਰੀ ਮਾਤਰਾ ਬਣਾਈ ਰੱਖਣ ਲਈ ਵੀ ਪਾਣੀ ਬਹੁਤ ਜ਼ਰੂਰੀ ਹੈ।

ਸਰੀਰ ਵਿਚ ਪਾਣੀ ਦੀ ਕਮੀ ਹੋਣ ਨਾਲ ਸਭ ਤੋਂ ਪਹਿਲਾਂ ਮੂੰਹ ਸੁੱਕਦਾ ਹੈ ਅਤੇ ਪਿਆਸ ਲੱਗਣ ਲਗਦੀ ਹੈ, ਇਹ ਡੀ-ਹਾਈਡ੍ਰੇਸ਼ਨ ਦੀ ਪਹਿਲੀ ਨਿਸ਼ਾਨੀ ਹੈ। ਇਸ ਪਿਛੋਂ ਪੇਸ਼ਾਬ ਦਾ ਰੰਗ ਗੂੜ੍ਹਾ ਪੀਲਾ ਹੋਣ ਲੱਗਦਾ ਹੈ, ਉਸ ਵਿਚੋਂ ਬਦਬੂ ਵੱਧ ਆਉਣ ਲੱਗਦੀ ਹੈ। ਡਾਕਟਰਾਂ ਅਨੁਸਾਰ ਅਜਿਹਾ ਇਸ ਲਈ ਹੁੰਦਾ ਹੈ ਕਿ ਪਾਣੀ ਦੀ ਘਾਟ ਹੋਣ 'ਤੇ ਖੂਨ ਵਿਚ ਸ਼ੂਗਰ ਅਤੇ ਨਮਕ ਦਾ ਸੰਤੁਲਨ ਵਿਗੜ ਜਾਂਦਾ ਹੈ। ਕੁਝ ਘੰਟੇ ਪਿਛੋਂ ਸਰੀਰ ਨੂੰ ਥਕਾਵਟ ਮਹਿਸੂਸ ਹੋਣ ਲਗਦੀ ਹੈ। ਬੱਚੇ ਰੋਂਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਆਉਣੇ ਬੰਦ ਹੋ ਜਾਂਦੇ ਹਨ। ਅਗਲੇ ਕੁਝ ਘੰਟਿਆਂ 'ਚ ਪੇਸ਼ਾਬ ਦੀ ਮਾਤਰਾ ਇੱਕਦਮ ਘੱਟ ਜਾਂਦੀ ਹੈ। ਕੁਝ ਲੋਕਾਂ ਨੂੰ ਚੱਕਰ ਆਉਣ ਲਗਦੇ ਹਨ ਅਤੇ ਅੱਖਾਂ ਥਕਾਵਟ ਮਹਿਸੂਸ ਕਰਦੀਆਂ ਹਨ। ਸਰੀਰ ਮੂੰਹ ਵਿਚ ਥੁੱਕ ਬਣਾਉਣ ਦੀ ਵੱਧ ਕੋਸ਼ਿਸ਼ ਕਰਨ ਲਗਦਾ ਹੈ। ਬੁੱਲ੍ਹ ਸੁੱਕਣ ਲਗਦੇ ਹਨ ਅਤੇ ਅੱਖਾਂ ਵਿਚ ਦਰਦ ਹੁੰਦੀ ਹੈ। ਬਹੁਤ ਜ਼ਿਆਦਾ ਨੀਂਦ ਆਉਂਦੀ ਹੈ। ਸਰੀਰ ਹਰ ਕੀਮਤ 'ਤੇ ਪਾਣੀ ਬਚਾਉਣ ਦੀ ਕੋਸ਼ਿਸ਼ ਕਰਨ ਲਗਦਾ ਹੈ।

ਸ਼ੂਗਰ ਦੇ ਮਰੀਜ਼, ਦਿਲ ਦੇ ਮਰੀਜ਼ ਅਤੇ ਡਾਇਰੀਆ ਦੇ ਸ਼ਿਕਾਰ ਲੋਕਾਂ ਵਿਚ ਇਹ ਸਾਰੇ ਲੱਛਣ ਹੋਰ ਵੀ ਜਲਦੀ ਨਜ਼ਰ ਆ ਸਕਦੇ ਹਨ। ਨਾਲ ਹੀ ਵਾਧੂ ਸ਼ਰਾਬ ਪੀਣ ਵਾਲੇ ਅਤੇ 38 ਡਿਗਰੀ ਤਾਪਮਾਨ ਵਿਚ ਕੰਮ ਕਰ ਰਹੇ ਲੋਕਾਂ ਦੀ ਹਾਲਤ ਵੀ ਤੇਜ਼ੀ ਨਾਲ ਵਿਗੜਦੀ ਹੈ। ਅਖੀਰ ਤੱਕ ਪੇਸ਼ਾਬ ਦਾ ਅੰਤਰਾਲ ਅੱਠ ਘੰਟੇ ਤੋਂ ਵੱਧ ਹੋ ਜਾਂਦਾ ਹੈ। ਨਬਜ਼ ਦੀ ਰਫਤਾਰ ਵਧ ਜਾਂਦੀ ਹੈ। ਚਮੜੀ 'ਤੇ ਪਾਣੀ ਦੀ ਕਮੀ ਸਾਫ ਨਜ਼ਰ ਆਉਣ ਲੱਗਦੀ ਹੈ। ਕੁਝ ਲੋਕਾਂ ਨੂੰ ਦੌਰਾ ਪੈਣ ਲਗਦਾ ਹੈ। ਲੋਕਾਂ ਨੂੰ ਦਿਖਾਈ ਦੇਣਾ ਬੰਦ ਹੋ ਜਾਂਦਾ ਹੈ ਜਾਂ ਧੁੰਦਲਾ ਦਿਖਾਈ ਦੇਣ ਲਗਦਾ ਹੈ। ਕਮਜ਼ੋਰੀ ਐਨੀ ਵੱਧ ਜਾਂਦੀ ਹੈ ਕਿ ਖੜ੍ਹੇ ਹੋਣ 'ਚ ਵੀ ਦਿੱਕਤ ਹੋਣ ਲਗਦੀ ਹੈ। ਹੱਥ-ਪੈਰ ਠੰਡੇ ਹੋਣ ਲਗਦੇ ਹਨ। ਸਰੀਰ ਵਿਚ 10 ਫੀਸਦੀ ਪਾਣੀ ਦੀ ਕਮੀ ਹੋਣ 'ਤੇ ਮੌਤ ਹੋ ਸਕਦੀ ਹੈ।

ਦੁਨੀਆਂ ਭਰ ਵਿਚ ਪਾਣੀ ਦੀ ਮਹੱਤਤਾ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਹਰ ਸਾਲ 22 ਮਾਰਚ ਨੂੰ ਵਿਸ਼ਵ ਜਲ ਦਿਵਸ ਮਨਾਇਆ ਜਾਂਦਾ ਹੈ। ਨੀਲੇ ਰੰਗ ਦੀ ਪਾਣੀ ਦੀ ਬੂੰਦ ਦੀ ਤਸਵੀਰ ਵਿਸ਼ਵ ਜਲ ਦਿਵਸ ਦਾ ਮੁੱਖ ਨਿਸ਼ਾਨ ਹੈ। ਸਾਲ 2020 ਦੇ ਵਿਸ਼ਵ ਜਲ ਦਿਵਸ ਦਾ ਵਿਸ਼ਾ ਹੈ, 'ਜਲ ਅਤੇ ਮੌਸਮ ਵਿਚ ਤਬਦੀਲੀ' ਹੈ।

ਕੌਮਾਂਤਰੀ ਜਲ ਦਿਵਸ ਨੂੰ ਸਾਲ 1992 ਵਿਚ ਬ੍ਰਾਜ਼ੀਲ ਦੇ ਰਿਓ ਡੀ ਜੇਨੇਰੀਓ ਵਿਚ ਵਾਤਾਵਰਣ ਅਤੇ ਵਿਕਾਸ ਤੇ ਹੋਈ ਕਾਨਫਰੰਸ ਵਿਚ ਸੰਯੁਕਤ ਰਾਸ਼ਟਰ ਸੰਮੇਲਨ ਦੀ ਅਨੁਸੂਚੀ 21 ਵਿਚ ਅਧਿਕਾਰਕ ਰੂਪ ਵਿਚ ਜੋੜਿਆ ਗਿਆ ਸੀ ਅਤੇ ਸਾਲ 1993 ਵਿਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਲੋਂ 22 ਮਾਰਚ ਨੂੰ ਇੱਕ ਸਾਲਾਨਾ ਪ੍ਰੋਗਰਾਮ ਦੇ ਰੂਪ ਵਿਚ ਮਨਾਉਣ ਦਾ ਫੈਸਲਾ ਕੀਤਾ ਗਿਆ।

ਦੁਨੀਆਂ ਵਿਚ ਬਹੁਤ ਅਜਿਹੇ ਹਿੱਸੇ ਹਨ, ਜਿੱਥੇ ਲੋਕ ਸਾਫ ਅਤੇ ਸ਼ੁੱਧ ਪਾਣੀ ਲਈ ਤਰਸ ਰਹੇ ਹਨ। ਸੰਯੁਕਤ ਰਾਸ਼ਟਰ ਦੇ ਇੱਕ ਅਨੁਮਾਨ ਮੁਤਾਬਕ ਸਾਲ 2030 ਤੱਕ ਸਾਫ ਪਾਣੀ ਦੀ ਮੰਗ 40 ਫੀਸਦ ਤੱਕ ਵਧ ਸਕਦੀ ਹੈ। ਅਜਿਹੇ ਵਿਚ ਜੇ ਪਾਣੀ ਲਈ ਸਹੀ ਪ੍ਰਬੰਧ ਨਾ ਕੀਤਾ ਗਿਆ ਤਾਂ ਇਸ ਦੇ ਭਿਆਨਕ ਸਿੱਟਿਆਂ ਨਾਲ ਦੋ-ਚਾਰ ਹੋਣਾ ਪੈ ਸਕਦਾ ਹੈ।

ਸਮੇਂ ਦੀ ਲੋੜ ਹੈ ਕਿ ਪਾਣੀ ਦੀ ਮਹੱਤਤਾ ਨੂੰ ਸਮਝਦਿਆਂ ਪਾਣੀ ਦੀ ਸਾਂਭ ਸੰਭਾਲ ਦੇ ਉਦਮ ਲੋਕਾਂ ਵਲੋਂ ਨਿੱਜੀ ਪੱਧਰ 'ਤੇ ਵੀ ਕੀਤੇ ਜਾਣ ਅਤੇ ਵਿਵਸਥਾ ਵੀ ਪਾਣੀ ਦੀ ਸੰਭਾਲ ਸਬੰਧੀ ਸੰਜੀਦਗੀ ਨੂੰ ਅਮਲੀ ਰੂਪ ਦੇਵੇ ਤਾਂ ਜੋ ਲੋੜਵੰਦਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਯੋਗ ਪਾਣੀ ਬਚਾਇਆ ਜਾ ਸਕੇ।

## ਪੰਜਾਬ

ਜੀਣਾ ਹੋਇਆ ਮੁਹਾਲ ਨੇਤਾ ਰੱਖੇ ਨਾ ਖਿਆਲ,
ਵੋਟਾਂ ਨਾ ਜਗਾਈਆਂ ਸੁੱਤੀਆਂ ਤਕਦੀਰਾਂ।

ਇੱਕ ਨਸ਼ੇ ਦੀ ਮਾਰ, ਉਤੋਂ ਕਰਜ਼ੇ ਦਾ ਭਾਰ,
ਖੁਦਕੁਸ਼ੀ ਦੀਆਂ ਨਿੱਤ ਛਪਣ ਤਸਵੀਰਾਂ।

ਕਿਤੇ ਮਜ਼੍ਹਬਾਂ ਦਾ ਰੌਲਾ, ਪੁਜਾਰੀ ਬਣੇ ਭੋਲਾ,
ਜਾਤ ਪਾਤ, ਉਚ ਨੀਚ ਨਾ ਤੋੜੇ ਤਦਬੀਰਾਂ।

ਰਿਸ਼ਵਤ ਬੈਠੀ ਮੱਲ, ਨਾ ਪਵੇ ਕਿਤੇ ਠੱਲ,
ਸਰਕਾਰਾਂ ਦੀਆਂ ਫੇਲ੍ਹ ਹੋਈਆਂ ਤਕਰੀਰਾਂ।

ਅੱਜ ਖੁਦ ਗਏ ਤੁੱਲ, ਚੰਦ ਕੌਡੀਆਂ ਦੇ ਮੁੱਲ,
ਭੈੜੀਆਂ ਹੋਈਆਂ ਅੱਜ ਸਾਡੀਆਂ ਤਸੀਰਾਂ।

ਖੁਦਗਰਜ਼ੀ ਦਾ ਦੌਰ, ਜਿਨ੍ਹੇ ਕੀਤਾ ਸਭ ਚੌੜ,
ਉਤੋਂ ਚੰਦਰੀ ਮਹਿੰਗਾਈ ਘੱਤੀਆਂ ਵਹੀਰਾਂ।

ਰੱਬ ਦਾ ਨਾਮ ਭੁੱਲੇ, ਸਾਰੇ ਜਾਮ ਉਤੇ ਡੁੱਲ੍ਹੇ
ਛਿੱਲੇ ਜ਼ਖਮ ਮਨੁੱਖਤਾ ਦੇ ਵਾਂਗ ਕਰੀਰਾਂ।

ਵੇਚ ਕੇ ਜ਼ਮੀਰਾਂ ਜਿਹੜੇ, ਲੈਂਦੇ ਨੇ ਜਗੀਰਾਂ,
ਰੁਲ ਗਏ ਆਪ ਕੌਮਾਂ ਹੋਣ ਨਾ ਤਮੀਰਾਂ।

**-ਸੇਵਾ ਸਿੰਘ ਨੂਰਪੁਰੀ**

# ਛਿਆਸੀ ਸਾਲਾਂ ਦਾ ਹੋ ਗਿਐ ਗੁਲਜ਼ਾਰ ਸੰਧੂ

ਜਨਮ ਦਿਨ 'ਤੇ

22 ਮਾਰਚ 2020 ਨੂੰ ਗੁਲਜ਼ਾਰ ਸਿੰਘ ਸੰਧੂ 86 ਵਰ੍ਹਿਆਂ ਦਾ ਹੋ ਗਿਐ। 11 ਮਾਰਚ 20 ਨੂੰ ਉਸ ਦੇ ਵਿਆਹ ਦੀ 54ਵੀਂ ਵਰ੍ਹੇਗੰਢ ਸੀ। ਮਾਰਚ ਮਹੀਨੇ ਦੇ ਇਹ ਦਿਨ ਸੰਧੂ ਜੋੜੇ ਲਈ ਯਾਦਗਾਰੀ ਹਨ। ਉਹਨੇ ਆਪਣੀ ਸਵੈਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਵਿਚ ਲਿਖਿਆ, "ਮੇਰਾ ਜਨਮ ਮੇਰੇ ਨਾਨਕੇ ਪਿੰਡ ਕੋਟਲਾ ਬਡਲਾ ਦਾ ਹੈ, 22 ਮਾਰਚ 1934 ਦਾ। ਨਾਨਕਿਆਂ ਨੇ ਮੇਰਾ ਨਾਂ ਬਲਬੀਰ ਸਿੰਘ ਰੱਖਿਆ, ਪਰ ਮੇਰੀ ਦਾਦੀ ਨੇ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਸਮੇਂ ਨਿਕਲੇ ਪਹਿਲੇ ਅੱਖਰ 'ਗ' ਦੇ ਆਧਾਰ 'ਤੇ ਮੇਰਾ ਨਾਂ ਗੁਲਜ਼ਾਰਾ ਸਿੰਘ ਰੱਖ ਦਿੱਤਾ, ਜੋ ਮੇਰੇ ਐਮ. ਏ. ਤਕ ਦੇ ਸਰਟੀਫਿਕੇਟਾਂ 'ਤੇ ਦਰਜ ਹੈ।"

ਪ੍ਰਿੰ. ਸਰਵਣ ਸਿੰਘ

ਸੰਧੂ ਦਿਲਚਸਪ ਬੰਦਾ। ਲਓ ਸੁਣੋ ਉਹਦੀਆਂ ਕੁਝ ਦਿਲਚਸਪ ਗੱਲਾਂ। ਉਹਦਾ ਵਿਆਹ ਨੌਸ਼ਹਿਰੇ ਪੰਨੂੰਆਂ ਹੋਇਆ। ਉਥੇ ਲਾੜਾ ਬਣਿਆ ਉਹ ਕਾਹਲੀ ਵਿਚ ਇਕ ਸਿਗਰਟਾਂ ਪੀਣੇ ਦੋਸਤ ਦਾ ਕੋਟ ਪਾ ਬੈਠਾ। ਦੋਸਤ ਨੂੰ ਸਿਗਰਟ ਪੀਣ ਦੀ ਤਲਬ ਹੋਈ ਤਾਂ ਉਸ ਨੇ ਅਨੰਦਾਂ 'ਤੇ ਬੈਠੇ ਲਾੜੇ ਦੀ ਜੇਬ ਵਿਚੋਂ ਸਿਗਰਟਾਂ ਦੀ ਡੱਬੀ ਆ ਕੱਢੀ। ਵੇਖਣ ਵਾਲੇ ਹੈਰਾਨ! ਏਨਾ ਸ਼ੁਕਰ ਰਿਹਾ ਕਿ ਅਨੰਦ ਕਾਰਜ ਵਿਚ ਵਿਘਨ ਨਹੀਂ ਪਿਆ। ਮੈਨੂੰ ਉਨ੍ਹਾਂ ਦੇ ਵਿਆਹ ਦੇ ਵੇਰਵਿਆਂ ਦਾ ਪਤਾ ਨਾ ਲੱਗਦਾ, ਜੇ ਸੰਧੂ ਜੋੜਾ ਮੁਕੰਦਪੁਰ ਸਾਡੇ ਕੋਲ ਰਾਤ ਨਾ ਕੱਟਦਾ। ਉਦਣ ਉਹ ਆਪਣੇ ਪਿੰਡ ਸੂਨੀ ਤੋਂ ਆਏ। ਰਾਹ 'ਚ ਬਹਿਰਾਮ ਦੇ ਅੱਡੇ 'ਤੇ ਬੂਟ ਪਾਲਿਸ਼ ਕਰਾਉਣ ਦੀ ਵਿਹਲ ਮਿਲ ਗਈ। ਆਉਂਦਿਆਂ ਸੌਣ ਦਾ ਢੌਂਕਾ ਲਾ ਕੇ ਸ਼ਾਮੀਂ ਚੌਕੀਆਂ ਦਾ ਮੇਲਾ ਵੇਖ ਲਿਆ। ਰਾਤੀਂ ਗੱਲਾਂ ਚਲਦੀਆਂ ਰਹੀਆਂ।

ਡਾ. ਸੁਰਜੀਤ ਕੌਰ ਪੰਨੂੰ, ਗੁਲਜ਼ਾਰ ਸਿੰਘ ਸੰਧੂ ਤੋਂ ਵੱਡੀ ਅਫਸਰ ਸੀ। ਕੁੜੀ ਮਾਝੇ ਦੀ, ਮੁੰਡਾ ਦੁਆਬੇ ਦਾ। ਸੰਧੂ ਨੇ ਉਨ੍ਹਾਂ ਨਾਲ ਸਾਵੇਂ ਹੋਣ ਲਈ ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਸਾਧੂ ਸਿੰਘ ਹਮਦਰਦ, ਕੁਲਵੰਤ ਸਿੰਘ ਵਿਰਕ, ਮੀਸ਼ਾ, ਸ਼ਿਵ ਕੁਮਾਰ ਤੇ ਕੁਝ ਹੋਰ ਮੋਹਤਬਰਾਂ ਨੂੰ ਜਾਨੀ ਬਣਨ ਦਾ ਸੱਦਾ ਦਿੱਤਾ। ਬੱਸ ਭਰ ਕੇ ਨੌਸ਼ਹਿਰੇ ਨੂੰ ਤੋਰ ਦਿੱਤੀ। ਆਪ ਕਾਰ ਵਿਚ ਜਲੰਧਰੋਂ ਮੋਹਨ ਸਿੰਘ ਤੇ ਹਮਦਰਦ ਨੂੰ ਲੈ ਕੇ ਪਹੁੰਚਣਾ ਸੀ। ਜਾਨੀ ਪਹਿਲਾਂ ਪਹੁੰਚ ਗਏ, ਲਾੜਾ ਲੇਟ। ਸੰਧੂ ਨੂੰ ਮੋਹਨ ਸਿੰਘ ਦੇ ਘਰੋਂ ਪਤਾ ਲੱਗਾ, ਉਹ ਬਾਹਰ ਪਿੱਪਲ ਹੇਠ ਸ਼ਤਰੰਜ ਖੇਡ ਰਿਹੈ। ਆਬਾਦੀ ਦੇ ਪਿੱਪਲਾਂ 'ਚੋਂ ਉਹ ਪਿੱਪਲ ਮਸਾਂ ਲੱਭਾ, ਜਿਥੇ ਮੋਹਨ ਸਿੰਘ ਤੇ ਹਮਦਰਦ ਦੀ ਬਿਸਾਤ ਵਿਛੀ ਸੀ। ਗਿਆਨੀ ਸ਼ਾਦੀ ਸਿੰਘ ਵੀ ਹਾਜ਼ਰ ਸੀ। ਅੱਗੇ ਹੀ ਲੇਟ ਹੋਣ ਦੀ ਦੁਹਾਈ ਪਾ ਕੇ ਉਹ ਮਸੀਂ ਉਠਾਏ।

ਭੱਜ-ਭੱਜਾ ਕੇ ਨੌਸ਼ਹਿਰੇ ਪਹੁੰਚੇ। ਉਡੀਕ ਰਹੀ ਬਰਾਤ ਨੂੰ ਸੁਖ ਦਾ ਸਾਹ ਆਇਆ। ਤਦੇ ਬੱਕਰੀਆਂ ਨਾਲ ਲੱਦੇ ਟਰੱਕ 'ਚੋਂ ਤਾਜ਼ਾ ਖਿਜ਼ਾਬ ਲਾਈ ਸੇਖੋਂ ਉਤਰਿਆ। ਕਹਿੰਦਾ, ਹੋਰ ਕੋਈ ਸਵਾਰੀ ਨ੍ਹੀਂ ਸੀ ਮਿਲੀ। ਲਾੜਾ ਆਇਆ ਵੇਖ ਢੋਲੀ ਢੋਲ ਵਜਾਉਣ ਲੱਗਾ, ਜਾਨੀ ਭੰਗੜਾ ਪਾਉਣ ਲੱਗੇ। ਸੰਧੂ ਦਾ ਆਪਣਾ ਕੋਟ ਬੱਸ ਵਿਚ ਸੀ, ਜੋ ਦੂਰ ਖੜ੍ਹੀ ਸੀ। ਉਹਨੇ ਕੋਲ ਖੜ੍ਹੇ ਦੇਸ ਰਾਜ ਗੋਇਲ ਦਾ ਕੋਟ ਪਾ ਲਿਆ। ਕੋਟ ਵਿਚਲੇ ਮੁਨੀਸ਼ਨ ਨੇ ਫਿਰ ਜੋ ਰੰਗ ਵਿਖਾਉਣਾ ਸੀ, ਵਿਖਾ ਈ ਦਿੱਤਾ!

ਰਾਤ ਦੀ ਦਾਰੂ ਦਾ ਭੰਨਿਆ ਸ਼ਿਵ ਕੁਮਾਰ ਸਵੇਰੇ ਪੁੱਜਾ। ਕੁੜੀ ਵਾਲਿਆਂ ਸਮਝਿਆ ਮੁੰਡੇ ਵਾਲਿਆਂ ਕੋਈ ਗਾਉਣ ਵਾਲਾ ਲਿਆਂਦਾ। ਅਨੰਦ ਕਾਰਜ ਹੋਏ ਤਾਂ ਕਹਿੰਦੇ, ਪੜ੍ਹਾਓ ਇਹਤੋਂ ਸਿਹਰਾ। ਸ਼ਿਵ ਕੁਮਾਰ 'ਲੂਣਾ' ਵਿਚੋਂ 'ਧੀਆਂ ਦੇ ਦੁੱਖ ਬੁਰੇ' ਗਾਉਣ ਲੱਗਾ। ਅਵਾਜ਼ ਵਿਚ ਲੋਹੜੇ ਦਾ ਸੋਜ਼। ਮਝੈਲਾਂ ਦੇ ਅਥਰੂ ਵਹਿ ਤੁਰੇ!

ਸੰਧੂ ਬੇਪਰਵਾਹ ਬੰਦਾ ਹੈ। ਮਸਤ-ਮੌਲਾ। ਨਾ ਚੜ੍ਹੀ ਦੀ, ਨਾ ਲੱਥੀ ਦੀ। ਮਿਲਣ ਵਰਤਣ 'ਚ ਦਰਿਆ ਦਿਲ। ਨਿੱਘਾ ਦੋਸਤ, ਕੂਲਾ ਲੇਖਕ, ਕਰਮਾਂ ਦਾ ਬਲੀ, ਪਰਉਪਕਾਰੀ ਜਿਊੜਾ। ਪੁਆਧ 'ਚ ਜੰਮਿਆ, ਮਾਲਵੇ 'ਚ ਸਕੂਲੀ ਪੜ੍ਹਾਈ, ਦੁਆਬੇ 'ਚ ਕਾਲਜੀ। ਦਿੱਲੀ, ਲੁਧਿਆਣੇ, ਚੰਡੀਗੜ੍ਹ ਤੇ ਪਟਿਆਲੇ ਨੌਕਰੀ। ਮਾਝੇ ਦੀ ਡਾ. ਸੁਰਜੀਤ ਕੌਰ ਪੰਨੂੰ ਸੰਗ ਵਿਆਹੇ ਜਾਣ ਨਾਲ ਉਹਦੇ ਅੰਦਰ ਕਈ ਸਮੱਗਰੀਆਂ ਦਾ ਮਸੱਦ ਫਿਰਿਆ। ਦੇਗ ਤੇਗ ਫਤਿਹ!

ਨਿਘੋਚੀ ਆਲੋਚਕ ਗੁਰਬਚਨ ਫਿਲਹਾਲ, ਸੰਧੂ ਨੂੰ 'ਰਾਜਧਾਨੀ ਦਾ ਸਿਪਾਹ ਸਲਾਰ' ਦੱਸਦਿਆਂ ਲਿਖਦੈ, "ਉਦੋਂ ਗੁਲਜ਼ਾਰ ਦੀ ਉਮਰ ਵੀਹਾਂ ਤੋਂ ਵੀ ਘੱਟ ਸੀ। ਜੇ ਦਿੱਲੀ ਵੱਲ ਮੂੰਹ ਨਾ ਕਰਦਾ ਤਾਂ ਸਾਊਥਾਲ ਪੁੱਜ ਜਾਂਦਾ। ਹੋਰ ਜ਼ੋਰ ਲਾਉਂਦਾ ਤਾਂ ਵੈਨਕੂਵਰ ਜਾਂ ਕੈਲੀਫੋਰਨੀਆ। 1953 'ਚ ਬੀ. ਏ. ਪਾਸ ਲਈ ਵਿਦੇਸ਼ ਜਾਣਾ ਅੱਜ ਵਾਂਗ ਮੁਸ਼ਕਿਲ ਤਾਂ ਸੀ ਨਹੀਂ। ਜੇ ਕਿਤੇ ਉਹ ਭਾਰਤ ਦੀ ਥਾਂ ਅਮਰੀਕਾ ਦੀ ਰਾਜਧਾਨੀ ਪੁੱਜ ਜਾਂਦਾ ਤਾਂ ਦਿੱਲੀ ਸੁੰਨੀ ਹੋ ਜਾਂਦੀ ਤੇ ਸਾਹਿਤ ਵਿਚ ਪੈਦਾ ਹੋਣ ਵਾਲੀ ਖਾਈ ਨੂੰ ਕੌਣ ਭਰਦਾ? ਅਮਰੀਕਾ ਵਿਚ ਲੋਕ ਉਸ ਨੂੰ 'ਮਿਸਟਰ ਸੈਂਡੀ' ਕਹਿੰਦੇ।" ਉਹ ਉਸ ਨੂੰ 'ਨਵੇਂ ਯੁੱਗ ਦਾ ਜੱਟ' ਕਹਿ ਕੇ ਨਿਵਾਜਦਾ ਹੈ।

ਸੰਧੂ ਦੱਸਦੈ, "ਮੇਰਾ ਜੱਦੀ ਪਿੰਡ ਹੁਸ਼ਿਆਰਪੁਰ ਜਿਲੇ ਦੇ ਮਾਹਿਲਪੁਰ ਵਿਚ ਹੈ, ਸੂਨੀ। ਮੇਰੇ ਬਾਪੂ ਜੀ ਊਠ ਵਾਹੁੰਦੇ ਸਨ। ਮੈਦਾਨ ਦੀ ਉਪਜ ਪਹਾੜਾਂ ਨੂੰ ਲੈ ਜਾਂਦੇ ਤੇ ਉਥੋਂ ਦੀ ਉਪਜ ਥੱਲੇ ਲੈ ਆਉਂਦੇ। ਕਦੀ ਭਾੜਾ, ਕਦੀ ਵਣਜ। ਮੈਂ ਆਪਣੇ ਨਾਨਕੇ ਪਿੰਡ ਕੋਟਲਾ ਬਡਲਾ ਵਿਚ ਜੰਮਿਆ ਤੇ ਮੇਰੀ ਮੁੱਢਲੀ ਵਿਦਿਆ ਅੱਠਵੀਂ ਤਕ ਏ. ਐਸ. ਹਾਈ ਸਕੂਲ, ਖੰਨੇ ਵਿਚ ਹੋਈ। ਇਹ ਵਿਦਿਆ ਮੈਂ ਆਪਣੀ ਮਾਸੀ ਗੁਰਦੇਵ ਕੌਰ ਦੇ ਪਿੰਡ ਬਾਹੋਮਾਜਰੇ ਰਹਿ ਕੇ ਪ੍ਰਾਪਤ ਕੀਤੀ। ਬਾਹੋਮਾਜਰਾ ਖੰਨੇ ਤੋਂ ਸਿਰਫ ਚਾਰ ਕਿਲੋਮੀਟਰ ਸੀ ਤੇ ਮੇਰੇ ਪਿੰਡ ਸੂਨੀ ਦੇ ਨੇੜਲਾ ਹਾਈ ਸਕੂਲ



ਗੁਲਜ਼ਾਰ ਸਿੰਘ ਸੰਧੂ

ਮਾਹਿਲਪੁਰ ਸੂਨੀ ਤੋਂ ਦਸ-ਗਿਆਰਾਂ ਕਿਲੋਮੀਟਰ। ਜਦੋਂ ਮੈਂ ਸਾਈਕਲ ਚਲਾਉਣ ਜੋਗਾ ਹੋ ਗਿਆ ਤਾਂ ਮਾਹਿਲਪੁਰ ਪੜ੍ਹਨ ਲੱਗਾ, ਜਿਥੋਂ ਬੀ. ਏ. ਪਾਸ ਕਰ ਕੇ ਕੰਮ ਦੀ ਭਾਲ ਵਿਚ ਦਿੱਲੀ ਚਲਾ ਗਿਆ। ਉਥੇ 28 ਸਾਲ ਭਾਰਤ ਸਰਕਾਰ ਦੀ ਨੌਕਰੀ ਕੀਤੀ। 1984 ਵਿਚ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਆ ਲੱਗਾ। ਤਿੰਨ ਸਾਲ ਉਥੇ ਰਿਹਾ। ਫੇਰ ਤਿੰਨ ਸਾਲ ਪੰਜਾਬ ਆਟਰਸ ਕੌਂਸਲ ਦਾ ਚੇਅਰਮੈਨ, ਦੋ ਸਾਲ ਪੰਜਾਬ ਰੈੱਡ ਕਰਾਸ ਦਾ ਸੈਕਟਰੀ ਤੇ ਚਾਰ ਸਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੱਤਰਕਾਰੀ ਤੇ ਜਨ-ਸੰਚਾਰ ਵਿਭਾਗ ਦਾ ਪ੍ਰੋਫੈਸਰ ਤੇ ਮੁਖੀ। ਫੇਰ ਤਿੰਨ ਕੁ ਸਾਲ 'ਦੇਸ਼ ਸੇਵਕ' ਦਾ ਸੰਪਾਦਕ।"

ਪੰਜਾਬੀ ਯੂਨੀਵਰਸਿਟੀ, ਪਟਿਆਲੇ ਨੂੰ ਚੰਗੀ ਸੁੱਝੀ। ਪਹਿਲਾਂ ਉਸ ਨੂੰ ਪ੍ਰੋਫੈਸਰ ਆਫ ਐਮੀਨੈਂਸ ਦੀ ਪਦਵੀ ਦਿੱਤੀ ਤੇ ਵਿਆਹ ਦੀ 50ਵੀ ਵਰ੍ਹੇ-ਗੰਢ ਤੋਂ ਦਸ ਕੁ ਦਿਨ ਪਹਿਲਾਂ ਆਜੀਵਨ ਫੈਲੋਸ਼ਿਪ ਦਾ ਸ਼ਗਨ ਪਾ ਦਿੱਤਾ। ਉਸ ਦੀ ਨਿਮਰਤਾ ਵੇਖੋ, "ਮੈਂ ਇਹੋ ਜਿਹਾ ਕੋਈ ਸੰਘਰਸ਼ ਨਹੀਂ ਕੀਤਾ, ਜੋ ਦੱਸਣ ਵਾਲਾ ਹੋਵੇ। ਮੇਰੇ ਮਾਪਿਆਂ ਨੇ ਮੈਨੂੰ ਸਬਰ ਸੰਤੋਖ ਸਿਖਾਉਂਦਿਆਂ ਕਿਹਾ ਸੀ ਕਿ ਜ਼ਿੰਦਗੀ ਵਿਚ ਢੇਰੀ ਨਹੀਂ ਢਾਉਣੀ। ਜ਼ਿੰਦਗੀ ਵਿਚ ਸਫਲ ਹੋਣ ਦਾ ਇਕੋ ਇਕ ਤਰੀਕਾ ਕਿ ਢੇਰੀ ਢਾਏ ਬਿਨਾ ਲੱਗੇ ਰਹਿਣਾ।"

ਕਹਿੰਦਾ ਹੈ, ਮੈਂ ਪਚਾਸੀਆਂ ਤੋਂ ਟੱਪ ਗਿਆਂ। ਹੁਣ ਮੈਨੂੰ ਕੋਈ ਇਹ ਨਹੀਂ ਪੁੱਛਦਾ ਕਿ ਮੈਂ ਨਵਾਂ ਕੀ ਲਿਖਿਆ? ਇਹੀਓ ਪੁੱਛਿਆ ਜਾਂਦੈ ਕਿ ਸਿਹਤ ਦਾ ਕੀ ਹਾਲ ਹੈ? ਪਹਿਲੀਆਂ ਵਿਚ ਮੈਂ ਇਸ ਦਾ ਉੱਤਰ 'ਚੜ੍ਹਦੀ ਕਲਾ' ਦਿੰਦਾ ਸੀ। ਫਿਰ 'ਇਕ ਨੰਬਰ' ਕਹਿਣ ਲੱਗ ਪਿਆ। ਉਸ ਪਿੱਛੋਂ 'ਹਾਲੀ ਤਕ ਠੀਕ ਹੈ।' ਅੱਜ ਕੱਲ੍ਹ ਮੇਰਾ ਉਤਰ ਸਿਰਫ ਇਕ ਸ਼ਬਦ ਤਕ ਸੀਮਤ ਹੋ ਗਿਆ ਹੈ, 'ਚਲਦੈ!' ਹੁਣ ਮੈਂ ਉਸ ਗੇਂਦ ਵਾਂਗ ਹਾਂ, ਜੋ ਰੁੜ੍ਹ ਤਾਂ ਰਹੀ ਹੈ, ਪਰ ਇਸ ਦਾ ਰੁੜ੍ਹਨਾ ਰੁਕਣ ਵਾਲਾ ਹੈ।

ਰੌਅ ਮੇਂ ਹੈ ਰਖਸ਼ ਏ ਉਮਰ
ਕਹਾਂ ਦੇਖੀਏ ਥਮੇਂ
ਨਾ ਹਾਥ ਬਾਗ ਪਰ ਹੈ,
ਨਾ ਪਾ ਹੈ ਰਕਾਬ ਮੇਂ।

ਮੈਂ ਵੀ ਵਿਆਹ 'ਚ ਬੀ ਦਾ ਲੇਖਾ ਪਾ ਬੈਠਾਂ। ਗੱਲ ਵਿਆਹ ਦੀ ਚੱਲੀ ਸੀ। ਵਿਆਹ ਉਹਦਾ ਦੇਰ ਨਾਲ ਹੋਇਆ, 33ਵੇਂ ਸਾਲ ਦੀ ਉਮਰ ਵਿਚ। ਡਾ. ਸੁਰਜੀਤ ਕੌਰ ਦਾ ਓਦੂੰ ਵੀ ਲੇਟ, 37ਵੇਂ ਸਾਲ ਵਿਚ। ਲਾੜਾ ਅੰਗਰੇਜ਼ੀ ਦੀ ਐਮ. ਏ. ਤੇ ਲਾੜੀ ਐਮ. ਬੀ. ਬੀ. ਐਸ। ਜੇ ਕੋਈ ਕਹਿੰਦਾ, 'ਵਿਆਹ ਬੜਾ ਲੇਟ ਕਰਾਇਆ' ਤਾਂ ਸਫਾਈ ਦਿੰਦੇ, 'ਬਲਵੰਤ ਗਾਰਗੀ ਨਾਲੋਂ ਤਾਂ ਫੇਰ ਵੀ ਪਹਿਲਾਂ ਕਰਾ ਲਿਆ!'

ਸੰਧੂ ਜੋੜੇ ਨੇ ਵਸੀਅਤ ਲਿਖ ਦਿੱਤੀ ਹੈ ਕਿ ਸਾਡੀਆਂ ਦੇਹਾਂ ਮੈਡੀਕਲ ਸੰਸਥਾਵਾਂ ਨੂੰ ਦਾਨ ਕਰ ਦਿੱਤੀਆਂ ਜਾਣ। ਸਾਡਾ ਮਰਨਾ ਖੁਸ਼ੀ ਨਾਲ ਮਨਾਇਆ ਜਾਵੇ। ਦੇਹ ਦਾਨ ਦਾ ਕਾਰਡ ਉਨ੍ਹਾਂ ਦੀ ਜੇਬ ਵਿਚ ਰਹਿੰਦੈ ਕਿ ਜਿਥੇ ਪ੍ਰਾਣ ਪੰਖੇਰੂ ਹੋਣ, ਉਥੋਂ ਦੀ ਨੇੜਲੀ ਡਾਕਟਰੀ ਸੰਸਥਾ ਨੂੰ ਸਬੂਤੀ ਦੇਹ ਦੇ ਦਿੱਤੀ ਜਾਵੇ। ਰਿਸ਼ਤੇਦਾਰਾਂ ਨੂੰ ਪਹਿਲਾਂ ਹੀ ਕਿਹਾ ਹੋਇਆ ਕਿ ਰੋਣ ਕਰਲਾਉਣ ਦੀ ਥਾਂ ਖੁਸ਼ੀ ਮਨਾਈ ਜਾਵੇ।

ਪਹਿਲਾਂ ਮੈਂ ਵੀ ਆਪਣੇ ਨਾਂ ਨਾਲ ਸੰਧੂ ਲਿਖਦਾ ਸੀ। ਮੈਨੂੰ ਸੰਧੂ ਲਿਖਣੋਂ ਗੁਲਜ਼ਾਰ ਸੰਧੂ ਨੇ ਹੀ ਹਟਾਇਆ। ਅਖੇ ਦੋ ਸੰਧੂਆਂ ਦਾ ਭੁਲੇਖਾ ਪੈ ਜਿਆ ਕਰੂ। ਕਹਿੰਦਾ, "ਜੇ ਮੇਰਾ ਨਾਂ ਗੁਲਜ਼ਾਰਾ ਈ ਰਹਿੰਦਾ ਤਾਂ ਮੈਂ ਹੀ ਸੰਧੂ ਨਾ ਲਾਉਂਦਾ ਕਿਉਂਕਿ ਨਵੀਂ ਪੀੜ੍ਹੀ ਨੇ ਕਿਸੇ ਦਾ ਨਾਂ ਗੁਲਜ਼ਾਰਾ ਨਹੀਂ ਸੀ ਰੱਖਣਾ। ਸਰਵਣ ਵੀ ਕਿਸੇ ਨੇ ਨ੍ਹੀਂ ਰੱਖਣਾ, ਸੋ ਤੂੰ ਹੀ ਲਾਹ ਦੇ।"

ਦਿੱਲੀ ਉਹਦੇ ਕੋਲ ਮੋਟਰ ਸਾਈਕਲ ਸੀ, ਮੇਰੇ ਕੋਲ ਸਾਈਕਲ। ਉਹ ਪੰਜਾਬ ਤੋਂ ਆਏ ਲੇਖਕਾਂ ਨੂੰ ਦਾਰੂ ਪਿਆਉਂਦਾ ਤੇ ਮੋਟਰ ਸਾਈਕਲ ਦੇ ਝੂਟੇ ਦਿੰਦਾ। ਮੈਂ ਅੜੇ ਥੁੜੇ ਖਾਲਸਾ ਕਾਲਜ ਦੇ ਡੀ. ਪੀ. ਈ. ਪ੍ਰੀਤਮ ਸਿੰਘ ਬੈਂਸ ਤੋਂ ਪੈਸੇ ਫੜਦਾ। ਮੇਰਾ ਉਹਦੇ ਨਾਲ ਕੀ ਮੁਕਾਬਲਾ ਸੀ? ਸੰਧੂ ਸਰਦਾਰ! ਮੈਂ ਵੱਡੇ ਭਾਈ ਨੂੰ ਛੱਡਣ ਵਿਚ ਹੀ ਭਲਾ ਸਮਝਿਆ।

ਪ੍ਰੀਤਮ ਸਿੰਘ ਬੈਂਸ ਕੋਲ ਸੰਧੂ ਵੀ ਛੇ ਮਹੀਨੇ ਰਿਹਾ। ਦੋਵੇਂ ਦੁਆਬੀਏ। ਜਦੋਂ ਉਹ ਬੈਂਸ ਨੂੰ ਜਨੇਤ ਦਾ ਸੱਦਾ ਦੇਣ ਗਿਆ ਤਾਂ ਬੈਂਸ ਨੇ ਪੁੱਛਿਆ, "ਵਿਆਹ ਕੀਹਦੇ ਨਾਲ ਹੋ ਰਿਹੈ?"

ਸੰਧੂ ਨੇ ਹੁੱਬ ਕੇ ਦੱਸਿਆ, "ਮਾਝੇ ਤੋਂ ਪੰਨੂੰਆਂ ਦੀ ਧੀ ਐ।"

ਬੈਂਸ ਬੋਲਿਆ, "ਮਾਝੇ ਵਾਲੇ ਤਾਂ ਆਪਾਂ ਦੁਆਬੇ ਵਾਲਿਆਂ ਨੂੰ ਕੁੱਟਣਗੇ।"

ਸੰਧੂ ਨੇ ਕਿਹਾ, "ਜੀਹਦੇ ਨਾਲ ਵਿਆਹ ਹੋ ਰਿਹਾ, ਉਹਦਾ ਭਰਾ ਗੁਰਬਚਨ ਸਿੰਘ ਘੈਂਟ ਬੰਦਾ। ਉਹ ਨੀ ਕੁੱਟਣ ਦਿੰਦਾ।"

ਗੁਰਬਚਨ 'ਗੁਰਾ' ਖਾਲਸਾ ਕਾਲਜ, ਅੰਮ੍ਰਿਤਸਰ ਦਾ ਤਕੜਾ ਖਿਡਾਰੀ ਸੀ। ਲੜਾਈ ਭਿੜਾਈ ਨੂੰ ਕਾਇਮ। ਪ੍ਰੀਤਮ ਸਿੰਘ ਬੈਂਸ ਉਹਦੇ ਨਾਲ ਪੜ੍ਹਦਾ ਰਿਹਾ ਸੀ। ਉਸ ਨੇ ਕਿਹਾ, "ਜੇ ਗੁਰੇ ਦੀ ਭੈਣ ਐਂ ਤਾਂ ਉਹ ਹੋਰ ਵੀ ਕੁੱਟਣਗੇ।"

ਸੰਧੂ ਨੇ ਪੁੱਛਿਆ, "ਤਾਂ ਫੇਰ ਜਵਾਬ ਦੇ ਦੇਈਏ?"

ਬੈਂਸ ਕੁਝ ਪਲ ਚੁੱਪ ਰਿਹਾ। ਸੋਚ ਕੇ ਬੋਲਿਆ, "ਜਵਾਬ ਦਿੱਤਾ ਤਾਂ ਘਰ ਆ ਕੇ ਕੁੱਟਣਗੇ। ਹੁਣ ਤਾਂ ਢੁੱਕਣਾ ਈ ਪਊ, ਦੇਖੀ ਜਾਊ ਜਿਵੇਂ ਹੋਊ।"

11 ਮਾਰਚ 1966 ਨੂੰ ਉਨ੍ਹਾਂ ਦਾ ਵਿਆਹ ਹੋਇਆ। 11 ਮਾਰਚ 1966 ਨੂੰ ਹੀ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ। ਮੰਗ ਮੰਨਣ ਪਿੱਛੇ 1965 ਦੀ ਇੰਡੋ-ਪਾਕਿ ਜੰਗ ਵਿਚ ਸਿੱਖ ਫੌਜੀਆਂ ਤੇ ਸਰਹੱਦ ਨੇੜੇ ਪੰਜਾਬੀਆਂ ਵੱਲੋਂ ਜੰਗ ਵਿਚ ਪਾਇਆ ਯੋਗਦਾਨ ਸੀ। ਪੰਜਾਬੀਆਂ ਨੇ ਪੰਜਾਬੀ ਸੂਬਾ ਜੰਗ ਜਿੱਤ ਕੇ ਲਿਆ। ਸਰਹੱਦੀ ਪਿੰਡਾਂ ਵਿਚ ਜੰਗ ਦਾ ਉਜਾੜਾ ਵੇਖਦਿਆਂ ਲੇਖਕ ਸੰਧੂ ਤੇ ਡਾ. ਪੰਨੂੰ ਇਕ ਦੂਜੇ ਦੇ ਹੋ ਗਏ। ਸੰਧੂ ਦੇ ਲਿਖਣ ਮੂਜਬ, "ਸੰਨ 1966 ਤੋਂ ਸੁਰਜੀਤ ਐਸ. ਕੇ. ਸੰਧੂ ਹੋ ਗਈ, ਮੇਰੀ ਜੀਵਨ ਸਾਥਣ। ਭਾਰਤ ਤੇ ਪਾਕਿਸਤਾਨ ਵਾਂਗ ਸਾਡੇ ਵਿਚਕਾਰ ਵੀ ਅਮਨ ਤੇ ਸ਼ਾਂਤੀ ਦੇ ਦੌਰ ਚਲਦੇ ਰਹਿੰਦੇ ਹਨ। ਲੜਾਈ ਹੁੰਦਿਆਂ ਵੀ ਦੇਰ ਨਹੀਂ ਲੱਗਦੀ ਤੇ ਜੰਗ ਬੰਦੀ ਵੀ ਐਵੇਂ ਕਿਵੇਂ ਹੋ ਜਾਂਦੀ ਹੈ।"

# ਪੱਕਾ ਘਰ ਟੋਲੀਂ ਬਾਬਲਾ...

ਪੰਜਾਬੀ ਲੋਕ ਸਾਹਿਤ ਵਿਚ ਵਖ-ਵਖ ਰਿਸ਼ਤਿਆਂ ਦੇ ਖੱਟੇ-ਮਿੱਠੇ ਤਜਰਬਿਆਂ ਨੂੰ ਬਿਆਨ ਕਰਦੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਗੀਤ ਮਿਲਦੇ ਹਨ। ਇਨ੍ਹਾਂ ਸਾਰੇ ਲੋਕ ਗੀਤਾਂ ਵਿਚ ਸਭ ਤੋਂ ਵੱਧ ਭਾਵੁਕ ਅਤੇ ਜਜ਼ਬਾਤੀ ਸੰਵਾਦ ਪਿਓ ਤੇ ਧੀ ਵਿਚਕਾਰ ਹੋਇਆ ਮਿਲਦਾ ਹੈ। ਬੇਸ਼ੱਕ ਸਾਡਾ ਸਮਾਜ ਧੀਆਂ ਨੂੰ ਪਰਾਇਆ ਧਨ ਸਮਝਦਾ ਰਿਹਾ ਹੈ ਪਰ ਪਿਓ ਲਈ ਧੀਆਂ ਕਿਸੇ ਅਣਮੁੱਲੇ ਸਰਮਾਏ ਤੋਂ ਘੱਟ ਨਹੀਂ ਹੁੰਦੀਆਂ। ਲਾਡਾਂ ਨਾਲ ਪਾਲੀ ਧੀ ਨੂੰ ਆਪਣੇ ਹੱਥੀਂ ਤੋਰਨ ਦੀ ਅਸਹਿ ਪੀੜ ਸਹਿਣ ਵਾਲੇ ਪਿਓ ਨੂੰ ਲੋਕ ਗੀਤਾਂ ਵਿਚ ਧਰਮੀ ਬਾਬਲ ਕਹਿ ਕੇ ਸੰਬੋਧਨ ਕੀਤਾ ਗਿਆ ਹੈ।

ਹਰਪ੍ਰੀਤ ਸਿੰਘ ਸਵੈਚ

ਜਿਉਂ ਜਿਉਂ ਧੀ ਜਵਾਨ ਹੁੰਦੀ ਹੈ ਤਿਉਂ ਤਿਉਂ ਪਿਓ ਨੂੰ ਧੀ ਵਿਹਾਉਣ ਦਾ ਫਿਕਰ ਸਤਾਉਣ ਲੱਗਦਾ ਹੈ। ਪਿਓ ਸਾਰੀ ਉਮਰ ਧੀ ਦਾ ਦਾਜ ਇਕੱਠਾ ਕਰਦਾ ਡਰ-ਡਰ ਕੇ ਜ਼ਿੰਦਗੀ ਜਿਉਂਦਾ ਹੈ ਕਿ ਕਿਤੇ ਉਸ ਦੀ ਪਿਆਰੀ ਧੀ ਦੇ ਕਾਜ ਰਚਾਉਣ ਵਿਚ ਕੋਈ ਕਮੀ ਨਾ ਰਹਿ ਜਾਵੇ। ਇਸ ਵਰਤਾਰੇ ਨੂੰ ਲੋਕ ਗੀਤਾਂ ਵਿਚ ਇੰਜ ਪੇਸ਼ ਕੀਤਾ ਗਿਆ ਹੈ:

ਬਾਬਲ ਕਿਉਂ ਡਰਿਆ,
ਬਾਬਲ ਦੀ ਧੀ ਕੁਆਰੀ,
ਬਾਬਲ ਧਰਮੀ ਤਾਂ ਡਰਿਆ

ਪੁਰਾਤਨ ਸਮਿਆਂ ਵਿਚ ਬਹੁਤੇ ਘਰ ਕੱਚੇ ਹੋਣ ਕਾਰਨ ਪੱਕੇ ਘਰ ਨੂੰ ਅਮੀਰੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਇਸ ਸੂਰਤ ਵਿਚ ਧੀ ਆਪਣੇ ਪਿਓ ਨੂੰ ਇਹੀ ਅਰਜੋਈ ਕਰਦੀ ਹੈ ਕਿ ਉਸਦਾ ਵਿਆਹ ਕਿਸੇ ਪੱਕੇ ਘਰ ਵਿਚ ਹੀ ਕੀਤਾ ਜਾਵੇ। ਹਰ ਪਿਓ ਦੀ ਵੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੀ ਧੀ ਲਈ ਦੁਨੀਆਂ ਦਾ ਸਭ ਤੋਂ ਯੋਗ ਵਰ ਲੱਭੇ, ਜੋ ਉਸ ਦੀ ਧੀ ਦੀਆਂ ਸਭ ਰੀਝਾਂ ਪੂਰੀਆਂ ਕਰੇ। ਪਿਓ ਤੇ ਧੀ ਦੀ ਇਸ ਵਾਰਤਾਲਾਪ ਨੂੰ ਇੰਜ ਪੇਸ਼ ਕੀਤਾ ਗਿਆ ਹੈ:

ਪੱਕਾ ਘਰ ਟੋਲੀਂ ਬਾਬਲਾ,
ਕਿਤੇ ਲਿੱਪਣੇ ਨਾ ਪੈਣ ਬਨੇਰੇ
ਲੰਮੀ ਵੀਹੀ ਤੇ ਪੱਕਾ ਘਰ ਤੇਰਾ,
ਤੂੰ ਹੁਕਮ ਚਲਾਈਂ ਬੱਚੀਏ



ਜਦੋਂ ਪਿਓ ਆਪਣੀ ਲਾਡਲੀ ਧੀ ਦਾ ਸਾਕ ਪੱਕਾ ਕਰਦਾ ਹੈ ਤਾਂ ਧੀ ਇਕ ਚੰਗੇ ਵਰ ਦੇ ਸੁਪਨੇ ਸਿਰਜਦੀ ਹੋਈ ਖੁਸ਼ੀ ਵਿਚ ਖੀਵੀ ਹੁੰਦੀ ਜਾਂਦੀ ਹੈ ਪਰ ਜਦੋਂ ਵਿਆਹ ਦਾ ਸਾਹਾ ਕੱਢਾ ਲਿਆ ਜਾਂਦਾ ਹੈ ਤਾਂ ਬਾਬਲ ਦਾ ਘਰ ਛੁੱਟ ਜਾਣ ਦਾ ਫਿਕਰ ਉਸਨੂੰ ਮਾਯੂਸ ਕਰ ਦਿੰਦਾ ਹੈ। ਇਹ ਮਾਯੂਸੀ ਬਾਬਲ ਪ੍ਰਤੀ ਉਸ ਦੇ ਨਿੱਘੇ ਪਿਆਰ ਦਾ ਹੀ ਬਿੰਬ ਹੁੰਦੀ ਹੈ:

ਨਿੱਕੀ-ਨਿੱਕੀ ਸੂਈ ਵੱਟਵਾਂ ਧਾਗਾ,
ਬੈਠ ਕਸੀਦਾ ਕੱਢ ਰਹੀ ਆਂ
ਆਉਂਦੇ ਜਾਂਦੇ ਰਾਹੀ ਪੁੱਛਦੇ,
ਤੂੰ ਕਿਉਂ ਬੀਬਾ ਰੋ ਰਹੀ ਆਂ
ਬਾਬਲ ਮੇਰਾ ਸਾਹਾ ਸਦਾਇਆ,
ਮੈਂ ਪਰਦੇਸਣ ਹੋ ਰਹੀ ਆਂ

ਸਾਰੀ ਉਮਰ ਹਿੱਕ ਤਾਣ ਕੇ ਤੁਰਨ ਵਾਲੇ ਬਾਬਲ ਨੂੰ ਧੀ ਦੇ ਵਿਆਹ ਮੌਕੇ ਨਿਵਣਾ ਵੀ ਪੈਂਦਾ ਹੈ। ਡੋਲੀ ਵਿਦਾ ਹੋਣ ਲੱਗਿਆਂ ਜਿਥੇ ਨਜ਼ਦੀਕੀ ਰਿਸ਼ਤੇਦਾਰਾਂ ਦੀਆਂ ਅੱਖਾਂ ਭਰ ਆਉਂਦੀਆਂ ਹਨ, ਅਜਿਹੇ ਵਿਚ ਇਕ ਪਿਓ ਦੇ ਮਨ ਦੇ ਹਾਲਾਤ ਨੂੰ ਬਾਖੂਬੀ ਸਮਝਿਆ ਜਾ ਸਕਦਾ ਹੈ। ਜਿਗਰ ਦੇ ਟੁਕੜੇ ਨੂੰ ਕਿਸੇ ਬੇਗਾਨੇ ਦੇ ਹੱਥ ਸੌਂਪਣ ਲਈ ਪਹਾੜ ਜਿੱਡਾ ਦਿਲ ਚਾਹੀਦਾ ਹੈ। ਵਿਆਹ ਮੌਕੇ ਧੀ ਦੇ ਮਾਪਿਆਂ ਤੋਂ ਵਿਛੜਨ ਦਾ ਸਮਾਂ ਬਹੁਤ ਪੀੜਦਾਇਕ ਅਤੇ ਭਾਵੁਕ ਹੁੰਦਾ ਹੈ। ਇਸ ਅਹਿਸਾਸ ਨੂੰ ਲੋਕ ਗੀਤਾਂ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

ਨਿਵੇਂ ਪਹਾੜਾਂ ਦੇ ਪਰਬਤ,
ਹੋਰ ਨਿਵਿਆਂ ਨਾ ਕੋਈ
ਨਿਵਿਆਂ ਲਾਡੋ ਦਾ ਬਾਬਲ,
ਜਿਹਨੇ ਧੀ ਵਿਆਹੀ
ਤੂੰ ਕਿਉਂ ਰੋਇਆ ਬਾਬਲ ਜੀ,
ਜੱਗ ਹੁੰਦੜੀ ਆਈ

ਡੋਲੀ ਦੀ ਵਿਦਾਈ ਮੌਕੇ ਧੀ ਦਾ ਦਿਲ ਵੀ ਬਾਬਲ ਦਾ ਘਰ ਛੱਡ ਕੇ ਜਾਣ ਨੂੰ ਬਿਲਕੁਲ ਨਹੀਂ ਕਰਦਾ। ਉਹ ਅੱਜ ਦੀ ਰਾਤ ਰੱਖਣ ਲਈ ਵਾਰ-ਵਾਰ ਪਿਓ ਦੇ ਤਰਲੇ ਕੱਢਦੀ ਹੈ ਤੇ ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਯਾਦ ਕਰਵਾਉਂਦੀ ਹੈ ਪਰ ਬਾਬਲ ਆਪਣੇ ਦਿਲ 'ਤੇ ਪੱਥਰ ਰੱਖ ਕੇ ਧੀ ਨੂੰ ਖੁਸ਼ੀ-ਖੁਸ਼ੀ ਸਹੁਰੇ ਘਰ ਜਾਣ ਲਈ ਪ੍ਰੇਰਦਾ ਹੈ:

ਤੇਰੇ ਬਾਗਾਂ ਦੇ ਵਿਚ ਵਿਚ ਵੇ,
ਬਾਬਲ ਡੋਲਾ ਨਹੀਂ ਲੰਘਦਾ
ਇਕ ਟਾਹਲੀ ਪੁਟਾ ਦੇਵਾਂ,
ਧੀਏ ਘਰ ਜਾ ਆਪਣੇ
ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਗੁੱਡੀਆਂ ਕੌਣ ਖੇਡੇ
ਮੇਰੀਆਂ ਖੇਡਣ ਪੋਤਰੀਆਂ,
ਧੀਏ ਘਰ ਜਾ ਆਪਣੇ

ਧੀਆਂ ਨੂੰ ਵਿਆਹ ਤੋਂ ਬਾਅਦ ਪੇਕੇ ਜਾਣ ਦਾ ਬਹੁਤ ਚਾਅ ਹੁੰਦਾ ਹੈ। ਇਸ ਅਹਿਸਾਸ ਨੂੰ ਲੋਕ ਗੀਤ ਰਾਹੀਂ ਇੰਜ ਬਿਆਨਿਆ ਗਿਆ ਹੈ:

ਹਰੀਏ ਹਰੀਏ ਡੇਕੇ ਨੀਂ ਫੁੱਲ ਦੇ ਦੇ
ਅੱਜ ਮੈਂ ਜਾਣਾ ਪੇਕੇ ਨੀਂ, ਫੁੱਲ ਦੇ ਦੇ

ਧੀਆਂ ਘਰ ਦੀਆਂ ਰਾਣੀਆਂ ਹੁੰਦੀਆਂ ਹਨ ਤੇ ਇਨ੍ਹਾਂ ਰਾਣੀਆਂ ਨਾਲ ਹੀ ਘਰ ਵਿਚ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਧੀਆਂ ਨੂੰ ਪਿਓ ਦੀ ਪੱਗ ਕਿਹਾ ਜਾਂਦਾ ਹੈ, ਇਹ ਰੁਤਬਾ ਪੁੱਤਰਾਂ ਨੂੰ ਨਹੀਂ ਮਿਲਿਆ, ਸਗੋਂ ਧੀਆਂ ਨੂੰ ਮਿਲਿਆ ਹੈ ਕਿਉਂਕਿ ਧੀ ਹੀ ਬਾਬਲ ਦੇ ਦੁੱਖ ਸੁੱਖ ਦੀ ਅਸਲ ਭਾਗੀਦਾਰ ਬਣਦੀ ਹੈ। ਪੁੱਤਰ ਤਾਂ ਵਿਆਹ ਤੋਂ ਬਾਅਦ ਆਪਣੇ ਪਰਿਵਾਰ ਵਿਚ ਮਸਤ ਹੋ ਜਾਂਦੇ ਹਨ, ਪਰ ਧੀਆਂ ਮਰਦੇ ਦਮ ਤਕ ਆਪਣੇ ਬਾਬਲ ਦੀ ਸੁੱਖ ਲੋੜਦੀਆਂ ਰਹਿੰਦੀਆਂ ਹਨ। ਪਤਾ ਨਹੀਂ ਸਾਡਾ ਸਮਾਜ ਧੀਆਂ ਜੰਮਣ ਤੋਂ ਕਿਉਂ ਡਰਦਾ ਹੈ ਜਦੋਂ ਕਿ ਅਸਲੀਅਤ ਇਹ ਹੈ ਕਿ ਧੀਆਂ ਦੀ ਦਾਤ ਤਾਂ ਕਰਮਾਂ ਵਾਲਿਆਂ ਨੂੰ ਨਸੀਬ ਹੁੰਦੀ ਹੈ।

# ਔਰਤ ਚਿੱਤਰਕਾਰਾਂ ਦੀ ਸ਼ਾਂਤ ਚਿੱਤ ਪ੍ਰਦਰਸ਼ਨੀ

ਸਮਕਾਲੀ ਮਹਿਲਾ ਚਿੱਤਰਕਾਰਾਂ ਦੀ ਚੰਡੀਗੜ੍ਹ ਇਕਾਈ ਨੇ ਆਪਣੇ ਨਾਲ ਬਠਿੰਡਾ, ਜੈਪੁਰ, ਮਥੁਰਾ, ਗੋਆ ਤੇ ਹੈਦਰਾਬਾਦ ਤੱਕ ਦੀਆਂ ਰਚਨਾਕਾਰਾਂ ਨੂੰ ਜੋੜ ਰੱਖਿਆ ਹੈ। ਹੁਣੇ ਹੁਣੇ ਚੰਡੀਗੜ੍ਹ ਦੀ ਸਰਕਾਰੀ ਮਿਊਜ਼ੀਅਮ ਤੇ ਆਰਟ



ਗੈਲਰੀ ਵਿਚ ਇਸ ਨੇ ਸਮਕਾਲੀ ਕਲਾਕਾਰਾਂ ਦੇ ਚਿੱਤਰਾਂ ਦੀ ਛੇ ਰੋਜ਼ਾ ਨੁਮਾਇਸ਼ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਦਿਆਂ ਅਜਿਹੇ ਚਿੱਤਰਾਂ ਦੀ ਚੋਣ ਕੀਤੀ ਹੈ, ਜੋ ਮਨੁੱਖੀ ਮਨ ਦੀ ਮਹਿਮਾ ਤੇ ਮਹੱਤਵ ਉਜਾਗਰ ਕਰਦੇ ਹਨ; ਖਾਸ ਕਰ ਸ਼ਾਂਤ ਚਿੱਤ ਔਰਤ ਦੀ।

ਇਸ ਟੋਲੀ ਦੀ ਸੰਸਥਾਪਕ ਸਰਕਾਰੀ ਕਾਲਜ, ਡੇਰਾਬਸੀ (ਜ਼ਿਲਾ ਮੁਹਾਲੀ) ਦੀ ਪ੍ਰਿੰਸੀਪਲ ਸਾਧਨਾ ਸੰਗਰ ਹੈ, ਤੇ ਉਸ ਨੇ ਇਸ ਸੰਸਥਾ ਦਾ ਨਾਂ 'ਅਸੀਂ' ਜਾਂ 'ਹਮ' ਰੱਖਿਆ ਹੋਇਆ ਹੈ। ਹਮ-ਖਿਆਲ ਔਰਤ ਚਿੱਤਰਕਾਰਾਂ ਦੀ ਇਹ ਸੰਸਥਾ ਪਿਛਲੇ 18 ਸਾਲਾਂ ਤੋਂ ਚੰਡੀਗੜ੍ਹ ਦੇ ਬਾਲ ਭਵਨ, ਸੇਵਾ ਭਾਰਤੀ ਹਾਲ ਅਤੇ ਪਿੰਜੌਰ ਦੇ ਵਿਵੇਕਾਨੰਦ ਸਕੂਲ ਵਿਚ ਹੀ ਵਰਕਸ਼ਾਪਾਂ ਤੇ ਪ੍ਰਦਰਸ਼ਨੀਆਂ ਨਹੀਂ ਲਾ ਰਹੀ, ਹਿਮਾਚਲ ਦੇ ਜਗਦੰਬਾ ਮੰਦਿਰ, ਖਜਿਆਰ ਅਤੇ ਰਾਜਸਥਾਨ ਦੀ ਲਲਿਤ ਕਲਾ ਅਕਾਡਮੀ, ਜੈਪੁਰ ਨਾਲ ਵੀ ਜੁੜੀ ਹੋਈ ਹੈ।

ਚੰਡੀਗੜ੍ਹ ਦੇ ਚਿੱਤਰਾਂ ਵਿਚਲੀ ਰੋਸ਼ਨੀ ਤੇ ਸਾਰਥਕਤਾ ਪ੍ਰਭਾਵੀ ਰਹੀ। ਇਨ੍ਹਾਂ ਵਿਚ ਮਹਿਲਾ ਸਸ਼ਕਤੀਕਰਨ ਤੇ ਔਰਤ ਉਦਮ ਦੀ ਪੇਸ਼ਕਾਰੀ ਖਿਚ ਪਾਉਂਦੀ ਹੈ। ਇਸ ਵਿਚ 80 ਚਿੱਤਰਕਾਰਾਂ ਦੇ 80 ਤੋਂ ਵਧ ਚਿੱਤਰ ਵੇਖਣ ਨੂੰ ਮਿਲੇ। ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਰਾਜੇ ਮਹਾਰਾਜਿਆਂ ਦੀ ਜਨਮਦਾਤੀ ਕਹਿ ਕੇ ਨਿਵਾਜਿਆ ਸੀ। ਇਹ ਚਿੱਤਰ ਦਸਦੇ ਹਨ ਕਿ ਜਦੋਂ ਔਰਤਾਂ ਦੇ ਖੱਟੇ ਮਿੱਠੇ ਅਨੁਭਵ ਕਲਾ ਦਾ ਰੂਪ ਧਾਰਦੇ ਹਨ, ਸਾਨੂੰ ਘੁੱਗੀਆਂ ਗਟਾਰਾਂ ਦੀ ਬੋਲੀ ਵੀ ਸਮਝ ਆਉਣ ਲਗਦੀ ਹੈ ਅਤੇ ਹਵਾ ਨਾਲ ਝੂਲਦੇ ਬਿਰਖਾਂ ਦੇ ਬੋਲ ਵੀ। ਜੇ ਮੈਂ ਮੂੰਹੋਂ ਬੋਲਦੇ ਚਿੱਤਰਾਂ ਦਾ ਪ੍ਰਮਾਣ ਦੇਣਾ ਹੋਵੇ ਤਾਂ ਇਸ ਨੁਮਾਇਸ਼ ਵਿਚ ਚੰਡੀਗੜ੍ਹ ਦੀ ਆਸਥਾ ਮਹਿਤਾ ਅਤੇ ਗੋਆ ਦੀ ਦਾਉਮੁਦੀ ਪ੍ਰਜਾਪਤੀ ਦਾ ਚਿੱਤਰ ਸਾਦੇ ਹਨ ਤੇ ਪ੍ਰਭਾਵੀ ਵੀ।

**ਮਿੱਤਰਾਂ ਦੀ ਮਹਿਫਿਲ:** ਪਿਛਲੇ ਤੋਂ ਪਿਛਲੇ ਸ਼ੁਕਰਵਾਰ ਚੰਡੀਗੜ੍ਹ ਦੀ ਹੱਦ ਤੋਂ ਬਾਹਰ ਦੇ ਇੱਕ ਪਿੰਡ ਜਗਤਪੁਰਾ ਵਿਚ ਪੈਂਦੇ ਮਝੈਲ ਫਾਰਮ ਵਿਚ ਇਕੱਠੀ ਹੋਈ ਮਿੱਤਰ ਮਿਲਣੀ ਜੁੜਦੇ ਸਾਰ ਹੀ ਇਕ ਮਿੰਨੀ ਮੁਸ਼ਾਇਰੇ ਦਾ ਰੂਪ ਧਾਰ ਗਈ। ਇਹ ਫਾਰਮ ਸਵਰਗਵਾਸੀ ਹਰਨਾਮ ਸਿੰਘ ਮਝੈਲ ਦੀ ਇੱਕ ਬੇਟੀ ਦਾ ਹੈ। ਉਹ ਖੁਦ ਮਾਝੇ ਦਾ ਰਹਿਣ ਵਾਲਾ ਸੀ ਤੇ ਉਸ ਦੀਆਂ ਤਿੰਨ ਬੇਟੀਆਂ ਨੇ ਸਾਰੇ ਦਾ ਸਾਰਾ ਪੰਜਾਬ ਮੱਲ ਰਖਿਆ ਹੈ। ਕੰਵਲਜੀਤ ਕੰਗ ਮਾਲਵੇ ਵਿਚ ਵਿਆਹੀ ਹੋਈ ਹੈ, ਹਰਜੀਤ ਮਾਝੇ 'ਚ ਤੇ ਸੁਰਜੀਤ ਦੁਆਬੇ ਵਿਚ। ਸੁਰਜੀਤ ਖੁਦ ਕਵਿਤਾ ਲਿਖਦੀ ਹੋਣ ਕਾਰਨ, ਜਿੱਥੇ ਵੀ ਤਿੰਨਾਂ ਭੈਣਾਂ ਨੇ ਮਿਲਣਾ ਹੋਵੇ, ਆਪਣੇ ਜਾਣੇ ਪਛਾਣੇ ਕਵੀਆਂ ਨੂੰ ਸੱਦਾ ਦੇ ਛੱਡਦੀ ਹੈ।

ਕਵਿਤਾਵਾਂ ਦਾ ਦੌਰ ਸ਼ੁਰੂ ਹੋਇਆ ਤਾਂ ਤਾਰਨ ਗੁਜਰਾਲ ਨੇ ਤਰੰਨਮ ਵਿਚ ਇਕ ਵਧੀਆਂ ਗੀਤ ਪੇਸ਼ ਕੀਤਾ ਤੇ ਰੰਗਮੰਚ ਦੇ ਬਾਦਸ਼ਾਹ ਦਵਿੰਦਰ ਦਮਨ ਨੇ ਸਰੋਤਿਆਂ ਦੀ ਮੰਗ ਪ੍ਰਵਾਨ ਕਰਕੇ ਥਾਲੀ ਦੀ ਅਵਾਜ਼ ਵਿਚ ਆਪਣਾ ਪੁਰਾਣਾ ਗੀਤ ਗਾ ਕੇ ਸੁਣਾਇਆ। ਅਸ਼ੋਕ ਨਾਦਿਰ ਨਾਂ ਦਾ ਪੰਚਕੂਲਾ ਨਿਵਾਸੀ ਪੇਸ਼ੇ ਵਜੋਂ ਕਾਰਖਾਨੇਦਾਰ ਹੋਣ ਸਦਕਾ ਡੇਰਾਬਸੀ ਦੇ ਨੇੜੇ ਪਿੰਡ ਤੋਗਾਂਪੁਰ ਵਿਚ ਇਕ ਬਿਰਧ ਆਸ਼ਰਮ ਵੀ ਚਲਾਉਂਦਾ ਹੈ, ਜਿੱਥੇ ਘਰੇਲੂ ਜਾਂ ਬਾਹਰੀ ਮਾਹੌਲ ਦੇ ਸਤਾਏ ਬਜ਼ੁਰਗਾਂ ਦੀ ਦੇਖ-ਭਾਲ ਕੀਤੀ ਜਾਂਦੀ ਹੈ। ਉਹ ਸ਼ਾਇਰੀ ਵੀ ਕਰਦਾ ਹੈ ਤੇ ਉਸ ਦੇ ਸ਼ਿਅਰਾਂ ਵਿਚ ਦਰਦ ਹੈ,

ਖਤ ਪੇ ਅਸ਼ਕੋਂ ਕਾ ਨਿਸ਼ਾਂ ਦੇਖਾ ਹੈ  
ਏਕ ਏਕ ਲਫਜ਼ ਪਰੇਸ਼ਾਂ ਦੇਖਾ ਹੈ।  
ਖੁਦ ਕਾ ਵਜੂਦ ਦਫਨ ਹੋ ਗਿਆ ਨਾਦਿਰ  
ਅਪਨੀ ਤਬਾਹੀ ਕਾ ਸਾਮਾਨ ਦੇਖਾ ਹੈ।

ਅਜੋਕੇ ਮਾਹੌਲ ਨੂੰ ਸੰਬੋਧਤ ਭੁੱਲਰ ਦੀ ਕਵਿਤਾ ਤਾਂ ਬਹੁਤ ਲੰਮੀ ਸੀ, ਪਰ ਸੁਰਜੀਤ ਬੈਂਸ ਦੇ ਦੋ ਸ਼ਿਅਰਾਂ ਨੂੰ ਖੂਬ ਦਾਦ ਮਿਲੀ,

ਕੀ ਲੋਕ ਸਭਾ ਕੀ ਰਾਜ ਸਭਾ,  
ਲੀਡਰ ਤਾਂ ਘੁੰਮਦੀਆਂ ਤੋਪਾਂ ਨੇ।  
ਸਭ ਨਾਅਰੇ ਬੰਬ ਦੇ ਗੋਲੇ ਨੇ,  
ਕੀ ਕਰ ਲੈਣਾ ਏ ਲੋਕਾਂ ਨੇ?  
ਜਨਤਾ ਵੀ ਕਰੋਨਾ ਵਾਇਰਸ ਹੈ,  
ਲਭ ਲਭ ਕੇ ਲੀਡਰ ਚੰਬੜੇਗੀ,  
ਕਰ ਬੰਦ ਉਨ੍ਹਾਂ ਨੂੰ ਸਦਨਾਂ ਵਿਚ,  
ਇਹ ਸਿਰੀਆਂ ਫੜ ਫੜ ਰਗੜੇਗੀ।

ਫੇਰ ਫੂਲਚੰਦ ਮਾਨਵ ਨੇ ਵੀ ਹਾਜ਼ਰੀ ਲਗਵਾਈ,

ਲੋਗ ਵਹਾਂ ਪੇ ਚੁੱਪ ਕਿਉਂ ਹੈ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ  
Sandhugulzar@yahoo.com

ਸ਼ਹਿਰ ਕੋ ਹੂਆ ਕਿਆ ਹੈ!  
ਪੂਛਤੇ ਹੈਂ ਮੁਝ ਸੇ ਆਪ  
ਆਪ ਕੋ ਹੂਆ ਕਿਆ ਹੈ?  
ਲਾਲ ਲਾਲ ਆਂਖੇਂ ਕਾ  
ਆਪ ਨੇ ਯੇਹ ਕਿਆ ਦੇਖਾ,  
ਆਪ ਕਾਂਪਤੇ ਹੋ ਕਿਉਂ  
ਆਪ ਕੋ ਹੂਆ ਕਿਆ ਹੈ?

ਇਸ ਮਹਿਫਿਲ ਵਿਚ ਮੇਰੇ ਜਿਹੇ ਆਮ ਬੰਦੇ ਵੀ ਮਿਰਜ਼ਾ ਗਾਲਿਬ, ਫੈਜ਼ ਅਹਿਮਦ ਫੈਜ਼ ਤੇ ਸਾਹਿਰ ਲੁਧਿਆਣਵੀ ਦੇ ਸ਼ਿਅਰਾਂ ਨਾਲ ਹਾਜ਼ਰੀ ਲਵਾਉਂਦੇ ਰਹੇ।

**ਅੰਤਿਕਾ: ਪੰਜਾਬ ਦੀ ਗੱਲ**

ਮਨ ਮੇਰਾ ਪੰਜਾਬ ਹੈ ਤਨ ਮੇਰਾ ਕਸ਼ਮੀਰ,  
ਦੋਨਾਂ ਦੇ ਦੁੱਖ ਆਪਣੇ ਦੋਵੇਂ ਲੀਰੋ ਲੀਰ।  
**(ਗੁਰਦਿਆਲ ਰੌਸ਼ਨ)**

---

ਹੋ ਗਿਆ ਜ਼ਹਿਰ ਜੋ ਆਬ ਹਾਂ  
ਪੁੱਤਰਾ, ਪਛਾਣ ਮੈਂ ਪੰਜਾਬ ਹਾਂ।  
**(ਜਗਤਾਰ ਸਾਲਮ)**

---

ਸਤਲੁਜ, ਬਿਆਸ ਤੇ ਜਿਹਲਮ  
ਪੰਜਾਬ ਦੀ ਗੱਲ।  
ਰਾਵੀ ਕਰੇ, ਹੁਣ ਕਿਹੜੇ  
ਪੰਜਾਬ ਦੀ ਗੱਲ! **(ਐਸ. ਐਸ. ਮੀਸ਼ਾ)**

# ਤਨਹਾਈ ਦਾ ਆਲਮ: ਡਾ. ਰਣਧੀਰ ਸਿੰਘ ਚੰਦ

## ਚੇਤੇ ਕਰਦਿਆਂ

ਉਸ ਦਿਨ ਦੀ ਉਹ ਸ਼ਾਮ ਬਹੁਤ ਉਦਾਸ ਸੀ, ਜਦੋਂ 26 ਮਰਚ 1992 ਨੂੰ ਚਾਨਣੀਆਂ ਰਾਤਾਂ ਵਿਚ ਮਧੁਰ ਰੋਸ਼ਨੀ ਵੰਡਣ ਵਾਲਾ ਚੰਦ ਬਣਿਆ ਰਿਹਾ ਰਣਧੀਰ ਸਿੰਘ ਚੰਦ ਗੂੜ੍ਹੇ ਬੱਦਲਾਂ ਦੀ ਲਪੇਟ ਵਿਚ ਆ ਕੇ ਉਸ ਸੋਗਮਈ ਰਾਤ ਨੂੰ ਕਾਲਖ ਵਿਚ ਡੁਬੋ ਗਿਆ। ਇਕ ਪ੍ਰਤਿਭਾਸ਼ਾਲੀ ਪ੍ਰੋਫੈਸਰ, ਅਨੁਭਵੀ ਕਵੀ, ਸਮਰੱਥ ਬੁਲਾਰਾ, ਅਨੁਭਵੀ ਸੰਪਾਦਕ, ਰੇਖਾ ਚਿੱਤਰ ਲੇਖਕ ਤੇ ਪ੍ਰਬੁੱਧ ਸਮਾਲੋਚਕ ਡਾ. ਰਣਧੀਰ ਸਿੰਘ ਚੰਦ ਨੂੰ ਆਪਣੇ ਵਿਦਿਆਰਥੀ ਜੀਵਨ ਵਿਚ ਹੀ ਸਾਹਿਤ ਪੜ੍ਹਨ, ਲਿਖਣ, ਪਰਖਣ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**  
**ਫੋਨ: 91-98885-10185**

ਤੇ ਸੰਪਾਦਿਤ ਕਰਨ ਦੀ ਚੇਟਕ ਲੱਗ ਗਈ ਸੀ।

1943 ਵਿਚ ਜਨਮੇ ਡਾ. ਰਣਧੀਰ ਸਿੰਘ ਚੰਦ ਨੇ 1959 ਵਿਚ ਦਸਵੀਂ ਵਿਚ ਪੜ੍ਹਦਿਆਂ 'ਵਣਜਾਰੇ' ਨਾਂ ਦੇ ਗੀਤ ਸੰਗ੍ਰਿਹ ਦਾ ਸੰਪਾਦਨ ਕੀਤਾ ਸੀ, ਜਿਸ ਨੂੰ ਸਾਹਿਤਕ ਹਲਕਿਆਂ ਵੱਲੋਂ ਚੰਗਾ ਹੁੰਗਾਰਾ ਮਿਲਿਆ। ਅਸਲ ਵਿਚ ਡਾ. ਰਣਧੀਰ ਸਿੰਘ ਚੰਦ ਨੇ ਆਪਣਾ ਕਾਵਿ ਸਫਰ 1960 ਵਿਚ ਸ਼ੁਰੂ ਕੀਤਾ ਸੀ। ਪਹਿਲਾਂ ਪਹਿਲ ਉਸ ਨੇ ਕੁਝ ਗੀਤਾਂ ਤੇ ਕਵਿਤਾਵਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚੋਂ ਪੀਘ ਜਿਹਾ ਹੁਲਾਰਾ ਤੇ ਨਦੀ ਵਰਗੀ ਰਵਾਨੀ ਵੇਖੀ ਜਾ ਸਕਦੀ ਹੈ। ਪੱਤਰਕਾਰੀ ਦਾ ਸ਼ੌਕ ਉਸ ਨੂੰ ਜਨੂੰਨ ਦੀ ਹੱਦ ਤੱਕ ਸੀ। ਉਸ ਦੀ ਦੇਖ ਰੇਖ ਹੇਠ ਛਪਦੇ ਤ੍ਰੈਮਾਸਿਕ ਪਰਚੇ 'ਸੁਰਤਾਲ' ਨੇ ਆਪਣੇ ਵੇਲੇ ਦੇ ਪੰਜਾਬੀ ਪਰਚਿਆਂ ਵਿਚ ਚੰਗੀ ਥਾਂ ਬਣਾ ਲਈ ਸੀ। ਉਹ ਪੰਜਾਬੀ ਦੀਆਂ ਮੁੱਖ ਅਖਬਾਰਾਂ ਵਿਚ ਕੋਈ ਨਾ ਕੋਈ ਲੇਖ ਲੜੀ ਜਾਂ ਕਾਲਮ ਲਿਖਣ ਦੀ ਕੋਸ਼ਿਸ਼ ਵਿਚ ਰਹਿੰਦਾ।

ਵਿਸ਼ਵ ਦੇ ਮਹਾਨ ਚਿੰਤਕਾਂ ਬਾਰੇ, ਪੰਜਾਬੀ ਦੇ ਸਾਹਿਤਕਾਰਾਂ ਬਾਰੇ, ਸਾਹਿਤਕ ਮਸਲਿਆਂ ਆਦਿ ਬਾਰੇ ਉਹ ਕੁਝ ਨਾ ਕੁਝ ਲਿਖਣ ਦੇ ਆਹਰ ਵਿਚ ਰਹਿੰਦਾ। ਆਪਣੀ ਸਿਰਜਣਾਤਮਕ ਤੇ ਆਲੋਚਨਾਤਮਕ ਸਮਰੱਥਾ ਕਾਰਨ ਸਾਹਿਤਕ ਤੇ ਅਕਾਦਮਿਕ ਹਲਕਿਆਂ ਵਿਚ ਉਹ ਆਪਣੀ ਵਿਸ਼ੇਸ਼ ਪਛਾਣ ਰੱਖਦਾ ਸੀ। ਪੰਜਾਬੀ ਦੇ ਕਵੀ-ਗਜ਼ਲ ਦਰਬਾਰਾਂ ਵਿਚ ਚੰਦ ਗਜ਼ਲ ਦੇ ਸ਼ੋਖ ਰੰਗਾਂ ਦੀ ਛਹਿਬਰ ਲਾਉਂਦਾ ਤੇ ਸਰੋਤਿਆਂ/ਦਰਸ਼ਕਾਂ ਦੀ ਵਾਹ ਵਾਹ ਖੱਟਣ ਵਿਚ ਕਾਮਯਾਬ ਹੁੰਦਾ। ਡਾ. ਚੰਦ ਦੀ ਸ੍ਰੇਸ਼ਠ ਕਾਵਿ ਪ੍ਰਤਿਭਾ ਉਸ ਦੇ ਗਜ਼ਲ ਕਾਵਿ ਰਾਹੀਂ ਜ਼ਾਹਰ ਹੁੰਦੀ ਹੈ। ਉਸ ਨੇ ਛੋਟੀ ਬਹਿਰ ਵਿਚ ਵੱਡੇ ਤੇ ਬਹੁ ਅਰਥਾਂ ਵਾਲੀਆਂ ਗਜ਼ਲਾਂ ਦੀ ਰਚਨਾ ਕੀਤੀ ਹੈ।

ਡਾ. ਚੰਦ ਨੇ 'ਮੇਰੇ ਗੁੰਮਨਾਮ ਦਿਨ' (1967), 'ਗੁੰਬਦ' (1972), 'ਇਕ ਸੂਰਜ ਮੇਰਾ ਵੀ' (1977), 'ਬਰਫ ਦੇ ਘਰ' (1979), 'ਰਾਤ ਸ਼ਹਿਰ ਤੇ ਰੇਤ' (1981) ਆਦਿ ਕਾਵਿ ਪੁਸਤਕਾਂ ਦੀ ਰਚਨਾ ਕਰਨ ਨਾਲ ਪੰਜਾਬੀ ਕਾਵਿ ਸਾਹਿਤ ਵਿਚ ਆਪਣੀ ਭਰਪੂਰ ਹਾਜ਼ਰੀ ਲਵਾਈ। ਉਸ ਨੇ ਪਾਕਿਸਤਾਨੀ ਪੰਜਾਬੀ ਗਜ਼ਲਾਂ ਤੇ ਇਕਾਂਗੀ ਰਚਨਾਵਾਂ ਦੇ ਸੰਗ੍ਰਿਹ ਕ੍ਰਮਵਾਰ 'ਸੁਪਨੇਹਾਰ ਹਵਾਵਾਂ' ਤੇ 'ਧੁੱਪਾਂ ਛਾਵਾਂ' ਪ੍ਰਕਾਸ਼ਿਤ ਕੀਤੇ। ਪੰਜ ਕਵੀਆਂ ਦੀਆਂ ਕਵਿਤਾਵਾਂ ਦਾ ਸੰਗ੍ਰਿਹ 'ਉਦਾਸ ਖਿੜਕੀਆਂ ਤੇ ਸੂਰਜ', 'ਇਕ ਕਹਾਣੀ ਸੰਗ੍ਰਿਹ 'ਨੰਗੇ ਰੁੱਖ ਬਦਲਦੇ ਮੌਸਮ' ਅਤੇ ਭਾਰਤੀ ਤੇ ਪਾਕਿਸਤਾਨੀ ਗਜ਼ਲਗੋਆਂ ਦੀਆਂ ਮੁੱਖ ਗਜ਼ਲਾਂ ਦੇ ਸੰਗ੍ਰਿਹ 'ਗਜ਼ਲ ਉਸ ਨੇ ਛੇੜੀ' ਦਾ ਸੰਪਾਦਨ ਕਰਕੇ ਉਸ ਨੇ ਸੰਪਾਦਨ ਕਾਰਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈ। 'ਸੁਰਤਾਲ' ਦੇ ਪੰਜਾਬੀ ਗਜ਼ਲ ਅੰਕ, ਸੁਰਜੀਤ ਰਾਮਪੁਰੀ ਵਿਸ਼ੇਸ਼ ਅੰਕ, ਕੁਲਵੰਤ ਸਿੰਘ ਵਿਰਕ ਵਿਸ਼ੇਸ਼ ਅੰਕ ਅਤੇ ਸ. ਸ. ਮੀਸ਼ਾ ਵਿਸ਼ੇਸ਼ ਅੰਕ ਕੱਢ ਕੇ ਉਸ ਨੇ ਆਪਣੀ ਸੰਪਾਦਨ ਕਲਾ ਦਾ ਪ੍ਰਮਾਣ ਦਿੱਤਾ। ਕਹਾਣੀਕਾਰ ਕੁਲਵੰਤ ਸਿੰਘ ਵਿਰਕ (ਸਹਿ ਲੇਖਕ ਡਾ. ਬਿਕਰਮ ਸਿੰਘ ਘੁੰਮਣ-1971), ਸਮੀਖਿਆ ਸ਼ਾਸਤਰ (1980) ਅਤੇ ਕਹਾਣੀਕਾਰ ਸੁਜਾਨ ਸਿੰਘ (1982) ਉਸ ਦੀਆਂ ਪ੍ਰਸਿੱਧ ਪੁਸਤਕਾਂ ਹਨ।

ਡਾ. ਚੰਦ ਦੀਆਂ ਗਜ਼ਲਾਂ ਅਜੋਕੇ ਮਨੁੱਖ ਦੀ ਬਹੁਪਰਤੀ ਜ਼ਿੰਦਗੀ ਦੇ ਵੱਖ ਵੱਖ ਸਰੋਕਾਰਾਂ ਦੀ ਗੱਲ ਕਰਦੀਆਂ ਹਨ। ਸਵੈ ਕੇਂਦ੍ਰਿਤ ਹੋ ਕੇ ਰਹਿ ਗਿਆ ਮਨੁੱਖ ਹੇਰਵੇ, ਉਦਾਸੀ, ਵਿਯੋਗ, ਦਰਦ, ਘੁਟਨ, ਅਸੰਤੁਸ਼ਟੀ, ਅਜਬਨੀਅਤ, ਤਨਹਾਈ ਆਦਿ ਦੀਆਂ ਸਥਿਤੀਆਂ ਦੇ ਰੂਬਰੂ ਹੁੰਦਾ ਹੈ। ਬਹੁਤੀਆਂ ਹਾਲਤਾਂ ਵਿਚ ਉਦਾਸੀ ਤੇ ਉਪਰਾਮਤਾ ਨੂੰ ਮਨੁੱਖ ਨੇ ਆਪਣੀ ਜੀਵਨ ਜਾਚ ਦਾ ਹਿੱਸਾ ਬਣਾ ਲਿਆ ਹੈ। ਸਮੇਂ ਦੇ ਫੇਰਬਦਲ ਨਾਲ ਆਦਮੀ ਦੀ ਹੋਂਦ ਸੁੰਗੜਦੀ ਜਾ ਰਹੀ ਹੈ। ਉਸ ਦੀ ਗਜ਼ਲ ਵਿਚ ਉਦਾਸੀ ਦਾ ਰੰਗ ਵੱਧ ਹੈ, ਪਰ ਉਹ ਨਿਰਾਸ਼ ਨਹੀਂ ਹੁੰਦਾ, ਸਗੋਂ ਉਮੀਦ ਦਾ ਪੱਲਾ ਫੜੀ ਰੱਖਦਾ ਹੈ,

ਟੁਕੜੇ ਟੁਕੜੇ ਹੋ ਕੇ ਚੜ੍ਹਿਆ  
ਨਜ਼ਰਾਂ ਦੀ ਸੂਲੀ 'ਤੇ ਉਹ,



*ਡਾ. ਰਣਧੀਰ ਸਿੰਘ ਚੰਦ*

ਜਾਗਦਿਆਂ ਸ਼ਹਿਰਾਂ ਵਿਚ ਜਿਹੜਾ  
ਸੁਪਨੇ ਭਾਲਣ ਚਲਾ ਗਿਆ।

ਸੂਖਮ ਆਤਮਕ ਦਰਦ ਪਛਾਣਨ ਵਾਲੇ ਕਵੀ ਦੀ ਹੈਸੀਅਤ ਵਿਚ ਡਾ. ਚੰਦ ਨੇ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ। ਦਰਦ ਉਸ ਦੀ ਸ਼ਾਇਰੀ ਦੀ ਮੁੱਖ ਸੁਰ ਬਣਿਆ। ਉਸ ਨੇ ਤਨਹਾਈ ਦੇ ਦਰਦ ਨੂੰ ਹੰਢਾਇਆ, ਸੂਰਜ ਨੂੰ ਸੂਲੀ ਚੜ੍ਹਦਿਆਂ ਵੇਖਿਆ, ਬੇਲਿਹਾਜੇ ਤੇ ਅੱਖੜਖਾਂਦ ਮੌਸਮਾਂ ਵੱਲੋਂ ਦਿੱਤਾ ਦਰਦ ਬਰਦਾਸ਼ਤ ਕੀਤਾ। ਲੰਮੀ ਔੜ, ਸੋਕੇ, ਪੱਤਝੜ ਦੀ ਮਾਰ ਵੀ ਉਸ ਨੇ ਝੱਲੀ। ਜ਼ਮਾਨੇ ਦੀਆਂ ਬੇਦਰਦ, ਗਰਮ, ਗੈਰਮੁਆਫਕ ਤੇ ਲੂਹ ਦੇਣ ਵਾਲੀਆਂ ਹਵਾਵਾਂ ਦਾ ਸੇਕ ਉਸ ਨੇ ਆਪਣੇ ਜਿਸਮ 'ਤੇ ਸਹਾਰਿਆ। ਪਲਕਾਂ 'ਚ ਅਟਕੇ ਅੱਥਰੂਆਂ ਨਾਲ ਉਹ ਸੰਵਾਦ ਰਚਾਉਂਦਾ ਰਿਹਾ। ਮੱਧਕਾਲ ਦੇ ਰਹੱਸਵਾਦੀ ਕਵੀਆਂ ਵਾਂਗ ਉਹ ਮਨੁੱਖ ਦੇ ਨਾਸ਼ਵਾਨ ਹੋਣ ਦੀ ਗੱਲ ਬੜੀ ਕਲਾਤਮਕਤਾ ਨਾਲ ਕਰਦਾ ਹੈ,

ਮਿੱਟੀ ਦਾ ਤਨ ਲੈ ਕੇ ਕਿਥੇ ਜਾਓਗੇ?  
ਇਥੇ ਹਰ ਇਕ ਬੂੰਦ ਕਹੇ ਮੈਂ ਸਾਗਰ ਹਾਂ।

ਡਾ. ਚੰਦ ਨੂੰ ਗਜ਼ਲ ਦੇ ਕਲਾਸਕੀ ਅਨੁਸ਼ਾਸਨ ਦਾ ਬੋਧ ਸੀ। ਉਸ ਦੀਆਂ ਗਜ਼ਲਾਂ ਵਿਚ ਵਸਤੂ ਤੇ ਰੂਪ ਦੇ ਦੋਹਾਂ ਕਾਵਿ ਤੱਤਾਂ ਦਾ ਉਚਿਤ ਸੰਤੁਲਨ ਵੇਖਣ ਨੂੰ ਮਿਲਦਾ ਹੈ। ਉਸ ਦੇ ਸ਼ਿਅਰਾਂ ਵਿਚਲੀ ਬੌਧਿਕਤਾ ਉਸ ਦੀ ਕਾਵਿਕਤਾ 'ਤੇ ਭਾਰੂ ਨਹੀਂ ਹੁੰਦੀ। ਉਸ ਦੀਆਂ ਗਜ਼ਲਾਂ ਦੇ ਪ੍ਰਤੀਕਾਤਮਕ ਵਾਯੂ ਮੰਡਲ ਦਾ ਚਿੱਤਰਪਟ ਬੜਾ ਵਿਸ਼ਾਲ ਹੈ। ਉਸ ਨੇ ਪੁਰਾਣੀ ਗਜ਼ਲ ਦੀ ਜ਼ਮੀਨ ਨੂੰ ਤੋੜ ਕੇ ਨਵੇਂ ਆਧਾਰ ਸਿਰਜਣ ਦਾ ਯਤਨ ਕੀਤਾ।

ਡਾ. ਚੰਦ ਪੰਜਾਬ ਦੇ ਵੱਖ ਵੱਖ ਸਰਕਾਰੀ ਕਾਲਜਾਂ ਵਿਚ ਪੰਜਾਬੀ ਦੇ ਅਧਿਆਪਨ ਕਾਰਜ ਨਾਲ ਜੁੜਿਆ ਰਿਹਾ। ਮੁਕਤਸਰ, ਫਰੀਦਕੋਟ, ਕਰਮਸਰ, ਲੁਧਿਆਣਾ, ਸਠਿਆਲਾ ਤੇ ਹੁਸ਼ਿਆਰਪੁਰ ਦੇ ਸਰਕਾਰੀ ਕਾਲਜਾਂ ਵਿਚ ਉਸ ਨੇ ਪੜ੍ਹਾਉਣ ਦੀ ਆਪਣੀ ਕਲਾ ਦਾ ਜਾਦੂ ਬਿਖੇਰਿਆ। ਉਸ ਦੇ ਜਿਨ੍ਹਾਂ ਵਿਦਿਆਰਥੀਆਂ ਨੂੰ ਉਸ ਦਾ ਇਹ ਜਾਦੂ ਰਾਸ ਆ ਗਿਆ, ਉਹ ਜ਼ਿੰਦਗੀ ਵਿਚ ਜ਼ਰੂਰ ਕੁਝ ਬਣ ਗਏ। ਕੁਝ ਚਿਰ ਉਸ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਖੋਜ ਸਹਾਇਕ ਵਜੋਂ ਵੀ ਕੰਮ ਕੀਤਾ। ਕੁਝ ਸਮੇਂ ਲਈ ਉਸ ਨੇ ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ 'ਚ ਬਤੌਰ ਪ੍ਰਿੰਸੀਪਲ ਵੀ ਸੇਵਾ ਨਿਭਾਈ। ਗੁਰੂ ਨਾਨਕ ਬਾਣੀ ਵਿਚ ਯੋਗ ਦਾ ਸੰਕਲਪ ਵਿਸ਼ੇ 'ਤੇ ਉਸ ਨੇ ਪੰਜਾਬ ਯੂਨੀਵਰਸਿਟੀ ਤੋਂ ਪੀਐਚ.ਡੀ. ਦੀ ਡਿਗਰੀ ਹਾਸਲ ਕੀਤੀ।

ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਮੈਨੂੰ ਡਾ. ਚੰਦ ਨਾਲ ਇਕੱਠਿਆਂ ਕੰਮ ਕਰਨ ਦਾ ਮੌਕਾ ਮਿਲਿਆ। ਪ੍ਰੋ. ਜਸਵੰਤ ਸਿੰਘ ਵਿਰਦੀ, ਡਾ. ਜਗਤਾਰ, ਪ੍ਰੋ. ਪਰਬਿੰਦਰ ਸਿੰਘ, ਪ੍ਰੋ. ਦੀਦਾਰ ਸਿੰਘ ਦੀਦਾਰ ਵੀ ਉਨ੍ਹਾਂ ਵਰ੍ਹਿਆਂ ਵਿਚ ਇਸ ਕਾਲਜ ਵਿਚ ਸਨ। ਡਾ. ਚੰਦ ਦੀ ਮੌਜੂਦਗੀ ਵਿਚ ਉਸ ਕਾਲਜ ਦਾ ਸਾਹਿਤਕ ਮਾਹੌਲ ਹੋਰ ਵੱਧ ਮੌਲਿਆ। ਕੁਝ ਸਮੇਂ ਲਈ ਡਾ. ਚੰਦ ਨੇ ਪੰਜਾਬ ਦੇ ਸਾਬਕਾ ਰਾਜਪਾਲ ਸਿਧਾਰਥ ਸ਼ੰਕਰ ਰੇਅ ਨਾਲ ਆਫੀਸਰ ਆਨ ਸਪੈਸ਼ਲ ਡਿਊਟੀ (ਅਨੁਵਾਦ) ਦੀ ਜ਼ਿੰਮੇਵਾਰੀ ਵੀ ਬਾਖੂਬੀ ਨਿਭਾਈ।

ਜ਼ਿੰਦਗੀ ਵਿਚ ਹਾਂ-ਪੱਖੀ ਨਜ਼ਰੀਆ ਅਪਨਾਉਣ ਵਾਲਾ ਡਾ. ਚੰਦ ਅਕਸਰ ਕਹਿੰਦਾ ਸੀ, "ਵੇਖ ਪ੍ਰਿਤਪਾਲ, ਜੇ ਉਹ ਦਿਨ ਨਹੀਂ ਰਹੇ ਤਾਂ ਇਹ ਔਕੜ ਵਾਲੇ ਦਿਨ ਵੀ ਨਹੀਂ ਰਹਿਣਗੇ...।" ਇਨਸਾਨ ਉਮੀਦ ਦਾ ਪੱਲਾ ਨਹੀਂ ਛੱਡਦਾ, ਛੱਡਣਾ ਚਾਹੀਦਾ ਵੀ ਨਹੀਂ। ਸਮੇਂ ਦਾ ਗੇੜ ਅਜਿਹਾ ਕਿ ਮਗਰਲੇ ਸਾਲਾਂ ਵਿਚ ਡਾ. ਚੰਦ ਬਿਮਾਰੀ ਕਾਰਨ ਬਹੁਤ ਚਿੰਤਤ ਰਹਿਣ ਲੱਗ ਪਿਆ ਸੀ। ਅਜਿਹਾ ਹੋਣਾ ਹਰ ਕਿਸੇ ਲਈ ਸੁਭਾਵਿਕ ਹੁੰਦਾ ਹੈ। ਉਸ ਦੇ ਚਿਹਰੇ 'ਤੇ ਉਦਾਸੀ ਦੇ ਚਿੰਨ੍ਹ ਛਾਏ ਰਹਿੰਦੇ, ਫਿਰ ਵੀ ਉਹ ਦੋਸਤਾਂ ਵਿਚ ਬੈਠਾ ਮੁਸਕਰਾਉਂਦਾ ਰਹਿੰਦਾ। ਸਦੀਵੀ ਵਿਛੋੜੇ ਤੋਂ ਕੁਝ ਦਿਨ ਪਹਿਲਾਂ ਹੀ ਉਸ ਨੇ ਹੋਲੀ ਮੌਕੇ ਦੂਰਦਰਸ਼ਨ ਜਲੰਧਰ ਤੋਂ ਟੈਲੀਕਾਸਟ ਹੋਏ ਇਕ ਹਾਸ ਰਸ ਕਵੀ ਦਰਬਾਰ ਦਾ ਸੰਚਾਲਨ ਕੀਤਾ, ਜਿਸ ਦੀ ਚਰਚਾ ਉਸ ਦੇ ਤੁਰ ਜਾਣ ਪਿੱਛੋਂ ਵੀ ਹੁੰਦੀ ਰਹੀ।


ਸਮੇਂ ਨੇ ਡਾ. ਚੰਦ ਨਾਲ ਬੇਵਫਾਈ ਕੀਤੀ ਤੇ ਚਾਨਣੀ ਵੰਡਣ ਵਾਲਾ ਚੰਦ ਖੁਦ ਬੱਦਲਾਂ ਦੇ ਓਹਲੇ ਹੋ ਗਿਆ। ਉਹ ਪੁਰਖਲੂਸ ਤੇ ਸਪਸ਼ਟ ਵਿਅਕਤੀ ਸੀ। ਇਕ ਵਿਦਵਾਨ, ਲੇਖਕ ਤੇ ਪ੍ਰੋਫੈਸਰ ਵਜੋਂ ਡਾ. ਚੰਦ ਨੇ ਆਪਣੇ ਪਾਠਕਾਂ, ਵਿਦਿਆਰਥੀਆਂ, ਦੋਸਤਾਂ ਤੇ ਪ੍ਰਸ਼ੰਸਕਾਂ ਦੀਆਂ ਸਿਮ੍ਰਤੀਆਂ ਵਿਚ ਵੱਸੇ ਰਹਿਣਾ ਹੈ। ਉਸ ਦੇ ਬੋਲ ਅਜੇ ਵੀ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ,

ਐਤਕੀਂ ਵਿਛੜੇ ਅਸੀਂ  
ਸ਼ਾਇਦ ਨਾ ਮਿਲ ਸਕੀਏ ਕਦੀ,  
ਦੂਰੀਆਂ ਦਾ ਫਾਸਲਾ  
ਸੈਆਂ ਯੁੱਗਾਂ ਤੀਕਰ ਦਿਸੇ।

---

ਇਕ ਹਉਕਾ ਜੋ ਮਿਰੇ  
ਸੀਨੇ 'ਚ ਦੱਬਿਆ ਰਹਿ ਗਿਆ,  
ਅੱਥਰੂ ਬਣ ਪਲਕ 'ਤੇ  
ਰੁਕਿਆ ਰਹੇਗਾ ਦੇਰ ਤਕ।

# ਅੰਮ੍ਰਿਤਾ ਦੀ ਆਖਰੀ ਨੁਮਾਇਸ਼



ਅੰਮ੍ਰਿਤਾ ਸ਼ੇਰਗਿੱਲ ਦਾ 1937 ਵਿਚ 'ਦੁਲਹਨ ਦਾ ਹਾਰ-ਸ਼ਿੰਗਾਰ'।

ਕਲਾ ਪਰਿਕਰਮਾ

ਐਚ.ਐਲ. ਪਰਾਸ਼ਰ
ਪੰਜਾਬੀ ਰੂਪ: ਦਲੀਪ ਕੌਰ ਟਿਵਾਣਾ


ਇਕ ਉਦਾਸ, ਬਹੁਤ ਹੀ ਉਦਾਸ, ਘਟਨਾ ਇਸ ਨੁਮਾਇਸ਼ ਨਾਲ ਜੁੜੀ ਹੋਈ ਹੈ। ਦੀਵਾਰ 'ਤੇ ਚਿਣੇ ਇਹ ਚਿੱਤਰ ਜਿਹੜੇ ਆਪਣੇ ਰੂਪ, ਰੰਗ ਤੇ ਡਿਜ਼ਾਈਨ ਨਾਲ ਚੁਫੇਰੇ ਅਕਹਿ ਸੁੰਦਰਤਾ ਬਖੇਰ ਰਹੇ ਹਨ, ਇਨ੍ਹਾਂ ਚਿੱਤਰਾਂ ਦੀ ਸਿਰਜਣਹਾਰ ਅੱਜ ਸਾਡੇ ਵਿਚ ਨਹੀਂ ਹੈ। ਉਹ ਸ਼ਨਿਚਰਵਾਰ, 6 ਦਸੰਬਰ 1941, ਨੂੰ ਅੱਧੀ ਰਾਤ ਡੇਢ ਵਜੇ ਪੂਰੀ ਹੋ ਗਈ ਸੀ।

ਅਜੇ ਪਿਛਲੇ ਸਤੰਬਰ ਹੀ ਤਾਂ ਉਹ ਆਪਣੇ ਪਤੀ ਡਾ. ਵਿਕਟਰ ਈਗਨ ਨਾਲ ਲਾਹੌਰ ਆਈ ਸੀ ਸਾਡੇ ਵਿਚ ਰਹਿਣ ਲਈ। ਮਾਲ ਰੋਡ 'ਤੇ ਐਕਸਚੇਂਜ ਬਿਲਡਿੰਗ ਵਿਚ ਉਸ ਨੇ ਫਲੈਟ ਲਿਆ ਸੀ। ਉਥੇ ਉਸ ਦੇ ਪਤੀ ਨੇ ਆਪਣਾ ਕਲੀਨਿਕ ਬਣਾ ਲਿਆ ਸੀ ਤੇ ਉਸ ਨੇ ਆਪਣਾ ਘਰ ਤੇ ਸਟੂਡੀਓ। ਉਸ ਦੇ ਲਾਹੌਰ ਆਉਣ ਦੀ ਖਬਰ ਸਾਰੇ ਸਾਹਿਤਕ ਤੇ ਕਲਾਮਈ ਹਲਕਿਆਂ ਵਿਚ ਧੁੰਮ ਗਈ ਸੀ। ਇਲਾਕੇ ਦੇ ਦਾਨਿਸ਼ਵਰਾਂ ਤੇ ਕਲਾਕਾਰਾਂ ਨਾਲ ਉਸ ਦਾ ਮੇਲ-ਮਿਲਾਪ ਸ਼ੁਰੂ ਹੋ ਗਿਆ ਸੀ। ਕਲਾ ਤੇ ਸਾਹਿਤ ਜਗਤ ਦੇ ਸਾਰੇ ਮੰਨੇ-ਪ੍ਰਮੰਨੇ ਸੱਜਣ ਜਾਂ ਉਸ ਨੂੰ ਮਿਲ ਚੁੱਕੇ ਸਨ ਜਾਂ ਮਿਲਣ ਬਾਰੇ ਸੋਚ ਰਹੇ ਸਨ। ਨਵੰਬਰ ਦੇ ਸ਼ੁਰੂ ਵਿਚ ਹੀ ਉਸ ਨੇ ਆਪਣੇ ਨਵੇਂ ਚਿੱਤਰਾਂ ਦੀ ਨੁਮਾਇਸ਼ ਲਾਉਣ ਦਾ ਫੈਸਲਾ ਕਰ ਲਿਆ ਸੀ। ਇਸ ਮਕਸਦ ਲਈ ਉਹ ਚਾਰੇ ਪਾਸੇ ਘੁੰਮੀ-ਫਿਰੀ ਤੇ ਉਹ ਸਾਰੇ ਹਾਲ ਦੇਖੇ ਜਿਥੇ ਉਸ ਦੇ ਮੁਤਾਬਿਕ ਨੁਮਾਇਸ਼ ਲਾਈ ਜਾ ਸਕਦੀ ਸੀ। ਅਜਾਇਬਘਰ ਨੁਮਾਇਸ਼ੀ ਹਾਲ, ਕਲਾ ਤੇ ਦਸਤਕਾਰੀ ਡਿਪੂ ਹਾਲ ਤੇ ਪੰਜਾਬ ਲਿਟਰੇਰੀ ਲੀਗ ਹਾਲ ਵਿਚੋਂ ਕੋਈ ਇਕ ਉਸ ਨੇ ਚੁਣਨਾ ਸੀ। ਅਖੀਰ ਉਸ ਨੇ ਪੰਜਾਬ ਲਿਟਰੇਰੀ ਲੀਗ ਹਾਲ ਚੁਣ ਲਿਆ, ਕਿਉਂਕਿ ਉਹ ਮਰਕਜ਼ੀ ਸੀ ਤੇ ਢੁਕਵਾਂ ਵੀ।

ਇਕ ਵਾਰ ਜਦੋਂ ਉਸ ਨੇ ਫੈਸਲਾ ਕਰ ਲਿਆ, ਉਸ ਨੇ ਸਾਰੀ ਨੁਮਾਇਸ਼ ਦੀ ਤਰਤੀਬ ਉਲੀਕ ਲਈ। ਹਰ ਰੋਜ਼ ਉਹ ਪੰਜਾਬ ਲਿਟਰੇਰੀ ਲੀਗ ਹਾਲ ਜਾਂਦੀ; ਇਕ ਵਾਰ ਨਹੀਂ, ਕਈ ਕਈ ਵਾਰ; ਇਹ ਦੇਖਣ ਲਈ ਕਿ ਸਵੇਰੇ, ਬਾਅਦ ਦੁਪਹਿਰ, ਆਥਣੇ ਉਥੇ ਕਿਹੋ ਜਿਹਾ ਚਾਨਣ ਹੁੰਦਾ ਹੈ। ਇਕ ਪੇਂਟਿੰਗ ਉਸ ਨੇ ਹਾਲ ਵਿਚ ਬਸ ਇਹ ਦੇਖਣ ਲਈ ਹੀ ਟੰਗ ਰੱਖੀ ਸੀ। ਉਹ ਇਸ ਨਿਰਣੇ 'ਤੇ ਪਹੁੰਚੀ ਕਿ ਹਾਲ ਵਿਚ ਤੇਜ਼ ਰੌਸ਼ਨੀ ਦੀ ਲੋੜ ਹੈ, ਪਰ ਹਰ ਬਲਬ ਉਤੇ ਸ਼ੇਡ ਹੋਣੀ ਚਾਹੀਦੀ ਹੈ। ਬਲਬ ਦਿਸਣੇ ਨਹੀਂ ਚਾਹੀਦੇ। ਉਸ ਨੇ ਇਹ ਵੀ ਫੈਸਲਾ ਕੀਤਾ ਕਿ ਚਿੱਤਰਾਂ ਦੇ ਕੈਟਾਲੌਗ ਤੋਂ ਇਲਾਵਾ ਇਕ ਬਰੋਸ਼ਰ ਕੱਢਣ ਦੀ ਲੋੜ ਹੋਵੇਗੀ ਜਿਸ ਵਿਚ ਉਸ ਦੇ ਕੁਝ ਰੰਗੀਨ ਤੇ ਕੁਝ ਸਾਦੇ ਦੋਵੇਂ ਤਰ੍ਹਾਂ ਦੇ ਚਿੱਤਰਾਂ ਦੀਆਂ ਤਸਵੀਰਾਂ ਹੋਣ। ਉਸ ਨੇ ਤਾਂ ਨੁਮਾਇਸ਼ ਦੇ ਉਦਘਾਟਨ ਦੀ ਤਰੀਕ ਵੀ ਤੈਅ ਕਰ ਲਈ ਸੀ: 14 ਦਸੰਬਰ, ਤੇ ਸ਼ਿਮਲੇ ਤੋਂ 30 ਚਿੱਤਰ ਵੀ ਮੰਗਵਾ ਭੇਜੇ ਸਨ।

ਉਸ ਦੇ ਚਿੱਤਰ ਨਵੰਬਰ ਦੇ ਤੀਜੇ ਹਫਤੇ ਪਹੁੰਚ ਗਏ। ਫਿਰ ਤਾਂ ਉਸ ਦਾ ਜੋਸ਼ ਦੁੱਗਣਾ-ਚੌਗੁਣਾ ਹੋ ਗਿਆ। ਛੇਤੀ-ਛੇਤੀ ਉਹ ਸਾਰੇ ਇੰਤਜ਼ਾਮ ਕਰਨ ਲੱਗੀ। ਦੋ ਦਸੰਬਰ ਨੂੰ, ਉਸ ਦਿਨ ਮੰਗਲਵਾਰ ਸੀ, ਉਹ ਪੰਜਾਬ ਲਿਟਰੇਰੀ ਲੀਗ ਹਾਲ ਆਈ, ਤੇ ਉਸ ਨੂੰ ਪਤਾ ਲੱਗਿਆ ਕਿ ਲੀਗ ਦੇ ਸਕੱਤਰ ਬਿਮਾਰ ਹੋ ਗਏ ਹਨ। ਉਹ ਉਸ ਦਾ ਹਾਲ-ਚਾਲ ਪੁੱਛਣ ਲਈ ਉਸ ਦੇ ਰਹਿਣ-ਬਸੇਰੇ ਗਈ। ਸਕੱਤਰ ਤੇ ਉਸ ਦੀ ਵਹੁਟੀ ਨੂੰ ਖੁਸ਼ ਕਰਨ ਲਈ ਉਸ ਨੇ ਹੱਸਦੀ ਨੇ ਮੇਜ਼ਬਾਨਾਂ ਵਲੋਂ ਪੇਸ਼ ਕੀਤੀ ਗਈ ਮਠਿਆਈ ਵੀ ਥੋੜ੍ਹੀ ਲੈ ਲਈ ਤੇ ਆਪਣੇ ਪਤੀ ਨੂੰ ਵੀ ਸੁਆਦ ਦੇਖਣ ਲਈ ਕਿਹਾ। ਮਠਿਆਈ ਖਾਂਦਿਆਂ ਖੂਬ ਠਹਾਕੇ ਵਜਦੇ ਰਹੇ।

ਬੁੱਧਵਾਰ ਉਹ ਬਿਮਾਰ ਹੋ ਗਈ। ਸ਼ਨਿਚਰਵਾਰ ਉਹ ਗੁਜ਼ਰ ਗਈ।



ਅੰਮ੍ਰਿਤਾ ਸ਼ੇਰਗਿੱਲ



ਅੰਮ੍ਰਿਤਾ ਸ਼ੇਰਗਿੱਲ ਦਾ ਸਵੈ-ਚਿੱਤਰ।

14 ਦਸੰਬਰ, ਉਸ ਦਿਨ ਜਿਹੜਾ ਉਸ ਨੇ ਆਪਣੀ ਨੁਮਾਇਸ਼ ਦੇ ਉਦਘਾਟਨ ਲਈ ਤੈਅ ਕੀਤਾ ਸੀ, ਪੰਜਾਬ ਲਿਟਰੇਰੀ ਲੀਗ ਨੇ ਸੋਗ ਸਭਾ ਕੀਤੀ ਜਿਸ ਵਿਚ ਕਈ ਪਤਵੰਤੇ ਸੱਜਣਾਂ ਤੇ ਕਲਾਕਾਰਾਂ ਨੇ ਉਸ ਨੂੰ ਸ਼ਰਧਾਂਜਲੀਆਂ ਦਿੱਤੀਆਂ। ਇਹ ਉਸ ਦੀ ਇੱਛਾ ਸੀ ਕਿ ਉਸ ਦੇ ਚਿੱਤਰਾਂ ਦੀ ਨੁਮਾਇਸ਼ ਹੋਵੇ ਤੇ ਉਸ ਦੀ ਇਸ ਇੱਛਾ ਦੀ ਪੂਰਤੀ ਲਈ ਹੀ ਉਸ ਦੇ ਪਤੀ ਡਾ. ਈਗਨ ਨੇ, ਬਾਵਜੂਦ ਇਸ ਦੇ ਕਿ ਉਹ ਬਹੁਤ ਗ਼ਮਜ਼ਦਾ ਸੀ, ਸਾਰੇ ਇੰਤਜ਼ਾਮ ਕੀਤੇ। ਇਹ ਨੁਮਾਇਸ਼ ਡਾ. ਈਗਨ ਕਰਕੇ ਹੀ ਸੰਭਵ ਹੋ ਸਕੀ ਹੈ।

ਉਸ ਦੀਆਂ ਤਸਵੀਰਾਂ ਨੂੰ ਦੇਖਦਿਆਂ ਇਹ ਖਿਆਲ ਆਉਣਾ ਤਾਂ ਮਹਿਜ਼ ਕੁਦਰਤੀ ਹੈ ਕਿ ਕਾਸ਼! ਉਹ ਇਥੇ ਹੁੰਦੀ। ਜੇ ਉਹ ਇਥੇ ਹੁੰਦੀ ਤਾਂ ਕਿੰਨਾ ਫਰਕ ਪੈਣਾ ਸੀ! ਉਸ ਨੇ ਤਾਂ ਚਾਰੇ ਪਾਸੇ ਖੁਸ਼ੀਆਂ ਖਿਲਾਰ ਦੇਣੀਆਂ ਸਨ। ਤੇ ਉਹ ਆਪ ਵੀ ਕਿੰਨੀ ਖੁਸ਼ ਹੁੰਦੀ। ਕਿ ਲੋਕ ਆ ਰਹੇ ਹਨ, ਉਸ ਦੀਆਂ ਤਸਵੀਰਾਂ ਦੇਖ ਰਹੇ ਹਨ, ਤਸਵੀਰਾਂ ਬਾਰੇ ਗੱਲਾਂ ਕਰ ਰਹੇ ਹਨ- ਦੇਖ-ਸੁਣ ਕੇ ਉਹ ਕਿਵੇਂ ਮੁਸਕਰਾਉਂਦੀ!

ਮਿੱਤਰਾਂ, ਕਲਾਕਾਰਾਂ, ਕਲਾ-ਪਾਰਖੂਆਂ ਨੂੰ ਮਿਲ ਕੇ ਤੇ ਉਨ੍ਹਾਂ ਨਾਲ ਗੱਲਾਂ ਕਰ ਕੇ ਉਹ ਕਿੰਨੀ ਖੁਸ਼ ਹੁੰਦੀ। ਇਹ ਵੀ ਕੁਦਰਤੀ ਹੈ ਕਿ ਉਸ ਬਾਰੇ ਸੋਚ ਕੇ ਉਨ੍ਹਾਂ ਨੂੰ, ਜਿਹੜੇ ਉਸ ਨੂੰ ਜਾਣਦੇ ਸਨ, ਉਹ ਖਿਆਲ ਆ ਜਾਵੇ ਜੋ ਲੀਅਰ ਨੂੰ ਕੋਰਡੇਲੀਆ ਦੀ ਮੌਤ 'ਤੇ ਆਇਆ ਸੀ:

ਕੋਈ ਕੁੱਤਾ, ਘੋੜਾ, ਚੂਹਾ ਤਾਂ ਜ਼ਿੰਦਾ ਰਹੇ
ਤੇ ਤੇਰਾ ਕੋਈ ਸਾਹ ਵੀ ਬਾਕੀ ਨਾ ਬਚੇ?

ਉਹ ਨਹੀਂ ਰਹੀ, ਪਰ ਉਸ ਦੀਆਂ ਤਸਵੀਰਾਂ ਤਾਂ ਹਨ ਨਾ ਇੱਥੇ। ਅੰਮ੍ਰਿਤਾ ਮਰ ਗਈ ਹੈ, ਸਦਾ ਜਿਉਂਦੀ ਰਹੇ ਅੰਮ੍ਰਿਤਾ! ਇਨ੍ਹਾਂ ਤਸਵੀਰਾਂ ਵਿਚ ਅੰਮ੍ਰਿਤਾ ਦੀ ਰੂਹ ਚਮਕਦੀ ਹੈ, ਚਮਕਦੀ ਰਹੇਗੀ। ਜਿਵੇਂ ਕਲਾਕਾਰ ਅਬਦੁਰ ਰਹਿਮਾਨ ਚੁਗਤਾਈ ਕਹਿੰਦੇ ਨੇ: "ਮੈਂ ਮੰਨਿਆ ਹੀ ਨਹੀਂ ਸੀ ਕਿ ਅੰਮ੍ਰਿਤਾ ਮਰ ਗਈ ਹੈ। ਮੈਂ ਅਜੇ ਵੀ ਨਹੀਂ ਮੰਨਦਾ। ਉਹ ਜਿਉਂਦੀ ਹੈ ਤੇ ਹਮੇਸ਼ਾਂ ਜਿਉਂਦੀ ਰਹੇਗੀ।"

ਅੰਮ੍ਰਿਤਾ ਸ਼ੇਰਗਿਲ ਦਾ 28 ਸਾਲ ਦੀ ਛੋਟੀ ਉਮਰ ਵਿਚ ਚਲੇ ਜਾਣਾ ਅੰਗਰੇਜ਼ ਕਵੀ ਕੀਟਸ ਦੀ ਯਾਦ ਦਿਵਾਉਂਦਾ ਹੈ, ਜਿਹੜਾ 25 ਸਾਲ ਦੀ ਉਮਰ ਵਿਚ ਮਰ ਗਿਆ ਸੀ ਤੇ ਉਨ੍ਹਾਂ ਅਮਰ ਸਤਰਾਂ ਦੀ ਜਿਹੜੀਆਂ (ਪਰਸੀ ਬਾਈਸ) ਸ਼ੈਲੀ ਨੇ ਉਸ ਦੀ ਮੌਤ 'ਤੇ ਰੋ ਕੇ ਲਿਖੀਆਂ ਸਨ:

ਧੀਰਜ, ਧੀਰਜ!/ਉਹ ਮਰਿਆ ਨਹੀਂ ਹੈ, ਸੁੱਤਾ ਨਹੀਂ ਹੈ/ਉਹ ਜਾਗ ਪਿਆ ਹੈ ਜ਼ਿੰਦਗੀ ਦਾ ਸੁਪਨਾ ਦੇਖਦੇ-ਦੇਖਦੇ/ਇਹ ਤੇ ਅਸੀਂ ਹਾਂ ਜੋ/ਆਪਣੇ ਖਿਆਲਾਂ 'ਚ ਉਲਝੇ/ਐਵੇਂ ਸਾਇਆਂ ਨਾਲ ਟੱਕਰਾਂ ਮਾਰ ਰਹੇ ਹਾਂ/ਬੇਸੁਰਤ ਆਪਣੀ ਰੂਹ ਦੇ ਖੰਜਰ ਨਾਲ/ਹਰ ਨਾਚੀਜ਼ ਵਿੰਨ੍ਹ ਰਹੇ ਹਾਂ/ਅਸੀਂ ਹੀ ਹਾਂ/ਜੋ ਮੁਰਦਾਘਰ ਵਿਚ ਪਈਆਂ ਲਾਸ਼ਾਂ ਵਾਂਗ/ਸੜ ਰਹੇ ਹਾਂ/ਡਰ ਤੇ ਦੁੱਖ ਨਿੱਤ ਦਿਹਾੜੇ/ਸਾਨੂੰ ਨਿਗਲ ਰਹੇ ਨੇ/ਤੇ ਯਖ ਠੰਢੀਆਂ ਆਸਾਂ/ਕੀੜਿਆਂ ਵਾਂਗ ਸਾਡੇ ਅੰਦਰ/ਕੁਰਬਲ ਕੁਰਬਲ ਕਰ ਰਹੀਆਂ...।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਅਪਰੈਲ 2020 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-423



*ਪੁੱਤ ਆਇਆ ਪਰਦੇਸੋਂ ਮਾਂ ਤੋਂ ਚਾਅ ਨਾ ਚੁੱਕਿਆ ਜਾਵੇ।*
*ਲਹਿੰਦੀ ਲਹਿੰਦੀ ਤਵੇ ਤੋਂ ਰੋਟੀ, ਥਾਲੀ ਵਿਚ ਟਿਕਾਵੇ।*
*ਪੀਜ਼ੇ, ਬਰਗਰਾਂ ਵਿਚੋਂ ਨਜ਼ਾਰਾ ਕਿਥੋਂ ਅਜਿਹਾ ਆਵੇ!*

### ਕੈਪਸ਼ਨ ਮੁਕਾਬਲਾ-421



ਵਿਚ ਗਲੀਆਂ ਦੇ ਫਿਰਨ ਅਵਾਰਾ
ਨਾਲ ਠੰਢ ਦੇ ਕੰਬੀ ਜਾਵਣ।
ਧੁਖਦੀ ਧੂਣੀ 'ਚੋਂ ਸੇਕ ਭਾਲਦੇ
ਬੈਠ ਦੁਆਲੇ ਪਾਲਾ ਲਾਹਵਣ।

*-ਜਗਮੀਤ ਸਿੰਘ ਪੰਧੇਰ*

---

ਲੋਹੜੀ ਵਾਲੀ ਰਾਤ ਧੂਣੀ ਸੇਕ ਕੇ
ਮਾਲਕ ਚਲੇ ਗਏ ਸੌਣ ਆਪਣੇ ਦਵਾਰੇ।
ਹੁਣ ਕੂਕਰ-ਮੰਡਲੀ ਨੇ ਲਾਈ ਮਹਿਫਿਲ
ਠੰਡੀ ਯਖ ਰਾਤ ਨਿੱਘ 'ਚ ਗੁਜ਼ਾਰੇ।
ਮਮਤਾ ਕੁਣਬੇ ਦੀ ਰਾਖੀ ਲਈ
ਚੁਕੰਨੀ ਹੋ ਚੁਫੇਰੇ ਝਾਤੀਆਂ ਮਾਰੇ।

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਕੁੱਤਿਆਂ ਨੇ ਹੈ ਫਰਜ਼ ਨਿਭਾਇਆ
ਮਿਲ ਬੈਠ ਇਹ ਮਤਾ ਪਕਾਇਆ।
ਮਿਲ ਕੇ ਕਰਾਂਗੇ ਰਾਖੀ 'ਰਾਖ' ਦੀ
ਇਨਸਾਨਾਂ ਨੂੰ ਸਬਕ ਸਿਖਾਇਆ।

*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਬੈਠੇ ਰਾਖ ਦੀ ਢੇਰੀ ਦੁਆਲੇ,
ਵੱਟੀ ਚੁੱਪ, ਦਰਵੇਸ਼ ਰਹੇ ਨੇ ਝੂਰ।
ਕਿੱਧਰੇ ਦੰਗੇ, ਕਿੱਧਰੇ ਅੱਗਾਂ,
ਬੰਦਾ ਤਬਾਹੀ ਲਿਆਊ ਜ਼ਰੂਰ।
ਚਾਰੇ ਪਾਸੇ ਛਾਇਆ ਸੰਨਾਟਾ,
ਦੇਖਣ, ਆ ਜਾਏ ਨਾ ਮਗਰੂਰ।

*-ਦਵਿੰਦਰ ਕੌਰ*

---

ਯੋਜਨਾਬੱਧ ਜੋ ਮਾਰੇ ਗਏ ਇਨਸਾਨ
ਕੱਟੜਪੰਥੀ ਹਿੰਦੂਤਵੀ ਸੈਨਾਵਾਂ ਰਾਹੀਂ।
ਤਰੜੇ ਨਹੀਂ, ਵਫਾਦਾਰ ਸੀ
ਜੋ ਮਾਲਕਾਂ ਦੇ ਕੁੱਤੇ
ਮਕਾਣ ਲੈ ਆ ਬੈਠੇ ਸਿਵਿਆਂ 'ਚ
ਸੋਗ ਨਾਲ ਭਰੇ ਹੋਏ ਇਸ਼ਾਰਿਆਂ ਨਾਲ
ਇਕ ਦੂਜੇ ਨੂੰ ਧਰਵਾਸਾ ਦਿੰਦੇ।
ਲੱਗੇ ਅਸਤ ਫਰੋਲਣ ਰਾਖ ਦੇ ਢੇਰ 'ਚੋਂ।
ਕੇਰ ਅੱਥਰੂ ਅੱਖਾਂ 'ਚੋਂ, ਕਰ ਕੰਨ ਨੀਵੇਂ
ਸਿਵਿਆਂ 'ਚ ਹਾਜ਼ਰ ਨਾਜ਼ਰ ਹਨ
ਜੋ ਇਹ ਕੁੱਤੇ
ਰਾਤ ਨੂੰ ਵੈਣ ਪਾਉਣ ਲਈ ਰੋ ਰੋ
ਸਭ ਰਲ ਮਸ਼ਵਰਾ ਕਰਦੇ।

*-ਦਰਸ਼ਨਪਾਲ ਦੋਸਾਂਝ*

## ਮਿਨੀ ਕਹਾਣੀ

### ਨਵਾਂ ਸਾਈਕਲ

"ਪੁੱਤ ਸੁਖਦੀਪ, ਤੈਨੂੰ ਨਵੇਂ ਸਾਈਕਲ ਦਾ ਚਾਅ ਨਹੀਂ। ਤੂੰ ਫਿਰ ਤੁਰ ਕੇ ਸਕੂਲ ਆ ਰਹੀ ਸੀ।" ਮੈਂ ਪੈਦਲ ਸਕੂਲ ਆਉਂਦੀ ਸੁਖਦੀਪ ਨੂੰ ਪੁਛਿਆ। ਸਕੂਲ ਵਿਚ ਕੁਝ ਦਿਨ ਪਹਿਲਾਂ ਬੱਚੀਆਂ ਨੂੰ ਸਾਈਕਲ ਦਿੱਤੇ ਗਏ ਸਨ। ਸੁਖਦੀਪ ਦੂਜੇ ਪਿੰਡੋਂ ਪੈਦਲ ਸਕੂਲ ਆਉਂਦੀ ਸੀ, ਮੈਂ ਉਚੇਚ ਕਰ ਉਸ ਨੂੰ ਸਾਈਕਲ ਦਿਵਾਇਆ, ਪਰ ਇੱਕ ਦੋ ਦਿਨਾਂ ਪਿਛੋਂ ਹੀ ਉਹ ਫਿਰ ਪੈਦਲ ਆਉਣ ਲੱਗੀ ਸੀ।

"ਨਹੀਂ ਜੀ, ਸਾਡੇ ਘਰੇ ਤਾਂ ਸਭ ਨੂੰ ਬਹੁਤ ਚਾਅ ਹੈ। ਮੰਮੀ-ਪਾਪਾ ਬਹੁਤ ਖੁਸ਼ ਹੋਏ। ਮੰਮੀ ਤਾਂ ਕਹਿੰਦੀ ਸੀ, ਹੁਣ ਆਪਣੇ ਘਰ ਵੀ ਆਟਾ ਨਹੀਂ ਮੁੱਕਿਆ ਕਰਨਾ।" ਸੁਖਦੀਪ ਨੇ ਖੁਸ਼ ਹੁੰਦਿਆਂ ਦੱਸਿਆ।

"ਆਟਾ! ਪੁੱਤ ਸਾਈਕਲ ਦਾ ਆਟੇ ਨਾਲ ਕੀ ਸਬੰਧ?" ਮੈਂ ਹੈਰਾਨ ਹੁੰਦਿਆਂ ਪੁਛਿਆ।

"ਜੀ ਮੇਰਾ ਪਾਪਾ ਸ਼ਹਿਰ ਦਿਹਾੜੀ ਕਰਨ ਬਸ 'ਤੇ ਜਾਂਦਾ। ਉਹ ਲੇਟ ਹੋ ਜਾਂਦਾ ਸੀ ਤਾਂ ਦਿਹਾੜੀ ਨਹੀਂ ਮਿਲਦੀ ਸੀ ਜਾਂ ਆਸੇ-ਪਾਸੇ ਕੰਮ ਹੋਣ 'ਤੇ ਉਸ ਨੂੰ ਲੈ ਕੇ ਨਹੀਂ ਸਨ ਜਾਂਦੇ। ਦਿਹਾੜੀਆਂ ਮਰਨ ਕਰਕੇ ਕਈ ਵਾਰ ਘਰੇ ਆਟਾ ਮੁੱਕ ਜਾਂਦਾ ਸੀ ਤੇ ਸਾਨੂੰ ਭੁੱਖੇ ਰਹਿਣਾ ਪੈਂਦਾ ਸੀ। ਹੁਣ...।" ਕਹਿੰਦਿਆਂ ਬੱਚੀ ਚੁੱਪ ਕਰ ਗਈ।

ਢਿੱਡ ਦੀ ਭੁੱਖ ਅੱਗੇ ਵਾਟ ਤਾਂ ਛੋਟੀ ਜਿਹੀ ਮੁਸੀਬਤ ਸੀ।

*-ਗੁਰਮੀਤ ਸਿੰਘ ਮਰਾੜ੍ਹ*

# ਕਰੋਨਾ ਦਾ ਇਕ ਪਹਿਲੂ ਇਹ ਵੀ

**ਹਾਲਾਤ-ਏ-ਹਾਜ਼ਰਾ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪਲ ਛਿਣ ਦੀ ਗੱਲ ਕਰਦਿਆਂ ਕਿਹਾ ਸੀ, "ਪਲ 'ਚ ਨਿੱਕੀ ਜਿਹੀ ਕੁਤਾਹੀ ਮਨੁੱਖੀ ਬਰਬਾਦੀ ਦਾ ਕਾਰਨ ਵੀ ਹੁੰਦੀ ਅਤੇ ਕਈ ਵਾਰ ਮਨੁੱਖੀ ਸਦੀਵਤਾ ਦਾ ਹਾਸਲ ਵੀ ਬਣਦੀ।" ਕਰੋਨਾ ਵਾਇਰਸ ਨਾਲ ਪੈਦਾ ਹੋਏ ਹਾਲਾਤ 'ਤੇ ਟਿੱਪਣੀ ਕਰਦਿਆਂ ਹਥਲੇ ਲੇਖ ਵਿਚ ਡਾ. ਭੰਡਾਲ ਕਹਿੰਦੇ ਹਨ, "ਕਰੋਨਾ ਵਾਇਰਸ ਨੇ ਮਨੁੱਖ ਨੂੰ ਇਹ ਸਮਝਾ ਦਿਤਾ ਕਿ ਮਨੁੱਖ ਕਿੰਨਾ ਵੀ ਵੱਡਾ ਹੋ ਜਾਵੇ, ਕੁਦਰਤੀ ਭਿਆਨਕਤਾ ਸਾਹਵੇਂ ਬਹੁਤ ਹੀ ਨਿਗੂਣਾ ਏ।...ਇਸ ਮਹਾਂਮਾਰੀ ਨੇ ਇਹ ਵੀ ਦਰਸਾ ਦਿਤਾ ਕਿ ਜ਼ਿਆਦਾਤਰ ਵਪਾਰੀ ਲੋਕ ਆਪਣੇ ਮੁਨਾਫੇ ਤੀਕ ਹੀ ਸੀਮਤ ਹੁੰਦੇ।" ਉਨ੍ਹਾਂ ਨਸੀਹਤ ਕੀਤੀ ਹੈ, "ਅਜਿਹੇ ਮੌਕਿਆਂ 'ਤੇ ਬਿਮਾਰੀ ਅਤੇ ਮੌਤ ਦਾ ਡਰ ਤਾਂ ਹੁੰਦਾ ਹੈ, ਪਰ ਇਸ ਨੂੰ ਹਊਆ ਨਾ ਬਣਾਓ। ਇਕ ਦੂਜੇ ਤੋਂ ਕੁਝ ਦੂਰੀ ਤਾਂ ਬਣਾਓ, ਪਰ ਮਨ ਦੀ ਨੇੜਤਾ ਨੂੰ ਹੋਰ ਵਧਾਓ।" ਡਾ. ਭੰਡਾਲ ਦਾ ਕਹਿਣਾ ਹੈ, "ਜ਼ਿੰਦਗੀ ਹਮੇਸ਼ਾ ਜ਼ਿੰਦਾਬਾਦ ਸੀ, ਜ਼ਿੰਦਾਬਾਦ ਹੈ ਅਤੇ ਸਦਾ ਜ਼ਿੰਦਾਬਾਦ ਰਹੇਗੀ। ਲੋੜ ਅਜਿਹੇ ਮੌਕੇ ਹਨੇਰੇ ਵਿਚੋਂ ਰਿਸ਼ਮਾਂ ਭਾਲਣ ਅਤੇ ਇਨ੍ਹਾਂ ਦੀ ਕੰਨੀਂ ਫੜ ਕੇ ਰੌਸ਼ਨ ਰਾਹਾਂ ਵੰਨੀਂ ਕਦਮ ਵਧਾਉਣ ਦੀ ਹੈ।" -ਸੰਪਾਦਕ*

ਕਰੋਨਾ ਵਾਇਰਸ ਦੇ ਕਹਿਰ ਨੇ ਸਾਰੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਹਰ ਦੇਸ਼ ਆਪਣੇ ਸਾਧਨਾਂ ਅਤੇ ਸਮਰੱਥਾ ਅਨੁਸਾਰ ਇਸ ਦਾ ਸਾਹਮਣਾ ਕਰ ਰਿਹਾ ਹੈ ਤਾਂ ਕਿ ਲੋਕਾਂ ਨੂੰ ਸਿਹਤਮੰਦ ਰੱਖਿਆ ਜਾ ਸਕੇ। ਇਹਤਿਆਤ ਵਰਤਣ ਦੀਆਂ ਨਸੀਹਤਾਂ ਦਿਤੀਆਂ ਜਾ ਰਹੀਆਂ ਨੇ। ਸੰਸਾਰ ਦੀ ਅਰਥ-ਵਿਵਸਥਾ ਡਾਵਾਂਡੋਲ ਹੋ ਗਈ ਹੈ। ਇਕ ਪਿੰਡ ਬਣੀ ਦੁਨੀਆਂ ਫਿਰ ਆਪੋ-ਆਪਣੇ ਦਾਇਰਿਆਂ ਵਿਚ ਸਿਮਟ ਗਈ ਹੈ। ਕੌਮਾਂਤਰੀ ਸਰਹੱਦਾਂ, ਹਵਾਈ ਉਡਾਣਾਂ ਤੇ ਆਵਾਜਾਈ ਬੰਦ ਹੋਣ ਨਾਲ ਲੋਕ ਆਪੋ-ਆਪਣੇ ਘਰਾਂ 'ਚ ਰਹਿਣ ਲਈ ਮਜ਼ਬੂਰ। ਵਿਦਿਅਕ ਅਦਾਰੇ, ਖੇਡ ਮੈਦਾਨ, ਮਨੋਰੰਜਨ ਦੇ ਕੇਂਦਰ, ਵਪਾਰਕ ਅਦਾਰੇ ਜਾਂ ਹੋਟਲ/ਰੈਸਟੋਰੈਂਟ ਬੰਦ ਹੋ ਗਏ ਨੇ ਤੇ ਸਿਮਟ ਗਈ ਏ ਮਨੁੱਖੀ ਭਟਕਣਾ।

ਕਰੋਨਾ ਵਾਇਰਸ ਦੇ ਹੋਣ ਵਾਲੇ ਪ੍ਰਭਾਵਾਂ ਬਾਰੇ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਸਮੁੱਚੀ ਦੁਨੀਆਂ ਹੀ ਰੁਕ ਜਾਵੇਗੀ, ਸਿਸਟਮ ਸਿੱਥਲ ਹੋ ਜਾਵੇਗਾ। ਲੋਕ ਬਿਮਾਰ ਹੋ ਰਹੇ ਨੇ। ਕੁਝ ਇਕਾਂਤਵਾਸ ਵਿਚ ਰਹਿਣ ਲਈ ਮਜ਼ਬੂਰ। ਜ਼ਿਆਦਾ ਗੰਭੀਰ ਮਰੀਜ਼ ਹਸਪਤਾਲਾਂ ਵਿਚ ਵੱਖਰੇ ਰੱਖੇ ਜਾ ਰਹੇ ਨੇ।

ਪਰ ਕਰੋਨਾ ਵਾਇਰਸ ਨੇ ਮਨੁੱਖ ਨੂੰ ਇਹ ਵੀ ਸਮਝਾ ਦਿਤਾ ਹੈ ਕਿ ਮਨੁੱਖ ਕਿੰਨਾ ਵੀ ਵੱਡਾ ਹੋ ਜਾਵੇ, ਕੁਦਰਤੀ ਭਿਆਨਕਤਾ ਸਾਹਵੇਂ ਬਹੁਤ ਹੀ ਨਿਗੂਣਾ ਏ। ਇਸ ਕੁਦਰਤੀ ਮਹਾਂਮਾਰੀ ਨੇ ਐਟਮੀ ਤੇ ਬਾਇਓਲੋਜੀਕਲ ਯੁੱਧ ਦੀ ਤਿਆਰੀ ਵਿਚ ਰੁੱਝੇ ਦੇਸ਼ਾਂ ਨੂੰ ਵੀ ਇਹ ਦਰਸਾ ਦਿਤਾ ਹੈ ਕਿ ਅਜਿਹੇ ਹਥਿਆਰਾਂ ਨਾਲ ਲੜੀ ਜਾਣ ਵਾਲੀ ਭਵਿੱਖੀ ਜੰਗ ਦੌਰਾਨ ਮਨੁੱਖਤਾ ਦਾ ਕੀ ਹਸ਼ਰ ਹੋਵੇਗਾ?

***ਇਸ ਨਾਜ਼ਕ ਮੌਕੇ ਇਹ ਵੀ ਸਪੱਸ਼ਟ ਹੋ ਗਿਆ ਕਿ ਲੱਖਾਂ-ਕਰੋੜਾਂ ਕਮਾਉਣ ਵਾਲੇ ਜ਼ਿਆਦਾਤਰ ਫਿਲਮੀ ਕਲਾਕਾਰਾਂ, ਗਾਇਕਾਂ, ਖਿਡਾਰੀਆਂ, ਰਾਜਨੇਤਾਵਾਂ, ਦੌਲਤਮੰਦਾਂ ਅਤੇ ਵਪਾਰਕ ਘਰਾਣਿਆਂ 'ਤੇ ਕਾਬਜ਼ ਲੋਕਾਂ ਵਿਚ ਮਾਨਵਤਾ ਦਾ ਦਰਦ ਬਿਲਕੁਲ ਹੀ ਨਹੀਂ। ਉਨ੍ਹਾਂ ਦੀ ਆਤਮਾ ਮਰ ਚੁਕੀ ਹੈ ਅਤੇ ਉਹ ਕਦੇ ਵੀ ਦੁਖੀ ਮਨੁੱਖਤਾ ਦਾ ਦਰਦ ਵੰਡਾਉਣ ਵਿਚ ਪਹਿਲ ਨਹੀਂ ਕਰਦੇ। ਉਹ ਸਿਰਫ ਨਿੱਜ ਤੀਕ ਸੀਮਤ। ਆਪਣੀਆਂ ਸਲਤਨਤਾਂ ਨੂੰ ਉਸਾਰਨ ਤੀਕ ਹੀ ਉਨ੍ਹਾਂ ਦੀ ਸੋਚ ਦੇ ਦਿਸਹੱਦੇ। ਆਪਣੇ ਤੋਂ ਇਲਾਵਾ ਕੁਝ ਵੀ ਨਜ਼ਰ ਨਹੀਂ ਆਉਂਦਾ। ਵੱਡੇ ਡੇਰੇਦਾਰ ਅਤੇ ਧਾਰਮਿਕ ਸਥਾਨਾਂ 'ਤੇ ਕਾਬਜ਼ ਲੋਕ ਵੀ ਚੜ੍ਹਾਵੇ ਦੇ ਖਜਾਨੇ ਵਿਚੋਂ ਵਖਤਾਂ ਮਾਰੇ ਸ਼ਰਧਾਲੂਆਂ ਲਈ ਕੁਝ ਵੀ ਕਰਨ ਤੋਂ ਖਚਰੀ ਖਾਮੋਸ਼ੀ ਧਾਰੀ ਬੈਠੇ ਨੇ।***

ਕਰੋਨਾ ਦੇ ਕਹਿਰ ਕਾਰਨ ਸੜਕਾਂ ਸੁੰਨਸਾਨ ਹਨ, ਉਨ੍ਹਾਂ ਨੂੰ ਮਿਲੇਗਾ ਕੁਝ ਅਰਾਮ। ਹਵਾ ਦੇ ਪ੍ਰਦੂਸ਼ਣ ਕਾਰਨ ਅਸਮਾਨ ਕਦੇ ਵੀ ਨੀਲਾ ਦਿਖਾਈ ਨਹੀਂ ਸੀ ਦਿੰਦਾ। ਹੁਣ ਪਲੀਤਪੁਣੇ ਦੇ ਘਟਣ ਨਾਲ ਅੰਬਰ ਅਤੇ ਇਸ ਦੇ ਵਿਹੜੇ ਵਿਚ ਜਗਦੇ ਤਾਰਿਆਂ ਨੂੰ ਮਿਲਣ ਅਤੇ ਇਨ੍ਹਾਂ ਨਾਲ ਸੰਵਾਦ ਰਚਾਉਣ ਦੀ ਤਮੰਨਾ, ਮਨੁੱਖੀ ਮਨ ਵਿਚ ਜਰੂਰ ਪੈਦਾ ਹੋਵੇਗੀ। ਮਨੁੱਖ ਨੂੰ ਸ਼ਾਇਦ ਪਤਾ ਲੱਗੇ ਕਿ ਅੰਬਰ ਦੀ ਸੁੰਦਰਤਾ ਨੂੰ ਨਿਹਾਰਨ ਅਤੇ ਇਸ ਨੂੰ ਅੰਤਰੀਵ ਵਿਚ ਵਸਾਉਣ ਤੋਂ ਕਿੰਨੇ ਦੂਰ ਚਲੇ ਗਏ ਸਾਂ?

ਦੁਨੀਆਂ ਦੇ ਭੀੜ-ਭੜੱਕੇ ਤੇ ਸ਼ੋਰ-ਓ-ਗੁੱਲ 'ਚ ਗਵਾਚ ਗਏ ਚਿੜੀਆਂ ਦੇ ਚਹਿਕਣ, ਪਰਿੰਦਿਆਂ ਦੇ ਬੋਲ, ਪੱਤਿਆਂ ਦੇ ਸੰਗੀਤ ਤੇ ਹਵਾ ਦੀ ਰੁਮਕਣੀ ਨੂੰ ਮਨੁੱਖ ਹੁਣ ਜਰੂਰ ਸੁਣਦਾ ਹੋਵੇਗਾ, ਜਿਨ੍ਹਾਂ ਦੀ ਮਧੁਰਤਾ ਤੋਂ ਮਹਿਰੂਮ ਹੋਇਆ ਬੰਦਾ, ਖੁਦ ਤੋਂ ਹੀ ਬੇਮੁੱਖੀ ਦੀ ਜੂਨ ਹੰਢਾ ਰਿਹਾ ਸੀ। ਆਦਮੀ ਨੂੰ ਜਰੂਰ ਸੁਣਦਾ ਹੋਵੇਗਾ ਮਨ 'ਚੋਂ ਉਠੀਆਂ ਭਾਵ-ਤਰੰਗਾਂ ਦਾ ਗੁਣਗਾਨ ਅਤੇ ਸਕੂਨ ਦਾ ਅਭਾਵ।

ਘਰ ਨੂੰ ਸਿਰਫ ਰੈਣ-ਬਸੇਰਾ ਸਮਝਣ ਵਾਲੇ ਮਨੁੱਖ ਨੂੰ ਘਰ ਵਿਚ ਰਹਿੰਦਿਆਂ, ਘਰ ਦੀਆਂ ਕੰਧਾਂ 'ਚ ਸਿਮਟੀ ਖਾਮੋਸ਼ੀ ਦੇ ਮੁਖਾਤਬ ਹੋਣਾ ਪੈਂਦਾ ਹੋਵੇਗਾ। ਉਹ ਮਕਾਨ ਨੂੰ ਘਰ ਸਮਝ, ਇਸ ਦੇ ਨਿੱਘੜੇ ਅਹਿਸਾਸਾਂ ਨਾਲ ਲਬਰੇਜ਼ ਹੋਇਆ, ਸੁਖਨ ਨੂੰ ਮਾਣ ਕੇ ਸਰਸ਼ਾਰ ਹੁੰਦਾ ਹੋਵੇਗਾ। ਉਹ ਬੀਤੇ ਵਕਤ ਨੂੰ ਜਰੂਰ ਕੋਸਦਾ ਹੋਵੇਗਾ, ਜਦ ਉਹ ਖੁਦ ਤੋਂ ਹੀ ਬਹੁਤ ਦੂਰ ਜਾ ਚੁਕਾ ਸੀ। ਸ਼ਾਇਦ ਉਸ ਨੂੰ ਪਤਾ ਲੱਗ ਜਾਵੇ ਕਿ ਉਸ ਦੇ ਬੱਚੇ ਕਿਹੜੇ ਸਕੂਲ ਅਤੇ ਕਿਸ ਕਲਾਸ ਵਿਚ ਪੜ੍ਹਦੇ ਨੇ? ਬੱਚਿਆਂ ਨੂੰ ਆਪਣੇ ਮਾਪਿਆਂ ਨੂੰ ਮਿਲਣ ਅਤੇ ਉਨ੍ਹਾਂ ਨਾਲ ਪਿਆਰ ਕਰਨ ਤੇ ਅਪਣੱਤ ਭਰੇ ਪਲਾਂ ਨੂੰ ਜਿਉਣ ਦਾ ਮੌਕਾ ਜਰੂਰ ਮਿਲੇਗਾ। ਦੁਨੀਆਂ ਦੀ ਭੱਜ-ਦੌੜ ਵਿਚ ਗਵਾਚ ਗਿਆ ਮਨੁੱਖ ਅਜਿਹੀ ਮਹਾਂਮਾਰੀ ਦੇ ਸਮੇਂ ਹੀ ਆਪਣੇ ਆਪ ਦੇ ਸਭ ਤੋਂ ਕਰੀਬ ਹੁੰਦਾ, ਕਿਉਂਕਿ ਉਸ ਨੂੰ ਆਪਣੇ ਬਾਰੇ ਸੋਚਣ ਅਤੇ ਖੁਦ ਦਾ ਮੁਲੰਕਣ ਕਰਨ ਦਾ ਮੌਕਾ ਜੁ ਮਿਲਦਾ।

ਕਰੋਨਾ ਕਾਰਨ ਆਲੇ-ਦੁਆਲੇ ਸੁੰਨ ਹੈ। ਮਨੁੱਖ ਇਕਾਂਤਵਾਸ ਵਿਚ ਹੈ, ਪਰ ਇਹ ਇਕੱਲ ਨਹੀਂ, ਕਿਉਂਕਿ ਇਕੱਲ ਹੰਢਾਉਣਾ ਮਜ਼ਬੂਰੀ ਹੁੰਦੀ ਹੈ। ਇਹ ਇਕਾਂਤ ਵਾਸ ਹਾਲਾਤ ਦੀ ਮਜ਼ਬੂਰੀ ਕਾਰਨ ਹੈ, ਬੰਦੇ ਦੀ ਮਜ਼ਬੂਰੀ ਨਹੀਂ। ਇਕਾਂਤ ਵਾਸ ਨੂੰ ਇਕਾਗਰਤਾ ਅਤੇ ਆਤਮਕ ਵਿਕਾਸ ਲਈ ਵਰਤ ਕੇ ਮਨੁੱਖ ਇਸ ਮੌਕੇ ਦੀ ਨਜ਼ਾਕਤ ਨੂੰ ਆਪਣਾ ਹਾਸਲ ਬਣਾ ਸਕਦਾ ਹੈ। ਇਸ ਇਕਾਂਤ ਵਾਸ ਦੌਰਾਨ ਕਿਤਾਬਾਂ ਨਾਲ ਦੋਸਤੀ ਪਾਓ। ਸੋਹਣੀ ਜ਼ਿੰਦਗੀ ਦੀਆਂ ਤਰਕੀਬਾਂ ਨੂੰ ਜੀਵਨ-ਜਾਚ ਬਣਾਓ। ਮਨ ਵਿਚ ਦੱਬੀਆਂ ਕਲਾਵਾਂ ਨੂੰ ਮੁੜ ਤੋਂ ਜਗਾਉਣ ਦਾ ਇਹ ਸੁੰਦਰ ਮੌਕਾ ਹੈ, ਜਦ ਮਨੁੱਖ ਕੋਲ ਸਮਾਂ ਹੀ ਸਮਾਂ ਹੈ। ਖੈਰ-ਸੁੱਖ ਪੁੱਛਣ ਦੇ ਬਹਾਨੇ, ਰੁੱਸ ਗਏ ਮਿੱਤਰਾਂ ਨੂੰ ਫੋਨ ਕਰੋ। ਪੁਰਾਣੀਆਂ ਸਾਂਝਾਂ ਨੂੰ ਪੁਨਰ-ਸਜੀਵ ਕਰੋ।

ਕਰੋਨਾ ਨਾਲ ਲੋਕ ਤਾਂ ਮਰ ਰਹੇ ਨੇ, ਪਰ ਪੁਨਰ-ਸਜੀਵ ਹੋ ਰਿਹਾ ਹੈ ਭਰਾਤਰੀ ਭਾਵ, ਆਪਸੀ ਮਿਲਵਰਤਣ, ਪੀੜਤ ਦੀ ਸਾਰ ਲੈਣ ਦੀ ਕਾਹਲ, ਲੋੜਵੰਦਾਂ ਦੀ ਮਦਦ ਕਰਨ ਦੀ ਤਮੰਨਾ, ਸਰਬੱਤ ਦੇ ਭਲੇ ਦੀ ਲੋਚਾ, ਵੰਡ ਕੇ ਛਕਣ ਵਾਲਾ ਵਰਤਾਰਾ ਅਤੇ ਆਪਣੀ ਸਿਹਤਯਾਬੀ ਵਿਚੋਂ ਕਿਸੇ ਰੋਗੀ ਦੀ ਤੰਦਰੁਸਤੀ ਨੂੰ ਕਿਆਸਣ ਦਾ ਹੁਨਰ। ਦੁੱਖ ਤਾਂ ਵੱਧ ਰਹੇ ਨੇ, ਪਰ ਸੁੱਖਾਂ ਦੀ ਮੰਨਤ ਮੰਗਣ ਵਾਲਿਆਂ ਦੀ ਗਿਣਤੀ ਜ਼ਿਆਦਾ ਵਧ ਰਹੀ ਹੈ। ਖਾਣ ਪੀਣ ਦੀਆਂ ਵਸਤਾਂ ਖਰੀਦੋ, ਪਰ ਖਰੀਦ ਵਿਚ ਲਾਲਚ ਨਾ ਹੋਵੇ।

ਇਸ ਮਹਾਂਮਾਰੀ ਨੇ ਇਹ ਵੀ ਦਰਸਾ ਦਿਤਾ ਹੈ ਕਿ ਜ਼ਿਆਦਾਤਰ ਵਪਾਰੀ ਲੋਕ ਆਪਣੇ ਮੁਨਾਫੇ ਤੀਕ ਹੀ ਸੀਮਤ ਹੁੰਦੇ। ਉਨ੍ਹਾਂ ਦਾ ਲੋਭ ਇਸ ਹੱਦ ਤੀਕ ਗਰਕ ਜਾਂਦਾ ਕਿ ਉਹ ਸੰਕਟ ਦੇ ਸਮੇਂ ਵਿਚ ਲੋੜ ਦੀਆਂ ਵਸਤਾਂ ਦੀ ਮਨਸੂਈ ਘਾਟ ਪੈਦਾ ਕਰਕੇ, ਦੁੱਗਣੇ/ਤਿੱਗਣੇ ਭਾਅ 'ਤੇ ਵਸਤਾਂ ਵੇਚਦੇ। ਸ਼ਾਇਦ ਉਹ ਭੁੱਲ ਜਾਂਦੇ ਨੇ ਕਿ ਜਦ ਅਜਿਹੀ ਮਹਾਂਮਾਰੀ ਸਾਹਵੇਂ ਵਿਸ਼ਵ ਦੀ ਨਿਤਾਣਾ ਅਤੇ ਨਿਰਬਲ ਮਹਿਸੂਸ ਕਰੇ ਤਾਂ ਇਨ੍ਹਾਂ ਦੇ ਦੌਲਤ-ਅੰਬਾਰ, ਉਨ੍ਹਾਂ ਨੂੰ ਸੰਕਟ-ਕਾਲੀਨ ਵਖਤ ਤੋਂ ਕਿਵੇਂ ਬਚਾਉਣਗੇ? ਹਰ ਵਿਅਕਤੀ ਦਾ ਮਰਨਾ ਤੈਅ ਹੈ। ਮੌਤ ਪਿਛੋਂ ਵਿਅਕਤੀ ਨੂੰ ਜੀਵਨ ਵਿਚ ਕਮਾਈ ਹੋਈ ਭਲਿਆਈ ਅਤੇ ਚੰਗਿਆਈ ਕਾਰਨ ਯਾਦ ਕੀਤਾ ਜਾਂਦਾ ਹੈ। ਲੋਭੀ ਤੇ ਕਮੀਨੇ ਲੋਕ ਬਹੁਤ ਛੇਤੀ ਲੋਕ-ਚੇਤਿਆਂ ਵਿਚੋਂ ਕਿਰ ਜਾਂਦੇ ਨੇ।

ਇਸ ਨਾਜ਼ਕ ਮੌਕੇ ਇਹ ਵੀ ਸਪੱਸ਼ਟ ਹੋ ਗਿਆ ਕਿ ਲੱਖਾਂ-ਕਰੋੜਾਂ ਕਮਾਉਣ ਵਾਲੇ ਜ਼ਿਆਦਾਤਰ ਫਿਲਮ ਕਲਾਕਾਰਾਂ, ਗਾਇਕਾਂ, ਖਿਡਾਰੀਆਂ, ਰਾਜ ਨੇਤਾਵਾਂ, ਦੌਲਤਮੰਦਾਂ ਅਤੇ ਵਪਾਰਕ ਘਰਾਣਿਆਂ 'ਤੇ ਕਾਬਜ਼ ਲੋਕਾਂ ਵਿਚ ਮਾਨਵਤਾ ਦਾ ਦਰਦ ਬਿਲਕੁਲ ਹੀ ਨਹੀਂ। ਉਨ੍ਹਾਂ ਦੀ ਆਤਮਾ ਮਰ ਚੁਕੀ ਹੈ ਅਤੇ ਉਹ ਕਦੇ ਵੀ ਦੁਖੀ ਮਨੁੱਖਤਾ ਦਾ ਦਰਦ ਵੰਡਾਉਣ ਵਿਚ ਪਹਿਲ ਨਹੀਂ ਕਰਦੇ। ਉਹ ਸਿਰਫ ਨਿੱਜ ਤੀਕ ਸੀਮਤ। ਆਪਣੀਆਂ ਸਲਤਨਤਾਂ ਨੂੰ ਉਸਾਰਨ ਤੀਕ ਹੀ ਉਨ੍ਹਾਂ ਦੀ ਸੋਚ ਦੇ ਦਿਸਹੱਦੇ। ਆਪਣੇ ਤੋਂ ਇਲਾਵਾ ਕੁਝ ਵੀ ਨਜ਼ਰ ਨਹੀਂ ਆਉਂਦਾ। ਵੱਡੇ ਡੇਰੇਦਾਰ ਅਤੇ ਧਾਰਮਿਕ ਸਥਾਨਾਂ 'ਤੇ ਕਾਬਜ਼ ਲੋਕ ਵੀ ਚੜ੍ਹਾਵੇ ਦੇ ਖਜਾਨੇ ਵਿਚੋਂ ਵਖਤਾਂ ਮਾਰੇ ਸ਼ਰਧਾਲੂਆਂ ਲਈ ਕੁਝ ਵੀ ਕਰਨ ਤੋਂ ਖਚਰੀ ਖਾਮੋਸ਼ੀ ਧਾਰੀ ਬੈਠੇ ਨੇ। ਕੀ ਕੋਠੀਆਂ ਵਾਲਿਆਂ ਨੇ ਕਦੇ ਝੁੱਗੀਆਂ ਵਿਚ ਰਹਿੰਦੇ ਲੋਕਾਂ ਦੀ ਅਜਿਹੇ ਵਖਤਾਂ 'ਚ ਸਾਰ ਲਈ ਹੈ? ਕੀ ਡੇਰਿਆਂ ਅਤੇ ਧਾਰਮਿਕ ਸੰਸਥਾਵਾਂ ਨੇ ਪੀੜਤ ਲੋਕਾਂ ਲਈ ਦਰ ਖੋਲ੍ਹੇ ਨੇ ਤਾਂ ਕਿ ਇਸ ਸਮੇਂ ਉਨ੍ਹਾਂ ਨੂੰ ਠਾਹਰ ਅਤੇ ਖਾਣ ਲਈ ਕੁਝ ਮਿਲ ਸਕੇ? ਲੋਕਾਂ ਨੂੰ ਹੁਣ ਸੋਝੀ ਆ ਜਾਵੇਗੀ ਕਿ ਇਹ ਸਟਾਰ, ਗਾਇਕ, ਰਾਜਨੇਤਾ ਜਾਂ ਬਾਬੇ ਸਿਰਫ ਆਮ ਲੋਕਾਈ ਨੂੰ ਭਰਮਾ ਕੇ, ਉਨ੍ਹਾਂ ਦੀ ਕਮਾਈ ਨੂੰ ਹੜੱਪਣ ਤੀਕ ਹੀ ਸੀਮਤ ਨੇ। ਉਹ ਭੋਲੇ ਭਾਲੇ ਲੋਕਾਂ ਦੀ ਮਾਨਸਿਕਤਾ ਨੂੰ ਵਰਗਲਾ ਕੇ ਨਿੱਜੀ ਮੁਫਾਦ ਦੀ ਹੀ ਪੂਰਤੀ ਕਰਦੇ ਨੇ।

ਇਨ੍ਹਾਂ ਹਾਲਾਤਾਂ ਵਿਚ ਸਭ ਤੋਂ ਵਧੀਆ ਇਹ ਹੋਇਆ ਕਿ ਮਨੁੱਖ ਆਪਣੇ ਵੱਲ ਮੁੜਿਆ ਏ। ਅੰਦਰ ਨੂੰ ਪਰਤਣਾ ਅਤੇ ਖੁਦ ਦੀ ਜਾਮਾ-ਤਲਾਸ਼ੀ ਕਰਨੀ ਬਹੁਤ ਅਹਿਮ ਹੁੰਦੀ। ਇਸ ਵਿਚੋਂ ਹੀ ਇਕ ਨਵੇਂ ਮਨੁੱਖ ਦਾ ਜਨਮ ਹੁੰਦਾ, ਜੋ ਇਨਸਾਨੀਅਤ ਦਾ ਮੁਹਾਂਦਰਾ ਬਣਨ ਵੰਨੀ ਅਹੁਲਦਾ ਏ।

ਕਰੋਨਾ ਵਾਇਰਸ ਨੇ ਇਹ ਵੀ ਦਰਸਾ ਦਿਤਾ ਕਿ ਸ਼ੋਰ-ਓ-ਗੁੱਲ ਤੋਂ ਅੱਕਿਆਂ ਲਈ ਚੁੱਪ ਕਿੰਨੀ ਜਰੂਰੀ ਹੁੰਦੀ ਹੈ। ਸਮੁੱਚੀ ਕਾਇਨਾਤ ਨੂੰ ਨਿਹਾਰਨਾ ਅਤੇ ਇਸ ਦੀ ਅਸੀਮਤਾ ਵਿਚੋਂ ਆਪਣੀ ਔਕਾਤ ਨੂੰ ਪਰਿਭਾਸ਼ਤ ਕਰਨਾ ਬਹੁਤ ਅਹਿਮ ਹੁੰਦਾ। ਬੰਦੇ ਨੂੰ ਪਤਾ ਲੱਗਦਾ ਕਿ ਪਰਿਵਾਰ ਕੀ ਏ? ਆਂਢ-ਗੁਆਂਢ ਵਿਚ ਕਿਹੜੇ ਲੋਕ ਵੱਸਦੇ ਨੇ? ਸਮਾਜਕ ਸਬੰਧਾਂ ਦੀ ਕੀ ਮਹੱਤਤਾ ਹੈ? ਗਵਾਂਢੀਆਂ ਨਾਲ ਬੋਲ-ਸਾਂਝ ਦੇ ਕੀ ਅਰਥ ਨੇ? ਚੌਗਿਰਦੇ ਵਿਚ ਕੀ ਵਾਪਰ ਰਿਹਾ ਏ? ਕੌਣ ਨੇ ਉਹ ਲੋਕ, ਜੋ ਮੇਰੇ ਕੋਲ ਰਹਿੰਦੇ ਹੋਏ ਵੀ ਮੇਰੇ ਤੋਂ ਬਹੁਤ ਦੂਰ ਸਨ? ਕੰਧ ਸਾਂਝੀ ਹੋਣ 'ਤੇ ਵੀ ਕਿਸੇ ਦੇ ਹੂੰਗਰ ਨਹੀਂ ਸੀ ਸੁਣੀਂਦੀ? ਹੁਣ ਤਾਂ ਚਾਰ-ਚੁਫੇਰੇ ਵਿਚਲੀ ਸਾਹ-ਸੁਰਗੀ ਦਾ ਨਾਦ ਵੀ ਸੁਣਾਈ ਦਿੰਦਾ ਏ।

ਅਜਿਹੇ ਮੌਕਿਆਂ 'ਤੇ ਸੋਚ ਵਿਚਲੀ ਨਕਾਰਾਤਮਕਤਾ ਕਾਰਨ ਹੋਣ ਵਾਲੇ ਨੁਕਸਾਨ ਵੀ ਸਾਹਮਣੇ ਆਉਣਗੇ? ਮਨੁੱਖ ਕਿੰਨਾ ਅਕ੍ਰਿਤਘਣ ਹੈ ਕਿ ਉਹ ਆਪਣੀ ਅਰਥੀ ਮੋਢੇ 'ਤੇ ਚੁੱਕੀ, ਦੁਨੀਆਂ ਨੂੰ ਜਿਉਣ ਦਾ ਗੁਰ ਸਿਖਾਉਣ ਦਾ ਢਕਵੰਜ ਕਰਦਾ ਏ। ਬਾਹਰੀ ਦੁਨੀਆਂ ਵਿਚੋਂ ਹੀ ਜੀਵਨ ਦੀ ਸਾਰਥਕਤਾ ਨੂੰ ਸਮਝਣ ਵਾਲਿਆਂ ਨੂੰ ਇਹ ਵੀ ਪਤਾ ਲੱਗੇਗਾ ਕਿ ਕੁਝ ਸਮੇਂ ਲਈ ਘਰ ਵਿਚ ਰਹਿਣ ਦੇ ਕੀ ਅਰਥ ਨੇ? ਜਿਹੜੇ ਘਰਾਂ ਵਿਚ ਰਹਿੰਦੇ ਨੇ ਉਨ੍ਹਾਂ ਦੀ ਮਜ਼ਬੂਰੀ ਨੂੰ ਕਦੇ ਵੀ ਆਪਣੇ ਮਕਸਦ ਲਈ ਨਾ ਵਰਤੋ। ਸਗੋਂ ਆਪਣੀ ਜੀਵਨ-ਸ਼ੈਲੀ ਵਿਚ ਬਦਲਾਓ ਪੈਦਾ ਕਰਕੇ, ਘਰ ਵਿਚ ਰਹਿੰਦੇ ਮਾਪਿਆਂ ਨਾਲ ਗੱਲਾਂ ਕਰੋ। ਬੱਚਿਆਂ ਨਾਲ ਖੇਡੋ। ਉਨ੍ਹਾਂ ਨੂੰ ਅਹਿਸਾਸ ਹੋਵੇ ਕਿ ਕੋਈ ਤਾਂ ਆਪਣਾ ਹੈ, ਜੋ ਉਨ੍ਹਾਂ ਦੀ ਮਾਨਸਿਕਤਾ ਨੂੰ ਸਮਝਦਿਆਂ, ਉਨ੍ਹਾਂ ਦੀ ਤੰਦਰੁਸਤੀ ਅਤੇ ਮਾਨਸਿਕ ਨਿੰਗਰਤਾ ਦੀ ਹਾਮੀ ਭਰਦਾ ਹੈ। ਆਪਣਿਆਂ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਅਤੇ ਮਨ ਦੀਆਂ ਪਰਤਾਂ ਫਰੋਲਦਿਆਂ, ਜੀਵਨ ਨੂੰ ਸੁਚਾਰੂ ਤਰੀਕੇ ਨਾਲ ਮੁੜ ਤੋਂ ਜਿਉਣਾ ਸਿੱਖਿਆ ਜਾ ਸਕਦਾ ਹੈ।

ਇਸ ਵਿਚੋਂ ਇਹ ਵੀ ਸਾਹਮਣੇ ਆਇਆ ਕਿ ਆਪੋ-ਆਪਣੇ ਘੁਰਨਿਆਂ ਵਿਚ ਕੈਦ ਲੋਕਾਂ ਨੇ ਆਪਣੇ ਰੋਸ਼ਨਦਾਨ ਅਤੇ ਖਿੜਕੀਆਂ ਖੋਲ੍ਹਣਾ ਸਿੱਖ ਲਿਆ ਹੈ। ਦੁਰਗੰਧ ਬਾਹਰ ਨਿਕਲ ਕੇ ਸੁਗੰਧ ਨੂੰ ਅੰਦਰ ਆਉਣ ਲਈ ਹਾਕਾਂ ਮਾਰਦੀ ਏ। ਉਹ ਖਿੜਕੀਆਂ ਤੇ ਬਾਲਕੋਨੀਆਂ 'ਤੇ ਖੜ ਕੇ, ਗਲੀ ਦੇ ਦੂਜੇ ਪਾਸੇ ਦੇ ਗੁਆਂਢੀਆਂ ਨੂੰ ਹਾਕਾਂ ਮਾਰਦੇ, ਉਚੀ ਉਚੀ ਗੱਲਾਂ ਕਰਦੇ ਨੇ। ਮਨਾਂ ਦੀਆਂ ਮੂਕ ਭਾਵਨਾਵਾਂ ਨੂੰ ਗੱਲਬਾਤ ਰਾਹੀਂ ਰੁਆਂਸੀ ਹਵਾ ਦੇ ਨਾਮ ਕਰਦੇ, ਪੌਣ ਨੂੰ ਜਿਉਣ ਦੀ ਆਸ ਨਾਲ ਭਰ ਰਹੇ ਨੇ। ਘਰਾਂ ਵਿਚ 'ਕੱਲੇ ਰਹਿ ਗਏ ਬਜ਼ੁਰਗਾਂ ਨੂੰ ਵੀ ਇਹ ਅਹਿਸਾਸ ਹੋਵੇਗਾ ਕਿ ਕੋਈ ਤਾਂ ਉਨ੍ਹਾਂ ਦੇ ਗੁਆਂਢ ਵਿਚ ਰਹਿੰਦਾ ਹੈ, ਜਿਸ ਨੂੰ ਲੋੜ ਪੈਣ 'ਤੇ ਹਾਕ ਤਾਂ ਮਾਰੀ ਜਾ ਸਕਦੀ ਏ।

ਇਸ ਮਹਾਂਮਾਰੀ ਨੇ ਦੁਨਿਆਵੀ ਦੌੜ ਵਿਚ ਹਫੇ ਮਨੁੱਖ ਨੂੰ ਰੋਕਿਆ ਹੈ। ਉਹ ਸਾਹ ਲੈ ਰਿਹਾ ਏ। ਸਵੈ-ਚਿੰਤਨ ਜਰੂਰ ਕਰੇਗਾ ਕਿ ਕੀ ਸੀ ਖਾਸ, ਜਿਸ ਨੂੰ ਕਮਾਉਣ ਲਈ ਜੀਵਨ ਨੂੰ ਗਵਾ ਰਿਹਾ ਸਾਂ? ਕੀ ਕਮਾਉਣ ਦੀ ਲੋੜ ਹੈ, ਜਿਸ ਨੇ ਰੂਹ ਦੀ ਖੁਰਾਕ ਬਣਨਾ ਏ? ਫਿਕਰਾਂ ਮਾਰੇ ਮਨੁੱਖ ਨੂੰ ਸਿਰਫ ਖੁਦ ਦੀ ਫਿਕਰਮੰਦੀ ਨਹੀਂ ਕਰਨੀ ਚਾਹੀਦੀ, ਸਗੋਂ ਸਮਾਜ ਅਤੇ ਦੇਸ਼ ਦੀ ਭਲਾਈ ਵਿਚੋਂ ਹੀ ਬੰਦਿਆਈ ਨੂੰ ਬੰਦਗੀ ਬਣਾਉਣ ਦੀ ਲੋੜ ਹੈ।

ਇਸ ਮਹਾਂਮਾਰੀ ਨੇ ਆਦਮੀ ਨੂੰ ਨਵੇਂ ਸੱਚ ਦੇ ਸਾਹਮਣੇ ਕੀਤਾ ਹੈ, ਜੋ ਸਾਡਾ ਸਭ ਦਾ ਸੱਚ ਹੈ। ਨਵੀਂ ਦ੍ਰਿਸ਼ਟੀ ਨਾਲ ਅਸੀਂ ਆਪਣੇ ਪਰਿਵਾਰ, ਸਮਾਜ, ਦੇਸ਼ ਤੇ ਦੁਨੀਆਂ ਨੂੰ ਦੇਖਣ ਅਤੇ ਸਮਝਣ ਦੇ ਯੋਗ ਹੋ ਸਕਦੇ ਹਾਂ ਕਿ ਕਿਸੇ ਵੇਲੇ, ਕੁਝ ਵੀ, ਕਿਸੇ ਵੀ ਥਾਂ ਕੁਝ ਵੀ ਅਣਕਿਹਾ ਤੇ ਅਣਕਿਆਸਿਆ ਵਾਪਰ ਸਕਦਾ ਹੈ। ਸਿਰਫ ਲੋੜ ਹੈ ਕਿ ਮਨੁੱਖ ਆਪਣੇ ਤੋਂ ਕਦੇ ਵੀ ਦੂਰ ਨਾ ਜਾਵੇ, ਸਗੋਂ ਖੁਦ ਦੇ ਕੋਲ ਰਹੇ ਤਾਂ ਕਿ ਅਜਿਹੇ ਹਾਲਾਤਾਂ ਨਾਲ ਬਾਖੂਬੀ ਨਿਪਟਿਆ ਜਾ ਸਕੇ।

ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਾਡੇ ਲਈ ਕੀ ਜਰੂਰੀ ਹੈ? ਕਿੰਨੀਆਂ ਕੁ ਨੇ ਸਾਡੀਆਂ ਲੋੜਾਂ? ਕਿੱਡਾ ਕੁ ਘਰ ਰਹਿਣ ਲਈ ਲੋੜੀਂਦਾ ਏ? ਕਿੰਨਾ ਕੁਝ ਜਰੂਰੀ ਹੈ, ਮਨੁੱਖੀ ਹੋਂਦ ਲਈ? ਕਿੰਨੀਆਂ ਅਹਿਮ ਹਨ ਕੁਦਰਤੀ ਨਿਆਮਤਾਂ? ਕਿੰਨਾ ਜਰੂਰੀ ਹੈ ਮਨੁੱਖ ਦਾ ਮਨੁੱਖ ਨਾਲ ਮਿਲਾਪ? ਕਿੰਨੀ ਮਹਾਨ ਹੈ ਮਨੁੱਖ ਦੀ ਕੁਦਰਤ ਨਾਲ ਸਾਂਝ? ਕਿੰਨੀਆਂ ਅਹਿਮ ਨੇ ਪਿਆਰ ਦੀਆਂ ਤੰਦਾਂ? ਕਿੰਨਾ ਫਿਕਰ ਹੁੰਦਾ ਹੈ ਆਪਣੀ ਸਿਹਤ ਤੇ ਜਾਨ ਦਾ? ਸਿਰਫ ਉਹ ਲੋਕ ਹੀ ਇਤਿਹਾਸ ਦਾ ਵਰਕਾ ਬਣਦੇ ਨੇ, ਜਿਨ੍ਹਾਂ ਦੇ ਮਸਤਕ 'ਤੇ ਲੋਕ-ਭਲਾਈ ਦੀਆਂ ਰੇਖਾਵਾਂ ਦੀ ਕਲਾ-ਨਕਾਸ਼ੀ ਹੁੰਦੀ ਹੈ।

ਯਾਦ ਰੱਖਣਾ, ਸਰੀਰਕ ਬਿਮਾਰੀ ਬਹੁਤ ਜਲਦੀ ਠੀਕ ਹੋ ਜਾਂਦੀ ਹੈ, ਪਰ ਮਾਨਸਿਕ ਤੌਰ 'ਤੇ ਕਦੇ ਬਿਮਾਰ ਨਾ ਹੋਣਾ ਸਗੋਂ ਚੜ੍ਹਦੀ ਕਲਾ ਵਿਚ ਰਹਿਣਾ ਕਿਉਂਕਿ ਮਨ ਦੀ ਮਜ਼ਬੂਤੀ ਵਿਚੋਂ ਹੀ ਜ਼ਿੰਦਗੀ ਦੀ ਤਾਮੀਰਦਾਰੀ ਹੁੰਦੀ ਹੈ।

ਹੁਣ ਸੋਚਣਾ ਇਹ ਵੀ ਹੈ ਕਿ ਬਦਲੇ ਹੋਏ ਜੀਵਨ-ਹਾਲਾਤ ਵਿਚ ਖੁਦ ਨੂੰ ਕਿਵੇਂ ਢਾਲਣਾ ਹੈ? ਇਹ ਤੁਹਾਡੇ 'ਤੇ ਨਿਰਭਰ ਕਿ ਇਨ੍ਹਾਂ ਮਾਯੂਸ ਪਲਾਂ ਵਿਚੋਂ ਖੁਸ਼ੀਆਂ ਨੂੰ ਕਿਵੇਂ ਤਲਾਸ਼ਣਾ? ਉਦਾਸੀਨਤਾ ਨੂੰ ਦੂਰ ਕਰਕੇ ਮਨ ਦੇ ਹੁਲਾਸ ਨੂੰ ਆਪਣਾ ਹਾਸਲ ਕਿਵੇਂ ਬਣਾਉਣਾ? ਵਿਹੜੇ ਵਿਚਲੇ ਗਮਲਿਆਂ ਵਿਚ ਖਿੜੇ ਫੁੱਲਾਂ ਨਾਲ ਗੱਲਾਂ ਕਰੋ। ਬਹਾਰ ਨੂੰ ਬੰਦਾਈ-ਬਰਕਤ ਬਣਾਓ। ਬੂਟਿਆਂ ਨੂੰ ਪਾਣੀ ਪਾਓ। ਤ੍ਰੇਲ ਭਿੱਜੇ ਘਾਹ 'ਤੇ ਟਹਿਲਣ ਦਾ ਲੁਤਫ ਉਠਾਓ। ਰਾਤ ਨੂੰ ਘਰ ਦੀ ਛੱਤ 'ਤੇ ਚੜ੍ਹ ਕੇ ਅਸਮਾਨ ਵਿਚ ਟਿਮਟਿਮਾਉਂਦੇ ਤਾਰਿਆਂ ਨਾਲ ਸੰਵਾਦ ਰਚਾਓ। ਉਨ੍ਹਾਂ ਦੀਆਂ ਕਿਰਨਾਂ ਨੂੰ ਸੋਚ-ਜ਼ਮੀਂ ਵਿਚ ਉਗਾਓ, ਜੋ ਤੁਹਾਡੇ ਲਈ ਰੌਸ਼ਨ ਮਾਰਗ ਬਣ ਸਕਣ। ਲੰਮੇ ਲੰਮੇ ਸਾਹ ਲਓ। ਆਉਂਦੇ-ਜਾਂਦੇ ਸਾਹਾਂ ਦੀ ਤਰਕ-ਸੰਗਤਾ ਨੂੰ ਜੀਵਨ-ਜੋਤ ਨਾਲ ਜੋੜੋ। ਰੂਹ ਦੇ ਦਰਵਾਜੇ ਖੋਲ੍ਹੋ। ਇਸ ਨੂੰ ਸੂਖਮ, ਸਹਿਜਭਾਵੀ ਅਤੇ ਸੁਖਨਮਈ ਪਲਾਂ ਦਾ ਟਿਕਾਣਾ ਬਣਾਓ। ਤੁਹਾਡੀ ਰੂਹ-ਰੰਗਰੇਜ਼ਤਾ ਵਿਚੋਂ ਹੀ ਰੂਹ ਦੀ ਅਮੀਰੀ ਅਤੇ ਇਲਹਾਮੀ ਦਾ ਅੰਦਾਜ਼ ਨਜ਼ਰ ਆਵੇਗਾ।

ਅਜਿਹੇ ਮੌਕਿਆਂ 'ਤੇ ਬਿਮਾਰੀ ਅਤੇ ਮੌਤ ਦਾ ਡਰ ਤਾਂ ਹੁੰਦਾ ਹੈ, ਪਰ ਇਸ ਨੂੰ ਹਊਆ ਨਾ ਬਣਾਓ। ਇਕ-ਦੂਜੇ ਤੋਂ ਕੁਝ ਦੂਰੀ ਤਾਂ ਬਣਾਓ, ਪਰ ਮਨ ਦੀ ਨੇੜਤਾ ਨੂੰ ਹੋਰ ਵਧਾਓ। ਆਪੋ ਆਪਣੇ ਘਰਾਂ ਵਿਚ ਬੰਦ ਰਹੋ, ਪਰ ਸੁੰਗੜੋ ਨਾ, ਸਗੋਂ ਬਿਪਤਾ ਵਿਚ ਘਿਰੇ ਆਪਣਿਆਂ ਨਾਲ ਹੋਰ ਗੂੜ੍ਹਾ ਰਾਬਤਾ ਬਣਾਓ, ਜਿਨ੍ਹਾਂ ਨੂੰ ਤੁਹਾਡੀ ਪਹਿਲਾਂ ਨਾਲੋਂ ਵੱਧ ਲੋੜ ਹੈ। ਅਜਿਹੇ ਮੌਕੇ 'ਤੇ ਦਿਲਾਂ ਵਿਚ ਪਿਆਰ ਨੂੰ ਮੌਲਣ ਦਿਓ ਅਤੇ ਘ੍ਰਿਣਾ, ਰੰਜਿਸ਼, ਨਫਰਤ ਜਾਂ ਮਨ-ਮੁਟਾਵ ਨੂੰ ਰੁਕਾਵਟ ਨਾ ਬਣਨ ਦਿਓ। ਕੋਈ ਵੀ ਬਿਪਤਾ ਇਕੱਠੇ ਹੋ ਕੇ ਸਦਾ ਲਈ ਟਾਲੀ ਜਾ ਸਕਦੀ ਏ। 'ਕੱਲੇ ਰਹੇ ਤਾਂ ਬਿਪਤਾ ਸਾਹਵੇਂ ਹਾਰ ਜਾਵੋਗੇ। ਸੋ ਲੋੜ ਹੈ, ਕਰੋਨਾ 'ਤੇ ਜਿੱਤ ਹਾਸਲ ਕਰਨ ਲਈ ਸਾਰੇ ਹੰਭਲਾ ਮਾਰੀਏ। ਹਾਰ ਜਾਣ ਵਾਲੇ ਲੋਕ ਤਹਿਜ਼ੀਬ ਵਿਚੋਂ ਸਦਾ ਲਈ ਮਿਟ ਜਾਂਦੇ ਨੇ। ਸਦਾ ਜਿਉਂਦੀਆ ਨੇ ਉਹ ਕੌਮਾਂ, ਜਿਨ੍ਹਾਂ ਨੇ ਆਪਣੀ ਹਿੰਮਤ, ਦਲੇਰੀ ਅਤੇ ਫਰਾਖਦਿਲੀ ਨਾਲ ਅਜਿਹੀਆਂ ਅਣਹੋਣੀਆਂ ਨੂੰ ਹਰਾਇਆ ਏ। ਕੋਈ ਵੀ ਮਹਾਂਮਾਰੀ, ਮਨੁੱਖ ਦਾ ਇਮਤਿਹਾਨ ਹੁੰਦਾ, ਜੋ ਮਨੁੱਖ ਦੇ ਹੌਸਲੇ ਤੋਂ ਕਦੇ ਵੀ ਵੱਡਾ ਨਹੀਂ ਹੁੰਦਾ। ਸਿਰਫ ਮਨ ਵਿਚ ਇਸ ਨਾਲ ਲੜਨ ਅਤੇ ਇਸ ਨੂੰ ਹਰਾਉਣ ਦੀ ਸੋਚ ਹੀ ਹਾਵੀ ਹੋਣੀ ਚਾਹੀਦੀ ਹੈ।

ਜ਼ਿੰਦਗੀ ਹਮੇਸ਼ਾ ਜ਼ਿੰਦਾਬਾਦ ਸੀ, ਜ਼ਿੰਦਾਬਾਦ ਹੈ ਅਤੇ ਸਦਾ ਜ਼ਿੰਦਾਬਾਦ ਰਹੇਗੀ। ਲੋੜ ਅਜਿਹੇ ਮੌਕੇ ਹਨੇਰੇ ਵਿਚੋਂ ਰਿਸ਼ਮਾਂ ਭਾਲਣ ਅਤੇ ਇਨ੍ਹਾਂ ਦੀ ਕੰਨੀਂ ਫੜ ਕੇ ਰੌਸ਼ਨ ਰਾਹਾਂ ਵੰਨੀਂ ਕਦਮ ਵਧਾਉਣ ਦੀ ਹੈ। ਉਸਾਰੂ ਬਿਰਤੀ ਹੀ ਸਾਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਕਰਦੀ, ਵਿਨਾਸ਼ਕਾਰੀ ਹਾਲਾਤ ਨੂੰ ਹਰਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਅਜਿਹੀ ਜ਼ਿਕਰਯੋਗ ਭੂਮਿਕਾ ਨਿਭਾਉਣ ਦੀ, ਹੁਣ ਮਨੁੱਖ ਦੀ ਵਾਰੀ ਹੈ। ਆਸ ਹੈ, ਮਨੁੱਖ ਕਦੇ ਵੀ ਮਨੁੱਖਤਾ ਨੂੰ ਨਿਰਾਸ਼ ਨਹੀਂ ਕਰੇਗਾ।


## ਕਿਹੋ ਜਿਹੇ ਦਿਨ

ਕਿਹੋ ਜਿਹੇ ਆਏ ਦਿਨ,
ਦਹਿਸ਼ਤ ਵਿਚ ਲੰਘਾਏ ਦਿਨ।
ਕਰੋਨਾ ਉਗ੍ਰ ਹਰ ਥਾਂ ਹਾਵੀ,
ਅੰਦਰੀਂ ਤਾੜ ਬਿਠਾਏ ਦਿਨ।
ਛੂਤ ਛਾਤ ਦਾ ਰੋਗ ਅਵੱਲਾ,
ਝਟਪਟ ਲਾਗ ਫੈਲਾਏ ਦਿਨ।
ਨਾ ਪੱਪੀ, ਨਾ ਜੱਫੀ ਪਾਉਣੀ,
ਨਾ ਕੋ ਤਨ ਹੰਢਾਏ ਦਿਨ।
ਅਜਨਬੀਆਂ ਤੋਂ ਦੂਰੀ ਰੱਖੋ,
ਦੂਰੋਂ ਫਤਿਹ ਬੁਲਾਏ ਦਿਨ।
ਜੀਵਨ ਗਤੀ ਰੁਕ'ਗੀ ਥਾਂਏਂ,
ਰੰਗ 'ਚ ਭੰਗ ਮਿਲਾਏ ਦਿਨ।
ਗਲੀ ਬਾਜ਼ਾਰ ਸੁੰਨੇ ਹੋ ਗਏ,
ਉਲੂ ਮਰਸੀਆ ਗਾਏ ਦਿਨ।
ਵਿਦੇਸ਼ੀਆਂ ਤੋਂ ਕੰਨੀ ਖਿਸਕੌਂਦੇ,
ਹੁਣ ਨਾ ਅੱਖ ਮਿਲਾਏ ਦਿਨ।
ਬਚ ਜਾਓ ਜੇ ਬਚਿਆ ਜਾਂਦਾ,
ਵਾਇਰਸ ਦਨਦਨਾਏ ਦਿਨ।
ਸਬਰ ਸੰਕੋਚ ਜਾਬਤਾ ਰੱਖੋ,
'ਪੰਨੂ' ਗੁਰ ਸਮਝਾਏ ਦਿਨ।

-ਚਰਨਜੀਤ ਸਿੰਘ ਪੰਨੂ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਹਮਣੇ ਮੁੱਖ ਚੁਣੌਤੀਆਂ

ਚੁਣੌਤੀਆਂ ਵਿਚੋਂ ਪੈਦਾ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੌਤੀ ਮੁਕਤ ਕਦੇ ਵੀ ਨਹੀਂ ਸੀ; ਪਰ ਜਿਹੋ ਜਿਹੀਆਂ ਚੁਣੌਤੀਆਂ ਵਿਚੋਂ ਸ਼੍ਰੋਮਣੀ ਕਮੇਟੀ ਪੈਦਾ ਹੋਈ ਸੀ, ਉਸ ਵੇਲੇ ਦਾ ਸੰਵਿਧਾਨ ਅਤੇ ਸਿਆਸਤ ਅੱਜ ਜਿਹਾ ਨਹੀਂ ਸੀ। ਅੰਗਰੇਜ਼ ਹਕੂਮਤ ਦਾ ਸਿੱਖਾਂ ਪ੍ਰਤੀ ਨਜ਼ਰੀਆ ਬਹੁਤ ਸੋਚ ਸਮਝ ਕੇ ਬਣਾਇਆ ਗਿਆ ਸਿਆਸੀ ਨਜ਼ਰੀਆ ਸੀ ਅਤੇ ਇਹੀ ਸਿੱਖਾਂ ਦੀਆਂ ਸੰਸਥਾਵਾਂ ਪ੍ਰਤੀ ਪਿਆਰ ਤੇ ਸਿਆਸਤ ਦੀਆਂ ਨਫਰਤੀ ਤੱਦੀਆਂ ਵਿਚਾਲੇ ਵੰਡਿਆ ਹੋਇਆ ਵੀ ਸੀ। ਭਾਰਤ ਵਿਚ ਜੇ ਕਿਸੇ ਘਟਗਿਣਤੀ ਪ੍ਰਤੀ ਸਿਆਸੀ ਦ੍ਰਿਸ਼ਟੀਕੋਣ ਬਣਾਉਣ ਲਈ ਸਮੇਂ ਦੀ ਸਰਕਾਰ ਵੱਲੋਂ ਏਨੀ ਮਿਹਨਤ ਕੀਤੀ ਗਈ ਸੀ, ਤਾਂ ਉਹ ਸਿਰਫ ਤੇ ਸਿਰਫ ਸਿੱਖ ਹੀ ਸਨ। ਅਜਿਹਾ ਸਿੱਖ ਸੁਭਾ ਨੂੰ ਕਾਬੂ ਕਰਨ ਲਈ ਕੀਤੀ ਗਈ ਮਿਹਨਤ ਦਾ ਸਿੱਟਾ ਸੀ। ਇਸ ਮਿਹਨਤ ਨਾਲ ਜੁੜਿਆ ਸਿੱਖ ਸਾਹਿਤ ਇਹੀ ਦੱਸਦਾ ਹੈ ਕਿ ਸਿੱਖ ਨਾਬਰੀ ਨੂੰ ਇਤਿਹਾਸ ਰਾਹੀਂ ਸਮਝਣ ਦੀ ਕੋਸ਼ਿਸ਼ ਤਾਂ ਹੁੰਦੀ ਰਹੀ ਸੀ, ਪਰ ਇਸੇ ਨੂੰ ਗੁਰਬਾਣੀ ਰਾਹੀਂ ਸਮਝਣ ਦੀ ਕੋਸ਼ਿਸ਼ ਬਹੁਤ ਘੱਟ ਨਜ਼ਰ ਆਉਂਦੀ ਹੈ। ਇਸ ਦੇ ਬਾਵਜੂਦ ਜਿਨ੍ਹਾਂ ਸਿੱਖਾਂ ਨੇ ਮੁਗਲ ਸਲਤਨਤ ਨੂੰ ਹਰਾ ਲਿਆ ਸੀ, ਉਹੀ ਸਿੱਖ ਰਾਜ ਭਾਗ ਦੇ ਮਾਲਕ ਹੁੰਦਿਆਂ ਅੰਗਰੇਜ਼ਾਂ ਤੋਂ ਕਿਉਂ ਤੇ ਕਿਵੇਂ ਹਾਰ ਗਏ ਸਨ? ਇਸ ਬਾਰੇ ਨਿੱਠ ਕੇ ਸੋਚੇ ਤੇ ਸਮਝੇ ਜਾਣ ਦੀ ਲੋੜ ਤਾਂ ਹੈ, ਪਰ ਇਸ ਪਾਸੇ ਕੋਸ਼ਿਸ਼ ਅਜੇ ਹੋਣੀ ਹੈ। ਅੰਗਰੇਜ਼ਾਂ ਦੀ ਤਾਕਤ ਉਨ੍ਹਾਂ ਦੀ ਵਿਉਂਤਬੰਦੀ ਅਤੇ ਪ੍ਰਬੰਧਨ ਵਿਚ ਸੀ, ਪਰ ਸਿੱਖਾਂ ਦੀ ਤਾਕਤ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਟੁੱਟ ਸ਼ਰਧਾ ਵਿਚ ਸੀ। ਦੋਵੇਂ ਆਪੋ ਆਪਣੇ ਕਾਰਨਾਂ ਕਰਕੇ ਇਕ ਦੂਜੇ ਲਈ ਚੁਣੌਤੀਆਂ ਪੈਦਾ ਕਰਦੇ ਰਹੇ ਸਨ।



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਸਿੱਖਾਂ ਨੂੰ ਸਿਆਸੀ ਜੂਲੇ ਹੇਠ ਲਿਆਉਣ ਦੀ ਕੋਸ਼ਿਸ਼ ਤਾਂ ਨਵਾਬੀ ਦੇ ਕੇ ਮੁਗਲਾਂ ਨੇ ਵੀ ਕੀਤੀ ਸੀ ਅਤੇ ਕਿਸਾਨੀ ਖੁਸ਼ਹਾਲੀ ਦਾ ਪ੍ਰਬੰਧ ਕਰਕੇ ਅੰਗਰੇਜ਼ਾਂ ਨੇ ਵੀ ਕੀਤੀ ਸੀ। ਦੋਹਾਂ ਹੀ ਹਕੂਮਤੀ ਧਿਰਾਂ ਨੂੰ ਬਰਾਸਤਾ ਸਿੱਖ ਸੰਸਥਾਵਾਂ, ਬਾਣੀ ਅਤੇ ਸਿੱਖ ਦੀ ਉਸ ਤਰ੍ਹਾਂ ਸਮਝ ਨਹੀਂ ਸੀ ਆਈ, ਜਿਸ ਤਰ੍ਹਾਂ ਦੋਹਾਂ ਨੇ ਇਤਿਹਾਸਕ ਹਵਾਲਿਆਂ ਰਾਹੀਂ ਸਿੱਖਾਂ ਨੂੰ ਸਮਝਣ ਦੀ ਕੋਸ਼ਿਸ਼ ਵਿਚ ਕਿਸੇ ਹੱਦ ਤੱਕ ਸਫਲਤਾ ਹਾਸਲ ਕਰ ਲਈ ਸੀ। ਇਸ ਕਰਕੇ ਸਿੱਖ-ਨਾਬਰੀ ਨੂੰ ਪ੍ਰਬੰਧਨ ਵਿਚ ਸਮੇਂ ਸਮੇਂ ਦੀਆਂ ਹਕੂਮਤਾਂ ਨੂੰ ਮੁਸ਼ਕਿਲਾਂ ਆਉਂਦੀਆਂ ਰਹੀਆਂ ਸਨ ਅਤੇ ਇਨ੍ਹਾਂ ਨਾਲ ਨਜਿੱਠਣ ਦੀਆਂ ਵਧੀਕੀਆਂ ਵੀ ਹੁੰਦੀਆਂ ਰਹੀਆਂ, ਜੋ ਸਿੱਖਾਂ ਦਾ ਰਾਹ ਰੋਕਣ ਦੀ ਥਾਂ ਸਿੱਖ ਸੁਭਾ ਨੂੰ ਬਾਜ ਵਾਂਗ ਉਚਾ ਉਡਣ ਦਾ ਬਲ ਬਖਸ਼ਦੀਆਂ ਰਹੀਆਂ। ਇਹ ਗੱਲ ਸਿੱਖ ਮਿਸਲਾਂ ਦੇ ਸੰਘਰਸ਼ ਦੇ ਹਵਾਲੇ ਨਾਲ ਵੀ ਸਮਝੀ ਜਾ ਸਕਦੀ ਹੈ ਅਤੇ ਸਿੱਖ ਰਾਜ ਦੇ ਹਵਾਲੇ ਨਾਲ ਵੀ।

ਸਿੱਖ ਰਾਜ ਦਾ ਸਭ ਤੋਂ ਵੱਧ ਲਾਭ ਇਹ ਹੋਇਆ ਸੀ ਕਿ ਕੌਮੀਅਤ ਦੇ ਜੋ ਬੀਜ ਗੁਰੂ ਚਿੰਤਨ ਰਾਹੀਂ ਭਾਰਤ ਵਿਚ ਪਹਿਲੀ ਵਾਰ ਬੀਜੇ ਗਏ ਸਨ, ਉਨ੍ਹਾਂ ਦਾ ਅਹਿਸਾਸੀ ਫਖਰ ਆਮ ਸਿੱਖ ਤੱਕ ਪਹੁੰਚ ਗਿਆ ਸੀ। ਇਸ ਅਹਿਸਾਸੀ ਫਖਰ ਨੂੰ ਸੋਹਣ ਸਿੰਘ ਸੀਤਲ ਨੇ 'ਸਿੱਖ ਰਾਜ ਕਿਵੇਂ ਗਿਆ?' ਵਿਚ ਬੜੀ ਰੀਝ ਨਾਲ ਗੁੰਨ੍ਹਿਆ ਹੋਇਆ ਹੈ ਅਤੇ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਇਸ ਦੀਆਂ ਅਕਾਦਮਿਕ ਪਰਤਾਂ ਦਸਤਾਵੇਜ਼ੀ ਸੁਰ ਵਿਚ ਸਾਂਭੀਆਂ ਹੋਈਆਂ ਹਨ। ਇਹ ਦੋਵੇਂ ਪਰਤਾਂ ਕਾਲੋਨੀਅਲ ਚੇਤਨਾ ਦਾ ਹਿੱਸਾ ਨਹੀਂ ਸਨ ਬਣੀਆਂ। ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿੱਖ ਚਿੰਤਨ ਨੂੰ ਸਿੱਖ ਰਾਜ ਦਾ ਉਹੋ ਜਿਹਾ ਕੋਈ ਲਾਭ ਨਹੀਂ ਹੋਇਆ ਸੀ, ਜਿਹੋ ਜਿਹਾ ਕਾਲੋਨੀਅਲ ਹਕੂਮਤ ਰਾਹੀਂ ਈਸਾਈਅਤ ਨੂੰ ਹੋ ਰਿਹਾ ਸੀ ਅਤੇ ਮੁਗਲ ਹਕੂਮਤ ਰਾਹੀਂ ਮੁਸਲਮਾਨਾਂ ਨੂੰ ਹੁੰਦਾ ਰਿਹਾ। ਕਾਰਨ ਇਹ ਸੀ ਕਿ ਸਿੱਖ ਸਿਆਸਤਦਾਨਾਂ ਨੇ ਜਿਸ ਤਰ੍ਹਾਂ ਰਾਜ ਭਾਗ ਪ੍ਰਾਪਤ ਕਰਨ ਲਈ ਮਿਹਨਤ ਕੀਤੀ ਸੀ, ਉਸ ਤਰ੍ਹਾਂ ਸਿੱਖ ਚੇਤਨਾ ਨੂੰ ਸੰਭਾਲਣ ਅਤੇ ਵਰਤਣ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ। ਇਸ ਘਾਟ ਨੂੰ ਸਿੰਘ ਸਭਾ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ, ਕਿਉਂਕਿ ਸਿੰਘ ਸਭਾਈ ਚੇਤਨਾ ਨੇ ਪਹਿਲੀ ਵਾਰ ਦੇਸ਼ ਦੇ ਵਿਧਾਨ ਵਿਚ ਪ੍ਰਾਪਤ ਸੰਭਾਵਨਾਵਾਂ ਨੂੰ ਸਿੱਖੀ ਦੇ ਹੱਕ ਵਿਚ ਵਰਤਿਆ ਸੀ। ਭਾਈ ਵੀਰ ਸਿੰਘ ਵੱਲੋਂ ਚਲਾਈ ਗਈ ਟ੍ਰੈਕਟ ਸੁਸਾਇਟੀ, ਈਸਾਈਅਤ ਦੇ ਪ੍ਰਚਾਰ ਪਸਾਰ ਵਾਸਤੇ ਕਾਲੋਨੀਅਲ ਹਕੂਮਤ ਵੱਲੋਂ ਬਣਾਈ ਗਈ ਨੀਤੀ ਮੁਤਾਬਕ ਹੀ ਚਲਾਈ ਜਾ ਰਹੀ ਸੀ। ਇਸ ਨਾਲ ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿੱਖ ਅਧਿਆਤਮ ਨੂੰ ਆਮ ਪੰਜਾਬੀ ਤੱਕ ਪਹੁੰਚਾਇਆ ਜਾ ਰਿਹਾ ਸੀ।

ਸਿੰਘ ਸਭਾ ਲਹਿਰ ਵਿਚੋਂ ਹੀ ਗੁਰਦੁਆਰਾ ਸੁਧਾਰ ਲਹਿਰ ਪੈਦਾ ਹੋਈ ਅਤੇ ਇਸ ਲਹਿਰ ਦਾ ਹਾਸਲ 1925 ਦੇ ਐਕਟ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ ਸਾਹਮਣੇ ਆਇਆ। ਇਸ ਨਾਲ ਇਹ ਨੁਕਤਾ ਸਾਹਮਣੇ ਲਿਆਂਦਾ ਜਾ ਰਿਹਾ ਹੈ ਕਿ ਗੁਰਦੁਆਰਾ ਪ੍ਰਬੰਧ ਲਈ ਜਿਸ ਮਾਤਰਾ ਵਿਚ ਸਿੰਘ ਸਭਾਈ ਚੇਤਨਾ ਸਪਸ਼ਟ ਸੀ, ਉਸੇ ਨੂੰ ਧਿਆਨ ਵਿਚ ਰੱਖ ਕੇ 1925 ਦਾ ਗੁਰਦੁਆਰਾ ਐਕਟ ਬਣਾਇਆ ਗਿਆ ਸੀ। ਉਸ ਵੇਲੇ ਦੇ ਹਾਲਾਤ ਮੁਤਾਬਕ ਇਹ ਐਕਟ ਸਿੱਖਾਂ ਵੱਲੋਂ ਅਤੇ ਸਿੱਖਾਂ ਵਾਸਤੇ ਗੁਰਦੁਆਰਿਆਂ ਦੇ ਪ੍ਰਬੰਧਕੀ ਵਿਧਾਨ ਬਾਰੇ ਸਾਂਝੀ ਸਿੱਖ ਸਮਝ ਇਹੀ ਬਣੀ ਸੀ ਕਿ ਗੁਰਦੁਆਰਿਆਂ 'ਤੇ ਕਾਬਜ ਹੋ ਗਈ ਮਹੰਤਗਿਰੀ ਦੀ ਥਾਂ ਗੁਰਦੁਆਰਿਆਂ ਦੇ ਸਿੱਧੇ ਸਿੱਖ ਪ੍ਰਬੰਧ ਵਿਚ ਇਹ ਐਕਟ ਮਦਦ ਕਰੇਗਾ। ਅਜਿਹਾ ਹੋ ਵੀ ਗਿਆ ਸੀ, ਕਿਉਂਕਿ ਮੁੱਢ ਵਿਚ ਸੰਗਤੀ ਸੁਰ ਵਿਚ ਪ੍ਰਵਾਨਤ ਸਿੱਖ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣਦੇ ਰਹੇ ਸਨ। ਇਸ ਨਾਲ ਹਕੂਮਤ ਦੀ ਮਰਜੀ ਨਾਲ ਹੁੰਦਾ ਆ ਰਿਹਾ ਗੁਰਦੁਆਰਿਆਂ ਵਿਚ ਪ੍ਰਬੰਧਕੀ ਦਖਲ ਲਗਭਗ ਖਤਮ ਹੋਇਆ ਲੱਗਣ ਲੱਗ ਪਿਆ ਸੀ ਅਤੇ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਵਜੋਂ ਸਾਹਮਣੇ ਆਉਣ ਲੱਗ ਪਈ ਸੀ।

ਦੇਸ਼ ਦੀ ਅਜ਼ਾਦੀ (1947) ਤੱਕ ਸ਼੍ਰੋਮਣੀ ਕਮੇਟੀ ਲਈ ਚੁਣੌਤੀਆਂ ਹੋ ਸਕਣ ਵਾਲੇ ਮੌਕੇ ਉਸ ਤਰ੍ਹਾਂ ਪੈਦਾ ਨਹੀਂ ਹੋਏ ਸਨ, ਜਿਸ ਤਰ੍ਹਾਂ ਦੇਸ਼ ਦੀ ਅਜ਼ਾਦੀ ਨਾਲ ਪੈਦਾ ਹੋ ਰਹੀ ਸਿਆਸਤ ਦੇ ਪੈਰੋਂ ਪੈਦਾ ਹੋ ਗਏ ਸਨ। ਦੇਸ਼ ਨੂੰ ਵਿਦੇਸ਼ੀ ਹੁਕਮਰਾਨਾਂ ਤੋਂ ਅਜ਼ਾਦੀ ਮਿਲਣ ਦਾ ਫੈਸਲਾ ਜਿਵੇਂ ਜਿਵੇਂ ਨੇੜੇ ਆਉਂਦਾ ਗਿਆ ਸੀ, ਤਿਵੇਂ ਤਿਵੇਂ ਦੇਸ਼ ਵਿਚਲੇ ਘਟਗਿਣਤੀ ਭਾਈਚਾਰਿਆਂ ਨੂੰ ਆਪੋ ਆਪਣੀ ਅਜ਼ਾਦੀ ਦੇ ਫਿਕਰ ਨਾਲ ਜੁੜੀ ਸਿਆਸਤ ਸਾਹਮਣੇ ਆਉਣ ਲੱਗ ਪਈ ਸੀ। ਦੋ ਕੌਮਾਂ ਦੀ ਸਿਆਸਤ ਦਾ ਮੁੱਦਈ ਕੱਟੜ ਹਿੰਦੂ ਵੀਰ ਸਾਵਰਕਰ ਸੀ, ਪਰ ਇਸ ਦਾ ਸਿਆਸੀ ਲਾਹਾ ਮੁਹੰਮਦ ਅਲੀ ਜਿਨਾਹ ਨੂੰ ਮਿਲਿਆ। ਜਿਸ ਤਰ੍ਹਾਂ ਲਿਬਰਲ ਮੁਸਲਮਾਨ ਕਾਇਦੇ ਆਜ਼ਮ ਦੀ ਪਿੱਠ 'ਤੇ ਆ ਗਿਆ ਸੀ, ਉਸ ਤਰ੍ਹਾਂ ਲਿਬਰਲ ਹਿੰਦੂ ਵੀਰ ਸਾਵਰਕਰ ਦੀ ਪਿੱਠ 'ਤੇ ਨਹੀਂ ਸੀ ਆਇਆ। ਜਿਸ ਤਰ੍ਹਾਂ ਨਵਾਂ ਇਸਲਾਮਿਕ ਦੇਸ਼ ਪਾਕਿਸਤਾਨ ਬਣਿਆ, ਉਸ ਤਰ੍ਹਾਂ ਭਾਰਤ ਹਿੰਦੂ ਦੇਸ਼ ਨਹੀਂ ਸੀ ਬਣ ਸਕਿਆ। ਅਹਿਲ-ਏ-ਹਕੂਮਤ ਰਹਿਣ ਕਰਕੇ ਸੁਤੰਤਰ ਸਿੱਖ ਖਿੱਤੇ ਦੀ ਰੀਝ ਨੂੰ ਸਿਆਸੀ ਬੂਰ ਪੈਣ ਦੀ ਥਾਂ ਸਿੱਖਾਂ ਕੋਲ ਚੋਣ ਇਸਲਾਮਿਕ ਦੇਸ਼ ਅਤੇ ਲੋਕਤੰਤਰੀ ਦੇਸ਼ ਵਿਚੋਂ ਕਿਸੇ ਇਕ ਨਾਲ ਜਾ ਸਕਣ ਦੀ ਹੀ ਬਚੀ ਸੀ। ਇਥੋਂ ਹੀ ਸਿੱਖ ਸਿਆਸਤ ਦਾ ਉਹ ਦੌਰ ਸ਼ੁਰੂ ਹੋਇਆ, ਜੋ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਚੁਣੌਤੀਆਂ ਦਾ ਸੋਮਾ ਹੁੰਦਾ ਗਿਆ।

ਸ਼੍ਰੋਮਣੀ ਕਮੇਟੀ ਦੀਆਂ ਚੁਣੌਤੀਆਂ ਨੂੰ ਆਪਣਿਆਂ ਵੱਲੋਂ, ਬੇਗਾਨਿਆਂ ਅਤੇ ਸਿੱਖ ਸਿਆਸਤਦਾਨਾਂ ਵੱਲੋਂ ਪੈਦਾ ਕੀਤੀਆਂ ਗਈਆਂ ਚੁਣੌਤੀਆਂ ਵਿਚ ਵੰਡ ਕੇ ਸੌਖਿਆਂ ਸਮਝਿਆ ਜਾ ਸਕਦਾ ਹੈ। ਆਪਣਿਆਂ ਵੱਲੋਂ ਪ੍ਰਾਪਤ ਮੌਕਿਆਂ ਨੂੰ ਪੰਥਕ ਸ਼ਿਕੰਜੇ ਵਿਚ ਕੱਸਣ ਦੇ ਸੁਭਾ ਕਰਕੇ ਚੁਣੌਤੀਆਂ ਪੈਦਾ ਹੁੰਦੀਆਂ ਰਹੀਆਂ ਸਨ ਅਤੇ ਬੇਗਾਨਿਆਂ ਵੱਲੋਂ ਪੈਦਾ ਕੀਤੀਆਂ ਚੁਣੌਤੀਆਂ ਵਿਚ 'ਹਮ ਹਿੰਦੂ ਨਹੀਂ' (ਭਾਈ ਕਾਨ੍ਹ ਸਿੰਘ ਨਾਭਾ) ਜਿਹੇ ਮਸਲੇ ਪੈਦਾ ਹੁੰਦੇ ਰਹੇ ਸਨ। ਸਿੱਖ ਸਿਆਸਤਦਾਨਾਂ ਨੇ ਅਜਿਹੀਆਂ ਚੁਣੌਤੀਆਂ ਦੀ ਸਿਆਸਤ ਕਰਦਿਆਂ ਸਿੱਖ ਨੂੰ ਮਹਿਜ਼ ਵੋਟਰ ਹੋਣ ਤੱਕ ਪਹੁੰਚਾ ਦਿੱਤਾ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਸ਼੍ਰੋਮਣੀ ਕਮੇਟੀ ਦਾ ਵਿਚਾਰ ਅੰਗਰੇਜ਼ ਹਕੂਮਤ ਦਾ ਨਹੀਂ, ਸਿੱਖ ਦਾਨਸ਼ਵਰੀ ਦਾ ਸੀ ਅਤੇ 1925 ਦੇ ਐਕਟ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਕਾਰਜਸ਼ੀਲ ਹੋ ਚੁਕੀ ਸੀ। ਇਸ 'ਚ ਰੁਕਾਵਟ ਉਹ ਲੋਕ ਸਨ, ਜੋ ਗੁਰਦੁਆਰਿਆਂ ਦੇ ਪ੍ਰਬੰਧ 'ਤੇ ਕਾਬਜ ਸਨ ਜਾਂ ਕਬਜੇ ਦੀ ਸਿਆਸਤ ਕਰਨਾ ਚਾਹੁੰਦੇ ਸਨ।

ਸ਼੍ਰੋਮਣੀ ਕਮੇਟੀ ਇਸ ਤਰ੍ਹਾਂ ਗੁਰਦੁਆਰਾ ਪ੍ਰਬੰਧ ਵਿਚ ਸੰਭਾਵਿਤ ਕੁਰੀਤੀਆਂ ਵਿਰੁਧ ਚੂਲਕ ਵਿਚਾਰਧਾਰਾ ਸੀ। ਇਸ 'ਤੇ ਪਹਿਰਾ ਦੇ ਕੇ ਹੀ ਸ਼੍ਰੋਮਣੀ ਕਮੇਟੀ ਚੁਣੌਤੀਆਂ ਤੋਂ ਬਚ ਸਕਦੀ ਹੈ। ਇਸ ਦਾ ਅਰਥ ਸਿੱਖ ਪ੍ਰਸੰਗ ਵਿਚ ਇਹੀ ਰਹਿਣਾ




ਹੈ ਕਿ ਗੁਰਦੁਆਰਾ ਪ੍ਰਬੰਧ ਹੀ ਸ਼੍ਰੋਮਣੀ ਕਮੇਟੀ ਦੀ ਮੁੱਖ ਚੁਣੌਤੀ ਰਿਹਾ ਹੈ ਅਤੇ ਰਹਿਣਾ ਵੀ ਹੈ। ਗੁਰਦੁਆਰਾ ਪ੍ਰਬੰਧ ਦੀ ਸਿੱਖ ਸੁਰ ਵਿਚ ਚੂਲ ਸਦਾ ਹੀ ਸੰਗਤੀ ਰਹੀ ਹੈ ਅਤੇ ਰਹਿਣੀ ਹੈ। ਇਸ ਵਿਚ ਵਿਅਕਤੀ ਜਾਂ ਵਿਅਕਤੀਆਂ ਦੇ ਸਿਆਸੀ ਦਖਲ ਨੂੰ ਸਿੱਖ ਧਰਮ ਵਿਚ ਕੋਈ ਥਾਂ ਹੀ ਨਹੀਂ ਹੈ। ਹਾਲਾਤ ਵੱਸ ਵਕਤੀ ਤੌਰ 'ਤੇ ਅਜਿਹੇ ਪ੍ਰਬੰਧਾਂ ਨੂੰ ਪੱਕੇ ਪ੍ਰਬੰਧ ਵਜੋਂ ਕਦੇ ਵੀ ਨਹੀਂ ਲਿਆ ਗਿਆ ਸੀ। ਇਸੇ ਕਰਕੇ ਕਿਸੇ ਵੇਲੇ ਉਦਾਸੀਆਂ ਕੋਲ ਗੁਰਦੁਆਰਾ ਪ੍ਰਬੰਧ ਆ ਗਿਆ ਸੀ ਅਤੇ ਇਸ ਨਾਲ ਪਰਿਕਰਮਾ ਵਿਚ ਮੂਰਤੀਆਂ ਵੀ ਪਰਵੇਸ਼ ਕਰ ਗਈਆਂ ਸਨ, ਪਰ ਅਜਿਹੀ ਘੁਸਪੈਠ ਜਿਵੇਂ ਆਉਂਦੀ ਰਹੀ, ਉਵੇਂ ਜਾਂਦੀ ਵੀ ਰਹੀ। ਅੰਗਰੇਜ਼ਾਂ ਦੀ ਆਮਦ ਨਾਲ ਇਹੀ ਮਹੰਤਗਿਰੀ ਹੋ ਗਈ ਅਤੇ ਇਸ ਵਿਰੁਧ ਸਿੱਖਾਂ ਵੱਲੋਂ ਚਲਾਈ ਗਈ ਗੁਰਦੁਆਰਾ ਸੁਧਾਰ ਲਹਿਰ ਦਾ ਨਤੀਜਾ ਹੀ ਸ਼੍ਰੋਮਣੀ ਕਮੇਟੀ ਵਜੋਂ ਸਾਹਮਣੇ ਆ ਗਿਆ।

ਸ਼੍ਰੋਮਣੀ ਕਮੇਟੀ ਨਾਲ ਜੁੜਿਆ ਵਿਧਾਨਕ ਢਾਂਚਾ 1925 ਦਾ ਗੁਰਦੁਆਰਾ ਐਕਟ ਹੈ। ਇਹ ਸੁਭਾ ਵਿਚ ਸਿਆਸੀ ਹੋਣ ਕਰਕੇ ਸੰਗਤੀ ਸੁਰ ਵਿਚ ਸਮਝਣਾ ਤੇ ਰੱਖਣਾ ਸੌਖਾ ਨਹੀਂ ਹੈ। ਇਹੀ ਔਖ ਸ਼੍ਰੋਮਣੀ ਕਮੇਟੀ ਦੀ ਸਥਾਪਤੀ ਦੇ ਨਾਲ ਹੀ ਚੁਣੌਤੀਆਂ ਦੀ ਚੂਲ ਹੋ ਗਈ ਹੈ। ਇਸ ਦੇ ਬਾਵਜੂਦ ਗੁਰਦੁਆਰਾ ਪ੍ਰਬੰਧ ਦੇ ਇਸ ਢਾਂਚੇ ਨੂੰ ਉਸ ਵੇਲੇ ਦੀ ਸਿੱਖ ਚੇਤਨਾ ਨੇ ਪ੍ਰਵਾਨ ਕਰ ਲਿਆ ਸੀ। ਇਸ ਨੂੰ ਵੱਧ ਤੋਂ ਵੱਧ ਗੁਰਦੁਆਰਿਆਂ ਦਾ ਸਿੱਖ ਪ੍ਰਬੰਧ ਰੱਖਣ ਦੀਆਂ ਕੋਸ਼ਿਸ਼ਾਂ ਵੀ ਹੁੰਦੀਆਂ ਰਹੀਆਂ ਅਤੇ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ।

1925 ਦੇ ਐਕਟ ਨੂੰ ਅਜੇ ਸੌ ਸਾਲ ਵੀ ਨਹੀਂ ਹੋਏ, ਪਰ ਇਸ ਦੀ ਵਿਧਾਨਕਤਾ ਨਾਲ ਨਿਭਣ ਦੀਆਂ ਦੁਸ਼ਵਾਰੀਆਂ ਲਗਾਤਾਰ ਸਾਹਮਣੇ ਆਉਂਦੀਆਂ ਰਹੀਆਂ। ਇਸ ਵੇਲੇ ਹਾਲਤ ਇਹ ਹੋ ਗਈ ਹੈ ਕਿ 1925 ਦੀ ਵਿਧਾਨਕਤਾ ਨੂੰ ਦੇਸ਼ ਦੀ ਧਰਮ ਨਿਰਪੇਖ ਵਿਧਾਨਕਤਾ ਨਾਲ ਨਿਭਣ ਦੀਆਂ ਮਜਬੂਰੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਨਾਲ ਅਕਾਲ ਤਖਤ ਸਾਹਿਬ ਜਿਹੀ ਪੰਥਕ ਸੰਸਥਾ ਦੇ ਸਿਆਸੀ ਅਪਹਰਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਵੇਖਣ ਨੂੰ ਇਹ ਸਥਿਤੀ ਸ਼੍ਰੋਮਣੀ ਕਮੇਟੀ ਨੇ ਆਪ ਪੈਦਾ ਕੀਤੀ ਹੈ, ਪਰ ਅਸਲ ਵਿਚ ਇਸ ਦੀ ਜ਼ਿੰਮੇਵਾਰੀ ਬਰਾਸਤਾ ਸ਼੍ਰੋਮਣੀ ਕਮੇਟੀ ਸਿੱਖ ਸਿਆਸਤਦਾਨਾਂ 'ਤੇ ਆਉਂਦੀ ਹੈ। ਇਸ ਨੂੰ ਅੰਦਰੋਂ ਨਾ ਸੁਲਝਾਇਆ ਗਿਆ ਤਾਂ ਗੁਰਦੁਆਰਾ ਸੁਧਾਰ ਲਹਿਰ ਦੂਜੀ ਦੀ ਲੋੜ ਤੋਂ ਨਹੀਂ ਬਚਿਆ ਜਾ ਸਕੇਗਾ? ਕਾਰਨ ਇਹ ਹੈ ਕਿ ਧਰਮ ਦੀ ਦ੍ਰਿਸ਼ਟੀ ਤੋਂ ਸ਼੍ਰੋਮਣੀ ਕਮੇਟੀ ਸੇਵਾ ਖਾਤਰ ਮਿਲਿਆ ਮੌਕਾ ਹੈ, ਪਰ ਸਿੱਖ ਸਿਆਸਤ ਮੁਤਾਬਕ ਸ਼੍ਰੋਮਣੀ ਕਮੇਟੀ ਸੇਵਾ ਵਾਸਤੇ ਮਿਲੀ ਸੱਤਾ ਹੈ। ਇਸ ਨਾਲ ਸ਼੍ਰੋਮਣੀ ਕਮੇਟੀ ਅਤੇ ਸਿੱਖ ਸਿਆਸਤ ਵਿਚਾਲੇ ਤਣਾਓ ਰਹਿਣਾ ਕੁਦਰਤੀ ਹੈ। ਇਸ ਨੂੰ ਸ਼ਾਹ ਮੁਹੰਮਦ ਦੇ ਇਨ੍ਹਾਂ ਬੋਲਾਂ ਰਾਹੀਂ ਸੌਖਿਆਂ ਸਮਝਿਆ ਜਾ ਸਕਦਾ ਹੈ,

ਧਾੜ ਬੁਰਛਿਆਂ ਦੀ ਸਾਡੇ ਪੇਸ਼ ਆਈ
ਕੋਈ ਅਕਲ ਦਾ ਕਰੋ ਇਲਾਜ ਯਾਰੋ।

ਕਿਸੇ ਵੇਲੇ ਗੁਰਦੁਆਰਾ ਪ੍ਰਬੰਧ ਸਿੱਖ ਸਿਆਸਤ ਲਈ ਚੁਣੌਤੀ ਸੀ, ਪਰ ਇਸ ਵੇਲੇ ਸਿੱਖ ਸਿਆਸਤ ਵੱਲੋਂ ਪੈਦਾ ਕੀਤੀਆਂ ਗਈਆਂ ਚੁਣੌਤੀਆਂ ਵਿਚ ਸ਼੍ਰੋਮਣੀ ਕਮੇਟੀ ਘਿਰੀ ਹੋਈ ਹੈ। ਇਹ ਹਾਲਤ ਪੰਜਾਬ ਦੀ ਲਗਾਤਾਰ ਸਿੱਖ ਸੰਸਥਾਵਾਂ ਲਈ ਬਣਦੀ ਰਹੀ ਹੈ ਅਤੇ ਇਸ ਦਾ ਖਮਿਆਜ਼ਾ ਸਿੱਖ ਭਾਈਚਾਰਾ ਲਗਾਤਾਰ ਭੁਗਤਦਾ ਵੀ ਰਿਹਾ ਹੈ। ਇਸ ਨਾਲ ਜਜ਼ਬਾਤੀ ਵਹਿਣ ਵਿਚ ਵਹਿਣ ਦੀਆਂ ਸਿਆਸੀ ਕੋਸ਼ਿਸ਼ਾਂ ਵੀ ਹੁੰਦੀਆਂ ਰਹੀਆਂ ਹਨ। ਨਤੀਜੇ ਅਜਿਹੇ ਹੀ ਨਿਕਲਦੇ ਰਹੇ ਹਨ,

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।

ਇਸ ਦੇ ਬਾਵਜੂਦ ਇਹ ਕਹਿਣ ਤੋਂ ਸੰਕੋਚ ਕੀਤਾ ਜਾਂਦਾ ਰਿਹਾ ਹੈ ਕਿ ਸਿੱਖੀ ਦਾ ਸਿੱਖ ਸਿਆਸਤਦਾਨਾਂ ਦੇ ਹੱਥੋਂ ਲਗਾਤਾਰ ਨੁਕਸਾਨ ਹੁੰਦਾ ਰਿਹਾ ਹੈ। ਇਸ ਵੇਲੇ ਸਿੱਖ ਸਿਆਸਤਦਾਨਾਂ ਵੱਲੋਂ ਸ਼੍ਰੋਮਣੀ ਕਮੇਟੀ 'ਤੇ ਸਿਆਸੀ ਕਬਜ਼ੇ ਨੂੰ ਲੈ ਕੇ ਸਿੱਖ ਭਾਈਚਾਰਾ ਇਕ ਵਾਰ ਫਿਰ ਬਲਦੀ ਦੇ ਬੁੱਥੇ ਆਇਆ ਹੋਇਆ ਹੈ। ਸਿੱਖ ਨਜ਼ਰੀਏ ਤੋਂ ਧਰਮ ਅਤੇ ਸਿਆਸਤ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਲੈ ਕੇ ਚੱਲਣ ਦੇ ਸਿਧਾਂਤ ਨੂੰ 'ਮੀਰੀ ਪੀਰੀ' ਵਜੋਂ ਲਿਆ ਜਾਂਦਾ ਰਿਹਾ ਹੈ। ਜਿਸ ਤਰ੍ਹਾਂ ਮੀਰੀ ਪੀਰੀ ਦੇ ਗੁਰਮਤਿ ਸਿਧਾਂਤ ਨੂੰ ਸਿਆਸਤ ਲਈ ਵਰਤਣ ਦੀਆਂ ਕੋਸ਼ਿਸ਼ਾਂ ਹੋਈਆਂ ਹਨ, ਉਸ ਤਰ੍ਹਾਂ ਇਸ ਦੀ ਸਿਧਾਂਤਕ ਉਸਾਰੀ ਦੇ ਯਤਨ ਨਹੀਂ ਹੋਏ। ਇਸ ਨਾਲ ਮੀਰੀ ਪੀਰੀ ਦਾ ਸਿੱਖ ਪ੍ਰਸੰਗ ਸਥਾਪਤ ਹੋਣ ਦੀ ਥਾਂ ਗੁਆਚਿਆ ਹੈ ਅਤੇ ਇਹੀ ਸ਼੍ਰੋਮਣੀ ਕਮੇਟੀ ਲਈ ਚੁਣੌਤੀ ਵੀ ਬਣਦਾ ਰਿਹਾ ਹੈ। ਇਹ ਤਾਂ ਸਭ ਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦਾ ਗੱਠਜੋੜ ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਪਾਸੇ ਲਗਾਤਾਰ ਤੁਰਿਆ ਰਿਹਾ ਹੈ। ਮਿਸਾਲ ਵਜੋਂ ਜਿਵੇਂ ਸ਼੍ਰੋਮਣੀ ਕਮੇਟੀ ਸਿੱਖ ਸੰਸਥਾ ਹੋਣ ਕਰਕੇ ਧਰਮ ਨਿਰਪੇਖ ਨਹੀਂ ਹੋ ਸਕਦੀ, ਉਸੇ ਤਰ੍ਹਾਂ ਸਿੱਖ ਸਿਆਸਤ ਭਾਰਤੀ ਵਿਧਾਨ ਹੇਠ ਬਣੀ ਹੋਈ ਸਿਆਸੀ ਪਾਰਟੀ ਹੋਣ ਕਰਕੇ ਉਸ ਤਰ੍ਹਾਂ ਪੰਥਕ ਨਹੀਂ ਹੋ ਸਕਦੀ, ਜਿਸ ਤਰ੍ਹਾਂ ਦੇ ਦਾਅਵੇ ਹਰ ਰੰਗ ਦੇ ਸਿੱਖ ਸਿਆਸਤਦਾਨਾਂ ਵੱਲੋਂ ਲਗਾਤਾਰ ਕੀਤੇ ਜਾਂਦੇ ਰਹੇ ਹਨ। ਸਿੱਖ ਸਿਆਸਤ ਕਰਕੇ ਸ਼੍ਰੋਮਣੀ ਕਮੇਟੀ ਨੂੰ ਧਰਮ ਨਿਰਪੇਖ ਹੋਣ ਦੀ ਮਜਬੂਰੀ ਹੰਢਾਉਣੀ ਪੈ ਰਹੀ ਹੈ ਅਤੇ ਸ਼੍ਰੋਮਣੀ ਕਮੇਟੀ ਕਰਕੇ ਸਿੱਖ ਸਿਆਸਤ ਨੂੰ ਪੰਥਕ ਹੋਣ ਦੀ ਮਜਬੂਰੀ ਨਾਲ ਨਿਭਣਾ ਪੈ ਰਿਹਾ ਹੈ। ਅਜਿਹੀ ਸਥਿਤੀ ਵਿਚ ਮਸਲਾ ਇਹ ਪੈਦਾ ਹੋ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇਕੱਲੇ ਅਕਾਲੀਆਂ ਤੋਂ ਹੀ ਨਹੀਂ, ਸਗੋਂ ਹਰ ਕਿਸਮ ਦੇ ਸਿੱਖ ਸਿਆਸਤਦਾਨਾਂ ਤੋਂ ਬਚਾਏ ਜਾਣ ਦੀ ਲੋੜ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ, ਜੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਏਜੰਡਾ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਮੁਕਤ ਕਰਾਉਣ ਦੇ ਦੁਆਲੇ ਉਸਾਰਿਆ ਜਾਵੇ, ਕਿਉਂਕਿ ਕੋਈ ਗੈਰ ਸਿੱਖ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜ ਹੀ ਨਹੀਂ ਸਕਦਾ।

ਵੈਸੇ ਤਾਂ ਵਰਤਮਾਨ ਵਿਚ ਸਿਆਸਤ ਪ੍ਰਧਾਨ ਸਰੋਕਾਰਾਂ ਦਾ ਇਸ ਹੱਦ ਤੱਕ ਬੋਲਬਾਲਾ ਹੋ ਗਿਆ ਹੈ ਕਿ ਸਿਆਸਤ ਮੁਕਤ ਸਿੱਖ ਸੰਸਥਾਵਾਂ ਦੀ ਕਲਪਨਾ ਕਰਨਾ ਵੀ ਔਖਾ ਲੱਗਣ ਲੱਗ ਪਿਆ ਹੈ। ਸਿਆਸਤਦਾਨਾਂ ਨੇ ਸ਼੍ਰੋਮਣੀ ਕਮੇਟੀ ਦੇ ਵੋਟ ਬੈਂਕ ਨੂੰ ਪੂਰੀ ਤਰ੍ਹਾਂ ਅਗਵਾ ਕਰ ਲਿਆ ਹੈ। ਇਸ ਹਾਲਤ ਵਿਚ ਅਜਿਹੇ ਸਿੱਖ ਪਲੈਟਫਾਰਮ ਦੀ ਲੋੜ ਹੈ, ਜਿਸ ਦਾ ਪ੍ਰੋਐਕਟਿਵ ਏਜੰਡਾ ਇਹ ਹੋਵੇ ਕਿ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਮੁਕਤ ਕਰਾ ਕੇ ਹੀ 'ਪੰਥ ਵੱਸੇ ਮੈਂ ਉਜੜਾਂ ਮਨ ਚਾਉ ਘਨੇਰਾ' ਵਾਲੀ ਪੰਥਕ ਪਹਿਲ ਤਾਜ਼ਗੀ ਨੂੰ ਪ੍ਰਚੰਡ ਕੀਤਾ ਜਾ ਸਕਦਾ ਹੈ। ਇਸ ਹਾਲਤ ਵਿਚ ਵੇਖਿਆ ਤੇ ਸਮਝਿਆ ਇਹ ਜਾਣਾ ਚਾਹੀਦਾ ਹੈ:

1. ਇਸ ਵੇਲੇ ਇਕ ਪਾਸੇ ਪੰਥਕ ਦ੍ਰਿਸ਼ਟੀਕੋਣ ਤੋਂ ਸਿਆਸੀ ਸਪੇਸ ਨੱਕੋ ਨੱਕ ਭਰੀ ਪਈ ਹੈ ਅਤੇ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਹਵਾਲੇ ਨਾਲ ਧਾਰਮਿਕ ਸਪੇਸ ਖਾਲੀ ਪਈ ਹੈ। ਇਸ ਨਾਲ ਸਿਆਸਤ ਕੇਂਦਰ ਵਿਚ ਆ ਗਈ ਹੈ ਅਤੇ ਧਰਮ, ਹਾਸ਼ੀਏ 'ਤੇ ਧੱਕਿਆ ਗਿਆ ਹੈ। ਧਰਮ ਨੂੰ ਕੇਂਦਰ ਵਿਚ ਲਿਆਏ ਬਿਨਾ ਸਿੱਖ ਸੰਸਥਾਵਾਂ ਨੂੰ ਸਿਆਸੀ ਅਪਹਰਣ ਤੋਂ ਨਹੀਂ ਬਚਾਇਆ ਜਾ ਸਕਦਾ।

2. ਸਿੱਖ ਭਾਈਚਾਰੇ ਦੀਆਂ ਬਹੁਤੀਆਂ ਸਮੱਸਿਆਵਾਂ ਏਜੰਡਾ ਵਿਹੂਣੀ ਪਹੁੰਚ ਦੇ ਪੈਰੋਂ ਪੈਦਾ ਹੋਈਆਂ ਹਨ। ਦੂਜਿਆਂ ਦੇ ਏਜੰਡੇ ਮੁਤਾਬਕ ਚੱਲ ਰਹੀ ਸਿੱਖ ਸਿਆਸਤ ਸਿੱਖ ਨਜ਼ਰੀਏ ਤੋਂ ਗੁਆ ਵੱਧ ਰਹੀ ਹੈ ਅਤੇ ਬਚਾ ਘੱਟ ਰਹੀ ਹੈ। ਇਸ ਰੀਐਕਟਿਵ ਪਹੁੰਚ ਨੂੰ ਸਿਆਸਤ ਕਹਿ ਸਕਦੇ ਹਾਂ ਅਤੇ ਇਸ ਵਿਚੋਂ ਬਾਹਰ ਆ ਕੇ ਸਿੱਖ ਮਾਨਸਿਕਤਾ ਨੂੰ ਵਿਰਾਸਤੀ ਸੁਰ ਵਿਚ ਉਸਾਰੇ ਜਾਣ ਦੀ ਲੋੜ ਨੂੰ ਸ਼੍ਰੋਮਣੀ ਕਮੇਟੀ ਦੇ ਏਜੰਡੇ ਵਜੋਂ ਉਸਾਰੇ ਜਾਣ ਦੀ ਲੋੜ ਹੈ।

3. ਸਿੱਖੀ ਦਾ ਅਪਹਰਣ ਉਨਾ ਬਾਹਰੋਂ ਨਹੀਂ ਹੋਇਆ, ਜਿੰਨਾ ਅੰਦਰੋਂ ਹੋਇਆ ਹੈ, ਕਿਉਂਕਿ 2% ਤੋਂ ਵੀ ਘੱਟ ਸਿੱਖ ਸਿਆਸਤਦਾਨਾਂ ਦੀਆਂ ਕੀਤੀਆਂ ਦਾ ਖਮਿਆਜ਼ਾ 98% ਸਿੱਖਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਤੋਂ ਮੁਕਤੀ ਦੇ ਏਜੰਡੇ ਲਈ ਪਹਿਲਾ ਪੈਰ ਕਿਸੇ ਨਾ ਕਿਸੇ ਗੁਰੂ ਕੇ ਲਾਲ ਨੂੰ ਤਾਂ ਪੁੱਟਣਾ ਹੀ ਪੈਣਾ ਹੈ। ਇਸੇ ਨੂੰ ਸਿਆਸਤ ਮੁਕਤ ਸ਼੍ਰੋਮਣੀ ਕਮੇਟੀ ਕਿਹਾ ਜਾ ਰਿਹਾ ਹੈ।

4. ਇਸ ਵਾਸਤੇ ਲੋੜੀਂਦੇ ਏਜੰਡੇ ਨੂੰ ਤਿਆਰ ਕਰਨ ਦੀ ਜ਼ਿੰਮੇਵਾਰੀ ਕੌਮ ਦੇ ਅਕਾਦਮੀਸ਼ਨਾਂ ਦੀ ਹੈ ਅਤੇ ਇਸ ਵਾਸਤੇ ਬੁੱਧੀਜੀਵੀਆਂ ਅਤੇ ਚੇਤੰਨ ਸਿੱਖ ਬਜੁਰਗੀ ਨੂੰ ਸਵੈ-ਇੱਛਤ ਗੁਰੂਕਿਆਂ ਵਾਂਗ ਆਪਣੀ ਵਿਹਲ ਸ਼੍ਰੋਮਣੀ ਕਮੇਟੀ ਦੇ ਲੇਖੇ ਲਾ ਦੇਣੀ ਚਾਹੀਦੀ ਹੈ। ਜਾਹਰ ਹੈ ਕਿ ਅਜਿਹਾ ਸ਼੍ਰੋਮਣੀ ਕਮੇਟੀ ਰਾਹੀਂ ਨਹੀਂ, ਸ਼੍ਰੋਮਣੀ ਕਮੇਟੀ ਲਈ ਹੋਣਾ ਚਾਹੀਦਾ ਹੈ।

5. ਮੀਡੀਆ ਦੇ ਇਸ ਯੁੱਗ ਵਿਚ ਇਹ ਭੂਮਿਕਾ 'ਕਿਛੁ ਕਹੀਐ ਕਿਛੁ ਸੁਣੀਐ' ਦੀ ਸੁਰ ਵਿਚ ਸੰਵਾਦੀ ਮਾਹੌਲ ਪੈਦਾ ਕਰਕੇ ਨਿਭਾਈ ਜਾ ਸਕਦੀ ਹੈ। ਅਜਿਹਾ ਲੋੜਵੰਦ ਤੱਕ ਚੱਲ ਕੇ ਜਾਣ ਨਾਲ ਹੀ ਸੰਭਵ ਹੋ ਸਕਦਾ ਹੈ।

ਸ਼੍ਰੋਮਣੀ ਕਮੇਟੀ ਦੀਆਂ ਚੁਣੌਤੀਆਂ ਦਾ ਕਾਰਨ 1925 ਦਾ ਐਕਟ ਓਨਾ ਨਹੀਂ ਹੈ, ਜਿੰਨਾ ਇਸ ਐਕਟ ਨੂੰ ਲੈ ਕੇ ਕੀਤੀ ਜਾ ਰਹੀ ਸਿਆਸਤ ਹੈ। ਐਕਟ ਜਿਥੇ ਪੰਥਕ ਸੁਰ ਵਿਚ ਸੁਤੰਤਰ ਵਿਚਰਨ ਲਈ ਪਦਵੀ ਦੀ ਨੈਤਿਕਤਾ ਦਾ ਰਾਹ ਦਿੰਦਾ ਵੀ ਹੈ, ਉਸ ਨੂੰ ਵੀ ਸ਼੍ਰੋਮਣੀ ਕਮੇਟੀ ਨੇ ਪਦਵੀ ਦੇ ਹੱਕ ਦੀ ਵਿਧਾਨਕਤਾ ਵਿਚ ਆਪ ਹੀ ਕੱਸ ਲਿਆ ਹੈ। ਮਿਸਾਲ ਵਜੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਨੂੰ ਲੈ ਕੇ ਜੋ ਵੀ ਹੋ ਗਿਆ ਹੈ, ਉਸ ਦੀ ਐਕਟ ਵਿਚ ਕਿਧਰੇ ਵਿਵਸਥਾ ਨਹੀਂ ਹੈ। ਇਸ ਪ੍ਰਥਾਏ ਮੇਰਾ ਪੇਸ਼ ਕੀਤਾ ਮਤਾ ਧਰਮ ਪ੍ਰਚਾਰ ਕਮੇਟੀ ਨੇ ਪਾਸ ਵੀ ਕੀਤਾ ਸੀ, ਪਰ ਇਸ 'ਤੇ ਅਮਲ ਨਹੀਂ ਹੋਣ ਦਿੱਤਾ ਗਿਆ। ਰਾਏ ਦੇ ਵਿਰੋਧ ਨੂੰ ਦੁਸ਼ਮਣੀ ਤੱਕ ਲੈ ਕੇ ਜਾਣ ਦੀ ਸਿਆਸਤ ਆਪ ਹੀ ਕਰੀ ਜਾਵਾਂਗੇ ਤਾਂ ਸਿੱਖ ਭਾਈਚਾਰੇ ਨੂੰ ਸ਼ੀਆ ਤੇ ਸੁੰਨੀਆਂ ਵਾਂਗ ਵੰਡਣ ਦੀ ਸਿਆਸਤ ਸ਼੍ਰੋਮਣੀ ਕਮੇਟੀ ਵਾਸਤੇ ਚੁਣੌਤੀ ਹੋ ਜਾਵੇਗੀ। ਐਕਟ ਮੁਤਾਬਕ ਮਿਲੇ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੀ ਵਰਤੋਂ ਨਹੀਂ ਕਰਾਂਗੇ ਤਾਂ ਦੇਸ਼ ਦੇ ਵਿਧਾਨ ਮੁਤਾਬਕ ਨਿਆਂ ਨਹੀਂ ਲੈ ਸਕਾਂਗੇ।

ਅਕਾਲ ਤਖਤ ਸਾਹਿਬ ਦੀ ਸੰਸਥਾ ਨੂੰ ਕਿਸੇ ਵੀ ਕਾਰਨ ਕਮਜ਼ੋਰ ਕਰਾਂਗੇ ਤਾਂ ਆਪਣੇ ਫੈਸਲੇ ਆਪ ਕਰ ਸਕਣ ਦਾ ਹੱਕ ਗੁਆ ਲਵਾਂਗੇ। ਐਕਟ ਨੂੰ ਵਿਧਾਨਕਤਾ ਵਿਚ ਕੱਸਣ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਗੁਰਦੁਆਰਿਆਂ ਦੀ ਗੋਲਕ 'ਤੇ ਕਬਜ਼ੇ ਦੀ ਸਿਆਸਤ ਲੱਗਣ ਲੱਗ ਪਈਆਂ ਹਨ। ਇਸ ਤੋਂ ਸਿਆਸੀ ਚੋਣ ਨਿਸ਼ਾਨ 'ਤੇ ਚੋਣ ਲੜਨ ਤੋਂ ਗੁਰੇਜ਼ ਕਰਕੇ ਬਚਿਆ ਜਾ ਸਕਦਾ ਹੈ। ਅਜਿਹਾ ਨਹੀਂ ਹੋ ਰਿਹਾ ਤਾਂ ਇਸ ਦਾ ਕਾਰਨ ਇਹੀ ਹੈ ਕਿ ਇਸ ਬਾਰੇ ਕਦੇ ਨਿੱਠ ਕੇ ਸੋਚਿਆ ਹੀ ਨਹੀਂ ਗਿਆ। ਇਸੇ ਕਰਕੇ ਇਹ ਮਸਲਾ ਪੈਦਾ ਹੋ ਰਿਹਾ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚੋਂ ਪ੍ਰਬੰਧਨ ਹੀ ਗਾਇਬ ਹੁੰਦਾ ਜਾ ਰਿਹਾ ਹੈ। ਪ੍ਰਬੰਧਨ ਦਾ ਭੈਅ ਉਸ ਨੂੰ ਹੈ, ਜੋ ਪ੍ਰਬੰਧਨ ਦੀ ਸਿਆਸਤ ਕਰਨਾ ਚਾਹੁੰਦਾ ਹੈ। ਕੀ ਇਹ ਦੱਸਿਆ ਜਾ ਸਕਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਵਿਦਿਅਕ ਯੋਜਨਾ ਕੀ ਹੈ, ਕਿਉਂ ਹੈ ਅਤੇ ਕਿਥੇ ਹੈ? ਸ਼੍ਰੋਮਣੀ ਕਮੇਟੀ ਵੱਲੋਂ ਭਰਤੀ ਨਿਯਮਾਂ, ਯੋਗਤਾਵਾਂ ਅਤੇ ਸੇਵਾ ਸ਼ਰਤਾਂ ਬਾਰੇ ਕੀ ਕੋਈ ਦਸਤਾਵੇਜ਼ ਹੈ? ਜੇ ਹੈ ਤਾਂ ਲਾਗੂ ਕਿਉਂ ਨਹੀਂ ਹੋ ਰਿਹਾ?

ਅਜਿਹੇ ਮਸਲਿਆਂ ਨੂੰ ਲੈ ਕੇ ਪਹਿਲਾਂ ਸ. ਕੁਲਵੰਤ ਸਿੰਘ (ਸੇਵਾ ਮੁਕਤ ਸਕੱਤਰ) ਅਤੇ ਹੁਣ ਸ. ਹਰਚਰਨ ਸਿੰਘ (ਸੇਵਾ ਮੁਕਤ ਚੀਫ ਸਕੱਤਰ) ਵੱਲੋਂ ਪੁਸਤਕ ਰੂਪ ਵਿਚ ਦਸਤਾਵੇਜ਼ ਸਾਹਮਣੇ ਆ ਚੁਕੇ ਹਨ। ਇਸ ਤੋਂ ਬਿਨਾ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਨ ਦਾ ਸਿਆਸੀ ਅਪਹਰਣ ਹੋ ਜਾਣ 'ਤੇ ਉਂਗਲਾਂ ਉਠਦੀਆਂ ਰਹੀਆਂ ਹਨ। ਅਜਿਹੇ ਵਰਤਾਰੇ ਨੂੰ ਗੁਰ ਭਾਈਆਂ ਵਲੋਂ ਆਲੋਚਨਾ ਵਾਂਗ ਲਏ ਜਾਣ ਦੀ ਥਾਂ, ਵਿਰੋਧੀਆਂ ਦੇ ਵਿਰੋਧ ਦੀ ਸਿਆਸਤ ਵਾਂਗ ਠੰਡੇ ਬਸਤੇ ਪਾਇਆ ਜਾਂਦਾ ਰਿਹਾ ਹੈ। ਸਵਾਲ ਪ੍ਰਬੰਧਨ ਦੀ ਨੈਤਿਕਤਾ ਦੇ ਗੁਆਚਣ ਦਾ ਪੈਦਾ ਹੋਇਆ ਸੀ ਅਤੇ ਇਹ ਸਿੱਖ ਸੰਸਥਾਵਾਂ ਦੇ ਸੁਧਾਰ ਵੱਲ ਸੇਧਤ ਸੀ, ਪਰ ਇਸ ਨਾਲ ਸਿਆਸੀ ਸੁਰ ਵਿਚ ਨਿਪਟਦਿਆਂ ਅਵਾਜ਼ ਉਠਾਉਣ ਵਾਲਿਆਂ ਨੂੰ ਪੰਥ ਦੇ ਦੋਖੀਆਂ ਦੀ ਕੁਹਾੜੀ ਦੇ ਦਸਤੇ ਵਾਂਗ ਲਿਆ ਜਾਂਦਾ ਰਿਹਾ ਹੈ। ਸਿੱਖ ਚੇਤਨਾ ਨਾਲ ਸੰਵਾਦ ਰਚਾਏ

*(ਬਾਕੀ ਅਗਲੇ ਸਫੇ 'ਤੇ)*

ਬਿਨਾ ਸਿਆਸੀ ਅਪਹਰਣ ਦੀਆਂ ਸੰਭਾਵਨਾਵਾਂ ਨੂੰ ਨਹੀਂ ਘਟਾਇਆ ਜਾ ਸਕਦਾ। ਕੌਣ ਕਿਸ ਨੂੰ ਦੱਸੇ ਕਿ ਸ਼੍ਰੋਮਣੀ ਕਮੇਟੀ ਵੀ ਸਰਕਾਰੀ ਅਦਾਰਿਆਂ ਵਾਂਗ ਸਿਆਸਤ ਅਤੇ ਅਫਸਰਸ਼ਾਹੀ ਦੇ ਨਾਪਾਕ ਗਠਜੋੜ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ। ਇਹ ਸਾਰਾ ਕੁਝ ਧਰਮ ਰਾਹੀਂ ਨਹੀਂ, ਸਿਆਸਤ ਰਾਹੀਂ ਪਰਵੇਸ਼ ਕੀਤਾ ਹੈ। ਇਸ ਨਾਲ ਆਸਥਾ ਅਤੇ ਚੇਤਨਾ ਦੀ ਪ੍ਰਬੰਧਕੀ ਭੂਮਿਕਾ ਸਹਾਇਕ ਹੋਣ ਦੀ ਥਾਂ ਚੁਣੌਤੀ ਹੁੰਦੀ ਜਾ ਰਹੀ ਹੈ। ਇਹ ਚੇਤੇ ਰਹਿਣਾ ਚਾਹੀਦਾ ਹੈ ਕਿ ਧਰਮ ਵਿਚ ਆਸਥਾ ਉਸ ਮਾਤਰਾ ਵਿਚ ਬਚੀ ਰਹਿ ਸਕਦੀ ਹੈ, ਜਿਸ ਵਿਚ ਉਹ ਆਪਣੀਆਂ ਜੜ੍ਹਾਂ ਨਾਲ ਜੁੜੀ ਹੁੰਦੀ ਹੈ, ਕਿਉਂਕਿ ਮਜਬੂਤ ਜੜ੍ਹ ਡਿੱਕੋ ਡੋਲੇ ਖਾਣ ਤੋਂ ਬਚਾ ਕੇ ਰੱਖਦੀ ਹੈ। ਜੜ੍ਹ ਕਮਜ਼ੋਰ ਹੋਵੇ ਤਾਂ 'ਕਬਹੂ ਜੀਉੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ' ਜਿਹੀ ਮਾਨਸਿਕਤਾ ਆਤਮ ਖੁਆਰੀਆਂ ਵੱਲ ਧੱਕਦੀ ਰਹਿੰਦੀ ਹੈ।

ਅਜਿਹੀਆਂ ਦੁਸ਼ਵਾਰੀਆਂ ਦਾ ਸਾਹਮਣਾ ਇਸ ਵੇਲੇ ਸ਼੍ਰੋਮਣੀ ਕਮੇਟੀ ਕਿਸੇ ਨਾ ਕਿਸੇ ਰੂਪ ਵਿਚ ਕਰ ਰਹੀ ਹੈ। ਸੁਜੱਗ ਲੋਕ ਹੀ ਆਪਣੀ ਚੇਤਨਾ ਨੂੰ ਪ੍ਰਚੰਡ ਰੱਖ ਸਕਦੇ ਹਨ। ਜੇ ਅਕਾਦਮੀਸ਼ਨ ਨਾਲ ਸੁਜੱਗਤਾ ਨੂੰ ਜੋੜ ਕੇ ਵੇਖਣਾ ਹੋਵੇ ਤਾਂ ਇਸ ਵੇਲੇ ਸਿੱਖ ਪ੍ਰਸੰਗ ਵਿਚ ਸੰਸਥਾ ਮੁਖੀ ਅਤੇ ਅਫਸਰਸ਼ਾਹੀ ਪੜ੍ਹਾਈ ਪੱਖੋਂ ਕਾਫੀ ਪੁਖਤਾ ਹਨ। ਫਿਰ ਵੀ ਸਿਆਸਤ ਅੱਗੇ ਕਿਉਂ ਬੇਵੱਸ ਹਨ? ਇਸ ਬਾਰੇ ਜੇ ਪਤਾ ਨਹੀਂ ਲੱਗਦਾ ਤਾਂ ਕਿਸੇ ਤੋਂ ਪੁੱਛ ਲੈਣ ਦੀ ਹਲੀਮੀ ਤੋਂ ਕੰਮ ਲੈ ਲੈਣਾ ਚਾਹੀਦਾ ਹੈ। ਇਹ ਕਿਸ ਨੂੰ ਨਹੀਂ ਪਤਾ ਕਿ ਸਿੱਖ ਸੰਸਥਾਵਾਂ ਵਿਚ ਅਕਲ ਨਾਲੋਂ ਸ਼ਕਲ ਨੂੰ ਅਤੇ ਕੰਮ ਨਾਲੋਂ ਚਾਪਲੂਸੀ ਨੂੰ ਵੱਧ ਮਾਨਤਾ ਦੇਣ ਕਰਕੇ ਭਰਤੀ ਵੇਲੇ ਸਿਆਸਤ ਹੁੰਦੀ ਰਹੀ ਹੈ। ਇਸ ਨਾਲ ਸ਼੍ਰੋਮਣੀ ਕਮੇਟੀ ਦੇ ਸਮਕਾਲੀ ਸਿੱਖ ਸਰੋਕਾਰਾਂ ਵਿਚ ਧਰਮ ਬਨਾਮ ਸਿਆਸਤ ਨਾਲ ਜੁੜੀਆਂ ਚੁਣੌਤੀਆਂ ਸ਼ਾਮਲ ਹੋ ਗਈਆਂ ਹਨ। ਇਸ ਵੇਲੇ ਲੋੜ ਅਜਿਹੇ ਸਵਾਲਾਂ ਦੇ ਜਵਾਬ ਲੱਭਣ ਦੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਗੁਲਾਮੀ ਤੋਂ ਕਿਵੇਂ ਬਚਾਇਆ ਜਾਵੇ?

ਸ਼੍ਰੋਮਣੀ ਕਮੇਟੀ ਬਾਰੇ ਸੋਚਦਾ ਹਾਂ ਤਾਂ ਲੱਗਦਾ ਹੈ ਕਿ ਮੇਰੀ ਕੌਮ ਬਿਨਾ ਕਿਸੇ ਕਸੂਰ ਦੇ ਸਜ਼ਾ ਭੁਗਤ ਰਹੀ ਹੈ, ਕਿਉਂਕਿ ਗੁਰੂ ਵੱਲੋਂ ਬਖਸ਼ੀ ਪ੍ਰਭੂ ਸੱਤਾ ਸੰਪੰਨ ਦੀ ਦਾਅਵੇਦਾਰੀ ਦੇ ਨਾਲ ਨਾਲ ਗੁਰੂ ਕੇ ਕਹਾਉਣ ਵਾਲੇ ਗੁਲਾਮੀ ਦਰ ਗੁਲਾਮੀ ਦੇ ਚੱਕਰਵਿਊ ਵਿਚ ਫਸੇ ਮਹਿਸੂਸ ਕਰ ਰਹੇ ਹਨ। ਇਸੇ ਦਾ ਨਤੀਜਾ ਹੈ ਕਿ ਸਿੱਖ-ਰੰਗਾਂ ਦੇ ਪ੍ਰਚਾਰਕ, ਸੁਧਾਰਕ, ਸਰਧਾਵਾਨ, ਸਿਆਸੀ ਅਤੇ ਅਕਾਦਮੀਸ਼ਨ ਗੁਰੂ ਚਿੰਤਨ ਦੇ ਧੁਰੇ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਹੋਣ ਦੇ ਬਾਵਜੂਦ ਆਪੋ ਆਪਣੀ ਤੂਤੀ ਵਜਾਉਂਦੇ ਨਜ਼ਰ ਆ ਰਹੇ ਹਨ। ਇਨ੍ਹਾਂ ਦੀਆਂ ਤਰਜੀਹਾਂ ਦੀ ਨਿਸ਼ਾਨਦੇਹੀ ਕਰਨ ਦਾ ਮੌਕਾ ਆ ਗਿਆ ਹੈ। ਇਹ ਸਭ ਸਿੱਖ ਪਰਤਾਂ ਕਿਸੇ ਨਾ ਕਿਸੇ ਰੂਪ ਵਿਚ ਸ਼੍ਰੋਮਣੀ ਕਮੇਟੀ ਨਾਲ ਜੁੜੀਆਂ ਹੋਣ ਕਰਕੇ ਉਸ ਲਈ ਚੁਣੌਤੀਆਂ ਹੁੰਦੀਆਂ ਜਾ ਰਹੀਆਂ ਹਨ। ਜਿਸ ਤਰ੍ਹਾਂ ਸਿੱਖ ਸੰਸਥਾਵਾਂ ਨੂੰ ਸਿਆਸਤਦਾਨਾਂ ਅਤੇ ਪ੍ਰਬੰਧਕਾਂ ਵੱਲੋਂ ਭਰੋਸੇ ਵਿਚ ਲਏ ਬਿਨਾ ਵਰਤਿਆ ਜਾ ਰਿਹਾ ਹੈ, ਇਸ ਨੂੰ ਚੁਣੌਤੀਆਂ ਦੀ ਜੜ੍ਹ ਵਜੋਂ ਲਏ ਜਾਣ ਦੀ ਲੋੜ ਹੈ।

ਸਿੱਖ ਸੰਸਥਾਵਾਂ ਨੂੰ ਸਿਆਸੀ ਸ਼ਿਕੰਜੇ ਵਿਚੋਂ ਮੁਕਤ ਕਰਵਾਏ ਬਿਨਾ ਪੰਥਕ ਬੋਲਬਾਲੇ ਲਈ ਨਹੀਂ ਵਰਤਿਆ ਜਾ ਸਕਦਾ। ਮੌਜੂਦਾ ਸਥਿਤੀ ਵਿਚ ਸ਼੍ਰੋਮਣੀ ਕਮੇਟੀ ਨਹੀਂ ਚਾਹੁੰਦੀ ਕਿ ਕੋਈ ਉਨ੍ਹਾਂ ਨੂੰ ਪੁੱਛੇ ਕਿ ਸ਼੍ਰੋਮਣੀ ਕਮੇਟੀ ਵਿਚ ਕੀ ਹੋ ਰਿਹਾ ਹੈ ਅਤੇ ਕਿਉਂ ਹੋ ਰਿਹਾ ਹੈ? ਕੋਈ ਨਹੀਂ ਪੁੱਛ ਤੇ ਦੱਸ ਸਕਦਾ ਕਿ ਤਖਤਾਂ ਦੀ ਜਥੇਦਾਰੀ ਸੰਸਥਾ ਕੀ ਕਰ ਰਹੀ ਹੈ ਅਤੇ ਕੀ ਕਰਨਾ ਚਾਹੀਦਾ ਹੈ? ਤਖਤ ਅਤੇ ਜਥੇਦਾਰੀ ਵਿਚਾਲੇ ਸਹਿਜ ਸਥਾਪਤ ਕਰਨ ਦੀ ਨਾ ਕੋਈ ਵਿਧੀ ਹੈ ਅਤੇ ਨਾ ਹੀ ਯੋਜਨਾ ਹੈ। ਇਹ ਜਿੰਨਾ ਛੇਤੀ ਸਮਝ ਲਈਏ ਚੰਗਾ ਹੋਵੇਗਾ ਕਿ ਸਿੱਖੀ, ਸਿਆਸਤ ਦੀ ਪੱਟੀ ਹੋਈ ਹੈ ਅਤੇ ਸਿੱਖ ਸੰਸਥਾਵਾਂ ਇਸ ਨਾਲ ਭਾਈਵਾਲਾਂ ਵਾਂਗ ਨਿਭ ਰਹੀਆਂ ਹਨ। ਇਸ ਨਾਲ ਸਿਆਸੀ ਰੰਗ ਵਾਲੇ ਗਾਹਕ ਅਤੇ ਖਰੀਦਦਾਰ ਪੈਦਾ ਹੋ ਗਏ ਹਨ। ਅਜਿਹੇ ਮੰਡੀਕਰਣ ਦੀ ਸਿੱਖ ਸਿਧਾਂਤ ਵਿਚ ਕੋਈ ਥਾਂ ਨਹੀਂ ਹੈ। ਸਿਆਸਤ ਦੇ ਦਰਵਾਜੇ ਰਾਹੀਂ ਹੋ ਰਹੀ ਘੁਸਪੈਠ ਨਾਲ ਸਿੱਖੀ ਦਾਅ 'ਤੇ ਲੱਗਦੀ ਜਾ ਰਹੀ ਹੈ। ਇਸੇ ਕਰਕੇ ਵਿਰਾਸਤ ਨੂੰ ਸਾਂਭਣ ਵੱਲ ਕਿਸੇ ਦਾ ਧਿਆਨ ਹੀ ਨਹੀਂ ਹੈ। ਇਸ ਰਾਹੇ ਪੈਣ ਲਈ ਮਜਬੂਰ ਗੁਰੂ ਦਾ ਸਿੱਖ ਆਪਣੀ ਉਪਭੋਗੀ ਮਾਨਸਿਕਤਾ ਦੇ ਵਹਿਣ ਵਿਚ ਵਹਿ ਕੇ ਸਿਆਸੀ ਸੰਦ ਅਰਥਾਤ ਮਹਿਜ਼ ਵੋਟਰ ਬਣਦਾ ਜਾ ਰਿਹਾ ਹੈ। ਇਸ ਨੂੰ ਸਿਆਸੀ ਪਾਰਟੀਆਂ ਦੇ ਸ਼ਰੀਕ ਬਣ ਕੇ ਨਹੀਂ ਰੋਕਿਆ ਜਾ ਸਕਦਾ। ਇਸ ਲਈ ਦੂਜੀ ਗੁਰਦੁਆਰਾ ਸੁਧਾਰ ਲਹਿਰ ਚਲਾਉਣੀ ਪਵੇਗੀ ਅਤੇ ਇਸ ਦਾ ਅਰੰਭ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਨਾਲ ਕੀਤਾ ਜਾ ਸਕਦਾ ਹੈ।

ਇਹ ਤਾਂ ਸਭ ਨੂੰ ਪਤਾ ਹੈ ਕਿ ਅਕਾਲੀ ਦਲ ਦਾ ਬਰਾਸਤਾ ਸ਼੍ਰੋਮਣੀ ਕਮੇਟੀ ਜਦੋਂ ਦਾ ਅਕਾਲ ਤਖਤ ਸਾਹਿਬ ਦੀ ਜਥੇਦਾਰੀ 'ਤੇ ਕਬਜ਼ਾ (ਸਿੱਧਾ ਜਾਂ ਅਸਿੱਧਾ) ਹੋ ਗਿਆ ਹੈ, ਉਦੋਂ ਤੋਂ ਹੀ ਸਾਡੀਆਂ ਤਿੰਨਾਂ ਸੰਸਥਾਵਾਂ (ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ) ਦੇ ਮੁਖੀਆਂ ਨੂੰ ਅਪਹਰਣ ਜਿਹੀ ਹੋਣੀ ਭੋਗਣੀ ਪੈ ਰਹੀ ਹੈ। ਸਥਿਤੀ ਘੱਟ ਜਾਂ ਵੱਧ ਅਜਿਹੀ ਹੋ ਗਈ ਹੈ ਕਿ ਅਕਾਲੀ ਦਲ ਦਾ ਪ੍ਰਧਾਨ ਜਥੇਦਾਰ ਤੋਂ ਡਰਦਾ ਲੱਗਦਾ ਹੈ, ਜਥੇਦਾਰ ਸ਼੍ਰੋਮਣੀ ਕਮੇਟੀ ਤੋਂ ਅਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਕਾਲੀ ਦਲ ਤੋਂ ਡਰਦਾ ਲੱਗਦਾ ਹੈ। ਕੌਣ ਕਿਸ ਨੂੰ ਸਮਝਾਵੇ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਧਾਰਮਿਕ ਮੁੱਖ ਧਾਰਾ ਹੈ, ਅਕਾਲੀ ਦਲ ਸਿਆਸੀ ਮੁੱਖ ਧਾਰਾ ਅਤੇ ਅਕਾਲ ਤਖਤ ਸਾਹਿਬ ਪੰਥਕ ਮੁੱਖ ਧਾਰਾ ਹੈ। ਤਿੰਨੇ ਸੰਸਥਾਵਾਂ ਸੁਤੰਤਰ ਵਿਚਰਦੀਆਂ ਇਕ ਦੂਜੇ ਦੀਆਂ ਪੂਰਕ ਹੋਣ ਲਈ ਪਾਬੰਦ ਹਨ। ਇਹ ਅੰਤਰ ਸਬੰਧਤਾ ਇਸ ਕਰਕੇ ਹਿੱਲ ਗਈ ਹੈ ਕਿ ਤਿੰਨਾਂ ਹੀ ਸੰਸਥਾਵਾਂ ਦੇ ਮੁਖੀਆਂ ਨੇ ਬਰਾਸਤਾ ਪਦਵੀ ਦਾ ਹੱਕ ਆਪਣੇ ਆਪ ਨੂੰ ਸੰਸਥਾ ਸਮਝ ਲਿਆ ਹੈ। ਇਸੇ ਨੂੰ ਸੰਸਥਾਵਾਂ ਦਾ ਸਿਆਸੀ ਅਪਹਰਣ ਕਿਹਾ ਜਾ ਰਿਹਾ ਹੈ।

ਵਿਅਕਤੀਆਂ ਵੱਲੋਂ ਪ੍ਰਬੰਧਨ ਦਾ ਅਪਹਰਣ ਕਰਨ ਦੀਆਂ ਸੰਭਾਵਨਾਵਾਂ ਪ੍ਰਬੰਧਕੀ ਢਾਂਚੇ ਵਿਚ ਪਈਆਂ ਹੁੰਦੀਆਂ ਹਨ। ਇਸ ਦੇ ਸਮਰਥਨ ਵਿਚ 1925 ਦੇ ਐਕਟ ਰਾਹੀਂ ਜਥੇਦਾਰੀ ਸੰਸਥਾ ਨੂੰ ਸ਼੍ਰੋਮਣੀ ਕਮੇਟੀ ਅਧੀਨ ਕਰ ਲੈਣ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਵਿਧਾਨਕਤਾ ਦੇ ਸ਼ਿਕੰਜੇ ਵਿਚ ਕੱਸੀਆਂ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਮਿਲੇ ਹੱਕ ਆਮ ਸਿੱਖ ਨੂੰ ਜਵਾਬਦੇਹ ਬੇਸ਼ਕ ਨਹੀਂ ਰਹੇ, ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਦਵੀਆਂ ਦੇ ਹੱਕ ਦਾ ਫੈਸਲਾ ਆਮ ਸਿੱਖ ਹੀ ਕਰਦਾ ਆਇਆ ਹੈ। ਆਮ ਸਿੱਖ ਜਦੋਂ ਟੌਹੜਾ-ਬਾਦਲ ਲੜਾਈ ਵਿਚ ਹਾਰਿਆ ਸੀ ਤਾਂ ਉਸੇ ਦਾ ਨਤੀਜਾ ਮੌਜੂਦਾ ਸਿਆਸੀ ਘੜਮੱਸ ਵਿਚ ਭੁਗਤਣਾ ਪੈ ਰਿਹਾ ਹੈ। ਵਿਧਾਨਕ ਪ੍ਰਤੀਨਿਧ ਜੇ ਧੱਕੜ ਬਹੁਸੰਮਤੀ ਨਾਲ ਆਮ ਬੰਦੇ ਦੀ ਮਨਸ਼ਾ ਦੇ ਵਿਰੁਧ ਭੁਗਤ ਜਾਣ ਤਾਂ ਫੈਸਲੇ ਨੂੰ ਆਮ ਬੰਦੇ ਦਾ ਫੈਸਲਾ ਨਹੀਂ ਸਮਝਣਾ ਚਾਹੀਦਾ। ਇਸ ਪ੍ਰਸੰਗ ਵਿਚ ਜਿਹੋ ਜਿਹੀ ਹਾਲਤ ਭਾਜਪਾ ਦੀ ਸੀ. ਏ. ਏ. ਦੇ ਫੈਸਲੇ ਦੀ ਭਾਰਤੀਆਂ ਵਿਚਾਲੇ ਹੋ ਰਹੀ ਹੈ, ਉਹੋ ਜਿਹੀ ਹਾਲਤ ਪੰਥਕ ਹਲਕਿਆਂ ਵਿਚ ਸਿੱਖ ਸਿਆਸਤਦਾਨਾਂ ਦੀ ਵੀ ਹੋਈ ਪਈ ਹੈ। ਆਮ ਸਿੱਖ ਜਿਸ ਫੈਸਲੇ ਨੂੰ ਹਜ਼ਮ ਨਹੀਂ ਕਰਦਾ, ਉਸ ਫੈਸਲੇ ਦੇ ਜਿੱਤੇ ਵੀ ਹਾਰੇ ਹੋਇਆਂ ਜਿਹੇ ਹੋ ਜਾਂਦੇ ਰਹੇ ਹਨ। ਫੈਸਲੇ ਦਾ ਜੋ ਮੌਕਾ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਆਮ ਸਿੱਖ ਨੂੰ ਮਿਲਣ ਵਾਲਾ ਹੈ, ਉਸ ਨੂੰ ਆਮ ਮੌਕਿਆਂ ਵਾਂਗ ਨਹੀਂ ਲਿਆ ਜਾਣਾ ਚਾਹੀਦਾ। ਇਸੇ ਨੂੰ ਗੁਰਦੁਆਰਾ ਸੁਧਾਰ ਲਹਿਰ ਦੂਜੀ ਦੀਆਂ ਸੰਭਾਵਨਾਵਾਂ ਵਾਂਗ ਵੇਖੇ ਜਾਣ ਦੀ ਲੋੜ ਹੈ।

ਇਸ ਲਈ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਵੇਂ ਜਿਵੇਂ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਆਮ ਸਿੱਖ ਦੇ ਸ਼ੰਕਿਆਂ ਦਾ ਸ਼ਿਕਾਰ ਹੋ ਕੇ ਚੁਣੌਤੀਆਂ ਵਿਚ ਘਿਰਦੀ ਜਾਏਗੀ, ਤਿਵੇਂ ਤਿਵੇਂ ਸਿੱਖ ਸੰਸਥਾਵਾਂ ਦਾ ਸਿਆਸੀ ਅਪਹਰਣ ਹੋ ਸਕਣ ਦੀਆਂ ਸੰਭਾਵਨਾਵਾਂ ਵਧਦੀਆਂ ਜਾਣਗੀਆਂ। ਇਸ ਪ੍ਰਸੰਗ ਵਿਚ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਨੂੰ ਸ਼ੇਰ ਦੀ ਸਵਾਰੀ ਕਿਹਾ ਕਰਦੇ ਸਨ ਅਤੇ ਇਸ ਦੀ ਨੌਕਰੀ ਕਰਨ ਵਾਲਿਆਂ ਨੂੰ ਚੇਤਾ ਕਰਾਉਂਦੇ ਰਹਿੰਦੇ ਸਨ ਕਿ ਇਥੇ ਚੰਗੀਆਂ ਕੀਤੀਆਂ ਤਾਂ ਪੰਥ ਦੇ ਖਾਤੇ ਵਿਚ ਪੈ ਜਾਂਦੀਆਂ ਹਨ ਅਤੇ ਗਲਤੀ ਨਾਲ ਜਾਂ ਅਣਜਾਣੇ ਵਿਚ ਕੀਤੀ ਹੋਈ ਗਲਤੀ ਵੀ ਸਭ ਨੂੰ ਭੁਗਤਣੀ ਪੈ ਜਾਂਦੀ ਹੈ। ਇਸ ਦਰਦ ਤੋਂ ਇਸ ਵੇਲੇ ਸ਼੍ਰੋਮਣੀ ਕਮੇਟੀ ਮਹਿਰੂਮ ਲੱਗਣ ਲੱਗ ਪਈ ਹੈ ਅਤੇ ਇਹੀ ਦਰਪੇਸ਼ ਚੁਣੌਤੀਆਂ ਦੀ ਜੜ੍ਹ ਹੁੰਦੀ ਜਾ ਰਹੀ ਹੈ। ਇਸ ਨਾਲ ਸਿਆਸਤ ਨੂੰ ਧਰਮ ਦੇ ਸਾਰੇ ਰਸਤੇ ਰੋਕਣ ਦਾ ਮੌਕਾ ਮਿਲ ਗਿਆ ਹੈ। ਇਹ ਰੁਕਾਵਟ ਭਰਤੀ ਤੋਂ ਲੈ ਕੇ ਕੰਮ ਕਰਨ ਤੱਕ ਇਸ ਤਰ੍ਹਾਂ ਪਸਰ ਗਈ ਹੈ ਕਿ ਪਦਵੀਆਂ ਦੇ ਅਧਿਕਾਰ ਅਤੇ ਪਦਵੀਆਂ ਦੀ ਨੈਤਿਕਤਾ ਇਕ ਦੂਜੇ ਨੂੰ ਫੇਲ੍ਹ ਕਰਨ ਵਾਸਤੇ ਜੋ ਕੁਝ ਕਰ ਰਹੀ ਹੈ, ਉਸੇ ਨੂੰ ਨੌਕਰੀ ਜਾਂ ਪੰਥਕ ਜਿੰਮੇਵਾਰੀ ਸਮਝਣ ਦੀ ਵਧੀਕੀ ਹੋਈ ਜਾ ਰਹੀ ਹੈ।

ਏਨੀ ਕੁ ਗੱਲ ਵੱਲ ਵੀ ਧਿਆਨ ਨਹੀਂ ਦਿਤਾ ਜਾ ਰਿਹਾ ਕਿ ਅਕਾਲੀ ਦਲ ਦੀਆਂ ਦੇਸ਼ ਦੇ ਵਿਧਾਨ ਮੁਤਾਬਕ ਚੱਲਣ ਦੀਆਂ ਮਜਬੂਰੀਆਂ ਸ਼੍ਰੋਮਣੀ ਕਮੇਟੀ ਦਾ ਪੰਥਕ ਰਾਹ ਰੋਕਦੀਆਂ ਹਨ ਅਤੇ ਸ਼੍ਰੋਮਣੀ ਕਮੇਟੀ ਦੀ ਬਚੀ ਖੁਚੀ ਪੰਥਕਤਾ ਅਕਾਲੀ ਦਲ ਨੂੰ ਕਚਹਿਰੀਆਂ ਤੱਕ ਲੈ ਗਈ ਹੈ। ਇਸ ਨਾਲ ਅਜੀਬ ਕਿਸਮ ਦੀ ਸਿਆਸੀ ਘੜਮੱਸ ਪੈਦਾ ਹੋ ਗਈ ਹੈ। ਕਿਸੇ ਵੇਲੇ ਇਸ ਨੂੰ ਅਗਿਆਨ ਅਤੇ ਅਨਪੜ੍ਹਤਾ ਦੇ ਖਾਤੇ ਵਿਚ ਰੱਖਣ ਦੀ ਸਿਆਸਤ ਹੁੰਦੀ ਰਹੀ ਸੀ। ਨਤੀਜਨ ਸ਼੍ਰੋਮਣੀ ਕਮੇਟੀ ਦੇ ਮਸਲੇ ਅਤੇ ਮੁੱਦੇ ਚੁਣੌਤੀਆਂ ਨਾਲ ਨਜਿੱਠਣ ਦੀ ਆਸ ਵਿਚ ਸੁਲਝਣ ਦੀ ਥਾਂ ਦਿਨੋ ਦਿਨ ਉਲਝਦੇ ਹੀ ਜਾ ਰਹੇ ਹਨ। ਜਿੰਮੇਵਾਰੀਆਂ ਗਲ ਪਏ ਢੋਲ ਵਾਂਗ ਨਿਭਾਈਆਂ ਜਾਣ ਲੱਗ ਪਈਆਂ ਹਨ। ਸ਼੍ਰੋਮਣੀ ਕਮੇਟੀ ਕੋਲੋਂ ਪੰਥਕ ਬੋਲਬਾਲੇ ਦੇ ਮਾਧਿਅਮ ਤਲਾਸ਼ਣ ਦੀ ਆਸ ਕੀਤੀ ਜਾ ਰਹੀ ਹੈ, ਪਰ ਹੋ ਕੁਝ ਵੀ ਨਹੀਂ ਰਿਹਾ। ਕਾਰਨ ਇਹ ਜਾਪਦਾ ਹੈ ਕਿ ਸੰਭਾਵਨਾਵਾਂ ਨੂੰ ਸਹਿਯੋਗ ਦੇਣ ਦੀ ਥਾਂ ਉਨ੍ਹਾਂ ਦਾ ਰਾਹ ਰੋਕ ਕੇ ਆਪਾਧਾਪੀ ਵੱਲ ਧੱਕਿਆ ਜਾ ਰਿਹਾ ਹੈ। ਗੁਰਮਤਿ ਨੂੰ ਆਮ ਜਗਿਆਸੂ ਤੱਕ ਲੈ ਕੇ ਜਾਣ ਦੀਆਂ ਵਿਧੀਆਂ ਦਾ ਰਾਹ ਰੋਕਣ ਦਾ ਨਤੀਜਾ ਸਭ ਨੂੰ ਨਾਲ ਲੈ ਕੇ ਤੁਰਨ ਦੀ ਥਾਂ ਆਪਣਿਆਂ ਨੂੰ ਵੀ ਭਜਾਉਣ ਦੇ ਰੂਪ ਵਿਚ ਨਿਕਲ ਰਿਹਾ ਹੈ।

ਇਸ ਹਾਲਤ ਵਿਚ ਹਰੇਕ ਸਿੱਖ ਸਿਆਸਤਦਾਨ ਸਿੱਖ ਸੰਸਥਾਵਾਂ ਨੂੰ ਵਿਰੋਧੀ ਸਿਆਸਤਦਾਨ ਦੇ ਖਿਲਾਫ ਵਰਤਣਾ ਚਾਹ ਰਿਹਾ ਹੈ। ਇਸੇ ਹੀ ਸਿਆਸੀ ਤਾਣੇ ਬਾਣੇ ਵਿਚ ਸ਼੍ਰੋਮਣੀ ਕਮੇਟੀ ਉਲਝਦੀ ਜਾ ਰਹੀ ਹੈ। ਇਹੀ ਸੰਸਥਾ ਮੁਖੀਆਂ ਵਾਸਤੇ ਆਤਮ ਆਤੰਕਣ ਜਿਹਾ ਹੋ ਗਿਆ ਹੈ ਅਤੇ ਪਦਵੀ ਦੇ ਅਧਿਕਾਰ ਅਤੇ ਪਦਵੀ ਦੀ ਨੈਤਿਕਤਾ ਵਿਚਾਲੇ ਸੰਤੁਲਨ ਰੱਖ ਸਕਣ ਦੀ ਗੁਰਮਤਿ ਨਾਲ ਨਿਭਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਅਜੇ ਵੀ ਸਿੱਖ ਮਾਨਸਿਕਤਾ ਵਿਚ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰੇ ਪਿੱਛੋਂ ਅਕਾਲ ਤਖਤ ਸਾਹਿਬ ਵਿਚ ਭਰੋਸਾ ਬਣਿਆ ਹੋਇਆ ਹੈ। ਧਰਮ ਅਤੇ ਸਿਆਸਤ ਦਾ ਨਾਪਾਕ ਗੱਠਜੋੜ ਇਸੇ ਵਿਚ ਰੁਕਾਵਟ ਬਣਦਾ ਜਾ ਰਿਹਾ ਹੈ। ਇਸ ਨੂੰ ਲੈ ਕੇ ਜੇ ਅੰਦਰੋਂ ਸੰਵਾਦ ਨਾ ਰਚਾਇਆ ਗਿਆ ਤਾਂ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਵੀ ਪਹਿਲਾਂ ਵਾਂਗ ਧਰਮ ਅਤੇ ਸਿਆਸਤ ਦੇ ਨਾਪਾਕ ਗਠਜੋੜ ਦਾ ਸ਼ਿਕਾਰ ਹੋ ਸਕਦੀਆਂ ਹਨ।

ਇਸ ਵੇਲੇ ਜਿਸ ਤਰ੍ਹਾਂ ਸਿਆਸਤ ਇਕਜੁੱਟਤਾ ਵਿਖਾ ਰਹੀ ਹੈ, ਉਸ ਦੇ ਮੁਕਾਬਲੇ ਧਰਮ ਵਾਲੇ ਵੰਡੇ ਹੋਏ ਲੱਗ ਰਹੇ ਹਨ। ਇਸ ਮਸਲੇ 'ਤੇ ਲਗਾਤਾਰ ਸੰਵਾਦ ਰਚਾ ਕੇ ਕਿਸੇ ਨਤੀਜੇ 'ਤੇ ਪਹੁੰਚਣ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅੱਗੇ ਲੱਗਣਾ ਚਾਹੀਦਾ ਹੈ, ਕਿਉਂਕਿ ਸਿੱਖਾਂ ਵਿਚਾਲੇ ਮਾਨਤਾ ਪ੍ਰਾਪਤ ਪਲੇਟਫਾਰਮ ਸਿਰਫ ਅਕਾਲ ਤਖਤ ਸਾਹਿਬ ਹੀ ਹੈ। ਇਸ ਦੀ ਪ੍ਰੋਗਰਾਮਿੰਗ ਅਤੇ ਪਲੈਨਿੰਗ ਲਈ ਜਥੇਦਾਰ ਦੀ ਨਿਜੀ ਅਗਵਾਈ ਵਿਚ ਕੋਸ਼ਿਸ਼ ਕਰ ਲੈਣੀ ਚਾਹੀਦੀ ਹੈ। ਮੌਕਾ ਨਹੀਂ ਸੰਭਾਲਾਂਗੇ ਤਾਂ ਉਹੀ ਖਤਾ ਕਰ ਰਹੇ ਹੋਵਾਂਗੇ, ਜਿਸ ਦੀ ਸਜ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣੀ ਪੈ ਸਕਦੀ ਹੈ,

ਯੇਹ ਖਾਮੋਸ਼ੀ ਕਹਾਂ ਤੱਕ
ਲੱਜ਼ਤ-ਏ-ਫਰਿਆਦ ਪੈਦਾ ਕਰ,
ਜ਼ਮੀਂ ਪਰ ਤੂ ਹੋ ਔਰ
ਤੇਰੀ ਫਰਿਆਦ ਆਸਮਾਨੋਂ ਮੇਂ,
ਨਾ ਸਮਝੋਗੇ ਤੋ ਮਿਟ ਜਾਉਗੇ
ਐ ਹਿੰਦੁਸਤਾਂ ਵਾਲੋ,
ਤੁਮਹਾਰੀ ਦਾਸਤਾਂ ਤੱਕ
ਨ ਹੋਗੀ ਦਾਸਤਾਨੋਂ ਮੇਂ।

# ਗਾਵਤ ਗਾਵਤ ਪਰਮ ਗਤਿ ਪਾਈ

## ਗੁਰਬਾਣੀ ਗਿਆਨ

**ਰਾਮਕਲੀ ਮਹਲਾ ੫॥**
ਦੀਨੋ ਨਾਮੁ ਕੀਓ ਪਵਿਤੁ॥
ਹਰਿ ਧਨੁ ਰਾਸਿ ਨਿਰਾਸ ਇਹ ਬਿਤੁ॥
ਕਾਟੀ ਬੰਧਿ ਹਰਿ ਸੇਵਾ ਲਾਏ॥
ਹਰਿ ਹਰਿ ਭਗਤਿ ਰਾਮ ਗੁਣ ਗਾਏ॥
ਬਾਜੇ ਅਨਹਦ ਬਾਜਾ॥
ਰਸਕਿ ਰਸਕਿ ਗੁਣ ਗਾਵਹਿ ਹਰਿ ਜਨ ਅਪਨੈ ਗੁਰਦੇਵਿ ਨਿਵਾਜਾ॥ ਰਹਾਉ॥
ਆਇ ਬਨਿਓ ਪੂਰਬਲਾ ਭਾਗੁ॥
ਜਨਮ ਜਨਮ ਕਾ ਸੋਇਆ ਜਾਗੁ॥
ਗਈ ਗਿਲਾਨਿ ਸਾਧ ਕੈ ਸੰਗਿ॥
ਮਨੁ ਤਨੁ ਰਾਤੋ ਹਰਿ ਕੈ ਰੰਗਿ॥
ਰਾਖੇ ਰਾਖਨਹਾਰ ਦਇਆਲ॥
ਨਾ ਕਿਛੁ ਸੇਵਾ ਨਾ ਕਿਛੁ ਘਾਲ॥
ਕਰਿ ਕਿਰਪਾ ਪ੍ਰਭਿ ਕੀਨੀ ਦਇਆ॥
ਬੂਡਤ ਦੁਖ ਮਹਿ ਕਾਢਿ ਲਇਆ॥
ਸੁਣਿ ਸੁਣਿ ਉਪਜਿਓ ਮਨ ਮਹਿ ਚਾਉ॥
ਆਠ ਪਹਿਰ ਹਰਿ ਕੇ ਗੁਣ ਗਾਉ॥
ਗਾਵਤ ਗਾਵਤ ਪਰਮ ਗਤਿ ਪਾਈ॥
ਗੁਰ ਪ੍ਰਸਾਦਿ ਨਾਨਕ ਲਿਵ ਲਾਈ॥

ਗੁਰੂ ਅਰਜਨ ਦੇਵ ਜੀ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਆਖਦੇ ਹਨ, ਹੇ ਭਾਈ ਜਿਨ੍ਹਾਂ ਮਨੁੱਖਾਂ ਉਤੇ ਆਪਣੇ ਪਿਆਰੇ ਗੁਰਦੇਵ ਨੇ ਮਿਹਰ ਕਰ ਦਿਤੀ, ਉਹ ਸੇਵਕ ਬਹੁਤ ਹੀ ਅਨੰਦ ਨਾਲ ਹਰੀ ਪਰਮਾਤਮਾ ਦੇ ਗੁਣ ਗਾਉਂਦੇ ਰਹਿੰਦੇ ਹਨ। ਉਨ੍ਹਾਂ ਪ੍ਰਭੂ ਪਿਆਰਿਆਂ ਅੰਦਰ ਇਸ ਤਰ੍ਹਾਂ ਖਿੜਾਉ ਬਣਿਆ ਰਹਿੰਦਾ ਹੈ, ਜਿਵੇਂ ਉਨ੍ਹਾਂ ਦੇ ਅੰਦਰ ਇਕ ਰਸ ਵਾਜੇ ਵੱਜ ਰਹੇ ਹੋਣ। ਆਉ ਭਾਈ ਅਸੀਂ ਵੀ ਗੁਰੂ ਦੀ ਮੱਤ ਲੈ ਕੇ ਪ੍ਰਭੂ ਨਾਲ ਜੁੜੀਏ।

ਗੁਰਦੇਵ ਆਖਦੇ ਹਨ, ਹੇ ਭਾਈ ਜਿਸ ਮਨੁੱਖ ਨੂੰ ਗੁਰੂ ਨੇ ਮਿਹਰਬਾਨ ਪ੍ਰਭੂ ਦਾ ਨਾਮ ਦੇ ਦਿਤਾ, ਉਸ ਦਾ ਜੀਵਨ ਪਵਿੱਤਰ ਬਣਾ ਦਿਤਾ। ਹੇ ਭਾਈ, ਜਿਸ ਨੂੰ ਗੁਰੂ ਨੇ ਨਾਮ ਰੂਪੀ ਸਰਮਾਇਆ ਬਖਸ਼ਿਆ, ਉਹ ਮਨੁੱਖ ਇਸ ਨਾਮ ਧਨ ਨੂੰ ਪਾ ਕੇ ਦੁਨਿਆਵੀ ਧਨ ਵਲੋਂ ਉਪਰਾਮ ਹੀ ਰਹਿੰਦਾ ਹੈ। ਗੁਰੂ ਨੇ ਜਿਸ ਦੇ ਜੀਵਨ ਰਾਹ ਵਿਚੋਂ ਮਾਇਆ ਮੋਹ ਦੀ ਰੁਕਾਵਟ ਦੂਰ ਕਰ ਦਿਤੀ ਅਤੇ ਪਰਮਾਤਮਾ ਦੀ ਭਗਤੀ ਵਿਚ ਜੋੜ ਦਿਤਾ, ਉਹ ਮਨੁੱਖ ਸਦਾ ਹੀ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ।

ਸਤਿਗੁਰੂ ਆਖਦੇ ਹਨ, ਹੇ ਭਾਈ ਗੁਰੂ ਦੀ ਸੰਗਤ ਵਿਚ ਰਹਿ ਕੇ ਮਨੁੱਖ ਦੇ ਅੰਦਰੋਂ ਹੋਰਨਾਂ ਵਾਸਤੇ ਬਣੀ ਨਫਰਤ ਦੂਰ ਹੋ ਜਾਂਦੀ ਹੈ ਅਤੇ ਮਨੁੱਖ ਦਾ ਮਨ ਤੇ ਤਨ ਉਸ ਮਾਲਕ ਦੇ ਪ੍ਰੇਮ ਰੰਗ ਵਿਚ ਰੰਗਿਆ ਜਾਂਦਾ ਹੈ। ਹੇ ਭਾਈ ਗੁਰੂ ਦੀ ਸੰਗਤ ਦੀ ਬਰਕਤ ਨਾਲ ਮਾਇਆ ਦੇ ਮੋਹ ਦੀ ਨੀਂਦ ਵਿਚ ਪਿਛਲੇ ਕਈ ਜਨਮਾਂ ਦਾ ਸੁੱਤਾ ਪਿਆ ਮਨ ਜਾਗ ਪੈਂਦਾ ਹੈ। ਗੁਰੂ ਦੀ ਸੰਗਤ ਸਦਕਾ ਹੀ ਕੋਈ ਕਿਸੇ ਪਹਿਲੇ ਜਨਮ ਦਾ ਕੀਤਾ ਚੰਗਾ ਨੇਕ ਕਰਮ ਵੀ ਪਰਮਾਤਮਾ ਦੇ ਮਿਲਾਪ ਦਾ ਸਬੱਬ ਆ ਬਣਦਾ ਹੈ।

ਸਤਿਗੁਰੂ ਆਖਦੇ ਹਨ, ਹੇ ਭਾਈ ਗੁਰੂ ਦੀ ਸੰਗਤ ਵਿਚ ਰਹਿੰਦਿਆਂ ਜਿਸ ਮਨੁੱਖ ਉਤੇ ਉਸ ਦਇਆਵਾਨ ਪ੍ਰਭੂ ਨੇ ਕਿਰਪਾ ਕੀਤੀ, ਉਸ ਨੂੰ ਦੁੱਖਾਂ ਦੇ ਸਮੁੰਦਰ ਵਿਚ ਡੁਬਦੇ ਨੂੰ ਬਾਹੋਂ ਫੜ ਕੇ ਬਾਹਰ ਕੱਢ ਲਿਆ ਤੇ ਬਚਾ ਲਿਆ। ਪ੍ਰਭੂ ਨੇ ਉਸ ਦੀ ਕੀਤੀ ਹੋਈ ਕੋਈ ਸੇਵਾ ਨਹੀਂ ਦੇਖੀ, ਕੋਈ ਉਸ ਦੀ ਮਿਹਨਤ ਨਹੀਂ ਵੇਖੀ। ਬਸ ਦਇਆਵਾਨ ਪ੍ਰਭੂ ਨੇ ਦੁੱਖਾਂ ਤੋਂ ਬਚਾਉਣ ਦੀ ਸਮਰੱਥਾ ਵਾਲੇ ਮਾਲਕ ਨੇ ਉਸ ਦੀ ਰੱਖਿਆ ਕਰ ਕੇ ਉਸ ਨੂੰ ਬਚਾ ਲਿਆ।

ਗੁਰਦੇਵ ਆਖਦੇ ਹਨ, ਹੇ ਭਾਈ ਗੁਰੂ ਦੀ ਸੰਗਤ ਵਿਚ ਰਹਿ ਕੇ ਜਿਸ ਮਨੁੱਖ ਨੂੰ ਪ੍ਰਭੂ ਦੀ ਸਿਫਤ ਸਾਲਾਹ ਮੁੜ ਮੁੜ ਸੁਣ ਕੇ ਮਨ ਵਿਚ ਚਾਉ ਪੈਦਾ ਹੋ ਗਿਆ, ਉਹ ਵਡਭਾਗਾ ਮਨੁੱਖ ਅੱਠੇ ਪਹਿਰ ਹਰ ਵੇਲੇ ਪਰਮਾਤਮਾ ਦੇ ਗੁਣ ਗਾਉਣ ਲੱਗ ਪਿਆ। ਹੇ ਭਾਈ ਪ੍ਰਭੂ ਦੇ ਗੁਣ ਗਾਉਂਦਿਆਂ ਉਸ ਨੇ ਸਭ ਤੋਂ ਉਚੀ ਆਤਮਕ ਅਵਸਥਾ ਪ੍ਰਾਪਤ ਕਰ ਲਈ। 'ਗੁਰ ਪ੍ਰਸਾਦਿ ਨਾਨਕ ਲਿਵ ਲਾਈ॥' ਨਾਨਕ ਆਖਦਾ ਹੈ, ਗੁਰੂ ਦੀ ਕਿਰਪਾ ਨਾਲ ਉਸ ਨੇ ਪ੍ਰਭੂ ਚਰਨਾਂ ਵਿਚ ਲਿਵ ਭਾਵ ਸੁਰਤਿ ਜੋੜ ਲਈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਬਾਬੇ ਕੀਤਾ ਸਟਿੰਗ ਆਪਰੇਸ਼ਨ

ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਜਿਸ ਧੂਮ ਧੜੱਕੇ ਨਾਲ ਸਿੱਖਾਂ ਨੇ ਸਾਰੀ ਦੁਨੀਆਂ ਵਿਚ ਮਨਾਇਆ, ਉਸ ਦੀ ਗੂੰਜ ਸੱਚ ਖੰਡ ਵਿਖੇ ਵਿਸ਼ਰਾਮ ਕਰ ਰਹੇ ਬਾਬੇ ਨਾਨਕ ਤੱਕ ਵੀ ਅੱਪੜੀ। ਬਾਬਾ ਜੀ ਨੂੰ ਆਪਣੀਆਂ ਬਹੁਤੀਆਂ ਸਿਫਤਾਂ ਅਤੇ ਹੱਦੋਂ ਵੱਧ ਸੋਹਲੇ ਗਾਉਣੇ ਅਕਾਊ ਲੱਗੇ, ਪਰ ਜਦ ਇੱਕ ਸਮਾਗਮ ਵਿਖੇ ਇੱਕ ਵਿਦਵਾਨ ਲੇਖਕ ਨੂੰ ਇਹ ਕਹਿੰਦਿਆਂ ਸੁਣਿਆ, ਪਈ ਜੇ ਅੱਜ ਬਾਬਾ ਜੀ ਹੋਣ ਤਾਂ ਆਪਣੇ ਆਪ ਦੇ ਸਿੱਖ ਹੋਣ ਤੋਂ ਇਨਕਾਰੀ ਹੋ ਜਾਣ, ਤਾਂ ਬਾਬਾ ਜੀ ਦਾ ਮੱਥਾ ਠਣਕਿਆ। ਉਨ੍ਹਾਂ ਸੋਚਿਆ, ਪਈ ਮੈਂ ਤਾਂ ਸਿੱਖ ਨੂੰ ਦੁਨੀਆਂ 'ਚ ਬਿਹਤਰੀਨ ਕਿਰਦਾਰ ਦਾ ਧਾਰਨੀ ਹੋਣ ਦਾ ਉਪਰਾਲਾ ਕਰਕੇ ਆਇਆ ਸਾਂ ਤੇ ਅੱਜ ਇਹ ਲੇਖਕ ਵਿਦਵਾਨ ਕੀ ਪਿਆ ਆਂਹਦਾ? 'ਚਲੋ ਅੱਜ ਸਟਿੰਗ ਅਪਰੇਸ਼ਨ ਕੀਤਾ ਜਾਏ ਅਤੇ ਸੱਚਾਈ ਦਾ ਪਤਾ ਲਾਇਆ ਜਾਏ' ਸੋਚ ਬਾਬਾ ਜੀ ਦੁਨੀਆਂ ਵੱਲ ਚੱਲ ਪਾਏ।

'ਵਿਦੇਸ਼ਾਂ 'ਚ ਮੇਰੇ ਸਿੱਖ ਵੱਡੀਆਂ ਮੱਲਾਂ ਪਏ ਮਾਰਦੇ ਨੇ' ਸੋਚ ਕੇ ਬਾਬੇ ਨੇ ਇੱਕ ਵਿਦੇਸ਼ੀ ਧਰਤੀ 'ਤੇ ਆਣ ਕਦਮ ਰੱਖਿਆ ਤੇ ਇੱਕ ਧਰਮ ਸਥਾਨ ਦਾ ਜਾਇਜ਼ਾ ਲੈਣ ਪਹੁੰਚੇ। ਕੁਦਰਤ ਦੀ ਮਾਰ ਕਿ ਇਸ ਗੁਰੂਘਰ ਵਿਚ ਅੱਜ ਪ੍ਰਬੰਧਕ ਕਮੇਟੀ ਦੀ ਇਲੈਕਸ਼ਨ ਹੋਣੀ ਸੀ ਤੇ ਦੋ ਪ੍ਰਬੰਧਕੀ ਧੜਿਆਂ ਵਿਚ ਠਣੀ ਪਈ ਸੀ। ਪਹਿਲਾਂ ਤਾਂ ਬਾਬੇ ਨੂੰ ਗੁਰੂਘਰ ਸੇਵਾ ਲਈ ਹੁੰਦੀਆਂ ਧੜੇਬੰਦਕ ਚੋਣਾਂ ਬੜੀਆਂ ਅਜੀਬ ਲੱਗੀਆਂ, ਪਰ ਬਾਬੇ ਨੇ ਉਥੇ ਜੋ ਤਮਾਸ਼ਾ ਵੇਖਿਆ, ਆਪਣੀਆਂ ਅੱਖਾਂ 'ਤੇ ਯਕੀਨ ਨਾ ਆਇਆ। ਦੋਵੇਂ ਧਿਰਾਂ ਇੱਕ ਦੂਜੇ 'ਤੇ ਵਾਹਵਾ ਚਿੱਕੜ ਉਛਾਲਣ ਪਿਛੋਂ ਹੱਥੋਪਾਈ 'ਤੇ ਉਤਰ ਆਈਆਂ। ਘਸੁੰਨ ਮੁੱਕੀ ਅਤੇ ਪੱਗੋਲੱਥੀ ਵਿਚੋਂ 'ਵਾਹਿਗੁਰੂ ਵਾਹਿਗੁਰੂ' ਕਰਦਾ ਬਾਬਾ ਕਿਸੇ ਤਰ੍ਹਾਂ ਬਚ ਕੇ ਬਾਹਰ ਆਇਆ ਤਾਂ ਆਪ ਮੁਹਾਰੇ ਮੂੰਹੋਂ ਨਿਕਲਿਆ, 'ਨਹੀਂ ਇਹ ਮੇਰੇ ਸਿੱਖ ਨਹੀਂ ਹੋ ਸਕਦੇ।'

ਸੁਣਿਆ ਸੀ, ਪਈ ਅਜਿਹੀਆਂ ਕਰਤੂਤਾਂ ਪਿੱਛੇ ਆਰ. ਐਸ. ਐਸ. ਦਾ ਹੱਥ ਹੁੰਦਾ ਹੈ, ਸੋ ਅੱਗੇ ਚਾਲੇ ਪਾਏ। ਰੱਬ ਦੀ ਕਰਨੀ ਕਿ ਅੱਗੇ ਇੱਕ ਥਾਂ ਬੇਸ਼ਕੀਮਤੀ ਰੁਮਾਲੇ ਗਾਰਬੇਜ 'ਚ ਸੁੱਟੇ ਜਾ ਰਹੇ ਸਨ ਤਾਂ ਬਾਬੇ ਨੂੰ ਫਿਰ ਝਟਕਾ ਲੱਗਾ। ਬਾਬੇ ਤੋਂ ਰਿਹਾ ਨਾ ਗਿਆ ਤੇ ਕਹਿਣ ਲੱਗਾ, ਗੁਰਮੁੱਖੋ, ਇਹ ਕੀ ਕਰਦੇ ਹੋ? ਧਨ ਦੀ ਬਰਬਾਦੀ ਕਰਦੇ ਹੋ! ਜਿਸ ਨਾਲ ਕਈ ਗਰੀਬਾਂ ਦਾ ਭਲਾ ਹੋ ਸਕਦਾ ਸੀ। ਧਰਮ ਗ੍ਰੰਥ ਨੂੰ ਮਹਿੰਗੇ ਰੁਮਾਲਿਆਂ ਨਾਲ ਢਕਣਾ ਤਾਂ ਸਰਾਸਰ ਪਖੰਡ ਹੈ।

ਸੇਵਾਦਾਰਾਂ ਨੇ ਬਾਬੇ ਵੱਲ ਕੌੜੀਆਂ ਅੱਖਾਂ ਨਾਲ ਵੇਖਦਿਆਂ ਕਿਹਾ, 'ਜਨਾਬ ਤੁਸਾਂ ਕਿਸ ਖੇਤ ਦੀ ਮੂਲੀ ਹੋ? ਇੱਥੇ ਇਵੇਂ ਹੀ ਚਲਦਾ ਹੈ, ਅੱਗੇ ਵਧੋ।' ਬਾਬੇ ਤੋਂ ਕਹਿ ਹੋ ਗਿਆ, 'ਮੈਂ ਧਾਡਾ ਪਿਆਰਾ ਸਤਿਕਾਰਤ ਬਾਬਾ ਨਾਨਕ।' ਬਸ ਫੇਰ ਕੀ ਸੀ! ਸਾਰਿਆਂ ਨੇ ਇਹ ਕਹਿੰਦਿਆਂ ਬਾਬੇ 'ਤੇ ਹਮਲਾ ਕਰ ਦਿੱਤਾ ਕਿ ਇਹ ਸਾਧੂ ਬਾਬੇ ਨਾਨਕ ਦਾ ਸਾਂਗ ਕਰਦਾ ਹੈ, ਪਹਿਲਾਂ ਸਿਰਸੇ ਵਾਲੇ ਸਾਧ ਨੇ ਦਸਮ ਪਾਤਸ਼ਾਹ ਦਾ ਰੂਪ ਧਾਰਿਆ, ਹੁਣ ਇਹ ਸਾਡੇ ਬਾਬੇ ਨਾਨਕ ਦਾ ਨਾਟਕ ਕਰਦਾ ਹੈ। ਸਿੱਖੀ ਨੂੰ ਢਾਹ ਲਾਉਂਦਾ ਹੈ। ਫੜੋ ਇਸ ਨੂੰ, ਬਚ ਕੇ ਨਾ ਜਾਵੇ।

ਬਾਬੇ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕਿਸੇ ਤਰ੍ਹਾਂ ਇੱਥੋਂ ਵੀ ਬਚ ਬਚਾ ਕੇ ਬਾਬੇ ਨੇ ਆਪਣੇ ਵਤਨ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵੱਲ ਚਾਲੇ ਪਾਏ। ਘੋਰ ਨਿਰਾਸ਼ਾ ਦੀ ਹੱਦ ਨਾ ਰਹੀ, ਜਦੋਂ ਬਾਬੇ ਨੇ ਇੱਥੋਂ ਦਾ ਭੈੜਾ ਹਾਲ ਅੱਖੀਂ ਦੇਖਿਆ। ਇੱਕ ਧਰਮ ਸਥਾਨ ਅੰਦਰ ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਕਿਰਪਾਨਾਂ ਚੱਲ ਪਈਆਂ। ਆਪਣੇ ਨਾਂ 'ਤੇ ਹੁੰਦੇ ਪਖੰਡ ਦੇਖ ਕੇ ਬਾਬਾ ਅੰਤਾਂ ਦਾ ਦੁਖੀ ਹੋਇਆ। ਫਿਰ ਬਾਬੇ ਨੇ ਸੱਚਾਈ ਜਾਨਣ ਲਈ ਇੱਕ ਆਮ ਗਰੀਬ ਆਦਮੀ ਦਾ ਭੇਸ ਧਾਰ ਕੇ ਆਪਣੇ ਕੰਮ ਕਰਾਉਣ ਲਈ ਕਈ ਸਰਕਾਰੀ ਦਫਤਰਾਂ ਦੇ ਗੇੜੇ ਲਾਏ, ਜਿੱਥੇ ਸਿੱਖੀ ਸਰੂਪ ਵਿਚ ਅਫਸਰ ਤਾਇਨਾਤ ਸਨ। ਗਰੀਬ ਦੀ ਕਿਤੇ ਵੀ ਸੁਣਵਾਈ ਨਹੀਂ ਸੀ। ਰਿਸ਼ਵਤ ਤੋਂ ਬਿਨਾ ਕੋਈ ਕੰਮ ਨਹੀਂ ਸੀ ਹੁੰਦਾ।

ਇਸੇ ਦੌਰਾਨ ਬਾਬੇ ਨੇ ਇੱਕ ਗੁਰੂਘਰ ਦੇ ਗ੍ਰੰਥੀ ਵੱਲੋਂ ਇੱਕ ਔਰਤ ਦੇ ਬਲਾਤਕਾਰ ਦੀ ਖਬਰ ਸੁਣੀ ਤਾਂ ਬਾਬੇ ਦਾ ਸਬਰ ਜੁਆਬ ਦੇ ਗਿਆ ਤੇ ਉਸ ਸੱਚ ਖੰਡ ਵਾਪਸੀ ਹੀ ਬਿਹਤਰ ਸਮਝੀ। ਕਦੇ ਉਸ ਅਕਾਲ ਪੁਰਖੁ ਅੱਗੇ ਫਰਿਆਦ ਕੀਤੀ ਸੀ, 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥' ਹੁਣ ਬਾਬਾ ਅਕਾਲ ਪੁਰਖੁ ਅੱਗੇ ਫਰਿਆਦ ਕਰਦਾ ਜਾ ਰਿਹਾ ਸੀ, 'ਏਤਾ ਕੁਫਰ ਤੁਲੇਂਦਾ ਇੱਥੇ ਤੈਂ ਕੋ ਫਿਕਰ ਨਾ ਪਾਇਆ।'

# ਸ਼ਹੀਦ ਭਗਤ ਸਿੰਘ

## (28 ਸਤੰਬਰ 1907–23 ਮਾਰਚ 1931)

ਕੁਰਬਾਨੀ ਛੋਟੀ ਜਾਂ ਵੱਡੀ ਨਹੀਂ ਹੁੰਦੀ, ਇਸ ਦੇ ਇਰਾਦੇ, ਮਕਸਦ ਅਤੇ ਅਕੀਦਤ ਵਿਚ ਫਰਕ ਹੋ ਸਕਦਾ ਹੈ। ਕੁਰਬਾਨੀ ਪੱਖੋਂ ਸਾਰੇ ਲਾਹੌਰ ਸਾਜਿਸ਼ ਕੇਸ ਅਹਿਮ ਸਨ। ਇਨ੍ਹਾਂ ਵਿਚ ਜਿਨ੍ਹਾਂ ਨੇ ਜਾਨਾਂ ਵਾਰੀਆਂ, ਉਨ੍ਹਾਂ ਦੀ ਦਰਜਾਬੰਦੀ ਨਹੀਂ ਹੋ ਸਕਦੀ ਤੇ ਨਾ ਹੀ ਕਰਨੀ ਚਾਹੀਦੀ ਹੈ; ਪਰ ਪਹਿਲਾ ਅਤੇ ਛੇਵਾਂ ਲਾਹੌਰ ਸਾਜਿਸ਼ ਕੇਸ ਸਭ ਤੋਂ ਵੱਧ ਮਸ਼ਹੂਰ ਹੋਏ। ਪਹਿਲਾ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਕਰਕੇ ਅਤੇ ਦੂਜਾ ਭਗਤ ਸਿੰਘ ਦੀ ਸ਼ਹਾਦਤ ਕਰਕੇ। ਦੋਹਾਂ ਨੇ ਅਜ਼ਾਦੀ ਦੀ ਲਹਿਰ ਵਿਚ ਗਾੜੀ ਫਰਜ਼ ਨਿਭਾਇਆ। ਭਗਤ ਸਿੰਘ ਦੀ ਅਦੁਤੀ ਸ਼ਹੀਦੀ ਦਾ ਵੇਰਵਾ ਇਉਂ ਹੈ:

**ਸਾਇਮਨ ਕਮਿਸ਼ਨ:** ਬ੍ਰਿਟਿਸ਼ ਸਰਕਾਰ ਨੇ 1927 ਵਿਚ ਹਿੰਦੋਸਤਾਨ ਦੇ ਸਿਆਸੀ ਸੁਧਾਰਾਂ ਦਾ ਜਾਇਜ਼ਾ ਲੈਣ ਅਤੇ ਅਜ਼ਾਦੀ ਦੇਣ ਦੀ ਸੰਭਾਵਨਾ ਬਾਰੇ ਸਾਇਮਨ ਕਮਿਸ਼ਨ ਬਣਾਇਆ, ਜਿਸ ਦੇ ਸਾਰੇ ਮੈਂਬਰ ਗੋਰੇ ਸਨ, ਇਕ ਵੀ ਹਿੰਦੋਸਤਾਨੀ ਨਹੀਂ ਸੀ। ਹਿੰਦੋਸਤਾਨ ਦੀ ਸਮਾਜਕ ਅਤੇ ਰਾਜਨੀਤਕ ਕਿਸਮਤ ਦਾ ਫੈਸਲਾ ਕਰਨ ਲਈ ਕਮਿਸ਼ਨ ਵਿਚ ਹਿੰਦੋਸਤਾਨੀਆਂ ਦਾ ਹੋਣਾ ਜ਼ਰੂਰੀ ਸੀ। ਕਮਿਸ਼ਨ ਦੇ ਬੰਬਈ ਉਤਰਦਿਆਂ ਸਾਰ

ਡਾ. ਗੁਰੂਮੇਲ ਸਿੰਘ ਸਿੱਧੂ

'ਸਾਇਮਨ ਕਮਿਸ਼ਨ ਗੋ ਬੈਕ' ਦੇ ਨਾਅਰੇ ਸ਼ੁਰੂ ਹੋ ਗਏ। 30 ਅਕਤੂਬਰ 1928 ਨੂੰ ਕਮਿਸ਼ਨ ਲਾਹੌਰ ਪੁੱਜਾ ਤਾਂ ਲਾਲਾ ਲਾਜਪਤ ਰਾਏ ਨੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ 'ਚ ਇਸ ਦੇ ਬਾਈਕਾਟ ਦਾ ਮਤਾ ਪੇਸ਼ ਕੀਤਾ। ਸਰਕਾਰ ਨੇ ਮਤੇ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ। ਰੋਹ ਵਿਚ ਲੋਕ ਸੜਕਾਂ 'ਤੇ ਉਤਰ ਆਏ, ਜਿਨ੍ਹਾਂ ਦੀ ਨੁਮਾਇੰਦਗੀ ਲਾਲਾ ਜੀ ਨੇ ਕੀਤੀ। ਲੋਕਾਂ ਨੂੰ ਕਾਬੂ ਵਿਚ ਰੱਖਣ ਲਈ ਪੁਲਿਸ ਨੇ ਲਾਠੀਆਂ ਵਰ੍ਹਾਈਆਂ। ਲਾਲਾ ਜੀ ਦੀ ਛਾਤੀ ਅਤੇ ਸਿਰ ਵਿਚ ਕੁਝ ਲਾਠੀਆਂ ਵੱਜੀਆਂ। ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ, ਪਰ ਬਚਾਇਆ ਨਾ ਜਾ ਸਕਿਆ।

ਲਾਲਾ ਜੀ ਦਾ ਬਦਲਾ ਲੈਣ ਲਈ ਭਗਤ ਸਿੰਘ ਤੇ ਰਾਜਗੁਰੂ ਨੇ ਪੁਲਿਸ ਸੁਪਰਡੈਂਟ ਜੇਮਜ਼ ਸਕੌਟ ਨੂੰ ਮਾਰਨਾ ਚਾਹਿਆ, ਕਿਉਂਕਿ ਲਾਠੀ ਚਾਰਜ ਦਾ ਹੁਕਮ ਉਸ ਨੇ ਦਿੱਤਾ ਸੀ। ਭੁਲੇਖੇ 'ਚ ਸਹਾਇਕ ਸੁਪਰਡੈਂਟ ਜੌਹਨ ਸਾਂਡਰਸ ਮਾਰਿਆ ਗਿਆ। ਭਗਤ ਸਿੰਘ ਨੇ ਗੋਲੀ ਮਾਰਨੀ ਸੀ, ਪਰ ਰਾਜਗੁਰੂ ਨੇ ਬਾਜੀ ਮਾਰ ਲਈ। ਕਤਲ ਕਰਨ ਪਿਛੋਂ ਸਾਰੇ ਕ੍ਰਾਂਤੀਕਾਰੀ ਬਚ ਕੇ ਨਿਕਲ ਗਏ। ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ (ਐਚ.ਐਸ.ਆਰ.ਏ.) ਨੇ ਕੰਧਾਂ 'ਤੇ ਇਸ਼ਤਿਹਾਰ ਲਾਏ ਅਤੇ ਪੈਂਫਲਿਟ ਵੰਡੇ, ਜਿਨ੍ਹਾਂ 'ਤੇ ਲਿਖਿਆ,

"Today the world has seen that the people of India are not lifeless; their blood has not become cold. They can lay down their lives for the country's honour. We are sorry to have killed a man. But this man was a part of (a) cruel, despicable and unjust system and killing him was a necessity. This Government is the most oppressive government in the world."

ਮਾਰਨ ਤੋਂ ਦੋ ਦਿਨ ਬਾਅਦ ਸੁਖਦੇਵ ਨੇ ਦੁਰਗਾ ਭਾਬੀ (ਭਗਵਤੀ ਚਰਨ ਵੋਹਰਾ ਦੀ ਧਰਮ ਪਤਨੀ) ਨੂੰ ਮਦਦ ਲਈ ਕਿਹਾ। ਉਹ ਭਗਤ ਸਿੰਘ ਨੂੰ ਆਪਣਾ ਪਤੀ ਬਣਾ ਕੇ ਗੱਡੀ ਰਾਹੀਂ ਕਲਕੱਤੇ ਲੈ ਗਈ। ਆਪਣੇ ਆਪ ਨੂੰ ਬੇਪਛਾਣ ਕਰਨ ਲਈ ਭਗਤ ਸਿੰਘ ਨੇ ਦਾੜ੍ਹੀ-ਮੁੱਛ ਮੁੰਨਵਾ ਦਿੱਤੇ। ਦੁਰਗਾ ਭਾਬੀ ਇਕ ਕ੍ਰਾਂਤੀਕਾਰੀ ਔਰਤ ਸੀ, ਜਿਸ ਨੇ ਗਦਰੀਆਂ ਦਾ ਡਟ ਕੇ ਸਾਥ ਦਿੱਤਾ।

ਭਗਤ ਸਿੰਘ ਲਈ ਮਸਲਾ ਇਹ ਬਣ ਗਿਆ ਕਿ ਰੂਹਪੋਸ਼ ਰਹਿ ਕੇ ਹਿੰਦੋਸਤਾਨ ਦੀ ਅਜ਼ਾਦੀ ਵਿਚ ਖੁੱਲ੍ਹ ਕੇ ਹਿੱਸਾ ਨਹੀਂ ਪਾ ਸਕਦੇ; ਨਾਲੇ ਕਿੰਨਾ ਕੁ ਚਿਰ ਲੁਕ-ਛਿਪ ਕੇ ਰਹਿ ਸਕਦੇ ਸਨ। ਉਸ ਨੂੰ ਪਤਾ ਸੀ ਕਿ ਫੜੇ ਜਾਣ ਪਿਛੋਂ ਬਹੁਤ ਚਿਰ ਜਿਉਣ ਦੀ ਮੋਹਲਤ ਨਹੀਂ ਮਿਲਣੀ। ਉਹ ਵਾਪਸ ਲਾਹੌਰ ਆ ਗਿਆ ਤੇ ਕੋਈ ਚਕਾਚੌਂਧੀ ਕ੍ਰਾਂਤੀਕਾਰੀ ਕਾਰਾ ਕਰਨ ਦੀ ਸੋਚੀ, ਜਿਸ ਨਾਲ ਸਰਕਾਰ ਵਿਚ ਤਹਿਲਕਾ ਮਚ ਜਾਵੇ ਅਤੇ ਦੇਸ਼ ਦੀ ਜਨਤਾ ਜਾਗ ਪਵੇ।

ਰਬ ਸਬੱਬੀਂ ਇਕ ਜ਼ਰੀਆ ਪੈਦਾ ਹੋ ਗਿਆ। ਬ੍ਰਿਟਿਸ਼ ਸਰਕਾਰ ਨੇ ਜਨਤਾ ਵਿਰੋਧੀ ਦੋ ਬਿੱਲਾਂ (ਐਕਟਾਂ)- 'ਪਬਲਿਕ ਸੇਫਟੀ ਬਿੱਲ' ਅਤੇ 'ਟ੍ਰੇਡ ਡਿਸਪਿਊਟ ਬਿੱਲ' ਨੂੰ ਕਾਨੂੰਨ ਵਿਚ ਬਦਲਣ ਲਈ ਜਨਰਲ ਅਸੈਂਬਲੀ ਵਿਚ ਪੇਸ਼ ਕੀਤਾ। 'ਪਬਲਿਕ ਸੇਫਟੀ ਬਿੱਲ', ਵਿਦੇਸ਼ੀ ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਵਲੋਂ ਹਿੰਦੋਸਤਾਨ ਦੀ ਕਮਿਊਨਿਸਟ ਲਹਿਰ ਨੂੰ ਪ੍ਰਭਾਵਤ ਕਰਨ 'ਤੇ ਰੋਕ ਲਾਉਣਾ ਸੀ। 'ਟ੍ਰੇਡ ਡਿਸਪਿਊਟ ਬਿੱਲ' ਕਾਮਿਆਂ ਅਤੇ ਟ੍ਰੇਡ ਯੂਨੀਅਨਾਂ ਵਲੋਂ ਹੜਤਾਲ ਕਰਨ 'ਤੇ ਜੁਰਮਾਨਾ ਕਰਨਾ ਅਤੇ ਜੇਲ੍ਹ ਦੀ ਸਜ਼ਾ ਦੇਣਾ ਸੀ। ਇਹ ਦੋਵੇਂ ਬਿੱਲ ਜਨਤਾ ਵਿਰੋਧੀ ਸਨ ਤੇ ਇਨ੍ਹਾਂ ਨੂੰ ਕਾਨੂੰਨ ਵਿਚ ਬਦਲਣ ਲਈ ਜਨਰਲ ਅਸੈਂਬਲੀ ਵਿਚ ਪੇਸ਼ ਕੀਤਾ ਜਾਣਾ ਸੀ। ਭਗਤ ਸਿੰਘ ਦੀ ਹਮਖਿਆਲੀ ਕ੍ਰਾਂਤੀਕਾਰੀਆਂ ਦੀ ਸੰਸਥਾ ਐਚ. ਐਸ. ਆਰ. ਏ. ਨੇ ਮੀਟਿੰਗ ਸੱਦ ਕੇ ਫੈਸਲਾ ਲਿਆ ਕਿ ਇਨ੍ਹਾਂ ਬਿੱਲਾਂ ਦਾ ਵਿਰੋਧ ਕਰਨ ਲਈ ਅਸੈਂਬਲੀ ਵਿਚ ਫੋਕੇ ਬੰਬ ਸੁੱਟੇ ਜਾਣ। ਮਕਸਦ ਲੋਕਾਂ ਨੂੰ ਮਾਰਨਾ ਜਾਂ ਨੁਕਸਾਨ ਪਹੁੰਚਾਉਣਾ ਨਹੀਂ, ਬੋਲੀ ਸਰਕਾਰ ਨੂੰ ਚਿਤਾਵਨੀ ਦੇਣਾ ਹੋਵੇਗਾ। ਚਾਹੁੰਦਿਆਂ ਵੀ ਇਸ ਕਾਰਵਾਈ ਲਈ ਭਗਤ ਸਿੰਘ ਦਾ ਨੰਬਰ ਨਾ ਲੱਗਾ, ਕਿਉਂਕਿ ਉਸ 'ਤੇ ਪਹਿਲਾਂ ਹੀ ਸਾਂਡਰਸ ਦੇ ਕਤਲ ਦਾ ਦੋਸ਼ ਸੀ। ਭਗਤ ਸਿੰਘ ਦਾ ਗੂੜ੍ਹਾ ਮਿੱਤਰ ਸੁਖਦੇਵ ਮੀਟਿੰਗ ਵਿਚ ਨਹੀਂ ਸੀ। ਜਦ ਉਸ ਨੇ ਸੁਣਿਆ ਕਿ ਭਗਤ ਸਿੰਘ ਬੰਬ ਸੁੱਟਣ ਵਿਚ ਹਿੱਸਾ ਨਹੀਂ ਲੈ ਰਿਹਾ ਤਾਂ ਉਹ ਬੜਾ ਨਾਰਾਜ਼ ਹੋਇਆ। ਉਹ ਜਾਣਦਾ ਸੀ ਕਿ ਭਗਤ ਸਿੰਘ ਇਸ ਕੰਮ ਲਈ ਸਭ ਤੋਂ ਵੱਧ ਸਹੀ ਬੰਦਾ ਸੀ। ਉਸ ਨੇ ਭਗਤ ਸਿੰਘ ਨੂੰ ਤਾਹਨਾ ਮਾਰਿਆ, 'ਕਿਉਂ? ਮਰਨ ਤੋਂ ਡਰ ਗਿਆਂ!' ਸੰਸਥਾ ਨੇ ਮੁੜ ਮੀਟਿੰਗ ਬੁਲਾਈ ਤੇ ਭਗਤ ਸਿੰਘ ਨੂੰ ਬੰਬ ਸੁੱਟਣ ਲਈ ਚੁਣ ਲਿਆ। ਉਸ ਨੇ ਸ਼ਰਤ ਰੱਖੀ ਕਿ ਕਾਰਾ ਕਰਨ ਪਿਛੋਂ ਕ੍ਰਾਂਤੀਕਾਰੀ ਨੱਠਣਗੇ ਨਹੀਂ, ਥਾਂ 'ਤੇ ਹੀ ਗ੍ਰਿਫਤਾਰੀ ਦੇਣਗੇ। ਬੀ. ਕੇ. ਦੱਤ ਨੂੰ ਭਗਤ ਸਿੰਘ ਦੇ ਨਾਲ ਜਾਣ ਲਈ ਕਿਹਾ ਗਿਆ।

**ਅਸੈਂਬਲੀ ਵਿਚ ਬੰਬ ਸੁੱਟਣਾ:** ਭਗਤ ਸਿੰਘ ਨੇ 8 ਅਪਰੈਲ 1929 ਨੂੰ ਦਿੱਲੀ ਦੀ ਕੇਂਦਰੀ ਅਸੈਂਬਲੀ ਵਿਚ ਬੰਬ ਸੁੱਟਿਆ। ਨਾਲ ਹੀ ਇਸ਼ਤਿਹਾਰਾਂ ਦਾ ਥੱਬਾ ਵਗਾਹ ਮਾਰਿਆ, ਜਿਸ 'ਤੇ ਲਿਖਿਆ ਸੀ, To Make the Deaf Hear (ਬੋਲਿਆਂ ਨੂੰ ਸੁਣਾਉਣ ਲਈ); 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜ ਦਾ ਨਾਸ਼ ਹੋ' ਦੇ ਨਾਅਰੇ ਲਾਏ। ਜਿਵੇਂ ਤੈਅ ਹੋਇਆ ਸੀ, ਬੰਬ ਸੁੱਟਣ ਦਾ ਮਕਸਦ ਕਿਸੇ ਨੂੰ ਜਾਨੋਂ ਮਾਰਨ ਦਾ ਨਹੀਂ ਸੀ, ਬ੍ਰਿਟਿਸ਼ ਸਰਕਾਰ ਦੇ ਬੋਲੇ ਕੰਨਾਂ ਵਿਚ ਅਜ਼ਾਦੀ ਦਾ ਬਿਗਲ ਵਜਾਉਣਾ ਸੀ।

ਅਸੈਂਬਲੀ ਵਿਚ ਹਾਹਾਕਾਰ ਮੱਚ ਗਈ, ਲੋਕ ਮੇਜਾਂ ਹੇਠ ਲੁਕ ਗਏ। ਕੁਝ ਬੰਦੇ ਸ਼ਾਂਤ ਰਹੇ, ਜਿਨ੍ਹਾਂ ਵਿਚ ਪੰਡਿਤ ਮੋਤੀ ਲਾਲ ਨਹਿਰੂ, ਮਦਨ ਮੋਹਨ ਮਾਲਵੀਆ ਅਤੇ ਮੁਹੰਮਦ ਅਲੀ ਜਿਨਾਹ ਸ਼ਾਮਿਲ ਸਨ। ਛੋਟੀਆਂ-ਮੋਟੀਆਂ ਖਰੋਚਾਂ ਤੋਂ ਇਲਾਵਾ ਕੋਈ ਵੀ ਜ਼ਖਮੀ ਨਾ ਹੋਇਆ ਤੇ ਨਾ ਹੀ ਮਰਿਆ। ਭਗਤ ਸਿੰਘ ਅਤੇ ਦੱਤ ਬਚ ਕੇ ਨਿਕਲ ਸਕਦੇ ਸਨ, ਪਰ ਗ੍ਰਿਫਤਾਰੀ ਦੇਣ ਲਈ ਖੜ੍ਹੇ ਰਹੇ ਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਰਹੇ।

ਪੁਲਿਸ ਲਾਗੇ ਜਾਣ ਤੋਂ ਡਰਦੀ ਸੀ, ਕਿਉਂਕਿ ਭਗਤ ਸਿੰਘ ਕੋਲ ਪਿਸਤੌਲ ਸੀ। ਉਸ ਨੇ ਪਿਸਤੌਲ ਭੁੰਜੇ ਰੱਖ ਦਿੱਤਾ ਤਾਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਭਗਤ ਸਿੰਘ ਨੇ ਇਸ ਗੱਲ ਦੀ ਪਰਵਾਹ ਨਾ ਕੀਤੀ ਕਿ ਮੁਕੱਦਮੇ ਸਮੇਂ ਇਹ ਪਿਸਤੌਲ ਗਵਾਹੀ ਦੇ ਤੌਰ 'ਤੇ ਵਰਤਿਆ ਜਾ ਸਕਦਾ ਸੀ। ਅਸੈਂਬਲੀ ਵਿਚ ਬੰਬ ਸੁੱਟਣ ਪਿਛੋਂ ਅਖਬਾਰਾਂ ਨੂੰ ਜੋ ਦੱਸਣਾ ਸੀ, ਸਭ ਪਹਿਲਾਂ ਹੀ ਤੈਅ ਕੀਤਾ ਹੋਇਆ ਸੀ। ਉਸੇ ਦਿਨ ਸ਼ਾਮ ਦੇ ਪਰਚੇ ਵਿਚ 'ਹਿੰਦੋਸਤਾਨ ਟਾਈਮਜ਼' ਨੇ ਭਗਤ ਸਿੰਘ ਅਤੇ ਬੀ. ਕੇ. ਦੱਤ ਦੀਆਂ ਫੋਟੋਆਂ ਸਮੇਤ, ਅਗਾਊਂ ਤਿਆਰ ਕੀਤਾ ਬਿਆਨ ਛਾਪਿਆ।

"It takes a loud voice to make a deaf hear. With these immortal words uttered on an occasion by Valliant, a French anarchist martyr, do we strongly justify this action of ours?


Without repeating the humiliating history of the past ten years of the working of the reforms and without mentioning the insults hurled down on the head of the Indian nation through this House, the so called Indian Parliament, we see that this time again, while the people expecting some more crumbs of reforms from the Simon Commission, are even quarelleling over the distribution of the expected bones, the Govt. is thrusting upon us new repressive measures like those of the Public Safety and Trade Dispute Bills, while reserving the Press Sedition Bill for the next Session. The indiscriminate arrests of labour leades working in the open field clearly indicate whither the wind blows.

We are sorry to admit that we who attach so great a sanctity to human life, we who dream of a glorious future when man will be enjoying perfect peace and full liberty, have been forced to shed human blood, But the sacrifices of the individuals at the altar of the great revolution that will bring freedom to all rendering the exloitation of man by man impossible, is inevitable. Long Live Revolution." (Hidustan Times, April 8, 1929).

ਹਿੰਦੋਸਤਾਨ ਦੀ ਅਜ਼ਾਦੀ ਦੀ ਲਹਿਰ ਵਿਚ ਇਹ ਵਾਕਿਆ ਅਹਿਮ ਮੋੜ ਸੀ। ਉਸ ਦਿਨ ਤੋਂ ਲਹਿਰ ਪ੍ਰਚੰਡ ਹੋ ਗਈ ਤੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਅਜ਼ਾਦੀ ਦਾ ਚਿੰਨ ਬਣ ਗਿਆ।

**ਮੁਕੱਦਮਾ:** ਭਗਤ ਸਿੰਘ ਅਤੇ ਸਾਥੀਆਂ ਦਾ ਲਾਹੌਰ ਸਾਜਿਸ਼ ਕੇਸ, ਮੂਲ ਰੂਪ 'ਚ ਦੋ ਮੁੱਖ ਘਟਨਾਵਾਂ-ਸਾਂਡਰਸ ਦੇ ਕਤਲ ਅਤੇ ਅਸੈਂਬਲੀ ਵਿਚ ਬੰਬ ਸੁੱਟਣ 'ਤੇ ਆਧਾਰਤ ਸੀ। ਸਰਕਾਰ ਨੇ ਕੇਸ ਨੂੰ ਪੁਖਤਾ ਕਰਨ ਲਈ ਕਈ ਹੋਰ ਘਟਨਾਵਾਂ ਵੀ ਨਾਲ ਜੋੜ ਦਿੱਤੀਆਂ, ਜਿਵੇਂ ਕਲਕੱਤਾ, ਸਹਾਰਨਪੁਰ, ਆਗਰਾ ਅਤੇ ਲਾਹੌਰ ਵਿਚ ਬੰਬ ਬਣਾਉਣੇ; ਬਿਹਾਰ ਤੇ ਉੜੀਸਾ ਵਿਚ ਡਾਕੇ ਮਾਰਨੇ; ਪੰਜਾਬ ਨੈਸ਼ਨਲ ਬੈਂਕ, ਲਾਹੌਰ ਨੂੰ ਲੁੱਟਣਾ ਅਤੇ ਕੋਕਰੀ ਟਰੇਨ ਡਾਕਾ ਆਦਿ। ਸਾਂਡਰਸ ਦੇ ਕਤਲ ਪਿਛੋਂ ਕੰਧਾਂ 'ਤੇ ਲਾਏ ਇਸ਼ਤਿਹਾਰਾਂ ਅਤੇ ਅਸੈਂਬਲੀ ਵਿਚ ਸੁੱਟੇ ਪਰਚਿਆਂ ਦੀ ਇਬਾਰਤ ਅਤੇ ਸ਼ੈਲੀ ਤੋਂ ਅੰਦਾਜ਼ਾ ਲਾ ਲਿਆ ਕਿ ਇਨ੍ਹਾਂ ਦੋਹਾਂ ਵਾਰਦਾਤਾਂ 'ਚ ਭਗਤ ਸਿੰਘ ਦਾ ਮੋਹਰੀ ਹੱਥ ਸੀ। ਫਲਸਰੂਪ, ਭਗਤ ਸਿੰਘ ਅਤੇ 15 ਹੋਰ ਸਾਥੀਆਂ ਨੂੰ ਤਾਜ਼ੀ-ਰਾਤ-ਏ-ਹਿੰਦ ਧਾਰਾ 307 ਅਧੀਨ ਮੁਜਰਿਮ ਠਹਿਰਾ ਕੇ ਮੁਕੱਦਮਾ ਸ਼ੁਰੂ ਹੋਇਆ। ਮੁਕੱਦਮੇ ਦੀ ਸੁਣਵਾਈ 7 ਮਈ 1929 ਨੂੰ ਜੱਜ ਪੀ. ਬੀ. ਪੂਲ ਦੀ ਕਚਹਿਰੀ ਵਿਚ ਕੇਂਦਰੀ ਜੇਲ੍ਹ, ਲਾਹੌਰ 'ਚ ਰੱਖੀ ਗਈ। ਜੇਲ੍ਹ ਵਿਚ ਸੁਣਵਾਈ ਇਸ ਲਈ ਰੱਖੀ ਗਈ ਕਿ ਬਾਹਰਲੀ ਅਦਾਲਤ ਵਿਚ ਪੇਸ਼ ਕਰਨ ਸਮੇਂ ਕੈਦੀ ਕਿਤੇ ਭੱਜ ਨਾ ਜਾਣ। ਸਰਕਾਰੀ ਵਕੀਲ ਸੂਰਿਯਾ ਨਾਰਾਇਣ ਸੀ ਅਤੇ ਮੁੱਖ ਗਵਾਹ ਸਾਰਜੈਂਟ ਟੈਰੀ ਸੀ। ਟੈਰੀ ਨੇ ਗਵਾਹੀ ਦਿੰਦਿਆਂ ਕਿਹਾ ਕਿ ਗ੍ਰਿਫਤਾਰੀ ਸਮੇਂ ਭਗਤ ਸਿੰਘ ਕੋਲੋਂ ਜੋ ਪਿਸਤੌਲ ਫੜਿਆ ਗਿਆ, ਉਹੀ ਸਾਂਡਰਸ ਦੇ ਕਤਲ ਵਿਚ ਵਰਤਿਆ ਗਿਆ ਸੀ।

ਭਗਤ ਸਿੰਘ ਨੂੰ ਪਤਾ ਸੀ ਕਿ ਸਰਕਾਰ ਉਸ ਨੂੰ ਜਿਉਂਦਾ ਨਹੀਂ ਦੇਖਣਾ ਚਾਹੁੰਦੀ। ਉਸ ਨੇ ਮੁਕੱਦਮਾ ਲੰਬੇ ਤੋਂ ਲੰਬਾ ਕਰਨ ਦੀ ਵਿਉਂਤ ਬਣਾਈ ਤਾਂਕਿ ਬ੍ਰਿਟਿਸ਼ ਸਰਕਾਰ ਦੇ ਅਖੌਤੀ ਕਾਨੂੰਨਾਂ ਅਤੇ ਨਿਆਂ ਦੀ ਖਿੱਲੀ ਉਡਾਈ ਜਾ ਸਕੇ।



(ਚਿਤਰ-1) ਭਗਤ ਸਿੰਘ ਦੀ ਫੋਟੋ

ਇਸ ਮਕਸਦ ਲਈ ਭਗਤ ਸਿੰਘ ਨੇ ਸੁਖਦੇਵ ਅਤੇ ਬਿਜੇ ਕੁਮਾਰ ਸਿਨਹਾ ਨਾਲ ਮਿਲ ਕੇ ਆਪਣਾ ਟ੍ਰਿਬਿਊਨਲ ਬਣਾ ਲਿਆ। ਉਨ੍ਹਾਂ ਦਾ ਮੁੱਖ ਮੰਤਵ ਇਨਕਲਾਬ ਦੀ ਸਫਲਤਾ ਲਈ ਮਨੋਵਿਗਿਆਨਕ ਮਾਹੌਲ ਪੈਦਾ ਕਰਕੇ ਜਨਤਾ ਦੀ ਸੋਚ ਵਿਚ ਤਬਦੀਲੀ ਲਿਆਉਣਾ ਸੀ। ਇਸ ਖਾਤਰ ਕਚਹਿਰੀ ਨੂੰ ਪ੍ਰਚਾਰ ਦਾ ਅਖਾੜਾ ਬਣਾ ਲਿਆ। ਰਾਜਨੀਤਕ ਚਾਲ ਨੂੰ ਸਫਲ ਬਣਾਉਣ ਲਈ ਜੇਲ੍ਹ ਵਿਚ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਕਰਨ ਦਾ ਫੈਸਲਾ ਕਰ ਲਿਆ (ਕਮਲੇਸ਼ ਮੋਹਨ, 2008)। ਭੁੱਖ-ਹੜਤਾਲ ਦੇ ਕਈ ਕਾਰਨ ਸਨ:

1. ਜੇਲ੍ਹ ਅਧਿਕਾਰੀਆਂ ਦਾ ਅਣਮਨੁੱਖੀ ਤੇ ਵਹਿਸ਼ੀ ਵਤੀਰਾ।
2. ਬੇਸੁਆਦਾ ਅਤੇ ਕਿਰਕਿਰਾ ਖਾਣਾ।
3. ਬੈਰਕਾਂ 'ਚ ਸਫਾਈ ਦਾ ਘਟੀਆ ਪ੍ਰਬੰਧ।
4. ਅੰਡੇਮਾਨ ਭੇਜੇ ਕੈਦੀਆਂ ਨਾਲ ਪਰਲੇ ਦਰਜੇ ਦਾ ਘਟੀਆ ਵਿਹਾਰ ਤੇ ਵਰਤਾਓ।
5. ਕੈਦੀਆਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦੇਣ ਤੋਂ ਇਨਕਾਰ।

ਉਕਤ ਮੰਗਾਂ ਮੰਨਵਾਉਣ ਲਈ ਭਗਤ ਸਿੰਘ ਨੇ 17 ਜੂਨ 1929 ਨੂੰ ਪੰਜਾਬ ਦੀਆਂ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਵਲ ਦਰਖਾਸਤ ਭੇਜੀ। ਇਸ ਵਿਚ ਲਿਖਿਆ ਕਿ ਦਿੱਲੀ ਦੇ ਅਸੈਂਬਲੀ ਹਾਲ ਵਿਚ ਬੰਬ ਸੁੱਟਣ ਕਰਕੇ ਉਸ ਨੂੰ ਉਮਰ ਕੈਦ ਹੋਈ ਸੀ। ਦਿੱਲੀ ਦੀ ਜੇਲ੍ਹ ਵਿਚ ਸਿਆਸੀ ਕੈਦੀ ਦਾ ਦਰਜਾ ਦਿੱਤਾ ਗਿਆ ਸੀ ਅਤੇ ਵਧੀਆ ਖਾਣਾ ਮੁਹੱਈਆ ਕੀਤਾ ਜਾਂਦਾ ਸੀ। ਮੁਕਾਬਲੇ 'ਤੇ ਮਿੰਟਗੁਮਰੀ ਜੇਲ੍ਹ ਵਿਚ ਇਕ ਆਮ ਕੈਦੀ ਜਿਹਾ ਸਲੂਕ ਕੀਤਾ ਜਾਂਦਾ ਹੈ ਤੇ ਮਾੜਾ ਖਾਣਾ ਦਿੱਤਾ ਜਾਂਦਾ ਹੈ। ਇਸ ਲਈ 15 ਜੂਨ 1929 ਤੋਂ ਭੁੱਖ ਹੜਤਾਲ ਕੀਤੀ ਹੋਈ ਹੈ, ਜਿਸ ਕਰਕੇ ਛੇ ਪੌਂਡ ਭਾਰ ਘਟ ਗਿਆ ਹੈ। ਭਗਤ ਸਿੰਘ ਨੇ ਮੰਗ ਕੀਤੀ ਕਿ ਇਕ ਸਿਆਸੀ ਕੈਦੀ ਹੋਣ ਦੇ ਨਾਤੇ ਉਸ ਨੂੰ ਹੇਠ ਲਿਖੀਆਂ ਸਹੂਲਤਾਂ ਦਿੱਤੀਆਂ ਜਾਣ,

1. ਖੁਰਾਕ ਵਿਚ ਦੁੱਧ, ਘਿਓ ਤੇ ਦਾਲ-ਚੌਲ ਦਿੱਤੇ ਜਾਣ।
2. ਕੋਈ ਤਸੀਹਾ ਨਾ ਦਿੱਤਾ ਜਾਵੇ ਅਤੇ ਅਣਸੁਖਾਵਾਂ ਵਿਹਾਰ ਨਾ ਕੀਤਾ ਜਾਵੇ।
3. ਨਹਾਉਣ ਲਈ ਸਾਬਣ ਤੇ ਤੇਲ ਅਤੇ ਹਜਾਮਤ ਲਈ ਉਸਤਰਾ ਤੇ ਕਰੀਮ ਦਿੱਤੇ ਜਾਣ।
4. ਸਾਫ-ਸੁਥਰੀ ਰਿਹਾਇਸ਼ ਅਤੇ ਵਕਤ ਸਿਰ ਧੋਤਾ ਹੋਇਆ ਬਿਸਤਰਾ ਹੋਵੇ।
5. ਪੜ੍ਹਨ ਲਈ ਹਰ ਤਰ੍ਹਾਂ ਦਾ ਸਾਹਿਤ ਮੁਹੱਈਆ ਕੀਤਾ ਜਾਵੇ, ਜਿਵੇਂ ਇਤਿਹਾਸ, ਸਿਆਸੀ ਵਿਗਿਆਨ, ਕਵਿਤਾ ਤੇ ਨਾਵਲ ਆਦਿ।
6. ਬਾਹਰ ਦੇ ਵਾਕਿਆਤ ਜਾਣਨ ਲਈ ਰੋਜ਼ਾਨਾ ਅਖਬਾਰਾਂ ਦਿੱਤੀਆਂ ਜਾਣ।

ਪੁਲਿਸ ਦੇ ਇੰਸਪੈਕਟਰ ਜਨਰਲ ਨੇ ਭਗਤ ਸਿੰਘ ਨੂੰ ਮੀਆਂਵਾਲੀ ਜੇਲ੍ਹ ਤੋਂ ਲਾਹੌਰ ਜੇਲ੍ਹ ਵਿਚ ਬਦਲ ਦਿੱਤਾ। ਉਥੇ ਉਸ ਦੇ ਸਾਥੀ ਬੀ. ਕੇ. ਦੱਤ ਨੇ ਭੁੱਖ ਹੜਤਾਲ ਰੱਖੀ ਹੋਈ ਸੀ ਅਤੇ ਭਗਤ ਸਿੰਘ ਵਾਲੀਆਂ ਮੰਗਾਂ ਲਈ ਅਰਜ਼ੀ ਦਿੱਤੀ ਹੋਈ ਸੀ। ਸਰਕਾਰ ਨੂੰ ਇਹ ਭਲੀਭਾਂਤ ਪਤਾ ਸੀ ਕਿ ਉਹ ਸਿਆਸੀ ਕੈਦੀ ਸਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ। ਬਾਹਰ ਜਨਤਾ ਵਿਚ ਉਨ੍ਹਾਂ ਦੀ ਭੁੱਖ ਹੜਤਾਲ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਭਗਤ ਸਿੰਘ ਦੀ 'ਨੌਜਵਾਨ ਭਾਰਤ ਸਭਾ' ਅਤੇ 'ਇੰਡੀਅਨ ਨੈਸ਼ਨਲ ਕਾਂਗਰਸ' ਵਿਚਾਲੇ ਗੱਠਜੋੜ ਹੋ ਗਿਆ। ਦੋਹਾਂ ਦੀ ਸਾਂਝੀ ਅਗਵਾਈ ਹੇਠ 21 ਜੁਲਾਈ 1929 ਨੂੰ ਲਾਹੌਰ ਵਿਚ ਇਕੱਤਰਤਾ ਹੋਈ, ਜਿਸ ਵਿਚ ਕਰੀਬ 10,000 ਲੋਕਾਂ ਨੇ ਹਿੱਸਾ ਲਿਆ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਗੂੰਜੇ। ਸਰਕਾਰ ਨੂੰ ਕੰਨ ਹੋ ਗਏ ਕਿ ਭੁੱਖ ਹੜਤਾਲ ਦਾ ਅਸਰ ਸਾਰੇ ਹਿੰਦੋਸਤਾਨ ਵਿਚ ਫੈਲ ਸਕਦਾ ਹੈ।

**ਜਤਿੰਦਰ ਨਾਥ ਦਾਸ ਦਾ ਮਰਨ ਵਰਤ:** 10 ਜੁਲਾਈ 1929 ਨੂੰ ਲਾਹੌਰ ਸਾਜਿਸ਼ ਕੇਸ ਦੇ ਸਾਰੇ ਕੈਦੀ ਭਗਤ ਸਿੰਘ ਨੂੰ ਮਿਲੇ, ਜਿਨ੍ਹਾਂ ਵਿਚ ਜਤਿੰਦਰ ਨਾਥ ਦਾਸ (ਜੇ. ਐਨ. ਦਾਸ) ਵੀ ਸੀ। ਦੱਤ ਭੁੱਖ ਹੜਤਾਲ ਦੇ ਵਿਰੁਧ ਸੀ, ਕਿਉਂਕਿ ਉਸ ਲਈ ਹੜਤਾਲ ਕਾਇਰਤਾ ਸੀ। ਸਾਥੀਆਂ ਦੇ ਹੌਸਲੇ ਨੂੰ ਭਾਂਪਦਿਆਂ ਦਾਸ ਨੇ ਵੀ ਭੁੱਖ ਹੜਤਾਲ ਦਾ ਫੈਸਲਾ ਕਰ ਲਿਆ, ਪਰ ਸ਼ਰਤ ਰੱਖੀ ਕਿ 'ਜਦੋਂ ਤਕ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਹ ਸਮਝੌਤਾ ਨਹੀਂ ਕਰੇਗਾ ਭਾਵੇਂ ਜਾਨ ਚਲੀ ਜਾਏ।' ਇਹ ਇਰਾਦਾ ਧਾਰ ਕੇ ਦਾਸ ਨੇ 13 ਜੁਲਾਈ 1929 ਨੂੰ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਸ ਪਿਛੋਂ ਜੱਦੋਜਹਿਦ ਨੇ ਮਾੜੂ ਰੁਖ ਧਾਰ ਲਿਆ।

ਸਰਕਾਰ ਨੂੰ ਕੰਬਣੀ ਛਿੜੀ ਤੇ ਕੋਈ ਉਪਰਾਲਾ ਕਰਨ ਬਾਰੇ ਸੋਚਿਆ। ਮੰਗਾਂ ਮੰਨਣ ਦੀ ਥਾਂ ਕੈਦੀਆਂ ਨੂੰ ਧਿੰਗੋਜੋਰੀ ਖਾਣਾ ਖਵਾਉਣ ਦੀ ਕੋਸ਼ਿਸ਼ ਕੀਤੀ। ਖੁਰਾਕ ਵਿਚ ਕੋਈ ਅਜਿਹਾ ਤੱਤ ਵੀ ਦਿੱਤਾ ਗਿਆ, ਜਿਸ ਨਾਲ ਭੁੱਖ ਹੋਰ ਚਮਕਦੀ ਸੀ। ਘੜਿਆਂ 'ਚ ਪਾਣੀ ਦੀ ਥਾਂ ਦੁੱਧ ਭਰ ਦਿੱਤਾ। ਗੁੱਸੇ 'ਚ ਆਏ ਪੰਡਿਤ ਕਿਸ਼ੋਰੀ ਲਾਲ ਤੇ ਏ. ਕੇ. ਘੋਸ਼ ਨੇ ਭਾਂਡੇ ਤੋੜ ਦਿੱਤੇ। ਦਾਸ ਦੀ ਹਾਲਤ ਦਿਨੋ ਦਿਨ ਕਮਜ਼ੋਰ ਹੁੰਦੀ ਜਾ ਰਹੀ ਸੀ, ਉਸ ਨੇ ਕੋਈ ਦਵਾਈ ਲੈਣ ਤੋਂ ਨਾਂਹ ਕਰ ਦਿੱਤੀ। ਡਾ. ਗੋਪੀ ਚੰਦ ਭਾਰਗਵ ਨੇ ਕੈਦੀਆਂ ਨੂੰ ਭੁੱਖ ਹੜਤਾਲ ਤੋੜਨ ਲਈ ਪ੍ਰੇਰਿਆ। ਇਹ ਵੀ ਕਿਹਾ ਕਿ ਜੇ ਭੁੱਖ ਹੜਤਾਲ ਨਹੀਂ ਵੀ ਤੋੜਨਾ ਚਾਹੁੰਦੇ ਤਾਂ ਦਵਾਈ ਤਾਂ ਲੈ ਲੈਣ। ਦੱਤ ਨੇ ਕੋਰੀ ਨਾਂਹ ਕਰ ਦਿਤੀ। ਸਰਕਾਰ ਦੇ ਬਿਆਨਾਂ ਤੋਂ ਲਗਦਾ ਸੀ ਕਿ ਉਹ ਝੁਕਣ ਵਾਲੀ ਨਹੀਂ।

21 ਅਗਸਤ 1929 ਨੂੰ ਗੋਪੀ ਚੰਦ ਭਾਰਗਵ, ਪ੍ਰਸ਼ੋਤਮ ਦਾਸ ਟੰਡਨ ਅਤੇ ਭਗਤ ਸਿੰਘ ਨੇ ਜੇ. ਐਨ. ਦਾਸ ਨਾਲ ਫੇਰ ਮੁਲਾਕਾਤ ਕੀਤੀ। ਉਸ ਨੇ ਭਾਰਗਵ ਤੋਂ ਦਵਾਈ ਲੈਣਾ ਮੰਨ ਲਿਆ, ਪਰ ਖਾਣਾ ਖਾਣ ਤੋਂ ਬਿਲਕੁਲ ਨਾਂਹ ਕਰ ਦਿੱਤੀ। ਦਵਾਈ ਲੈਣ ਦੇ ਬਾਵਜੂਦ ਉਸ ਦੀ ਹਾਲਤ

(ਬਾਕੀ ਅਗਲੇ ਸਫੇ 'ਤੇ)

ਵਿਗੜਦੀ ਗਈ। ਜਨਤਾ ਵਿਚ ਰੋਹ ਦੀ ਲਹਿਰ ਦੌੜ ਰਹੀ ਸੀ। ਅਖੀਰ ਸਰਕਾਰ ਝੁੱਕ ਗਈ ਤੇ 2 ਸਤੰਬਰ 1929 ਨੂੰ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਵਿਚ ਕੈਦੀਆਂ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਲੈਫਟੀਨੈਂਟ ਕਰਨਲ ਐਫ. ਏ. ਬਾਰਕਰ ਦੀ ਪ੍ਰਧਾਨਗੀ ਹੇਠ 11 ਮੈਂਬਰੀ ਕਮੇਟੀ ਬਣਾਈ। ਉਦੋਂ ਤਕ ਭਗਤ ਸਿੰਘ ਦੀ ਭੁੱਖ ਹੜਤਾਲ ਦੇ 81 ਦਿਨ ਅਤੇ ਬਾਕੀਆਂ ਦੇ 55 ਦਿਨ ਪੁੱਗ ਚੁਕੇ ਸਨ। ਸਭ ਨੇ ਭੁੱਖ ਹੜਤਾਲ ਤੋੜ ਦਿੱਤੀ, ਪਰ ਦਾਸ ਮੌਤ ਨਾਲ ਜੂਝ ਰਿਹਾ ਸੀ। ਉਸ ਦੀ ਹਾਲਤ ਦੇਖ ਕੇ 4 ਸਤੰਬਰ 1929 ਨੂੰ ਭਗਤ ਸਿੰਘ, ਦੱਤ ਅਤੇ ਤਿੰਨ ਹੋਰ ਸਾਥੀਆਂ ਨੇ ਮੁੜ ਹੜਤਾਲ ਸ਼ੁਰੂ ਕਰ ਦਿੱਤੀ ਤੇ ਸ਼ਰਤ ਰੱਖੀ ਕਿ ਦਾਸ ਨੂੰ ਬਿਨਾ ਸ਼ਰਤ ਤੁਰੰਤ ਰਿਹਾ ਕੀਤਾ ਜਾਵੇ ਅਤੇ ਭਗਤ ਸਿੰਘ ਤੇ ਬੀ. ਕੇ. ਦੱਤ ਨੂੰ ਦੋਸ਼-ਮੁਕਤ ਕੈਦੀਆਂ ਨਾਲ ਮਿਲਣ-ਜੁਲਣ ਦਿੱਤਾ ਜਾਵੇ। ਸਰਕਾਰ ਨੇ ਦਾਸ ਨੂੰ ਰਿਹਾ ਕਰਨ ਦੀ ਥਾਂ ਜ਼ਮਾਨਤ 'ਤੇ ਛੱਡਣ ਦਾ ਸੁਝਾ ਦਿੱਤਾ, ਜੋ ਦਾਸ ਨੇ ਨਾ-ਮਨਜ਼ੂਰ ਕਰ ਦਿੱਤਾ, ਤੇ ਦੂਜੀ ਸ਼ਰਤ ਨਾ-ਮਨਜ਼ੂਰ ਕਰ ਦਿੱਤੀ। ਬਹੁਤ ਸਾਰੇ ਨਾਮੀ ਕੌਮੀ ਆਗੂਆਂ ਨੇ ਸਰਕਾਰ ਦੀ ਕਰੂਰ ਤੇ ਕਠੋਰ ਨੀਤੀ ਦੀ ਖੁੱਲ੍ਹ ਕੇ ਨੁਕਤਾਚੀਨੀ ਕੀਤੀ।

ਦਾਸ 13 ਸਤੰਬਰ 1929 ਨੂੰ ਦੁਪਹਿਰ ਪਿਛੋਂ ਦੁਨੀਆਂ 'ਚੋਂ ਰੁਖਸਤ ਹੋ ਗਿਆ। ਉਸ ਦੀ ਮੌਤ ਨੇ ਨੌਜਵਾਨ ਕ੍ਰਾਂਤੀਕਾਰੀਆਂ ਵਿਚ ਤਹਿਲਕਾ ਮਚਾ ਦਿੱਤਾ ਅਤੇ ਕਈ ਇਕੱਠ ਤੇ ਸਮਾਗਮ ਹੋਏ। 25 ਸਤੰਬਰ ਨੂੰ ਲਾਹੌਰ ਵਿਚ ਮੁਕੰਮਲ ਹੜਤਾਲ ਹੋਈ। ਲਾਹੌਰ ਦੀ ਵਿਦਿਆਰਥੀ ਯੂਨੀਅਨ ਦਾ ਇਕੱਠ ਹੋਇਆ, ਜਿਸ 'ਚ 300 ਤੋਂ ਵੱਧ ਵਿਦਿਆਰਥੀ ਸ਼ਾਮਲ ਹੋਏ। ਇਸ ਵਿਚ ਬਹੁਗਿਣਤੀ ਬੰਗਾਲੀਆਂ ਦੀ ਸੀ। ਵਿਦਿਆਰਥੀਆਂ ਨਾਲ ਸਾਰੇ ਦੇਸ਼ ਵਿਚ ਜਜ਼ਬਾਤੀ ਸਾਂਝ ਪੈਦਾ ਹੋ ਗਈ। ਮੰਦੇ ਭਾਗੀਂ ਮਹਾਤਮਾ ਗਾਂਧੀ ਨੇ ਆਪਣੇ ਹਫਤਾਵਾਰ ਪਰਚੇ 'ਯੰਗ ਇੰਡੀਆ' 'ਚ ਦਾਸ ਦੀ ਕੁਰਬਾਨੀ ਦਾ ਕੋਈ ਨੋਟਿਸ ਨਾ ਲਿਆ, ਜਦੋਂ ਕਿ ਇਹ ਪਰਚਾ ਸਿਆਸੀ ਘਟਨਾਵਾਂ ਬਾਰੇ ਕੋਈ ਨਾ ਕੋਈ ਟਿੱਪਣੀ ਜ਼ਰੂਰ ਕਰਦਾ ਸੀ। 'ਇੰਡੀਅਨ ਨੈਸ਼ਨਲ ਕਾਂਗਰਸ' ਨੇ ਦਾਸ ਦੀ ਸ਼ਹੀਦੀ ਦੀ ਮੂੰਹ-ਪੋਚਵੀਂ ਤਾਰੀਫ ਕੀਤੀ। ਬ੍ਰਿਟਿਸ਼ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਐਚ. ਡਬਲਊ. ਐਮਰਸਨ ਨੇ ਦਾਸ ਦੀ ਕੁਰਬਾਨੀ ਅਤੇ ਹੌਸਲੇ ਦੀ ਤਾਰੀਫ ਕਰਕੇ ਗੋਂਗਲੂਆਂ ਤੋਂ ਮਿੱਟੀ ਝਾੜ ਦਿੱਤੀ।

**ਮੁਕੱਦਮੇ ਨੂੰ ਲਮਕਾਉਣਾ:** ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਜੇਲ੍ਹਾਂ ਦੀ ਪੜਤਾਲ ਕਰਨ ਵਾਲੀ ਸਰਕਾਰੀ ਕਮੇਟੀ ਨੇ ਹਿੰਦੋਸਤਾਨੀ ਲੀਡਰਾਂ ਨੂੰ ਨਾਲ ਲੈ ਕੇ ਭਗਤ ਸਿੰਘ ਨੂੰ ਭੁੱਖ ਹੜਤਾਲ ਤੋੜਨ ਲਈ ਪ੍ਰੇਰਿਆ। ਭਗਤ ਸਿੰਘ ਨੇ ਸੋਚਿਆ ਕਿ ਸਰਕਾਰ ਦੀ ਇਹ ਗੱਲ ਮੰਨ ਕੇ ਨਵੇਂ ਸਿਰੇ ਤੋਂ ਜੱਦੋਜਹਿਦ ਸ਼ੁਰੂ ਕਰਨ ਲਈ ਇਹ ਸੁਨਹਿਰੀ ਮੌਕਾ ਹੈ। ਉਸ ਨੇ 4 ਅਕਤੂਬਰ 1929 ਨੂੰ ਹੜਤਾਲ ਤੋੜ ਦਿੱਤੀ ਤੇ ਨਵੀਂ ਰਣਨੀਤੀ ਦਾ ਪ੍ਰੋਗਰਾਮ ਬਣਾਇਆ, ਜਿਸ ਹੇਠ ਮੁਕੱਦਮਾ ਜਿੰਨਾ ਹੋ ਸਕੇ, ਲਟਕਾਉਣ ਦੀ ਵਿਉਂਤ ਬਣਾਈ,

1. ਭਗਤ ਸਿੰਘ ਨੇ 20 ਜਨਵਰੀ 1930 ਨੂੰ ਜੇਲ੍ਹ ਵਿਚ ਬੰਦ ਹੋਰ ਸਾਥੀਆਂ ਨਾਲ ਮਿਲ ਕੇ ਸਰਕਾਰ ਦੇ ਗ੍ਰਹਿ ਮੰਤਰੀ ਨੂੰ ਤਾਰ ਦਿੱਤੀ ਕਿ ਕੈਦੀਆਂ ਨਾਲ ਬੇਰੁਖੀ ਤੇ ਧੋਖਾਧੜੀ ਕਰਨ ਤੋਂ ਬਾਜ ਆਵੇ ਅਤੇ ਸਿਆਸੀ ਕੈਦੀਆਂ ਦੀਆਂ ਮੰਗਾਂ ਵਲ ਗੌਰ ਕਰਕੇ ਫੈਸਲਾ ਸੁਣਾਵੇ।
2. 28 ਜਨਵਰੀ 1930 ਨੂੰ ਇਕ ਹੋਰ ਪਟੀਸ਼ਨ 'ਚ ਕਿਹਾ ਕਿ ਜੇਲ੍ਹ ਵਿਚ ਜ਼ਰੂਰੀ ਸਹੂਲਤਾਂ ਨਾ ਦੇਣ ਕਰਕੇ ਕੈਦੀਆਂ ਵਿਚ ਬੇਚੈਨੀ ਵੱਧ ਗਈ ਹੈ, ਇਨ੍ਹਾਂ ਮੰਗਾਂ ਨੂੰ ਛੇਤੀ ਪੂਰਾ ਕੀਤਾ ਜਾਵੇ।
3. ਸਰਕਾਰ ਬਦਲਾਖੋਰੀ ਸਲੂਕ ਤੋਂ ਬਾਜ ਆਵੇ ਤੇ ਕੈਦੀਆਂ ਨੂੰ ਡੰਡਾ-ਬੇੜੀਆਂ ਪਾਉਣਾ ਬੰਦ ਕਰੇ।

10 ਅਗਸਤ 1929 ਨੂੰ ਸਰਕਾਰ ਨੇ ਕੈਦੀਆਂ ਦਾ ਜੁਰਮ ਦੀ ਤਾਸੀਰ ਅਤੇ ਜੁਰਮ ਦੇ ਸਮਾਜਕ ਪੱਧਰ ਅਨੁਸਾਰ ਵਰਗੀਕਰਨ ਕਰਨਾ ਸ਼ੁਰੂ ਕੀਤਾ। ਭਗਤ ਸਿੰਘ ਨੇ ਕਿਹਾ ਕਿ ਅਸੀਂ ਹਿੰਦੋਸਤਾਨ ਦੀ ਅਜ਼ਾਦੀ ਖਾਤਰ ਲੜ ਰਹੇ ਹਾਂ ਅਤੇ ਸਾਡਾ ਇਰਾਦਾ, ਮਨੋਰਥ ਤੇ ਉਦੇਸ਼ ਇਕੋ ਹੈ। ਸਰਕਾਰ ਸਾਡਾ ਵਰਗੀਕਰਨ ਕਰਨਾ ਬੰਦ ਕਰੇ। 19 ਫਰਵਰੀ 1930 ਨੂੰ ਪੰਜਾਬ ਸਰਕਾਰ ਨੇ ਕੈਦੀਆਂ ਦੀਆਂ ਮੰਗਾਂ ਮਨ ਲਈਆਂ ਤੇ ਸਿਆਸੀ ਕੈਦੀਆਂ ਵਾਲਾ ਰੁਤਬਾ ਦੇ ਦਿੱਤਾ, ਜਿਸ ਕਰਕੇ ਭੁੱਖ ਹੜਤਾਲ ਬੰਦ ਹੋ ਗਈ।

ਕ੍ਰਾਂਤੀਕਾਰੀਆਂ ਦੀ ਅਸਲ ਲੜਾਈ ਤਾਂ ਅਜੇ ਸ਼ੁਰੂ ਹੀ ਹੋਈ ਸੀ। ਭਗਤ ਸਿੰਘ ਨੇ ਮੁਕੱਦਮੇ ਦੀ ਕਾਰਵਾਈ ਵਿਚ ਰੋੜਾ ਅਟਕਾਉਣ ਲਈ ਕਈ ਹੋਰ ਮੰਗਾਂ ਮੰਗੀਆਂ, ਜਿਵੇਂ,

1. ਜੋ ਕੈਦੀ ਭੁੱਖ ਹੜਤਾਲ ਕਾਰਨ ਕਮਜ਼ੋਰ ਹੋ ਚੁਕੇ ਸਨ, ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਨਾ ਕੀਤਾ ਜਾਵੇ।
2. ਹੱਥਕੜੀਆਂ ਜਾਂ ਪੈਰਾਂ ਵਿਚ ਬੇੜੀਆਂ ਪਾ ਕੇ ਮੁਕੱਦਮੇ ਲਈ ਨਾ ਲਿਜਾਇਆ ਜਾਵੇ।
3. ਅਚਾਨਕ ਕਿਸੇ ਕੈਦੀ ਦਾ ਦੂਜੀ ਜੇਲ੍ਹ ਵਿਚ ਤਬਾਦਲਾ ਨਾ ਕੀਤੀ ਜਾਵੇ।
4. ਆਪਣੇ ਕੇਸ ਦੀ ਪੈਰਵੀ ਕਰਨ ਲਈ ਕੈਦੀਆਂ ਨੂੰ ਦੋਸਤਾਂ-ਮਿੱਤਰਾਂ ਨਾਲ ਮਿਲਣ ਤੋਂ ਨਾ ਰੋਕਿਆ ਜਾਵੇ।
5. ਘੱਟ ਅੰਗਰੇਜ਼ੀ ਪੜ੍ਹੇ ਲਿਖੇ ਜਾਂ ਅਨਪੜ੍ਹ ਕੈਦੀਆਂ ਨੂੰ ਉਨ੍ਹਾਂ ਦੀ ਬੋਲੀ ਵਿਚ ਅਖਬਾਰ ਮੁਹੱਈਆ ਕੀਤਾ ਜਾਵੇ।

ਸਰਕਾਰ ਨੇ ਕੈਦੀਆਂ ਨੂੰ ਮੁਕੱਦਮਾ ਲੜਨ ਲਈ ਵਕੀਲ ਦੇਣ ਦੀ ਪੇਸ਼ਕਸ਼ ਕੀਤੀ। ਕੁਝ ਨੇ ਇਹ ਮਦਦ ਲੈਣ ਲਈ ਜਕੋ-ਤੱਕਾ ਕੀਤਾ, ਪਰ ਭਗਤ ਸਿੰਘ, ਸੁਖਦੇਵ, ਜੈਦੇਵ, ਸ਼ਿਵ ਵਰਮਾ, ਕੰਵਲ ਨਾਥ ਤਿਵਾੜੀ, ਐਸ. ਐਨ. ਪਾਂਡੇ ਨੇ ਵਕੀਲ ਲੈਣ ਤੋਂ ਸਾਫ ਜਵਾਬ ਦੇ ਦਿੱਤਾ। ਜੇ. ਐਨ, ਸਾਨਿਯਾਲ, ਗਯਾ ਪ੍ਰਸਾਦ, ਬੀ. ਕੇ. ਦੱਤ, ਮਹਾਂਬੀਰ ਸਿੰਘ ਅਤੇ ਕੁੰਦਨ ਲਾਲ ਨੇ ਤਾਂ ਗੱਲ ਅੱਗੇ ਕਰਨ ਤੋਂ ਹੀ ਨਾਂਹ ਕਰ ਦਿੱਤੀ। ਕਿਸ਼ੋਰੀ ਲਾਲ, ਦੇਸ ਰਾਜ, ਪ੍ਰੇਮ ਦੱਤ ਵਰਮਾ ਤੇ ਏ. ਕੇ. ਘੋਸ਼ ਨੇ ਵਕੀਲ ਦੀ ਪੇਸ਼ਕਸ਼ ਨੂੰ ਵਿਚਾਰ ਅਧੀਨ ਰੱਖ ਲਿਆ (ਕਮਲੇਸ਼ ਮੋਹਨ, 2008)।

ਭਗਤ ਸਿੰਘ ਅਤੇ ਸਾਥੀਆਂ ਨੇ ਮੁਕੱਦਮੇ ਨੂੰ ਲੰਮਾ ਕਰਨ ਦਾ ਇਕ ਹੋਰ ਤਰੀਕਾ ਕੱਢਿਆ। ਉਹ ਸੀ, ਜੱਜਾਂ ਨੂੰ ਕਾਰਵਾਈ ਪੂਰੀ ਨਾ ਕਰਨ ਦੇਣਾ। 21 ਅਕਤੂਬਰ 1929 ਨੂੰ ਜੱਜ ਆਰ. ਐਸ. ਸ੍ਰੀਕ੍ਰਿਸ਼ਨ ਦੀ ਅਦਾਲਤ ਵਿਚ ਪ੍ਰੇਮ ਦੱਤ ਵਰਮਾ ਨੇ ਵਾਅਦਾ ਮੁਆਫ ਗਵਾਹ ਜੈ ਗੋਪਾਲ ਨੂੰ ਛਿੱਤਰ ਕੱਢ ਮਾਰਿਆ। ਜੱਜ ਨੇ ਹੁਕਮ ਦਿੱਤਾ ਕਿ ਕੈਦੀਆਂ ਨੂੰ ਹੱਥਕੜੀ ਬੰਨ੍ਹ ਕੇ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਜੇਲ੍ਹ ਅਧਿਕਾਰੀ ਜਦ ਕੜੀਆਂ ਪਾਉਣ ਦੀ ਕੋਸ਼ਿਸ਼ ਕਰਦੇ ਤਾਂ ਕੈਦੀ ਗਾਲੀ ਗਲੋਚ ਕਰਦੇ। 29 ਜਨਵਰੀ 1930 ਨੂੰ ਜੱਜ ਨੇ ਭਗਤ ਸਿੰਘ ਦੇ ਵਕੀਲ ਦੁਨੀ ਚੰਦ ਨੂੰ ਵਕੀਲਾਂ ਦੇ ਮੇਜ 'ਤੇ ਬੈਠਣ ਤੋਂ ਰੋਕ ਦਿੱਤਾ। ਰੋਸ ਵਜੋਂ ਭਗਤ ਸਿੰਘ ਅਦਾਲਤ 'ਚੋਂ ਬਾਹਰ ਆ ਗਿਆ। ਦੂਜੇ ਕੈਦੀਆਂ ਦੇ ਵਕੀਲ ਵੀ ਕਚਹਿਰੀ ਛੱਡ ਕੇ ਬਾਹਰ ਨਿਕਲ ਆਏ ਤੇ ਅਦਾਲਤੀ ਕਾਰਵਾਈ ਮੁਲਤਵੀ ਹੋ ਗਈ।

ਸਰਕਾਰ ਨੂੰ ਲਾਹੌਰ ਸਾਜਿਸ਼ ਕੇਸ ਨਿਪਟਾਉਣਾ ਔਖਾ ਦਿਸਿਆ ਤਾਂ ਲਾਰਡ ਇਰਵਿਨ ਨੇ ਸਪੈਸ਼ਲ ਆਰਡੀਨੈਂਸ ਜਾਰੀ ਕਰਕੇ ਮੁਕੱਦਮਾ ਹਾਈ ਕੋਰਟ ਦੇ ਤਿੰਨ ਜੱਜਾਂ-ਜੌਹਨ ਕੋਲਡਸਟਰੀਮ, ਆਗਾ ਹੈਦਰ ਅਤੇ ਜੀ. ਸੀ. ਹਿਲਟਨ ਨੂੰ ਸੌਂਪ ਦਿਤਾ। ਕੈਦੀਆਂ ਵਲੋਂ ਜਾਣ ਬੁੱਝ ਕੇ ਰੁਕਾਵਟਾਂ ਪਾਉਣ ਨਾਲ ਸਿੱਝਣ ਲਈ ਟ੍ਰਿਬਿਊਨਲ ਨੂੰ ਖਾਸ ਹੱਕ ਦੇ ਦਿੱਤੇ, ਜਿਵੇਂ,

1. ਬੁਲਾਉਣ ਦੇ ਬਾਵਜੂਦ ਜੇ ਦੋਸ਼ੀ ਅਦਾਲਤ ਵਿਚ ਪੇਸ਼ ਹੋਣ ਲਈ ਅੜਚਣ ਪਾਵੇ ਤਾਂ ਉਸ ਦੀ ਗੈਰਹਾਜ਼ਰੀ 'ਚ ਕੇਸ ਸੁਣਿਆ ਜਾ ਸਕਦਾ ਹੈ।
2. ਕੇਸ ਸੁਣਨ ਵੇਲੇ ਕਿਸੇ ਦੋਸ਼ੀ ਦੇ ਵਕੀਲ ਅਤੇ ਗਵਾਹ ਦਾ ਹਾਜ਼ਰ ਹੋਣਾ ਜ਼ਰੂਰੀ ਨਹੀਂ।
3. ਟ੍ਰਿਬਿਊਨਲ ਜੋ ਵਾਜਬ ਸਮਝੇ, ਸਜ਼ਾ ਦੇ ਸਕਦਾ ਹੈ।
4. ਟ੍ਰਿਬਿਊਨਲ ਵਲੋਂ ਦਿੱਤੀ ਸਜ਼ਾ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਜਾ ਸਕਦੀ।

ਟ੍ਰਿਬਿਊਨਲ ਨੇ ਆਪਣੀ ਕਾਰਵਾਈ 5 ਮਈ 1930 ਨੂੰ ਸ਼ੁਰੂ ਕੀਤੀ। ਇਸ ਪੱਖਪਾਤੀ ਕਾਰਵਾਈ ਵਿਰੁਧ ਕਟਹਿਰੇ ਵਿਚ ਖੜ੍ਹੇ ਇਨਕਲਾਬੀਆਂ ਨੇ ਰੱਜ ਕੇ ਰੌਲਾ ਪਾਇਆ। 12 ਮਈ 1930 ਨੂੰ ਭਗਤ ਸਿੰਘ ਤੇ ਉਸ ਦੇ ਸਾਥੀ ਜਦ ਅਦਾਲਤ ਵਿਚ ਲਿਆਂਦੇ ਗਏ ਤਾਂ ਰਾਮ ਪ੍ਰਸਾਦ ਬਿਸਮਲ ਦੀ ਕਵਿਤਾ ਦਾ ਮੁਖੜਾ,

ਸਰਫਰੋਸ਼ੀ ਕੀ ਤਮੰਨਾ
ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ
ਬਾਜ਼ੂ-ਏ-ਕਾਤਿਲ ਮੇਂ ਹੈ।

ਗਾਉਂਦੇ ਅਤੇ 'ਇਨਕਲਾਬ ਜ਼ਿੰਦਾਬਾਦ' ਤੇ 'ਸਾਮਰਾਜ ਮੁਰਦਾਬਾਦ' ਦੇ ਨਾਅਰੇ ਲਾਉਂਦੇ ਰਹੇ। ਜੱਜ ਕੋਲਡਸਟਰੀਮ ਨੇ ਉਨ੍ਹਾਂ ਨੂੰ ਬਾਹਰ ਕੱਢਣ ਦਾ ਹੁਕਮ ਦਿੱਤਾ। ਬਾਹਰ ਕੱਢਦਿਆਂ ਪੁਲਿਸ ਨੇ ਕੁੱਟਮਾਰ ਕੀਤੀ ਤਾਂ ਜੱਜ ਆਗਾ ਹੈਦਰ ਨੇ ਇਸ ਵਤੀਰੇ ਪ੍ਰਤੀ ਅਸਹਿਮਤੀ ਦਿਖਾਈ। ਟ੍ਰਿਬਿਊਨਲ 'ਚ ਇਕ ਮੱਤ ਨਾ ਹੋਣ ਕਰਕੇ ਇਹ ਨਵੇਂ ਸਿਰਿਉਂ ਬਣਾਇਆ ਗਿਆ। ਜੱਜ ਜੀ. ਸੀ. ਹਿਲਟਨ ਦੀ ਪ੍ਰਧਾਨਗੀ ਹੇਠ ਕਾਰਵਾਈ ਸ਼ੁਰੂ ਹੋਈ। ਮੁਕੱਦਮੇ ਦੀ ਸੁਣਵਾਈ ਤੋਂ ਪੰਜ ਮਹੀਨੇ ਪਿਛੋਂ 7 ਅਕਤੂਬਰ 1930 ਨੂੰ ਫੈਸਲਾ ਸੁਣਾਇਆ, ਜਿਸ ਵਿਚ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸਜ਼ਾ-ਏ-ਮੌਤ ਸੁਣਾਈ ਗਈ। ਤਿੰਨਾਂ ਨੂੰ ਮੌਤ ਦੇ ਵੱਖੋ ਵੱਖ ਹੁਕਮ ਜਾਰੀ ਕੀਤੇ ਗਏ। ਭਗਤ ਸਿੰਘ ਦੇ ਹੁਕਮ 'ਚ ਉਸ ਦਾ ਅਤਾ ਪਤਾ ਲਿਖ ਕੇ ਤੇ ਕਾਨੂੰਨੀ ਧਾਰਾਵਾਂ ਦਾ ਹਵਾਲਾ ਦੇ ਕੇ ਸੈਂਟਰਲ ਜੇਲ੍ਹ ਲਾਹੌਰ ਦੇ ਸੁਪਰਡੈਂਟ ਨੂੰ ਆਦੇਸ਼ ਦਿਤਾ ਗਿਆ,

This is to authorise and require you, said the Superintendent, to carry the said sentence into execusion by causing the said Bhagat Singh to be hanged by the neck until he be dead at Lahore on the 27th: day of October, 1930, and to return the warrant to the High Court with an endorsement clarifying that the sentence has been executed.

**ਮੌਤ ਦੀ ਸਜ਼ਾ ਪਿਛੋਂ:** ਲਾਲਾ ਦੁਨੀ ਚੰਦ ਤੇ ਡਾ. ਗੋਪੀ ਚੰਦ ਭਾਰਗੋ ਨੇ ਸਜ਼ਾ ਵਿਰੁਧ ਬ੍ਰਿਟਿਸ਼ ਸਰਕਾਰ ਦੀ ਪ੍ਰਿਵੀ ਕੌਂਸਲ ਨੂੰ ਅਪੀਲ ਲਈ 'ਡਿਫੈਂਸ ਕਮੇਟੀ' ਬਣਾਈ। ਅਪੀਲ ਲਈ ਪੰਡਿਤ ਮੋਤੀ ਲਾਲ ਨਹਿਰੂ ਅਤੇ ਪ੍ਰਾਣ ਨਾਥ ਮਹਿਤਾ ਨੇ ਭਗਤ ਸਿੰਘ 'ਤੇ ਜ਼ੋਰ ਪਾਇਆ। ਭਗਤ ਸਿੰਘ ਪਹਿਲਾਂ ਤਾਂ ਅਪੀਲ ਦੇ ਵਿਰੁਧ ਸੀ। ਉਸ ਨੇ ਠੰਡੇ ਦਿਮਾਗ ਨਾਲ ਸੋਚਿਆ ਕਿ ਉਸ ਦੀ ਸੰਸਥਾ ਐਚ. ਐਸ. ਆਰ. ਏ. ਨੂੰ ਸਰਕਾਰ ਵਿਰੁਧ ਪ੍ਰਾਪੇਗੰਡਾ ਕਰਨ ਲਈ ਹੋਰ ਸਮਾਂ ਮਿਲ ਜਾਏਗਾ, ਇਸ ਲਈ ਹਾਂ ਕਰ ਦਿੱਤੀ। ਅਪੀਲ 'ਚ ਦਾਅਵਾ ਕੀਤਾ ਗਿਆ ਕਿ ਜਿਸ ਆਰਡੀਨੈਂਸ ਹੇਠ ਟ੍ਰਿਬਿਊਨਲ ਬਣਾਇਆ ਗਿਆ ਸੀ, ਉਹ ਗੈਰਕਾਨੂੰਨੀ ਸੀ। ਸਰਕਾਰ ਨੇ ਉਤਰ ਵਿਚ ਕਿਹਾ ਕਿ ਵਾਇਸਰਾਏ ਨੂੰ ਅਜਿਹਾ ਟ੍ਰਿਬਿਊਨਲ ਬਣਾਉਣ ਦੇ ਪੂਰੇ ਹੱਕ ਸਨ, ਫਲਸਰੂਪ, 10 ਫਰਵਰੀ 1931 ਨੂੰ ਜੱਜ ਵਿਸਕਾਊਂਟ ਡਿਊਨੇਡਿੰਨ, ਜੋ ਅਪੀਲ ਸੁਣਨ ਵਾਲੀ ਕੋਰਟ ਦੇ ਲੌਰਡ ਸਨ, ਨੇ ਅਪੀਲ ਖਾਰਜ ਕਰ ਦਿੱਤੀ (ਨੱਯੀਅਰ, 2000)।

14 ਫਰਵਰੀ 1931 ਨੂੰ ਕਾਂਗਰਸ ਪਾਰਟੀ ਦੇ ਪ੍ਰਧਾਨ ਮਦਨ ਮੋਹਨ ਮਾਲਵੀਆ ਨੇ ਭਗਤ ਸਿੰਘ ਦੀ ਸਲਾਹ ਤੋਂ ਬਿਨਾ ਹੀ ਰਹਿਮ ਦੀ ਅਪੀਲ ਕੀਤੀ, ਉਹ ਵੀ ਵਾਇਸਰਾਏ ਨੇ ਰੱਦ ਕਰ ਦਿੱਤੀ। ਭਗਵਤੀ ਚਰਨ ਵੋਹਰਾ ਨੇ ਭਗਤ ਸਿੰਘ ਨੂੰ ਜੇਲ੍ਹ 'ਚੋਂ ਕੱਢਣ ਲਈ ਕੰਧ ਤੋੜਨ ਲਈ ਬੰਬ ਬਣਾਇਆ, ਪਰ ਬੰਬ ਦੇ ਫਟਣ ਨਾਲ ਉਸ ਦੀ ਮੌਤ ਹੋ ਗਈ। (ਆਰਕਾਈਵਜ਼, 28 ਅਕਤੂਬਰ 2011)

ਇਸ ਕੇਸ ਬਾਰੇ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਨੇ ਪ੍ਰਤੀਕਰਮ ਦਿੱਤਾ,

The history of this case, of which we do not come across any example in relation to the political cases, reflects the symptoms of callousness and cruelty which is the outcome of bloated desire of the imperialist government of Britain so that fear can be instilled in the hearts of the repressed people. (Rana, 2005).

**ਫਾਂਸੀ (24 ਮਾਰਚ 1931):** ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 24 ਮਾਰਚ 1931 ਵਾਲੇ ਦਿਨ ਫਾਂਸੀ ਦੇਣ ਦੇ ਹੁਕਮ ਹੋਏ, ਪਰ ਫਾਂਸੀ ਦਾ ਸਮਾਂ 11 ਘੰਟੇ ਅੱਗੇ ਪਾ ਕੇ ਤਿੰਨਾਂ ਨੂੰ ਸੋਮਵਾਰ 23 ਮਾਰਚ 1931 ਨੂੰ ਫਾਂਸੀ ਚਾੜ੍ਹ ਦਿੱਤਾ ਗਿਆ। ਜੇਲ੍ਹ ਦੇ ਸੁਪਰਡੈਂਟ ਵਲੋਂ ਲਿਖਿਆ ਭਗਤ ਸਿੰਘ ਦੀ ਫਾਂਸੀ ਦਾ ਸਰਟੀਫਿਕੇਟ ਇਸ ਤਰ੍ਹਾਂ ਹੈ,

I hereby certify that the sentence of death passed on Bhagat Singh has been duely executed, and that the said Bhagat Singh was accordingly hanged by neck till he was dead, at Lahore C. Jail on Monday the 23rd day of March, 1931 at 4 p.m. that the body remained suspended for a full hour, and was not taken down until life was ascertained by a medical officer to be extinct; and that no accident, error or other misadventure occurred.

ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸੀ ਦਾ ਅਖਬਾਰਾਂ ਅਤੇ ਕਾਨਫਰੰਸਾਂ ਵਿਚ ਹਿਰਦੇਵੇਦਕ ਪ੍ਰਤੀਕਰਮ ਹੋਇਆ। 25 ਮਾਰਚ 1931 ਦੀ ਟ੍ਰਿਬਿਊਨ ਵਿਚ ਸੁਰਖੀ ਛਪੀ,

"Bhagat Singh, Rajguru and Sukhdev Executed: No "Last Interview with Relatives. Shouts Emerge from Jail. Dead Bodies Secretly Disposed off, Removed to Distant Place."

ਫਾਂਸੀ ਵਾਲੇ ਦਿਨ ਹਿੰਦੋਸਤਾਨ ਦੀ ਕਾਂਗਰਸ ਪਾਰਟੀ ਦਾ ਕਰਾਚੀ ਵਿਚ ਇਜਲਾਸ ਸੀ। ਭੜਕੇ ਨੌਜਵਾਨਾਂ ਨੇ ਗਾਂਧੀ ਨੂੰ ਕਾਲੀਆਂ ਝੰਡੀਆਂ ਦਿਖਾਈਆਂ, ਕਿਉਂਕਿ ਉਸ ਨੇ ਭਗਤ ਸਿੰਘ ਦੀ ਫਾਂਸੀ ਰੁਕਵਾਉਣ ਲਈ ਆਨਾ-ਕਾਨੀ ਕੀਤੀ ਸੀ। ਅਖਬਾਰ 'ਨਿਊ ਯਾਰਕ ਟਾਈਮਜ਼' ਨੇ ਲਿਖਿਆ,

A reign of terror in the city of Cawnpore in the United Provinces and an attack on Mahatma Gandhi by a youth outside Karachi was among the answers of the Indian extremists today to the hanging of Bhagat Singh and two fellow-assassins.

---

ਗਾਂਧੀ ਨੇ ਆਪਣੇ ਅਖਬਾਰ 'ਯੰਗ ਇੰਡੀਆ' ਦੇ 29 ਮਾਰਚ 1931 ਦੇ ਅੰਕ ਵਿਚ ਲਿਖਿਆ,

Bhagat Singh and his two associates have been hanged. The Congress made many attempts to save their lives and the Government entertained many hopes of it, but all has been in a vain.

"Bhagat Singh did not wish to live. He refused to apologize, or even file an appeal. Bhagat Singh was not a devotee of non-violence, but he did not subscribe to the religion of violence. He took to violence due to helplessness and to defend his homeland. In his last letter, Bhagat Singh wrote, 'I have been arrested while waging a war. For me there can be no gallows. Put me into the mouth of cannon and blow me off.' These heroes had conquered the fear of death. Let us bow to them a thousand times for their heroism.

But we should not imitate their act. In our land of millions of destitute and crippled people, if we take to the practice of seeking justice through murder, there will be a terrifying situation. Our poor people will become victims of our atrocities. By making a dharma of violence, we shall be reaping the fruit of our own actions.

Hence, though we praise the courage of these brave men, we should never countenance their activities. Our dharma is to swallow our anger, abide by the discipline of non-violence and carry out our duty."

**ਅੰਤਿਕਾ:** ਭਗਤ ਸਿੰਘ ਹੱਡ ਮਾਸ ਦਾ ਸਿਰਫ ਇਕ ਪੁਤਲਾ ਹੀ ਨਹੀਂ ਸੀ, ਉਹ ਤਾਂ ਕ੍ਰਾਂਤੀਕਾਰੀ ਸੋਚ ਦਾ ਮੁਜੱਸਮਾ ਸੀ, ਸਿਰਨਾਵਾਂ ਸੀ। ਬੰਦਾ ਨਾਸ਼ਵਾਨ ਹੈ, ਸੋਚ ਅਵਿਨਾਸ਼ੀ, ਤ੍ਰੈਕਾਲੀ ਅਤੇ ਬ੍ਰਹਿਮੰਡੀ ਹੈ। ਭਗਤ ਸਿੰਘ ਇਨ੍ਹਾਂ ਗੁਣਾਂ ਦਾ ਕੋਲਾਜ ਹੈ। ਉਸ ਦੀ ਦਰਸ਼ਨੀ ਸ਼ਖਸੀਅਤ ਦਾ ਦੀਦਾਰ ਇਕ ਤਸਵੀਰ (ਚਿਤਰ-1) 'ਚੋਂ ਹੁੰਦਾ ਹੈ। ਚਿਹਰੇ ਦੀ ਤਰਜਮਾਨੀ ਤਿੰਨ ਸ਼ਬਦਾਂ ਵਿਚ ਬਿਆਨ ਕੀਤੀ ਜਾ ਸਕਦੀ ਹੈ-ਇਰਾਦਾ, ਅਕੀਦਾ ਅਤੇ ਵਿਸ਼ਵਾਸ।

ਜਿਨ੍ਹਾਂ ਮੁਲਕਾਂ ਵਿਚ ਭਗਤ ਸਿੰਘ ਵਰਗੇ ਸੂਰਮੇ ਦੇਸ਼ ਭਗਤਾਂ ਨੇ ਜਨਮ ਲਿਆ ਹੋਵੇ, ਉਨ੍ਹਾਂ ਉਤੋਂ ਗੁਲਾਮੀ ਦੇ ਸਾਏ ਦਾ ਤਾਰ ਤਾਰ ਹੋ ਕੇ ਛੱਟ ਜਾਣਾ ਨਿਸ਼ਚਿਤ ਹੈ। ਬ੍ਰਿਟਿਸ਼ ਸਰਕਾਰ ਦਾ ਹਿੰਦੋਸਤਾਨ ਨੂੰ ਛੱਡਣਾ ਉਸ ਵੇਲੇ ਹੀ ਤੈਅ ਹੋ ਗਿਆ ਸੀ, ਜਦੋਂ ਭਗਤ ਸਿੰਘ ਨੇ ਅਸੈਂਬਲੀ ਵਿਚ ਫੋਕਾ ਬੰਬ ਚਲਾਇਆ ਸੀ। ਬਾਕੀ ਦੇ ਕਾਰਨ ਭਗਤ ਸਿੰਘ ਦੀ ਫਿਲਾਸਫੀ ਦੀ ਸ-ਉਪਜ (By Product) ਸਨ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸ਼ਖਸੀਅਤ ਅਤੇ ਅਹਿਮੀਅਤ ਦਾ ਅੰਦਾਜ਼ਾ ਹਿੰਦੋਸਤਾਨ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਛਪੇ ਢੇਰ ਸਾਰੇ ਸਾਹਿਤ, ਅਨੇਕ ਫਿਲਮਾਂ ਤੇ ਡਾਕੂਮੈਂਟਰੀਆਂ ਤੋਂ ਲਾਇਆ ਜਾ ਸਕਦਾ ਹੈ। ਪੈਗੰਬਰਾਂ ਅਤੇ ਗੁਰੂਆਂ ਦੀਆਂ ਧਰਮ ਖਾਤਰ ਦਿੱਤੀਆਂ ਸ਼ਹੀਦੀਆਂ ਦਾ ਕੋਈ ਸਾਨੀ ਨਹੀਂ, ਪਰ ਇਨਸਾਨੀਅਤ ਦੀ ਅਜ਼ਾਦੀ ਖਾਤਰ ਕੁਰਬਾਨ ਹੋਣ ਵਾਲਿਆਂ ਵਿਚ ਸਰਦਾਰ ਭਗਤ ਸਿੰਘ ਦਾ ਦਰਜਾ ਸਿਰਮੌਰ ਹੈ।

**ਹਵਾਲੇ:** 1. Hidustan Times, April 8, 1929).
2. ਕਮਲੇਸ਼ ਮੋਹਨ, 2008, ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ)।
3. Kuldip Nayar. 2000. The Martyr Bhagat Singh: Experiments in Revolution. Diamond Pocket Books, Ptd, New Delhi.
4. Bhagwant Singh, Rana. 2005. Bhagat Singh. Diamond Pocket Books Ptd, New Delhi.
5. "Bhagat Singh: A Perennial Saga Of Inspiration". Pragoti. 27 September 2008. Archived from
6. Tribune, March 25, 1931.

## ਸੁਣੋ ਸ਼ਹੀਦੋ

ਰਾਜ ਗੁਰੂ, ਸੁਖਦੇਵ, ਭਗਤ ਸਿੰਹਾ
ਵੇਖੋ ਭਾਰਤ ਦੇਸ਼ ਮਹਾਨ
ਜਿਸ ਲਈ ਤੁਸੀਂ ਫਾਂਸੀਆਂ ਚੁੰਮੀਆਂ
ਹੱਸ ਹੱਸ ਹੋਏ ਕੁਰਬਾਨ
ਤਾਬੀਰ ਏ ਤੁਹਾਡੇ ਖਾਬਾਂ ਦੀ ਅੱਜ
ਹੋ ਰਹੀ ਕਿਵੇਂ ਵੀਰਾਨ
ਰਹਿਬਰ ਇਸ ਮੁਲਕ ਦੇ ਬਣ ਗਏ
ਚੋਰ, ਲੁਟੇਰੇ ਤੇ ਬੇਈਮਾਨ
ਰਿਸ਼ਵਤਖੋਰੀ, ਲਾਲਚ, ਖੁਦਗਰਜ਼ੀ
ਜਿਨ੍ਹਾਂ ਦਾ ਏ ਈਮਾਨ
ਝੂਠੇ ਵਾਅਦੇ, ਫੋਕੇ ਲਾਰੇ ਕਸਮਾਂ ਖਾ
ਜਨਤਾ ਤਾਈਂ ਭਰਮਾਣ।
ਗਰੀਬੀ ਦੇ ਨਾਲ ਘੁਲ ਰਹੀ ਜਨਤਾ
ਪਈ ਔਖੇ ਦਿਨ ਟਪਾਵੇ
ਬੇਕਾਰ, ਵਿਹਲੜ ਭਵਿਖ ਮੁਲਕ ਦਾ
ਦਰ ਦਰ ਠੋਹਕਰਾਂ ਖਾਵੇ
ਜ਼ੁਰਮਾਂ ਦੀ ਅੱਗ, ਨਸ਼ਿਆਂ ਦਾ ਘੁਣ
ਜਵਾਨੀ ਨਿਘਲਦਾ ਜਾਵੇ
ਪਰ ਫਿਰਕਾਪ੍ਰਸਤ ਧਰਮ ਦੇ ਨਾਂਵੇਂ
ਜਨਤਾ 'ਚ ਵੰਡੀਆਂ ਪਾਵੇ।
ਮਨ ਕਾਲੇ, ਤਨ ਚੋਰ ਜਿਨ੍ਹਾਂ ਦੇ
ਲੱਥ ਪੱਥ ਵਿਚ ਗੁਨਾਹ
ਲੋਕ ਰਾਜ ਦੇ ਦੁਸ਼ਮਣ, ਅਤਿਵਾਦੀ
ਕਰ ਰਹੇ ਮੁਲਕ ਫਨਾਹ
ਆਪਣੀ ਗੱਦੀ, ਕੁਰਸੀ ਦੀ ਖਾਤਰ
ਹਰ ਹਰਬਾ ਅਜ਼ਮਾਵਣ
ਧਰਮਾਂ ਵਿਚ ਨਫਰਤ ਦਾ ਜ਼ਹਿਰ
ਗੱਲ ਗੱਲ 'ਤੇ ਫੈਲਾਵਣ
ਕਤਲੋ-ਗਾਰਦ, ਅਗਜ਼ਨੀ ਦੀਆਂ
ਵਾਰਦਾਤਾਂ ਭੜਕਾਵਣ
ਕਾਤਲ, ਧਾੜਵੀ ਅਤੇ ਜ਼ਬਰਜ਼ਨਾਹੀ
ਪਏ ਖੁੱਲ੍ਹੇ ਦਨਦਨਾਵਣ।
ਮਾਂਵਾਂ ਭੈਣਾਂ, ਧੀਆਂ ਦੀਆਂ ਇੱਜਤਾਂ
ਰੋਲਣ, ਕਰਨ ਵੀਰਾਨ
ਕੋਟ-ਕਚਹਿਰੀਆਂ, ਰਾਖੇ, ਮੁਨਸਿਫ
ਸਭ ਦੇ ਸਭ ਬੇਈਮਾਨ
ਬੇ-ਵੱਸ, ਬੇ-ਕਸ ਫਰਿਆਦ ਆਪਣੀ
ਜਾ ਕੀਹਦੇ ਅੱਗੇ ਸੁਣਾਉਣ
ਵਾੜ ਹੀ ਜੇ ਖੇਤ ਨੂੰ ਖਾਣ ਲੱਗ ਪਏ
ਆਵੇ ਗਾ ਕੌਣ ਬਚਾਉਣ?
ਜਿਹੜੇ ਚਮਨ ਦੇ ਮਾਲੀ ਬਣ ਤੁਸੀਂ
ਖੂਨ ਆਪਣਾ ਪਾਇਆ
ਅੱਜ ਉਸ ਮਹਿਕਦੇ ਚਮਨ 'ਚ ਡੇਰਾ
ਉਲੂ, ਗਿਰਝਾਂ ਲਾਇਆ
ਕਹਿੰਦੇ ਇਕ ਹੀ ਉਲੂ ਕਾਫੀ ਹੁੰਦਾ
ਚਮਨ ਤਬਾਹੀ ਲਈ
ਜੇ ਟਾਹਣੀ ਟਾਹਣੀ ਹੀ ਉਲੂ ਹੋਵੇ
ਲੋੜ ਨਹੀਂ ਗਵਾਹੀ ਦੀ
ਅੰਜ਼ਾਮ ਇਸ ਰੰਗਲੇ ਗੁਲਸ਼ਨ ਦਾ
ਰੋ ਬਾਦੇ ਸਬਾ ਸੁਣਾਏ
ਫੁੱਲ, ਕਲੀਆਂ, ਸ਼ਬਨਮ, ਬੁਲਬੁਲਾਂ
ਹਰ ਕੋਈ ਹੰਝੂ ਵਹਾਏ।
ਕਿਸੇ ਦੇ ਮਹਿਕਦੇ ਸਾਹਵਾਂ 'ਚੋਂ ਵੀ
ਖੁਸ਼ਬੂ ਨਾ ਕੋਈ ਆਏ
ਸੋਚ ਤੁਹਾਡੀ ਵਿਚ ਡੂੰਘੇ ਪਾਣੀਆਂ
ਲੁਟੇਰਿਆਂ ਨੇ ਦਬਾਈ
ਫਿਰਕਾਪ੍ਰਸਤ, ਝੂਠੇ ਧਰਮੀ ਇਹ
ਬੈਠੇ ਬਣੇ ਕਸਾਈ।

*-ਚੰਨ*
*ਫੋਨ: 908-788-8427*

## ਟ੍ਰਿਪਲ ਏਜੰਟ ਹਮਾਮ ਬਲਾਵੀ-3

# ਦਹਿਸ਼ਤ ਦਾ ਖੂੰਖਾਰ ਮੱਕੜ ਜਾਲ

***ਦਹਿਸ਼ਤਪਸੰਦੀ ਨੇ ਸੰਸਾਰ ਦੇ ਬਹੁਤ ਸਾਰੇ ਮੁਲਕ ਆਪਣੀ ਲਪੇਟ ਵਿਚ ਲਏ ਹੋਏ ਹਨ। ਕੌੜਾ ਸੱਚ ਇਹ ਹੈ ਕਿ ਇਸ ਮਸਲੇ ਦਾ ਸਿੱਧਾ ਜਾਂ ਅਸਿੱਧਾ ਸਬੰਧ ਅਮਰੀਕਾ ਨਾਲ ਜੁੜਦਾ ਰਿਹਾ ਹੈ। 'ਆਫੀਆ ਸਿਦੀਕੀ ਦਾ ਜਹਾਦ' ਵਰਗਾ ਇਤਿਹਾਸਕ ਨਾਵਲ ਲਿਖਣ ਵਾਲੇ ਉਮਦਾ ਲਿਖਾਰੀ ਹਰਮਹਿੰਦਰ ਚਹਿਲ ਨੇ ਇਸ ਲੇਖ ਵਿਚ ਇਕ ਅਜਿਹੇ ਸ਼ਖਸ, ਹਮਾਮ ਬਲਾਵੀ ਦਾ ਜੀਵਨ ਸਾਡੇ ਨਾਲ ਸਾਂਝਾ ਕੀਤਾ ਹੈ, ਜਿਸ ਦੀਆਂ ਲੜੀਆਂ ਦਹਿਸ਼ਤ ਦੀਆਂ ਖੂੰਖਾਰ ਕੜੀਆਂ ਨਾਲ ਜੁੜੀਆਂ ਹੋਈਆਂ ਹਨ। ਇਸ ਲਿਖਤ ਤੋਂ ਇਹ ਕਨਸੋਅ ਵੀ ਮਿਲਦੀ ਹੈ ਕਿ ਦਹਿਸ਼ਤਪਸੰਦੀ ਦੀ ਦੁਨੀਆਂ ਦੀਆਂ ਕਿੰਨੀਆਂ ਅਣਫੋਲੀਆਂ ਪਰਤਾਂ ਹਨ, ਜੋ ਆਮ ਲੋਕਾਂ ਦੇ ਸਾਹਮਣੇ ਕਦੀ ਆਉਂਦੀਆਂ ਹੀ ਨਹੀਂ। ਇਸ ਲੰਮੇ ਲੇਖ ਦੀ ਤੀਜੀ ਅਤੇ ਆਖਰੀ ਕੜੀ ਪਾਠਕਾਂ ਦੀ ਨਜ਼ਰ ਹੈ। -ਸੰਪਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਖੋਸਟ ਸ਼ਹਿਰ ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਬਾਰਡਰ 'ਤੇ ਪੈਂਦਾ ਹੈ। ਇਹ ਸ਼ਹਿਰ ਪਹਿਲੀ ਵਾਰ ਉਦੋਂ ਖਬਰਾਂ 'ਚ ਆਇਆ ਸੀ, ਜਦੋਂ ਉਸਾਮਾ ਬਿਨ-ਲਾਦਿਨ ਬਾਰੇ ਪਤਾ ਲੱਗਾ ਕਿ ਉਸ ਨੇ ਇਥੇ ਆ ਕੇ ਆਪਣਾ ਅੱਡਾ ਬਣਾਇਆ। ਪਿਛੋਂ ਭਾਵੇਂ ਉਹ ਕੰਧਾਰ ਨੇੜੇ ਚਲਾ ਗਿਆ ਸੀ, ਪਰ ਇਸ ਸ਼ਹਿਰ ਵਿਚ ਹੋਰ ਅਤਿਵਾਦੀ ਗਰੁਪਾਂ ਨੇ ਵੀ ਅੱਡੇ ਬਣਾ ਲਏ। ਸਭ ਤੋਂ ਵੱਡਾ ਗਰੁਪ ਇਥੇ ਹਕਾਨੀ ਗਰੁਪ ਹੈ। ਜਦੋਂ ਉਸਾਮਾ ਬਿਨ-ਲਾਦਿਨ ਤੋਰਾ ਬੋਰਾ ਪਹਾੜੀਆਂ 'ਚੋਂ ਭੱਜ ਨਿਕਲਿਆ ਸੀ ਤਾਂ ਹਕਾਨੀ ਗਰੁਪ ਦੇ ਮੁਖੀ ਜਲਾਲੂਦੀਨ ਹਕਾਨੀ ਨੇ ਉਸ ਨੂੰ ਇਸੇ ਸ਼ਹਿਰ ਵਿਚਲੇ ਆਪਣੇ ਘਰ 'ਚ ਉਦੋਂ ਤੱਕ ਰੱਖਿਆ, ਜਦੋਂ ਤੱਕ ਲਾਦਿਨ ਲਈ ਅੱਗੇ ਜਾਣ ਦਾ ਰਸਤਾ ਸਾਫ ਨਾ ਹੋ ਗਿਆ।

ਰੂਸ-ਅਫਗਾਨ ਜੰਗ ਵੇਲੇ ਇਥੇ ਰੂਸ ਦਾ ਮੁੱਖ ਅੱਡਾ ਬਣਿਆ ਰਿਹਾ। ਫਿਰ ਇਸ ਦੀ ਲੋੜ ਉਦੋਂ ਪਈ, ਜਦੋਂ 9/11 ਤੋਂ ਪਿੱਛੋਂ ਅਮਰੀਕੀ ਫੋਰਸਾਂ ਨੇ ਇਥੇ ਆ ਅੱਡੇ ਲਾਏ। ਇਸ ਦੀ ਮੁਰੰਮਤ ਕਰਕੇ ਪੂਰੀ ਤਰ੍ਹਾਂ ਅੱਡਾ ਬਣਾ ਲਿਆ ਗਿਆ। ਇਥੇ ਜਹਾਜ ਉਡਦੇ, ਉਤਰਦੇ ਸਨ। ਹੈਲੀਕਾਪਟਰ ਹਰ ਵਕਤ ਗੇੜੇ ਕੱਢਦੇ ਰਹਿੰਦੇ। ਅਸਲ 'ਚ ਸੈਟੇਲਾਈਟ ਜਾਂ



**ਹਰਮਹਿੰਦਰ ਚਹਿਲ**
**ਫੋਨ: 703-362-3239**
**chahals57@yahoo.com**

ਡਰੋਨਾਂ ਨਾਲ ਜੋ ਵੀ ਜਾਣਕਾਰੀ ਇਕੱਠੀ ਕੀਤੀ ਜਾਂਦੀ, ਉਹ ਪਹਿਲਾਂ ਖੋਸਟ ਅੱਡੇ 'ਤੇ ਪਹੁੰਚਦੀ। ਫਿਰ ਇਥੋਂ ਅੱਗੇ ਸੀ. ਆਈ. ਏ. ਹੈਡਕੁਆਰਟਰ ਜਾਂਦੀ। ਇਥੇ ਹਰ ਅਮਰੀਕੀ ਮਹਿਕਮੇ ਦੇ ਆਪਣੇ ਦਫਤਰ ਸਨ। ਹੈ ਤਾਂ ਭਾਵੇਂ ਸਾਰੇ ਲੱਕੜ ਦੇ ਖੋਖੇ ਜਿਹੇ ਹੀ ਸਨ, ਪਰ ਸਹੂਲਤਾਂ ਸਭ ਸਨ। ਐਫ. ਬੀ. ਆਈ. ਦਾ ਆਪਣਾ ਸਟਾਫ ਬਹਿੰਦਾ ਸੀ। ਐਨ. ਐਸ. ਏ. ਵਾਲੇ ਵੱਖ ਬਹਿੰਦੇ ਸਨ। ਸਭ ਤੋਂ ਵੱਡੀ ਅਤੇ ਮੁਖੀ ਏਜੰਸੀ ਸੀ. ਆਈ. ਏ. ਦਾ ਆਪਣਾ ਦਫਤਰ ਸੀ। ਫੌਜ ਵਾਲੇ ਇਕ ਪਾਸੇ ਆਪਣਾ ਅੱਡਾ ਜਮਾਈ ਬੈਠੇ ਸਨ। ਇਸ ਸਭ ਦਾ ਕਾਰਨ ਇਹ ਸੀ ਕਿ ਬਾਰਡਰ ਪਾਰ ਪਾਕਿਸਤਾਨ ਵਾਲੇ ਪਾਸੇ ਸਭ ਅਤਿਵਾਦੀ ਗਰੁਪ ਕਾਰਵਾਈਆਂ 'ਚ ਰੁੱਝੇ ਹੋਏ ਸਨ। ਉਨ੍ਹਾਂ ਨੂੰ ਡਰੋਨਾਂ ਦੀ ਮਾਰ ਹੇਠ ਲਿਆਉਣ ਲਈ ਜਾਂ ਹੋਰ ਜਾਣਕਾਰੀ ਇਕੱਠੀ ਕਰਨ ਲਈ ਖੋਸਟ ਅੱਡਾ ਬੜਾ ਜ਼ਰੂਰੀ ਸੀ।

ਇਸ ਵੇਲੇ ਇਥੇ ਸੀ. ਆਈ. ਏ. ਦੀ ਮੁੱਖ ਪੋਸਟ ਚਾਲੀ ਕੁ ਸਾਲਾ ਔਰਤ ਜੈਨੀਫਰ ਮੈਥਿਊ ਦੇ ਹੱਥ ਸੀ। ਉਹ ਨਵੀਂ ਹੀ ਆਈ ਸੀ। ਕੁਝ ਦਿਨ ਪਹਿਲਾਂ ਹੀ ਉਹ ਇਥੇ ਪਹੁੰਚੀ ਸੀ। ਜੈਨੀਫਰ ਦੀ ਫੀਲਡ ਦੀ ਇਹ ਪਹਿਲੀ ਪੋਸਟਿੰਗ ਸੀ। ਇਸ ਤੋਂ ਪਹਿਲਾਂ ਉਹ ਸੀ. ਆਈ. ਏ. ਹੈਡਕੁਆਰਟਰ 'ਚ ਹੀ ਰਹੀ ਸੀ। ਉਹ ਕਾਊਂਟਰ ਟੈਰਰਿਜ਼ਮ ਗਰੁਪ (ਅਤਿਵਾਦ ਵਿਰੋਧੀ ਗਰੁਪ) ਦੀ ਮੁਖੀ ਸੀ। ਬੜੇ ਸਾਲਾਂ ਤੋਂ ਉਹ ਅਲ-ਕਾਇਦਾ ਬਾਰੇ ਸਾਰਾ ਪ੍ਰਬੰਧ ਚਲਾਉਂਦੀ ਰਹੀ ਸੀ। ਇਸ ਕਰਕੇ ਜਦੋਂ ਅਲ-ਕਾਇਦਾ ਦੀ ਗੱਲ ਆਉਂਦੀ ਤਾਂ ਇਸ ਮਾਮਲੇ 'ਚ ਸਭ ਤੋਂ ਵੱਧ ਸਮਝ ਜੇ ਕੋਈ ਰੱਖਦਾ ਸੀ ਤਾਂ ਉਹ ਜੈਨੀਫਰ ਹੀ ਸੀ। ਉਸ ਨੂੰ ਹੈਡਕੁਆਰਟਰ 'ਚ ਕੰਮ ਕਰਨਾ ਹੀ ਚੰਗਾ ਲੱਗਦਾ ਸੀ, ਪਰ ਨੌਕਰੀ ਦੀ ਲੋੜ ਸੀ ਕਿ ਉਹ ਘੱਟੋ-ਘੱਟ ਇਕ ਸਾਲ ਦਾ ਫੀਲਡ ਤਜਰਬਾ ਹਾਸਲ ਕਰੇ। ਇਸੇ ਲਈ ਉਹ ਇਥੇ ਆਈ ਸੀ। ਉਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਫਾਈਲ ਪੜ੍ਹ ਕੇ ਹੀ ਅੰਦਾਜ਼ਾ ਲਾ ਲੈਂਦੀ ਹੈ ਕਿ ਕਿਸੇ ਅਲ-ਕਾਇਦਾ ਲੀਡਰ ਦੇ ਦਿਮਾਗ 'ਚ ਚੱਲ ਕੀ ਰਿਹਾ ਹੈ। ਹੁਣ ਉਹ ਫੀਲਡ 'ਚ ਬੜੀਆਂ ਉਮੀਦਾਂ ਲੈ ਕੇ ਆਈ ਸੀ।

ਇਧਰ ਜੈਨੀਫਰ ਖੋਸਟ ਪਹੁੰਚੀ, ਤੇ ਉਧਰ ਕਈ ਮਹੀਨਿਆਂ ਤੋਂ ਚੁੱਪ ਹੋਇਆ ਹਮਾਮ ਬਲਾਵੀ ਬੋਲ ਉਠਿਆ। ਬਿਨ ਜ਼ਈਦ ਉਡੀਕ ਉਡੀਕ ਥੱਕ ਗਿਆ, ਪਰ ਹੁਣ ਜਦੋਂ ਉਸ ਨੂੰ ਬਲਾਵੀ ਦੀ ਈਮੇਲ ਮਿਲੀ ਤਾਂ ਸ਼ੁਰੂ 'ਚ ਹੀ ਲਿਖਿਆ ਹੋਇਆ ਸੀ ਕਿ ਦੋਸਤ ਮੈਂ ਚੁੱਪ ਸੀ, ਕਿਉਂਕਿ ਇਹ ਵਕਤ ਦੀ ਮਜਬੂਰੀ ਸੀ, ਪਰ ਜੋ ਤੋਹਫਾ ਤੈਨੂੰ ਹੁਣ ਭੇਜ ਰਿਹਾ ਹਾਂ, ਇਹ ਤੇਰੇ ਸਾਰੇ ਸ਼ਿਕਵੇ ਦੂਰ ਕਰ ਦੇਵੇਗਾ। ਉਸ ਨੇ ਜਿਉਂ ਹੀ ਅੱਗੇ ਈਮੇਲ ਵਿਚੋਂ ਵੀਡੀਓ ਕਲਿਪ ਖੋਲ੍ਹੀ ਤਾਂ ਬਹੁਤ ਹੈਰਾਨ ਹੋਇਆ। ਇਹ ਅੱਧੇ ਕੁ ਮਿੰਟ ਦੀ ਰਫ ਜਿਹੀ ਵੀਡੀਓ ਸੀ, ਪਰ ਜੋ ਬੰਦਾ ਇਸ ਵੀਡੀਓ 'ਚ ਬਲਾਵੀ ਦੇ ਨਾਲ ਬੈਠਾ ਸੀ, ਉਸ ਨੂੰ ਵੇਖ ਕੇ ਬਿਨ ਜ਼ਈਦ ਦੀ ਖੁਸ਼ੀ ਦੀ ਹੱਦ ਨਾ ਰਹੀ। ਉਸ ਨੇ ਤੁਰੰਤ ਆਪਣੇ ਸੀ. ਆਈ. ਏ. ਵਾਲੇ ਦੋਸਤ ਡੈਰਨ ਨਾਲ ਗੱਲ ਕੀਤੀ। ਫਿਰ ਇਹ ਵੀਡੀਓ ਕਲਿਪ ਸੀ. ਆਈ. ਏ. ਦੇ ਕਾਊਂਟਰ ਟੈਰਰਿਜ਼ਮ ਗਰੁਪ ਨੂੰ ਭੇਜ ਦਿੱਤੀ ਗਈ। ਇਹ ਗਰੁਪ ਵੀ ਬਲਾਵੀ ਨਾਲ ਬੈਠੇ ਬੰਦੇ ਨੂੰ ਵੇਖ ਕੇ ਉਤਸ਼ਾਹ ਨਾਲ ਭਰ ਗਿਆ। ਫੋਟੋ ਵਿਚਲੇ ਇਸ ਅਲ-ਕਾਇਦਾ ਅਤਿਵਾਦੀ ਦਾ ਨਾਂ ਸੀ, ਅਤੀਆ ਅਦਬ ਅਲ-ਰਹਿਮਾਨ।

ਰਹਿਮਾਨ ਨੂੰ ਉਸਾਮਾ ਬਿਨ-ਲਾਦਿਨ ਦੇ ਬਹੁਤ ਨੇੜੇ ਸਮਝਿਆ ਜਾਂਦਾ ਸੀ। ਅਦਬ ਅਲ-ਰਹਿਮਾਨ ਅਫਰੀਕਨ ਅੰਬੈਸੀਆਂ 'ਚ ਹਮਲੇ ਕਰਵਾ ਕੇ ਦੋ ਸੌ ਤੋਂ ਵੱਧ ਬੰਦੇ ਮਾਰਨ ਦਾ ਮੁੱਖ ਦੋਸ਼ੀ ਸੀ। ਇਸ ਤੋਂ ਬਿਨਾ ਉਸ ਦਾ ਹੋਰ ਵੱਡੇ ਵੱਡੇ ਹਮਲਿਆਂ 'ਚ ਨਾਂ ਆਉਂਦਾ ਸੀ। ਲਾਦਿਨ ਦੇ ਬਹੁਤ ਹੀ ਨੇੜਲਾ ਇਹ ਬੰਦਾ ਪਿਛਲੇ 7-8 ਸਾਲ ਤੋਂ ਕਿਧਰੇ ਵੀ ਨਜ਼ਰ ਨਹੀਂ ਸੀ ਆਇਆ, ਪਰ ਹੁਣ ਡਾ. ਹਮਾਮ ਬਲਾਵੀ ਨੇ ਉਸ ਤੱਕ ਪਹੁੰਚ ਕੇ ਕਮਾਲ ਹੀ ਕਰ ਦਿੱਤੀ। ਜੋ ਪਹਿਲਾਂ ਬਲਾਵੀ ਦੇ ਇਸ ਤਰ੍ਹਾਂ ਬਿਨਾ ਕਿਸੇ ਟਰੇਨਿੰਗ ਦੇ ਪਾਕਿਸਤਾਨ ਭੇਜਣ ਦੇ ਖਿਲਾਫ ਸਨ, ਉਹ ਸਭ ਹੈਰਾਨ ਹੋ ਗਏ। ਉਹ ਬਲਾਵੀ ਦੇ ਕੰਮ ਤੋਂ ਬੜੇ ਖੁਸ਼ ਸਨ।

ਦੋ ਹਫਤੇ ਪਿਛੋਂ ਹੀ ਬਿਨ ਜ਼ਈਦ ਨੂੰ ਇਕ ਹੋਰ ਈਮੇਲ ਆਈ। ਬਲਾਵੀ ਨੇ ਲਿਖਿਆ ਸੀ ਕਿ ਇਸ ਈਮੇਲ ਨੂੰ ਪੜ੍ਹ ਕੇ ਤੂੰ ਹੋਰ ਵੀ ਹੈਰਾਨ ਹੋ ਜਾਵੇਂਗਾ। ਬਲਾਵੀ ਨੇ ਲਿਖਿਆ ਸੀ ਕਿ ਕੁਝ ਦਿਨ ਪਹਿਲਾਂ ਹੀ ਉਸ ਨੂੰ ਅਲ-ਕਾਇਦਾ ਵਾਲੇ ਕਿਸੇ ਘਰ 'ਚ ਲੈ ਕੇ ਗਏ, ਜਿੱਥੇ ਅੱਗੇ ਬੈਠੇ ਆਦਮੀ ਨੂੰ ਵੇਖ ਕੇ ਉਹ ਅੱਖਾਂ ਝਮਕਣੀਆਂ ਭੁੱਲ ਗਿਆ। ਉਹ ਅਈਮਨ ਅਲ ਜਵਾਹਰੀ ਸੀ। ਜਵਾਹਰੀ ਡਾਇਬਿਟੀਜ਼ ਤੋਂ ਪੀੜਤ ਸੀ, ਹਰ ਕਿਸੇ ਤੱਕ ਪਹੁੰਚ ਨਹੀਂ ਕੀਤੀ ਜਾ ਸਕਦੀ ਸੀ। ਹੁਣ ਜਦੋਂ ਉਸ ਨੂੰ ਪਤਾ ਲੱਗਾ ਕਿ ਇਕ ਡਾਕਟਰ ਜਹਾਦੀ ਬਣ ਕੇ ਆਇਆ ਹੈ ਤਾਂ ਉਸ ਨੇ ਉਸ ਨੂੰ ਬੁਲਾ ਭੇਜਿਆ। ਬਲਾਵੀ ਦੇ ਲਿਖਣ ਮੁਤਾਬਕ ਉਸ ਨੇ ਸ਼ਹਿਰੋਂ ਦਵਾਈਆਂ ਮੰਗਵਾ ਕੇ ਜਵਾਹਰੀ ਦਾ ਇਲਾਜ ਕੀਤਾ। ਅਗਾਂਹ ਉਸ ਨੇ ਲਿਖਿਆ ਸੀ ਕਿ ਹੁਣ ਬਹੁਤ ਚਾਂਸ ਹਨ ਕਿ ਉਹ ਹਫਤੇ, ਦੋ ਹਫਤਿਆਂ ਤੋਂ ਜਵਾਹਰੀ ਨੂੰ ਮਿਲਦਾ ਰਿਹਾ ਕਰੇਗਾ। ਬਿਨ ਜ਼ਈਦ ਨੇ ਵੀ ਬਲਾਵੀ ਨੂੰ ਵਾਪਸ ਈਮੇਲ ਭੇਜ ਕੇ ਵਧਾਈ ਦਿੱਤੀ ਕਿ ਉਸ ਨੇ ਉਸ ਦਾ ਅਮਰੀਕਨਾਂ ਸਾਹਮਣੇ ਸਿਰ ਉਚਾ ਕਰ ਦਿੱਤਾ ਹੈ।

ਹੁਣ ਅੱਗੇ ਦੀਆਂ ਕਾਰਵਾਈਆਂ ਬਾਰੇ ਵਿਚਾਰਾਂ ਹੋਣ ਲੱਗੀਆਂ। ਇਹ ਤਾਂ ਕਾਊਂਟਰ ਟੈਰੋਰਿਜ਼ਮ ਵਾਲੇ ਵੀ ਮੰਨ ਗਏ ਸਨ ਕਿ ਹਮਾਮ ਬਲਾਵੀ ਅਲ-ਕਾਇਦਾ ਦੇ ਉਪਰਲੇ ਅਤਿਵਾਦੀਆਂ ਤੱਕ ਜਾ ਪਹੁੰਚਿਆ ਹੈ, ਪਰ ਅੱਗੇ ਦੇ ਕੰਮ ਬਾਰੇ ਉਹ ਸ਼ਸ਼ੋਪੰਜ ਵਿਚ ਸਨ। ਅਮਰੀਕਨਾਂ ਮੁਤਾਬਕ ਜੇ ਹਮਾਮ ਬਲਾਵੀ ਨੂੰ ਢੰਗ ਦੀ ਟਰੇਨਿੰਗ ਦਿੱਤੀ ਜਾਵੇ ਤਾਂ ਉਹ ਹੋਰ ਵੀ ਬਹੁਤ ਸਾਰੇ ਅਤਿਵਾਦੀਆਂ ਤੱਕ ਪਹੁੰਚਾ ਸਕਦਾ ਹੈ। ਬਿਨ ਜ਼ਈਦ ਵੀ ਇਸ ਬਾਰੇ ਸਹਿਮਤ ਸੀ। ਸੋ, ਇਸ ਮਸਲੇ 'ਤੇ ਕੰਮ ਸ਼ੁਰੂ ਹੋ ਗਿਆ ਕਿ ਬਲਾਵੀ ਨੂੰ ਕਿਥੇ ਮਿਲਿਆ ਜਾਵੇ? ਉਂਜ ਸੀ. ਆਈ. ਏ. ਦੀ ਕਾਊਂਟਰ



***ਬੈਤੁੱਲਾ ਮਸੂਦ ਦੀ ਮੌਤ ਤੋਂ ਬਾਅਦ ਤਾਹਿਰੀਕੇ-ਤਾਲਿਬਾਨ ਦਾ ਮੁਖੀ ਬਣਿਆ ਹਕੀਮਉਲਾ ਮਸੂਦ***

ਟੈਰਰਿਜ਼ਮ ਟੀਮ ਇਸ ਸਭ ਦੇ ਹੱਕ 'ਚ ਨਹੀਂ ਸੀ। ਉਨ੍ਹਾਂ ਮੁਤਾਬਕ ਜੋ ਇਹ ਸਭ ਕੁਝ ਇੰਨਾ ਜਲਦੀ ਹੋ ਰਿਹਾ ਹੈ, ਹੋ ਸਕਦਾ ਹੈ, ਇਹ ਸਭ ਗਿਣਿਆ-ਮਿਥਿਆ ਹੋਵੇ। ਉਨ੍ਹਾਂ ਦਾ ਲੰਬਾ ਤਜਰਬਾ ਦੱਸਦਾ ਸੀ ਕਿ ਟਾਪ ਟਾਰਗੈਟ ਤੱਕ ਪਹੁੰਚਣ ਤੱਕ ਸਾਲਾਂ ਦੇ ਸਾਲ ਲੱਗ ਜਾਂਦੇ ਹਨ ਅਤੇ ਇਥੇ ਕੁਝ ਹੀ ਮਹੀਨਿਆਂ 'ਚ ਕੋਈ ਏਜੰਟ ਅਤਿਵਾਦੀ ਜਥੇਬੰਦੀ ਦੇ ਮੁਖੀ ਤੱਕ ਜਾ ਪਹੁੰਚਿਆ; ਦੂਜੇ ਪਾਸੇ ਜਾਰਡਨ ਦੀ ਮੁਖਾਬਰਤ ਦਾ ਸਾਰਾ ਕਰੈਡਿਟ ਲੈਣਾ ਆਦਿ ਮੱਲੋ-ਮੱਲੀ ਕਾਹਲੀ ਕਰਵਾ ਰਿਹਾ ਸੀ।

ਉਧਰ, ਬੈਤੁੱਲਾ ਮਸੂਦ ਦੀ ਮੌਤ ਪਿਛੋਂ ਤਾਹਿਰੀਕੇ-ਤਾਲਿਬਾਨ ਦੇ ਮੁਖੀ ਬਣੇ ਹਕੀਮਉਲਾ ਮਸੂਦ ਨੇ ਬਲਾਵੀ ਨੂੰ ਸਲਾਹ ਦਿੱਤੀ ਕਿ ਉਹ ਲੜਾਕਿਆਂ ਦੀ ਟਰੇਨਿੰਗ ਜ਼ਰੂਰ ਲਵੇ। ਬਲਾਵੀ ਨੇ ਇਹ ਟਰੇਨਿੰਗ ਸ਼ੁਰੂ ਕਰ ਦਿੱਤੀ। ਉਸ ਦਾ ਸਰੀਰ ਕਮਜ਼ੋਰ ਜਿਹਾ ਸੀ। ਕਿਸੇ ਪੱਖੋਂ ਵੀ ਉਹ ਲੜਾਕਾ ਨਹੀਂ ਸੀ ਲੱਗਦਾ। ਦੋ ਹਫਤੇ ਟਰੇਨਿੰਗ ਚੱਲੀ, ਪਰ ਇਸ ਦੌਰਾਨ ਬਲਾਵੀ ਨੂੰ ਏ. ਕੇ. ਸੰਤਾਲੀ ਦਾ ਨਿਸ਼ਾਨਾ ਲਾਉਣ ਦਾ ਵੀ ਪੂਰਾ ਵੱਲ ਨਾ ਆਇਆ। ਇਸ ਤੋਂ ਵੀ ਬੁਰਾ ਇਹ ਹੋਇਆ ਕਿ ਟਰੇਨਿੰਗ ਦੌਰਾਨ ਉਸ ਦਾ ਮੋਟਰਸਾਈਕਲ ਰੇਤੇ 'ਚ ਤਿਲਕ ਗਿਆ। ਉਸ ਦੇ ਮੂੰਹ 'ਤੇ ਸੱਟ ਲੱਗੀ, ਨਾਲ ਹੀ ਖੱਬੀ ਲੱਤ ਟੁੱਟ ਗਈ। ਉਸ ਨੇ ਕੁਝ ਦਿਨ ਆਰਾਮ ਕੀਤਾ ਤੇ ਆਪ ਹੀ ਲੱਤ 'ਤੇ ਪਲੱਸਤਰ ਲਾ ਲਿਆ। ਛੋਟੀ ਹੱਡੀ ਟੁੱਟ ਗਈ ਸੀ, ਜੋ ਛੇਤੀ ਹੀ ਠੀਕ ਹੋਣ ਲੱਗ ਪਈ, ਪਰ ਹੁਣ ਉਹ ਖਰੌੜੀਆਂ 'ਤੇ ਤੁਰਦਾ ਸੀ। ਨਾਲ ਦੇ ਲੜਾਕੇ ਉਸ ਨੂੰ ਹਰ ਸਮੇਂ ਮਖੌਲ ਕਰਦੇ, ਜਿਨ੍ਹਾਂ ਨੇ ਉਸ ਅੰਦਰ ਆਪਣੇ ਆਪ ਪ੍ਰਤੀ ਘ੍ਰਿਣਾ ਭਰ ਦਿੱਤੀ ਕਿ ਉਹ ਕਿਸੇ ਕੰਮ ਦੇ ਵੀ ਕਾਬਲ ਨਹੀਂ ਹੈ।

ਉਸ ਇਲਾਕੇ 'ਚ ਹਰ ਰੋਜ਼ ਡਰੋਨਾਂ ਨਾਲ ਲੜਾਕੇ ਮਾਰੇ ਜਾ ਰਹੇ ਸਨ। ਉਸ ਦਾ ਨੇੜਲਾ ਬੈਤੁੱਲਾ ਮਸੂਦ ਵੀ ਮਾਰਿਆ ਜਾ ਚੁਕਾ ਸੀ। ਉਹ ਰਾਤਾਂ ਨੂੰ ਪਿਆ ਸੋਚਦਾ ਕਿ ਇਹ ਵੀ ਲੋਕ ਹੀ ਹਨ, ਜੋ ਧਰਮ ਲਈ ਜਾਨਾਂ ਵਾਰ ਰਹੇ ਹਨ ਅਤੇ ਉਹ ਪਰਿਵਾਰ ਵੀ ਛੱਡ ਕੇ ਆਇਆ ਹੈ ਤੇ ਕਰ ਵੀ ਕੁਝ ਨਹੀਂ ਰਿਹਾ। ਇਕ ਗੱਲ ਤਾਂ ਹੁਣ ਤੱਕ ਸਾਫ ਹੋ ਗਈ ਸੀ ਕਿ ਲੜਾਕਿਆਂ ਦੀਆਂ ਨਿਤ ਦਿਨ ਦੀਆਂ ਸ਼ਹਾਦਤਾਂ ਨੇ ਉਸ ਨੂੰ ਅਮਰੀਕਾ ਜਾਂ ਜਾਰਡਨ, ਸਭ ਦੇ ਖਿਲਾਫ ਕਰ ਦਿੱਤਾ ਸੀ। ਉਸ ਅੰਦਰ ਜਹਾਦੀ ਪੈਦਾ ਹੋ ਚੁਕਾ ਸੀ। ਉਹ ਸੋਚਦਾ ਸੀ ਕਿ ਕੁਝ ਵੀ ਹੋ ਜਾਵੇ, ਉਹ ਇਥੇ ਰਹਿ ਕੇ ਇਨ੍ਹਾਂ ਜਹਾਦੀਆਂ ਦਾ ਦਵਾਈ-ਦਾਰੂ ਕਰਦਿਆਂ ਜਹਾਦ 'ਚ ਹਿੱਸਾ ਤਾਂ ਪਾ ਹੀ ਸਕਦਾ ਹੈ। ਹੁਣ ਉਸ ਨੂੰ ਪੈਸੇ ਜਾਂ ਕਿਸੇ ਦੁਨੀਆਵੀ ਚੀਜ਼ ਦਾ ਲੋਭ ਨਹੀਂ ਸੀ ਰਿਹਾ, ਪਰ ਉਸ ਨੂੰ ਪਤਾ ਨਹੀਂ ਸੀ ਕਿ ਇਥੇ ਇਕ ਗਰੁਪ ਹੋਰ ਹੈ, ਜੋ ਉਸ ਦੇ ਆਉਣ ਤੋਂ ਲੈ ਕੇ ਸੋਚਦਾ ਆ ਰਿਹਾ ਹੈ ਕਿ ਜਾਰਡਨ ਦੇ ਇਸ ਡਾ. ਹਮਾਮ ਬਲਾਵੀ ਨੂੰ ਕਿਵੇਂ ਵਰਤਿਆ ਜਾ ਸਕਦਾ ਹੈ? ਇਹ ਸਨ, ਅਲ-ਕਾਇਦਾ ਵਾਲੇ।

ਇਕ ਦਿਨ ਅਲ-ਕਾਇਦਾ ਲੜਾਕਿਆਂ ਨੇ ਉਸ ਨੂੰ ਨਾਲ ਲਿਆ ਤੇ ਰਾਤ ਦੇ ਹਨੇਰੇ 'ਚ ਅਲ-ਕਾਇਦਾ ਦੇ ਤਿੰਨ ਨੰਬਰ ਦੇ ਲੀਡਰ ਜੋ ਫੀਲਡ ਕਮਾਂਡਰ ਵੀ ਸੀ, ਅਬਦੁਲ ਸਈਦ ਅਲ-ਲਿਬੀ ਕੋਲ ਲੈ ਗਏ। ਅਲ-ਲਿਬੀ ਕਿਸੇ ਅਤਿਅੰਤ ਲੁਕਵੀਂ ਅਤੇ ਅੰਡਰਗਰਾਊਂਡ ਜਗ੍ਹਾ 'ਤੇ ਰਹਿ ਰਿਹਾ ਸੀ। ਉਸ ਨੇ ਬਾਕੀ ਸਭ ਨੂੰ ਮੋੜ ਦਿੱਤਾ ਤੇ ਬਲਾਵੀ ਨੂੰ ਆਪਣੇ ਕੋਲ ਹੀ ਠਹਿਰਾ ਲਿਆ। ਅਲ-ਲਿਬੀ, ਆਤਮਘਾਤੀ ਬੰਬ ਬਣਾਉਣ ਵਾਸਤੇ ਬੰਦੇ ਨੂੰ ਤਿਆਰ ਕਰਨ ਦਾ ਮਾਹਰ ਸੀ। ਉਸ ਨੇ ਦੋ-ਚਾਰ ਦਿਨ ਬਲਾਵੀ ਨਾਲ ਬੜਾ ਚੰਗਾ ਵਿਹਾਰ ਕੀਤਾ। ਇਸ ਦੌਰਾਨ ਉਨ੍ਹਾਂ ਦੇ ਸ਼ਹਿਰ ਦੇ ਨੇੜੇ ਹੀ ਅਮਰੀਕਨ ਡਰੋਨ ਨੇ ਕਿਸੇ ਘਰ 'ਤੇ ਮਿਜ਼ਾਇਲ ਸੁੱਟ ਕੇ 15 ਅਤਿਵਾਦੀ ਇਕੱਠੇ ਹੀ ਮਾਰ ਮੁਕਾਏ। ਫਿਰ ਇਥੇ ਅਲ-ਲਿਬੀ ਅਤੇ ਬਲਾਵੀ ਕੋਲ ਜਵਾਹਰੀ ਦਾ ਸਭ ਤੋਂ ਨੇੜਲਾ ਸਾਥੀ ਸ਼ੇਖ ਸਈਦ ਅਲ-ਮਿਸਰੀ, ਬਲਾਵੀ ਨੂੰ ਆਣ ਮਿਲਿਆ। ਤਿੰਨਾਂ ਵਿਚਾਲੇ ਲੰਮੀ ਚੌੜੀ ਗੱਲਬਾਤ ਹੋਈ, ਜਿਸ ਦਾ ਸਾਰ ਅੰਸ਼ ਇਹ ਸੀ ਕਿ ਜਾਰਡਨ ਅਤੇ ਅਮਰੀਕਾ ਮਿਲ ਕੇ ਕਿਵੇਂ ਸਾਡੇ ਜਹਾਦੀਆਂ ਦਾ ਘਾਣ ਕਰ ਰਹੇ ਹਨ। ਇਨ੍ਹਾਂ ਨੂੰ ਰੋਕਣ ਲਈ ਸਾਨੂੰ ਕੋਈ ਵੱਡਾ ਕਦਮ ਚੁੱਕਣਾ ਚਾਹੀਦਾ ਹੈ। ਬਲਾਵੀ ਸਹਿਮਤ ਸੀ, ਕਿਉਂਕਿ ਹੁਣ ਤੱਕ ਉਹ ਤਨੋ-ਮਨੋ ਜਹਾਦੀਆਂ ਨਾਲ ਰਲ ਚੁਕਾ ਸੀ।

ਉਧਰ, ਬਲਾਵੀ ਨੂੰ ਟਰੇਨਿੰਗ ਦੇਣ ਲਈ ਸੀ. ਆਈ. ਏ. ਅਤੇ ਮੁਖਾਬਰਤ ਆਪਣੀ ਸਕੀਮ ਤਿਆਰ ਕਰ ਰਹੇ ਸਨ। ਉਹ ਉਸ ਨੂੰ ਕਿਵੇਂ ਨਾ ਕਿਵੇਂ ਖੋਸਟ ਅੱਡੇ 'ਚ ਲਿਆ ਕੇ ਪੂਰੀ ਤਰ੍ਹਾਂ ਤਿਆਰ ਕਰਨਾ ਚਾਹੁੰਦੇ ਸਨ। ਉਸ ਨੂੰ ਹੋਰ ਅਤਿ ਆਧੁਨਿਕ ਹਥਿਆਰ ਦੇਣਾ ਚਾਹੁੰਦੇ ਸਨ। ਸੀ. ਆਈ. ਏ. ਨੂੰ ਲੱਗਦਾ ਸੀ ਕਿ ਹੁਣ ਜਵਾਹਰੀ ਉਨ੍ਹਾਂ ਦੇ ਘੇਰੇ 'ਚ ਆ ਚੁਕਾ ਹੈ। ਬਲਾਵੀ ਨੂੰ ਚੰਗੀ ਟਰੇਨਿੰਗ ਦਿੱਤੀ ਜਾਵੇ ਤਾਂ ਇਹ ਟਾਪ ਦੇ ਅਲ-ਕਾਇਦਾ ਅਤਿਵਾਦੀਆਂ ਨੂੰ ਇਕੱਠੇ ਹੀ ਖਤਮ ਕਰਵਾ ਦੇਵੇਗਾ। ਬਲਾਵੀ ਨੇ ਮੁਲਾਕਾਤ ਲਈ 'ਹਾਂ' ਕਰ ਦਿੱਤੀ। ਉਸ ਦੀ 'ਹਾਂ' ਪਿਛੋਂ ਹੀ ਬਿਨ ਜ਼ਈਦ ਤੇ ਡੈਰਨ ਖੋਸਟ ਪਹੁੰਚ ਚੁਕੇ ਸਨ ਅਤੇ ਬਲਾਵੀ ਦੇ ਅਗਲੇ ਸੁਨੇਹੇ ਦੀ ਉਡੀਕ ਕਰ ਰਹੇ ਸਨ।

ਪਰ ਅਲ-ਕਾਇਦਾ ਵਾਲੇ ਕਿਵੇਂ ਨਾ ਕਿਵੇਂ ਬਿਨ ਜ਼ਈਦ ਨੂੰ ਪਾਕਿਸਤਾਨ ਵਾਲੇ ਪਾਸੇ ਬੁਲਾ ਕੇ ਅਗਵਾ ਕਰਨਾ ਚਾਹੁੰਦੇ ਸਨ ਤਾਂ ਕਿ ਉਹ ਦੁਨੀਆਂ ਸਾਹਮਣੇ ਜਾਰਡਨ ਦੀ ਮੁਖਾਬਰਤ ਤੋਂ ਬਦਲਾ ਲੈ ਸਕਣ। ਇਸ ਕਰਕੇ ਉਨ੍ਹਾਂ ਬਲਾਵੀ ਤੋਂ ਈਮੇਲ ਭਿਜਵਾਈ ਕਿ ਬਿਨ ਜ਼ਈਦ ਉਸ ਨੂੰ ਪੇਸ਼ਾਵਰ ਆ ਕੇ ਮਿਲੇ, ਕਿਉਂਕਿ ਉਸ ਲਈ ਲੱਤ ਟੁੱਟੀ ਹੋਣ ਕਰਕੇ ਸਫਰ ਕਰਨਾ ਔਖਾ ਹੈ, ਪਰ ਸੀ. ਆਈ. ਏ. ਨੇ ਇਹ ਗੱਲ ਸ਼ੁਰੂ 'ਚ ਹੀ ਨਕਾਰ ਦਿੱਤੀ। ਇਸ ਪਿਛੋਂ ਬਲਾਵੀ ਨੇ ਉਸ ਨੂੰ ਹੋਰ ਨੇੜਲੇ ਸ਼ਹਿਰ ਮੀਰਾਨ ਸ਼ਾਹ ਬੁਲਾਇਆ। ਸੀ. ਆਈ. ਏ. ਨੇ ਇਸ ਤੋਂ ਵੀ ਜੁਆਬ ਦੇ ਦਿੱਤਾ। ਅਸਲ 'ਚ ਸੀ. ਆਈ. ਏ. ਸਮਝਦੀ ਸੀ ਕਿ ਮੁਖਬਰਤ ਦਾ ਅਫਸਰ ਬਿਨ ਜ਼ਈਦ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਅਤੇ ਉਹ ਉਸ ਨੂੰ ਕਿਸੇ ਵੀ ਕੀਮਤ 'ਤੇ ਖੋਸਟ ਅੱਡੇ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਦੇ ਸਕਦੇ। ਇਸ ਪਿਛੋਂ ਬਲਾਵੀ ਨੇ ਈਮੇਲ ਭੇਜੀ, ਜਿਸ 'ਚ ਉਸ ਨੇ ਬਿਨ ਜ਼ਈਦ ਨੂੰ ਕਿਹਾ ਕਿ ਇਸ ਸਾਰੇ ਕੰਮ ਦਾ ਜੋਖਮ ਮੈਂ ਹੀ ਕਿਉਂ ਉਠਾ ਰਿਹਾ ਹਾਂ? ਉਪਰੋਂ ਮੇਰੀ ਲੱਤ ਟੁੱਟੀ ਹੋਈ ਹੈ, ਮੇਰੇ ਲਈ ਤੁਰਨਾ ਮੁਸ਼ਕਿਲ ਹੈ। ਸੀ. ਆਈ. ਏ. ਦੀ ਕਾਊਂਟਰ ਟੈਰਰਿਜ਼ਮ ਟੀਮ ਨੇ ਇਸ ਦਾ ਤੁਰੰਤ ਸਿੱਟਾ ਕੱਢ ਲਿਆ ਕਿ ਬਲਾਵੀ ਭਾਵੁਕ ਤੌਰ 'ਤੇ ਬਿਨ ਜ਼ਈਦ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਸਖਤ ਹੁਕਮ ਦੇ ਦਿੱਤਾ ਕਿ ਜੇ ਮੀਟਿੰਗ ਹੁੰਦੀ ਹੈ ਤਾਂ ਇਹ ਖੋਸਟ ਏਅਰਬੇਸ 'ਚ ਹੀ ਹੋਵੇਗੀ; ਨਹੀਂ ਤਾਂ ਇਸ ਨੂੰ ਰੱਦ ਕਰ ਦਿਉ; ਪਰ ਹੁਣ ਤੱਕ ਸੱਭੇ ਧਿਰਾਂ ਇੰਨਾ ਅੱਗੇ ਵਧ ਚੁਕੀਆਂ ਸਨ ਕਿ ਪਿੱਛੇ ਮੁੜਨਾ ਔਖਾ ਲੱਗਦਾ ਸੀ। ਹਰ ਕੋਈ ਆਪਣੇ ਨਿਸ਼ਾਨੇ ਦੀ ਪੂਰਤੀ ਚਾਹੁੰਦਾ ਹੀ। ਜਦੋਂ ਬਿਨ ਜ਼ਈਦ ਨੇ ਪਾਕਿਸਤਾਨ ਵਾਲੇ ਪਾਸੇ ਜਾਣ ਤੋਂ ਨਾਂਹ ਕਰ ਦਿੱਤੀ ਤਾਂ ਅਲ-ਕਾਇਦਾ ਦੀਆਂ ਸਭ ਸਕੀਮਾਂ ਖਤਮ ਹੋ ਗਈਆਂ।

ਇਧਰੋਂ ਬਿਨ ਜ਼ਈਦ ਨੇ ਈਮੇਲ ਭੇਜੀ, ਜਿਸ 'ਚ ਉਸ ਨੇ ਕਿਹਾ ਕਿ ਦੇਖ ਭਾਈ ਹਮਾਮ ਬਲਾਵੀ! ਤੂੰ ਇੰਨੇ ਵੱਡੇ-ਵੱਡੇ ਅਤਿਵਾਦੀਆਂ ਨੂੰ ਫੜਾਉਣ ਦੇ ਬਿਲਕੁਲ ਨੇੜੇ ਪਹੁੰਚ ਗਿਆ ਹੈਂ। ਤੇਰਾ ਨਿਸ਼ਾਨਾ ਤੇਰੇ ਸਾਹਮਣੇ ਹੈ। ਤੇਰੀ ਇੰਨੀ ਲੰਮੀ ਮਿਹਨਤ ਦਾ ਫਲ ਮਿਲਣ ਹੀ ਵਾਲਾ ਹੈ। ਤੂੰ ਇਹ ਕੰਮ ਕਰਵਾ ਕੇ ਆਪਣੇ ਪੈਸੇ ਲੈ ਕੇ ਦੁਨੀਆਂ ਦੇ ਕਿਸੇ ਵੀ ਹਿੱਸੇ 'ਚ ਜਾ ਕੇ ਆਰਾਮ ਦੀ ਜ਼ਿੰਦਗੀ ਬਤੀਤ ਕਰੀਂ। ਇਸ ਪਿਛੋਂ ਤੈਨੂੰ ਕੋਈ ਨਹੀਂ ਬੁਲਾਏਗਾ। ਤੇਰੇ ਅਤੇ ਮੇਰੇ ਵਿਚਾਲੇ ਅੱਲ੍ਹਾ ਗਵਾਹ ਹੈ। ਜੋ ਮੈਂ ਕਹਿ ਰਿਹਾ ਹਾਂ, ਇਵੇਂ ਹੀ ਹੋਵੇਗਾ, ਪਰ ਤੈਨੂੰ ਟਰੇਨਿੰਗ ਲੈਣ ਅਤੇ ਹੋਰ ਢੰਗ ਤਰੀਕਿਆਂ ਦੀ ਸਿਖਲਾਈ ਲਈ ਮਿਲਣਾ ਜ਼ਰੂਰ ਪਵੇਗਾ। ਇਸ ਲਈ ਮੈਂ ਮਿਲਣ ਵਾਸਤੇ ਨਵੀਂ ਥਾਂ ਲੱਭੀ ਹੈ। ਤੂੰ ਬਾਰਡਰ ਲੰਘ ਕੇ ਅਫਗਾਨਿਸਤਾਨ ਵਾਲੇ ਪਾਸੇ ਆ ਜਾ। ਬਾਰਡਰ ਤੋਂ ਘੰਟੇ ਕੁ ਦੇ ਰਸਤੇ ਬਾਅਦ ਖੋਸਟ ਏਅਰਫੋਰਸ ਬੇਸ ਹੈ, ਤੂੰ ਉਥੇ ਆ ਜਾ। ਤੂੰ ਬਾਰਡਰ ਪਾਰ ਕਰੇਂਗਾ ਤਾਂ ਇਧਰ ਸਾਡਾ ਡਰਾਈਵਰ ਤੈਨੂੰ ਉਡੀਕ ਰਿਹਾ ਹੋਵੇਗਾ। ਉਹ ਤੈਨੂੰ ਆਪਣੀ ਕਾਰ 'ਚ ਬਿਠਾ ਕੇ ਬੇਸ ਦੇ ਅੰਦਰ ਆ ਜਾਵੇਗਾ।

ਜੁਆਬ 'ਚ ਬਲਾਵੀ ਨੇ ਕਿਹਾ ਕਿ ਮੈਨੂੰ ਡਰ ਹੈ ਕਿ ਤੁਸੀਂ ਮੈਨੂੰ ਕਿਸੇ ਵੀ ਵਕਤ ਗ੍ਰਿਫਤਾਰ ਕਰ ਲਵੋਗੇ ਤੇ ਫਿਰ ਉਮਰ ਭਰ ਜੇਲ੍ਹ 'ਚ ਸੜਨਾ ਪਵੇਗਾ। ਉਤਰ ਦਿੰਦਿਆਂ ਬਿਨ ਜ਼ਈਦ ਨੇ ਸਹੁੰਆਂ ਖਾਂਦਿਆਂ ਕਿਹਾ ਕਿ ਉਸ ਨਾਲ ਦੋਸਤਾਂ ਜਿਹਾ ਵਿਹਾਰ ਕੀਤਾ ਜਾਵੇਗਾ। ਕਿਸੇ ਕਿਸਮ ਦੀ ਤਕਲੀਫ ਨਹੀਂ ਦਿੱਤੀ ਜਾਵੇਗੀ।

ਫਿਰ ਬਲਾਵੀ ਨੇ ਅਲ-ਮਿਸਰੀ ਅਤੇ ਅਲ-

*(ਬਾਕੀ ਅਗਲੇ ਸਫੇ 'ਤੇ)*




***ਖੋਸਟ ਵਿਚ ਅਮਰੀਕੀ ਖੁਫੀਆ ਏਜੰਸੀ ਦਾ ਟਿਕਾਣਾ ਜਿਥੇ ਹਮਾਮ ਬਲਾਵੀ ਨੇ ਆਤਮਘਾਤੀ ਹਮਲਾ ਕੀਤਾ।***

ਲਿਬੀ ਨਾਲ ਸਲਾਹ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਤੂੰ ਇਕ ਵਾਰ ਚਲਾ ਗਿਆ ਤਾਂ ਤੈਨੂੰ ਕਿਸੇ ਨੇ ਵਾਪਸ ਨਹੀਂ ਆਉਣ ਦੇਣਾ।

"ਹੁਣ ਫਿਰ ਕੀ ਕਰੀਏ?" ਬਲਾਵੀ ਨੇ ਫਿਕਰ 'ਚ ਪੁੱਛਿਆ। ਗੱਲ ਸੁਣਦਿਆਂ ਮਿਸਰੀ ਬੋਲਿਆ, "ਆਪਾਂ ਕੌਣ ਹੁੰਨੇ ਆਂ ਕੁਝ ਕਰਨ ਵਾਲੇ। ਅੱਲ੍ਹਾ ਨੇ ਆਪ ਹੀ ਰਾਹ ਖੋਲ੍ਹ ਦਿੱਤਾ ਹੈ।"


"ਉਹ ਕਿਵੇਂ? ਕਿਹੜਾ ਰਾਹ?"

"ਆਤਮਘਾਤੀ ਬੰਬ ਬਣ ਕੇ ਇਨ੍ਹਾਂ ਕਾਫਰਾਂ ਤੋਂ ਬਦਲਾ ਲੈਣ ਦਾ। ਬਲਾਵੀ ਆਪਣੇ ਜਹਾਦੀ ਕਿੰਨਾ ਕੁ ਚਿਰ ਮਰਦੇ ਰਹਿਣਗੇ? ਹਰ ਰੋਜ਼ ਉਹ ਆਪਣੇ ਦਰਜਨਾਂ ਲੜਾਕਿਆਂ ਨੂੰ ਡਰੋਨਾਂ ਨਾਲ ਮਾਰ ਰਹੇ ਹਨ। ਹੁਣ ਆਪਾਂ ਨੂੰ ਵੀ ਜੁਆਬ ਦੇਣ ਚਾਹੀਦਾ ਹੈ। ਆਪਣੇ ਇਕੋ ਜੁਆਬ ਨੇ ਉਨ੍ਹਾਂ ਦੇ ਹੋਸ਼ ਉਡਾ ਦੇਣੇ ਨੇ।" ਇੰਨਾ ਕਹਿੰਦਿਆਂ ਅਲ-ਮਿਸਰੀ ਉਠ ਗਿਆ ਅਤੇ ਉਸ ਨੇ ਅਲ-ਕਾਇਦਾ ਦੀ ਮੁਕਾਮੀ ਸ਼ਰਾ ਇਕੱਠੀ ਕਰ ਲਈ। ਸ਼ਰਾ ਨੇ ਫਤਵਾ ਦੇ ਦਿੱਤਾ ਕਿ ਹਮਾਮ ਬਲਾਵੀ ਆਤਮਘਾਤੀ ਬੰਬ ਬਣ ਕੇ ਅਮਰੀਕਨਾਂ ਦੇ ਘਰ, ਭਾਵ ਉਨ੍ਹਾਂ ਦੇ ਬੇਸ 'ਚ ਜਾ ਕੇ ਹਮਲਾ ਕਰੇਗਾ।

ਇਹ ਫੈਸਲਾ ਹੁੰਦਿਆਂ ਹੀ ਬਲਾਵੀ ਤੋਂ ਬਿਨ ਜ਼ਈਦ ਨੂੰ ਈਮੇਲ ਭਿਜਵਾਈ ਗਈ ਕਿ ਠੀਕ ਹੈ, ਉਹ ਉਸ ਨੂੰ ਮਿਲਣ ਖੋਸਟ ਏਅਰਬੇਸ ਆ ਰਿਹਾ ਹੈ। ਈਮੇਲ ਆਉਂਦਿਆਂ ਹੀ ਖੋਸਟ ਵਾਲਿਆਂ ਲਈ ਸਾਰਾ ਮਾਹੌਲ ਖੁਸ਼ਗਵਾਰ ਬਣ ਗਿਆ। ਬਿਨ ਜ਼ਈਦ ਨੇ ਕਿਹਾ ਕਿ ਉਸ ਨੇ ਬਲਾਵੀ ਨਾਲ ਵਾਅਦਾ ਕੀਤਾ ਹੈ ਕਿ ਉਸ ਨਾਲ ਦੋਸਤਾਂ ਜਿਹਾ ਵਿਹਾਰ ਕੀਤਾ ਜਾਵੇਗਾ। ਕੋਈ ਉਸ ਨੂੰ ਗ੍ਰਿਫਤਾਰ ਨਹੀਂ ਕਰੇਗਾ, ਕੋਈ ਉਸ ਦੀ ਤਲਾਸ਼ੀ ਨਹੀਂ ਲਵੇਗਾ, ਸਗੋਂ ਉਸ ਨੂੰ ਮਾਣ ਸਤਿਕਾਰ ਦੇਣ ਦੀ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਸੀ. ਆਈ. ਏ. ਚੀਫ ਜੈਨੀਫਰ ਮੈਥਿਊ ਨੇ ਰਿਹਰਸਲ ਕਰਨ ਦਾ ਹੁਕਮ ਦੇ ਦਿੱਤਾ। ਪਹਿਲਾਂ ਸੀ. ਆਈ. ਏ. ਦਫਤਰ ਨੇੜੇ ਗੋਲਕਾਰ ਸੜਕ ਕਿਨਾਰੇ ਥਾਂ ਚੁਣੀ ਗਈ, ਜਿਥੇ ਹਮਾਮ ਬਲਾਵੀ ਦੀ ਕਾਰ ਨੇ ਆ ਕੇ ਰੁਕਣਾ ਸੀ ਤੇ ਉਸ ਦਾ ਸੁਆਗਤ ਕੀਤਾ ਜਾਣਾ ਸੀ। ਇਥੇ ਸੀ. ਆਈ. ਏ. ਸਟਾਫ ਤੋਂ ਬਿਨਾ ਕੁਝ ਅਫਸਰ ਐਫ. ਬੀ. ਆਈ. ਦੇ ਸਨ। ਕੁਝ ਉਚ ਕੋਟੀ ਦੇ ਸੀਲ ਮੈਂਬਰ ਸਨ। ਕੁਝ ਮੈਂਬਰ ਉਹ ਸਨ, ਜਿਨ੍ਹਾਂ ਦੀ ਜਾਬ ਸੀ. ਆਈ. ਏ. ਉਚ ਕੋਟੀ ਦੇ ਅਫਸਰਾਂ ਦੀ ਸਿਕਿਉਰਿਟੀ ਸੀ। ਰਿਹਰਸਲ ਦੌਰਾਨ ਹੀ ਆਪਸੀ ਗੱਲਬਾਤ ਹੁੰਦੀ ਰਹੀ। ਸੀ. ਆਈ. ਏ. ਦੀ ਸਿਕਿਉਰਿਟੀ ਵਾਲੇ ਕਈ ਗੱਲਾਂ ਨਾਲ ਸਹਿਮਤ ਨਹੀਂ ਸਨ। ਦੂਜਾ, ਉਨ੍ਹਾਂ ਦੀ ਜਿੰਮੇਵਾਰੀ ਸੀ ਕਿ ਜਦੋਂ ਹਮਾਮ ਬਲਾਵੀ ਆਵੇ ਤਾਂ ਉਸ ਦੀ ਤਲਾਸ਼ੀ ਲਈ ਜਾਵੇ।

ਜੈਨੀਫਰ ਮੈਥਿਊ ਇਸ ਲਈ ਸਹਿਮਤ ਨਹੀਂ ਸੀ, ਕਿਉਂਕਿ ਉਸ ਨੇ ਬਿਨ ਜ਼ਈਦ ਨਾਲ ਵਾਅਦਾ ਕੀਤਾ ਸੀ ਕਿ ਹਮਾਮ ਬਲਾਵੀ ਨੂੰ ਬਾਇੱਜ਼ਤ ਅੰਦਰ ਲਿਆਂਦਾ ਜਾਵੇਗਾ, ਤਲਾਸ਼ੀ ਨਹੀਂ ਲਈ ਜਾਵੇਗੀ। ਉਸ ਨੂੰ ਇੱਜਤ ਦਿੱਤੀ ਜਾਵੇਗੀ। ਕਾਫੀ ਦੇਰ ਗੱਲਬਾਤ ਹੁੰਦੀ ਰਹੀ। ਅੰਤ ਸੀ. ਆਈ. ਏ. ਚੀਫ ਨੇ ਆਪਣੇ ਬੌਸ ਨੂੰ ਫੋਨ ਕੀਤਾ ਅਤੇ ਸਮੱਸਿਆ ਦੱਸੀ ਕਿ ਇਹ ਕੇਸ ਜਾਰਡਨ ਦੀ ਏਜੰਸੀ ਮੁਖਬਰਤ ਦਾ ਹੈ ਅਤੇ ਉਨ੍ਹਾਂ ਨੇ ਉਸ ਏਜੰਟ ਨਾਲ ਕੋਈ ਬਚਨ ਕੀਤਾ ਹੋਇਆ ਹੈ। ਆਖਰ ਉਪਰੋਂ ਹੁਕਮ ਆ ਗਿਆ ਕਿ ਜੈਨੀਫਰ ਮੈਥਿਊ ਜੋ ਕਹਿ ਰਹੀ ਹੈ, ਉਸ ਮੁਤਾਬਕ ਚੱਲਿਆ ਜਾਵੇ। ਸਭ ਬੇਵਸ ਹੋ ਗਏ। ਜੈਨੀਫਰ ਨੇ ਦਰਜਨ ਤੋਂ


ਆਤਮਘਾਤੀ ਹਮਲੇ ਵੇਲੇ ਹਮਾਮ ਬਲਾਵੀ।

ਵੱਧ ਬੰਦੇ, ਔਰਤਾਂ ਤਿਆਰ ਕਰ ਲਏ, ਜਿਨ੍ਹਾਂ ਨੇ ਹਮਾਮ ਬਲਾਵੀ ਦਾ ਸਵਾਗਤ ਕਰਨਾ ਸੀ, ਉਸ ਨੂੰ ਇੱਜਤ ਦੇਣੀ ਸੀ। ਇਸ ਪਿਛੋਂ ਉਨ੍ਹਾਂ ਬਲਾਵੀ ਨੂੰ ਅੰਦਰ ਮੀਟਿੰਗ ਰੂਮ 'ਚ ਲੈ ਜਾਣਾ ਸੀ, ਉਥੇ ਹੰਢੇ ਵਰਤੇ ਏਜੰਟ ਸਨ, ਜਿਨ੍ਹਾਂ ਨੇ ਬਲਾਵੀ ਨੂੰ ਅੱਗੇ ਦੀ ਟਰੇਨਿੰਗ ਦੇਣੀ ਸੀ।

ਜਦੋਂ ਫੈਸਲਾ ਹੋ ਗਿਆ ਕਿ ਹਮਾਮ ਬਲਾਵੀ ਆਤਮਘਾਤੀ ਬੰਬ ਬਣ ਕੇ ਖੋਸਟ ਅੰਦਰ ਜਾਵੇਗਾ ਤਾਂ ਬਲਾਵੀ ਦਾ ਸਰੀਰ ਕੰਬਣ ਲੱਗ ਪਿਆ। ਉਹ ਜਹਾਦ ਤਾਂ ਲੜਨਾ ਚਾਹੁੰਦਾ ਸੀ, ਅਖੀਰ 'ਚ ਉਹ ਭਾਵੇਂ ਅਮਰੀਕਨਾਂ ਅਤੇ ਜਾਰਡਨ ਦੇ ਪੂਰੀ ਤਰ੍ਹਾਂ ਖਿਲਾਫ ਹੋ ਗਿਆ ਸੀ, ਉਨ੍ਹਾਂ ਨੂੰ ਸਜ਼ਾ ਦੇਣੀ ਚਾਹੁੰਦਾ ਸੀ, ਪਰ ਉਸ ਨੇ ਆਤਮਘਾਤ ਕਰਨ ਬਾਰੇ ਤਾਂ ਕਦੇ ਸੋਚਿਆ ਹੀ ਨਹੀਂ ਸੀ। ਉਸ ਨੂੰ ਰਾਤ ਭਰ ਨੀਂਦ ਨਾ ਆਈ। ਉਸ ਨੂੰ ਆਪਣੀਆਂ ਬੱਚੀਆਂ ਯਾਦ ਆਈਆਂ, ਪਰਿਵਾਰ ਯਾਦ ਆਇਆ, ਦੋਸਤ ਯਾਦ ਆਏ। ਉਹ ਸੋਚਣ ਲੱਗਾ ਕਿ ਉਹ ਇਹ ਕੀ ਕਰ ਰਿਹਾ ਹੈ? ਪਰ ਹੁਣ ਬਹੁਤ ਦੇਰ ਹੋ ਚੁਕੀ ਸੀ। ਉਸ ਨੂੰ ਅਲ-ਕਾਇਦਾ ਨੇ ਆਪਣੀ ਗ੍ਰਿਫਤ ਵਿਚ ਲੈ ਲਿਆ ਸੀ। ਉਸ ਨੂੰ ਪਤਾ ਹੀ ਨਾ ਲੱਗਾ ਕਿ ਸ਼ੁਰੂ ਤੋਂ ਹੀ ਅਲ-ਕਾਇਦਾ ਉਸ ਨੂੰ ਅਜਿਹੇ ਹੀ ਕਿਸੇ ਕੰਮ ਵਾਸਤੇ ਤਿਆਰ ਕਰ ਰਹੀ ਸੀ।

ਕੁਦਰਤ ਦਾ ਖੇਲ੍ਹ ਕਿ ਉਹ ਆਇਆ ਤਾਂ ਅਲ-ਕਾਇਦਾ ਦੇ ਉਚ ਕੋਟੀ ਦੇ ਅਤਿਵਾਦੀਆਂ 'ਚ ਘੁਸਪੈਠ ਕਰਨ ਅਤੇ ਫਿਰ ਉਨ੍ਹਾਂ ਨੂੰ ਫੜਾ ਕੇ ਅਮਰੀਕਨਾਂ ਤੋਂ ਪੈਸੇ ਲੈ ਕੇ ਦੁਨੀਆਂ 'ਚ ਕਿਧਰੇ ਜਾ ਕੇ ਆਰਾਮ ਦੀ ਜ਼ਿੰਦਗੀ ਬਤੀਤ ਕਰਨ ਸੀ, ਪਰ ਇਥੇ ਆ ਕੇ ਉਸ ਦਾ ਮਨ ਬਦਲਣ ਲੱਗਾ। ਉਹ ਅਲ-ਕਾਇਦਾ ਦੇ ਖਿਲਾਫ ਹੋਣ ਦੀ ਥਾਂ ਉਨ੍ਹਾਂ ਦੇ ਹੱਕ 'ਚ ਹੋ ਗਿਆ। ਹੁਣ ਗੱਲ ਇਥੇ ਆ ਪਹੁੰਚੀ ਕਿ ਉਹ ਅਲ-ਕਾਇਦਾ ਦਾ ਕੰਮ ਕਰਨ ਲਈ ਆਤਮਘਾਤੀ ਬੰਬ ਬਣ ਰਿਹਾ ਸੀ। ਗੱਲ ਕਿਤੇ ਦੀ ਕਿਤੇ ਚਲੀ ਗਈ ਸੀ। ਆਖਰ ਉਸ ਨੇ ਆਪਣੇ ਆਪ ਨੂੰ ਧਰਵਾਸ ਦੇਣਾ ਸ਼ੁਰੂ ਕੀਤਾ ਕਿ ਉਹ ਹੋਰ ਕਿਸੇ ਕੰਮ ਦਾ ਨਹੀਂ ਹੈ। ਲੜ ਉਹ ਨਹੀਂ ਸਕਦਾ, ਬੰਦੂਕ ਉਹ ਨਹੀਂ ਚਲਾ ਸਕਦਾ। ਹੋਰ ਉਹ ਕੀ ਕਰ ਸਕਦਾ ਹੈ! ਆਖਰ ਉਹ ਆਤਮਘਾਤੀ ਬੰਬ ਬਣਨ ਲਈ ਤਿਆਰ ਹੋ ਗਿਆ।

ਅਗਲੇ ਦਿਨ ਉਹ ਨੇੜਲੇ ਪਿੰਡ ਦੱਤਾ ਖੇਲ੍ਹ ਪਹੁੰਚਿਆ। ਉਤਰੀ ਵਜ਼ੀਰਿਸਤਾਨ ਦੇ ਪਿੰਡ ਦੱਤਾ ਖੇਲ੍ਹ ਵਿਚ ਕੋਈ ਦਰਜੀ ਰਹਿੰਦਾ ਸੀ। ਉਸ ਦਾ ਕੰਮ ਸੀ, ਆਤਮਘਾਤੀ ਬੈਲਟਾਂ ਬਣਾਉਣਾ। ਹਰ ਰੋਜ਼ ਉਸ ਦੇ ਘਰ ਲਾਈਨਾਂ ਲੱਗੀਆਂ ਰਹਿੰਦੀਆਂ। ਬਲਾਵੀ ਨੇ ਆਪਣਾ ਸਮਾਨ ਉਸ ਦੇ ਸਾਹਮਣੇ ਰੱਖਿਆ ਤਾਂ ਦਰਜੀ ਹੈਰਾਨ ਹੋਇਆ। ਅੱਜ ਤੱਕ ਉਸ ਤੋਂ ਇੰਨੀ ਸ਼ਕਤੀਸ਼ਾਲੀ ਬੈਲਟ ਬਣਵਾਉਣ ਕੋਈ ਨਹੀਂ ਸੀ ਆਇਆ। ਬਲਾਵੀ ਬਹੁਤ ਹੀ ਤਾਕਤਵਰ, ਸੀ. ਫੋਰ. ਐਕਸਪਲੋਸਿਵ ਡਿਵਾਈਸਜ਼ ਲੈ ਕੇ ਆਇਆ ਸੀ।

ਖੈਰ! ਦਰਜੀ ਨੇ ਬੜੇ ਗਹੁ ਨਾਲ ਉਸ ਦੀ ਬੈਲਟ ਬਣਾਈ ਅਤੇ ਉਸ ਦੇ ਹਵਾਲੇ ਕਰ ਦਿੱਤੀ। ਬੈਲਟ ਦਾ ਭਾਰ ਕਰੀਬ ਤੀਹ ਕਿਲੋ ਸੀ। ਮੁਸ਼ਕਿਲ ਇਹ ਸੀ ਕਿ ਬਲਾਵੀ ਦੀ ਟੁੱਟੀ ਹੋਈ ਲੱਤ ਵੀ ਅਜੇ ਠੀਕ ਨਹੀਂ ਸੀ ਹੋਈ। ਖਰੌੜੀਆਂ 'ਤੇ ਤੁਰਦਾ ਸੀ ਤਾਂ ਦਰਦ ਹੁੰਦਾ ਸੀ। ਉਪਰੋਂ ਤੀਹ ਕਿਲੋ ਭਾਰ ਗਲ 'ਚ ਲਟਕਿਆ ਹੋਇਆ। ਉਹ ਘਰ ਪਹੁੰਚਿਆ। ਰਾਤ ਵੇਲੇ ਅਲ-ਕਾਇਦਾ ਨੇ ਕੈਮਰੇ ਫਿੱਟ ਕਰਕੇ ਉਸ ਨੂੰ ਬੈਲਟ ਪਹਿਨਾ ਕੇ ਵੀਡੀਉ ਬਣਾਈਆਂ। ਵੀਡੀਉ ਵਿਚ ਉਹ ਅਮਰੀਕਨਾਂ ਅਤੇ ਜਾਰਡਨ ਵਾਲਿਆਂ ਨੂੰ ਬੁਰਾ ਭਲਾ ਕਹਿ ਰਿਹਾ ਸੀ। ਅਸਲ ਵਿਚ ਇਹ ਪ੍ਰਾਪੇਗੰਡਾ ਵੀਡੀਉ ਬਣਾਈਆਂ ਜਾ ਰਹੀਆਂ ਸਨ, ਜੋ ਐਕਸ਼ਨ ਪਿਛੋਂ ਜਾਰੀ ਕਰਨੀਆਂ ਸਨ।

ਉਸੇ ਸ਼ਾਮ ਬਲਾਵੀ ਨੇ ਬਿਨ ਜ਼ਈਦ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਅਗਲੇ ਦਿਨ ਉਸ ਕੋਲ ਖੋਸਟ ਪਹੁੰਚ ਰਿਹਾ ਹੈ। ਅਗਲੇ ਦਿਨ ਹਮਾਮ ਬਲਾਵੀ ਨੇ ਆਖਰੀ ਨਮਾਜ਼ ਅਦਾ ਕੀਤੀ। ਫਿਰ ਬੈਲਟ ਪਹਿਨ ਲਈ। ਉਤੋਂ ਦੀ ਮੋਟੀ ਕਮੀਜ਼ ਪਾ ਲਈ। ਫਿਰ ਉਤੇ ਮੋਟਾ ਕੰਬਲ ਲੈ ਲਿਆ। ਇਸ ਇਲਾਕੇ ਦੇ ਲੋਕ ਇਸ ਤਰ੍ਹਾਂ ਦੇ ਕੰਬਲਾਂ ਦੀ ਬੁੱਕਲ ਆਮ ਹੀ ਮਾਰਦੇ ਸਨ। ਕੰਬਲ ਦੀ ਬੁੱਕਲ ਮਾਰੀ ਹਮਾਮ ਬਲਾਵੀ ਖਰੌੜੀਆਂ ਦੇ ਸਹਾਰੇ ਬਾਹਰ ਆਇਆ। ਟੈਕਸੀ ਲੈ ਕੇ ਬਾਰਡਰ ਵਲ ਚੱਲ ਪਿਆ। ਬਾਅਦ ਦੁਪਹਿਰ ਉਸ ਨੂੰ ਟੈਕਸੀ ਨੇ ਦੂਰ ਹੀ ਉਤਾਰ ਦਿੱਤਾ। ਔਖਾ ਹੁੰਦਾ ਤੁਰਦਾ ਉਹ ਬਾਰਡਰ ਤਕ ਪਹੁੰਚਿਆ। ਔਖੇ ਸੌਖੇ ਬਾਰਡਰ ਪਾਰ ਕੀਤਾ। ਦੂਜੇ ਪਾਸੇ ਅਫਗਾਨਿਸਤਾਨ 'ਚ ਦਾਖਲ ਹੋ ਗਿਆ। ਦੂਰੋਂ ਹੀ ਉਸ ਨੂੰ ਲੈਣ ਆਏ ਅਫਗਾਨ ਡਰਾਈਵਰ ਨੇ ਉਸ ਨੂੰ ਪਛਾਣ ਲਿਆ ਤੇ ਹੱਥ ਹਿਲਾਇਆ। ਨੇੜੇ ਆ ਕੇ ਨਾਂ ਲਿਆ ਤਾਂ ਕਾਰ ਵਾਲੇ ਨੇ ਦਰਵਾਜਾ ਖੋਲ੍ਹ ਕੇ ਉਸ ਨੂੰ ਕਾਰ 'ਚ ਬਿਠਾ ਲਿਆ। ਰਸਤੇ 'ਚ ਕਾਰ ਬਦਲੀ ਤੇ ਅੱਗੇ ਚੱਲ ਪਏ। ਫਿਰ ਬਲਾਵੀ ਨੇ ਡਰਾਈਵਰ ਤੋਂ ਫੋਨ ਲੈ ਕੇ ਬਿਨ ਜ਼ਈਦ ਨੂੰ ਫੋਨ ਮਿਲਾਇਆ। ਗੱਲ ਸ਼ੁਰੂ ਹੋਈ ਤਾਂ ਬਿਨ ਜ਼ਈਦ ਖੁਸ਼ ਹੋ ਗਿਆ ਕਿ ਬਲਾਵੀ ਨੇੜੇ ਹੀ ਪਹੁੰਚ ਗਿਆ ਹੈ। ਬਲਾਵੀ ਨੇ ਉਸ ਨੂੰ ਉਸ ਦਾ ਵਾਅਦਾ ਯਾਦ ਕਰਵਾਇਆ ਕਿ ਉਹ ਦੋਸਤ ਵਾਂਗ ਵਿਹਾਰ ਕਰੇਗਾ। ਬਿਨ ਜ਼ਈਦ ਨੇ ਭਰੋਸਾ ਦਿੱਤਾ ਕਿ ਉਹ ਬੇਫਿਕਰ ਰਹੇ।

ਕਾਰ ਆਖਰ ਮੁੱਖ ਗੇਟ 'ਤੇ ਪਹੁੰਚ ਗਈ। ਸਿਕਿਉਰਿਟੀ ਅਫਸਰ ਡਰਾਈਵਰ ਦੇ ਨੇੜੇ ਆਇਆ ਤੇ ਉਸ ਨੂੰ ਪਛਾਣਦਿਆਂ ਅੱਗੇ ਲੰਘਾ ਦਿੱਤਾ। ਫਿਰ ਅਗਲੇ ਚੈੱਕ ਪੁਆਇੰਟ 'ਤੇ ਵੀ ਇਵੇਂ ਹੀ ਕਾਰ ਨੂੰ ਅੱਗੇ ਲੰਘਾ ਦਿੱਤਾ ਗਿਆ। ਹੁਣ ਤੱਕ ਹਮਾਮ ਬਲਾਵੀ ਦਾ ਮਨ ਕਦੇ ਕਿਧਰੇ ਘੁੰਮਦਾ ਸੀ, ਕਦੇ ਕਿਧਰੇ। ਇਸ ਚੈੱਕ ਪੁਆਇੰਟ 'ਤੇ ਆ ਕੇ ਉਸ ਨੂੰ ਦੂਰ ਖੜ੍ਹੇ ਬਾਰਾਂ-ਤੇਰਾਂ ਜਣੇ ਦਿਖਾਈ ਦਿੱਤੇ। ਬਲਾਵੀ ਸਮਝ ਗਿਆ ਕਿ ਉਹ, ਉਸ ਨੂੰ ਹੀ ਉਡੀਕ ਰਹੇ ਹਨ। ਜਿਉਂ-ਜਿਉਂ ਕਾਰ ਨੇੜੇ ਹੁੰਦੀ ਗਈ, ਬਲਾਵੀ ਦੀ ਨਜ਼ਰ ਘੇਰੇ 'ਚ ਖੜ੍ਹੇ ਉਨ੍ਹਾਂ ਲੋਕਾਂ 'ਤੇ ਜੰਮ ਗਈ। ਕਾਰ ਮਿਥੀ ਥਾਂ ਦੇ ਨੇੜੇ ਪਹੁੰਚ ਗਈ। ਸੀ. ਆਈ. ਏ. ਦੇ ਸਿਕਿਉਰਿਟੀ ਅਫਸਰਾਂ ਨੂੰ ਭਾਵੇਂ ਹੁਕਮ ਸੀ ਕਿ ਕੋਈ ਚੈਕਿੰਗ ਵਗੈਰਾ ਨਹੀਂ ਕਰਨੀ, ਫਿਰ ਵੀ ਉਹ ਪੂਰੀ ਮੁਸਤੈਦੀ ਨਾਲ ਡਿਊਟੀ ਦਿੰਦੇ ਟਾਰਗੈਟ, ਭਾਵ ਬਲਾਵੀ 'ਤੇ ਨਜ਼ਰਾਂ ਗੱਡੀ ਖੜੋਤੇ ਸਨ। ਉਂਜ ਭਾਵੇਂ ਉਨ੍ਹਾਂ ਨੇ ਰਾਈਫਲਾਂ ਦੀਆਂ ਨਾਲੀਆਂ ਹੇਠਾਂ ਕੀਤੀਆਂ ਹੋਈਆਂ ਸਨ, ਪਰ ਉਨ੍ਹਾਂ ਦੀਆਂ ਉਂਗਲਾਂ ਰਾਈਫਲਾਂ ਦੇ ਘੋੜਿਆਂ 'ਤੇ ਸਨ।

ਕਾਰ 'ਚ ਬੈਠੇ ਬਲਾਵੀ ਨੇ ਦੂਜੇ ਸਿਰੇ 'ਤੇ ਖੜ੍ਹੇ ਬਿਨ ਜ਼ਈਦ ਨੂੰ ਪਛਾਣ ਲਿਆ। ਬਿਨ ਜ਼ਈਦ ਨੇ ਹੱਥ ਹਿਲਾਇਆ, ਪਰ ਬਲਾਵੀ ਨੇ ਕੋਈ ਜੁਆਬ ਨਾ ਦਿੱਤਾ। ਇੰਨੇ ਨੂੰ ਕਾਰ ਮਿੱਥੀ ਥਾਂ 'ਤੇ ਜਾ ਰੁਕੀ। ਚਾਰ ਸਿਕਿਉਰਿਟੀ ਅਫਸਰ ਰਾਈਫਲਾਂ ਦੀਆਂ ਨਾਲੀਆਂ ਹੇਠਾਂ ਕਰੀ ਕਾਰ ਦੇ ਨੇੜੇ ਆ ਗਏ। ਇਕ ਜਣਾ ਸੱਜੇ ਹੱਥ 'ਤੇ ਚਿੱਟਾ ਦਸਤਾਨਾ ਚੜ੍ਹਾਈ ਨੇੜੇ ਆਇਆ ਤੇ ਉਸ ਨੇ ਤਾਕੀ ਖੋਲ੍ਹਦਿਆਂ ਹੱਥ ਅਗਾਂਹ ਵਧਾਇਆ ਤਾਂ ਕਿ ਬਲਾਵੀ ਦੀ ਬਾਹਰ ਆਉਣ 'ਚ ਮਦਦ ਕਰੇ। ਇਹ ਕੁਝ ਦੇਖਦਿਆਂ ਬਲਾਵੀ ਥਾਂ 'ਤੇ ਹੀ ਜੰਮ ਗਿਆ, ਪਰ ਅਗਲੇ ਹੀ ਪਲ ਉਸ ਨੂੰ ਫੁਰਨਾ ਫੁਰਿਆ ਤੇ ਉਹ ਦਸਤਾਨੇ ਵਾਲਾ ਹੱਥ ਫੜਨ ਦੀ ਥਾਂ ਦੂਜੇ ਪਾਸੇ ਦੇ ਦਰਵਾਜੇ ਵੱਲ ਖਿਸਕ ਗਿਆ। ਉਸ ਨੇ ਤਾਕੀ ਖੋਲ੍ਹੀ। ਪਹਿਲਾਂ ਪਲੱਸਤਰ ਵਾਲੀ ਲੱਤ ਬਾਹਰ ਕੱਢੀ। ਫਿਰ ਖਰੌੜੀਆਂ ਬਾਹਰ ਰੱਖੀਆਂ। ਉਸ ਪਿੱਛੋਂ ਉਸ ਨੇ ਸਹੀ ਲੱਤ ਬਾਹਰ ਕੱਢੀ। ਫਿਰ ਸਹੀ ਲੱਤ 'ਤੇ ਭਾਰ ਪਾਉਂਦਿਆਂ ਉਹ ਕਾਰ 'ਚੋਂ ਬਾਹਰ ਨਿਕਲਿਆ। ਉਸ ਨੇ ਉਤੋਂ ਕੰਬਲ ਲਿਆ ਹੋਇਆ ਸੀ। ਖੱਬੇ ਹੱਥ ਨਾਲ ਖਰੌੜੀ ਅੱਗੇ ਪਿਛੇ ਕਰ ਰਿਹਾ ਸੀ, ਪਰ ਉਸ ਦਾ ਸੱਜਾ ਹੱਥ ਕੰਬਲ ਦੇ ਅੰਦਰ ਸੀ।

ਸਿਕਿਉਰਿਟੀ ਅਫਸਰ ਉਦੋਂ ਤੋਂ ਹੀ ਪ੍ਰੇਸ਼ਾਨ ਸਨ, ਜਦੋਂ ਉਹ ਦੂਜੀ ਤਾਕੀ ਰਾਹੀਂ ਬਾਹਰ ਨਿਕਲਿਆ ਸੀ। ਉਹ ਖਰੌੜੀਆਂ ਸੰਭਾਲਦਾ ਅਗਾਂਹ ਨੂੰ ਤੁਰਿਆ ਤੇ ਨਾਲ ਹੀ ਉਸ ਦਾ ਸੱਜਾ ਹੱਥ ਕੰਬਲ ਅੰਦਰ ਕੋਈ ਹਰਕਤ ਕਰਨ ਲੱਗਾ। ਅਸਲ 'ਚ ਉਸ ਦਾ ਸੱਜਾ ਹੱਥ, ਕੰਬਲ ਅੰਦਰ ਬੰਬ ਦੇ ਬਟਨ ਵੱਲ ਜਾ ਰਿਹਾ ਸੀ। ਮਾਹੌਲ ਬੜਾ ਹੀ ਘੁਟਣ ਭਰਿਆ ਸੀ। ਜਦੋਂ ਉਸ ਦਾ ਸੱਜਾ ਹੱਥ ਕੰਬਲ 'ਚ ਹਿਲਦਾ ਦੇਖਿਆ ਤਾਂ ਸਿਕਿਉਰਿਟੀ ਅਫਸਰ ਨੇ ਅੱਗੇ ਹੁੰਦਿਆਂ ਉਸ ਨੂੰ ਕਿਹਾ, "ਸਟਾਪ, ਥਾਂ 'ਤੇ ਹੀ ਰੁਕ ਜਾਹ।" ਪਰ ਉਹ ਉਵੇਂ ਹੀ ਅੱਗੇ ਨੂੰ ਤੁਰਦਾ ਗਿਆ। ਫਿਰ ਉਸ ਦਾ ਰਾਹ ਅਗਿਓਂ ਬੰਦ ਕਰਦਿਆਂ ਅਫਸਰਾਂ ਨੇ ਉਸ ਨੂੰ ਘੇਰੇ 'ਚ ਲੈਂਦਿਆਂ ਰੁਕ ਜਾਣ ਦਾ ਹੁਕਮ ਦੁਹਰਾਇਆ। ਉਦੋਂ ਨੂੰ ਹਮਾਮ ਬਲਾਵੀ ਦਾ ਹੱਥ ਕੰਬਲ ਦੇ ਅੰਦਰ ਸਹੀ ਥਾਂ 'ਤੇ ਪਹੁੰਚ ਗਿਆ ਸੀ। ਉਸ ਦੇ ਮੂੰਹੋਂ ਅਵਾਜ਼ ਆਉਣ ਲੱਗ ਪਈ, "ਲਾ ਇਲਾਹਾ, ਇਲਾ ਅੱਲਾ...ਲਾ ਇਲਾਹਾ ਇਲਾ ਅੱਲਾ...!" ਉਹ ਵਾਰ ਵਾਰ ਇਹੀ ਅਲਫਾਜ਼ ਬੋਲ ਰਿਹਾ ਸੀ। ਅਫਸਰਾਂ ਨੇ ਉਸ ਦਾ ਰਾਹ ਤਾਂ ਰੋਕ ਹੀ ਲਿਆ ਸੀ, ਫਿਰ ਉਸ ਨੂੰ ਹੱਥ ਉਤਾਂਹ ਕਰਨ ਲਈ ਕਿਹਾ ਗਿਆ।

ਹਮਾਮ ਬਲਾਵੀ ਵਲੋਂ ਬੋਲੇ ਜਾ ਰਹੇ ਅਲਫਾਜ਼ ਤੋਂ ਬਿਨ ਜ਼ਈਦ ਸਮਝ ਗਿਆ ਕਿ ਹੁਣ ਕੀ ਹੋਣ ਵਾਲਾ ਹੈ। ਉਸ ਨੇ ਅਗਾਂਹ ਵਧ ਰਹੇ ਆਪਣੇ ਦੋਸਤ ਨੂੰ ਪਿਛਾਂਹ ਖਿੱਚਿਆ, ਪਰ ਉਦੋਂ ਨੂੰ ਇੰਨਾ ਵੱਡਾ ਧਮਾਕਾ ਹੋਇਆ ਕਿ ਅੱਧੇ ਮੀਲ ਤੱਕ ਦੀਆਂ ਬਿਲਡਿੰਗਾਂ ਕੰਬ ਗਈਆਂ। ਬੰਬ ਇੰਨਾ ਸ਼ਕਤੀਸ਼ਾਲੀ ਸੀ ਕਿ ਕਾਰ ਨੂੰ ਵਿਚਕਾਰੋਂ ਚੀਰ ਕੇ ਮਿਜ਼ਾਇਲ ਬਣਾ ਦਿੱਤਾ। ਚਾਰ ਜਣਿਆਂ ਨੂੰ ਕਾਰ ਵਿਚਕਾਰੋਂ ਚੀਰ ਗਈ। ਬੰਬ ਫਟਣ 'ਤੇ ਚਾਰ ਹਜ਼ਾਰ ਡਿਗਰੀ ਹੀਟ ਪੈਦਾ ਹੋਈ ਅਤੇ ਕਾਰ ਦੇ ਟੁਕੜੇ ਪੰਦਰਾਂ ਹਜ਼ਾਰ ਫੁੱਟ ਪ੍ਰਤੀ ਸੈਕਿੰਡ ਦੀ ਸਪੀਡ ਨਾਲ ਹਵਾ 'ਚ ਉਡੇ। ਹਮਾਮ ਬਲਾਵੀ ਤੋਂ ਬਿਨਾ ਸੀ. ਆਈ. ਏ. ਦੇ ਸੱਤ ਅਫਸਰ ਮਾਰੇ ਗਏ। ਬਾਕੀ ਦੇ ਸਭ ਗੰਭੀਰ ਜ਼ਖਮੀ ਹੋ ਗਏ। ਸੀ. ਆਈ. ਏ. ਡਾਇਰੈਕਟਰ ਲਿਓਨ ਪੈਨੇਟਾ ਨੇ ਪ੍ਰੈਜ਼ੀਡੈਂਟ ਬਰਾਕ ਓਬਾਮਾ ਨੂੰ ਫੋਨ ਕੀਤਾ, "ਸਰ ਬਹੁਤ ਬੁਰੀ ਖਬਰ ਹੈ। ਅਫਗਾਨਿਸਤਾਨ ਦੇ ਖੋਸਟ ਏਅਰਬੇਸ 'ਤੇ ਆਤਮਘਾਤੀ ਹਮਲਾ ਹੋਇਐ।"

"ਫਿਰ?" ਓਬਾਮਾ ਨੇ ਫਿਕਰ 'ਚ ਪੁੱਛਿਆ।

"ਸਰ, ਇਸ ਹਮਲੇ 'ਚ ਸੱਤ ਸੀ. ਆਈ. ਏ. ਅਫਸਰ, ਇਕ ਜੌਰਡਨੀਅਨ ਏਜੰਸੀ ਤੋਂ ਅਤੇ ਇਕ ਸਾਡਾ ਲੋਕਲ ਡਰਾਈਵਰ ਮਿਲਾ ਕੇ ਕੁੱਲ ਨੌਂ ਬੰਦੇ ਮਾਰੇ ਗਏ।"

ਕੁਝ ਦੇਰ ਓਬਾਮਾ ਕੁਝ ਨਾ ਬੋਲਿਆ। ਫਿਰ ਗੁੱਸੇ 'ਚ ਉਸ ਦੇ ਬੋਲ ਫਟੇ, "ਗੜਬੜ ਕਿਵੇਂ ਹੋਈ? ਕਿਵੇਂ ਐਡਾ ਵੱਡਾ ਹਾਦਸਾ ਵਾਪਰ ਗਿਆ?"

"ਸਰ! ਸਾਡਾ ਹੀ ਏਜੰਟ ਜਿਸ ਨੂੰ ਅਸੀਂ ਡਬਲ ਏਜੰਟ ਬਣਾਇਆ ਸੀ, ਉਹ ਸਾਨੂੰ ਕਰਾਸ ਕਰਕੇ ਟ੍ਰਿਪਲ ਏਜੰਟ ਬਣ ਗਿਆ, ਧੋਖਾ ਦੇ ਗਿਆ।" ਇੰਨਾ ਕਹਿ ਕੇ ਪੈਨੇਟਾ ਚੁੱਪ ਹੋ ਗਿਆ। ਦੂਜੇ ਪਾਸਿਉਂ ਫੋਨ ਕੱਟ ਦਿੱਤਾ ਗਿਆ ਸੀ। ਲਿਓਨ ਪੈਨੇਟਾ ਨੇ ਵੀ ਉਦਾਸੇ ਜਿਹੇ ਮਨ ਨਾਲ ਫੋਨ ਬੰਦ ਕਰਦਿਆਂ ਜੇਬ 'ਚ ਪਾ ਲਿਆ। ਉਸ ਦਿਨ ਕੈਲੰਡਰ 'ਤੇ 30 ਦਸੰਬਰ 2009 ਦਰਜ ਸੀ।

(ਸਮਾਪਤ)

# ਕੇਸ਼ੀ ਇਸ਼ਨਾਨ

ਅਮਰ ਮੀਨੀਆਂ (ਗਲਾਸਗੋ)
ਫੋਨ: 0044-7868370984

ਪੰਜਾਬ ਵਿਚ ਅਤਿਵਾਦ ਜ਼ੋਰਾਂ ਸ਼ੋਰਾਂ 'ਤੇ ਸੀ ਅਤੇ ਮੈਂ ਪਾਸਪੋਰਟ ਬਣਵਾ ਕੇ ਬਾਹਰ ਨਿਕਲਣ ਦੀਆਂ ਤਿਆਰੀਆਂ ਵਿਚ ਸਾਂ। ਪਾਸਪੋਰਟ ਦੇ ਸਿਲਸਿਲੇ ਵਿਚ ਇਕ ਸ਼ਾਮ ਨੂੰ ਚੰਡੀਗੜ੍ਹ ਤੋਂ ਵਾਪਸ ਆ ਰਿਹਾ ਸੀ। ਬੱਸ ਵਿਚ ਦੌਧਰ ਵਾਲਾ ਕੁੰਢਾ ਸਿੰਘ ਖਾਲਸਾ ਮਿਲ ਪਿਆ, ਜਿਸ ਦੀ ਸਾਡੇ ਬਜੁਰਗਾਂ ਨਾਲ ਚੰਗੀ ਮੋਹ ਮੁਹੱਬਤ ਸੀ। ਪੰਜਾਬ ਦੇ ਹਾਲਾਤ ਬਹੁਤ ਮਾੜੇ ਸਨ, ਸਿਆਲ੍ਹ ਦਿਨਾਂ ਵਿਚ ਹਨੇਰਾ ਵੀ ਜਲਦੀ ਹੋ ਜਾਂਦਾ। ਖਾਲਸੇ ਨੂੰ ਮਿਲ ਕੇ ਆਸਰਾ ਜਿਹਾ ਹੋਇਆ। ਚਲੋ ਸਿਆਣਾ ਬੰਦਾ ਨਾਲ ਹੈ, ਨਹੀਂ ਤਾਂ ਐਵੇਂ ਪੁਲਿਸ ਵਾਲੇ ਨੌਜੁਆਨਾਂ ਨੂੰ ਘੇਰ ਕੇ ਸੌ ਸੌ ਸੁਆਲ ਪੁੱਛਦੇ। ਜੇ ਤਸੱਲੀ ਹੁੰਦੀ ਤਾਂ ਜਾਣ ਦਿੰਦੇ, ਨਹੀਂ ਤਾਂ ਪਤਾ ਹੀ ਨਾ ਲਗਦਾ ਕਿ ਬੰਦਾ ਕਿੱਥੋਂ ਫੜਿਆ ਤੇ ਕਿੱਥੇ ਰੱਖਿਆ, ਮਰ ਗਿਆ ਜਾਂ ਜਿਉਂਦਾ ਹੈ। ਪੁਲਿਸ ਦੇ ਵੀ ਨੱਕ 'ਚ ਦਮ ਆਇਆ ਪਿਆ ਸੀ। ਲੁਧਿਆਣਾ ਜਿਲੇ ਵਿਚ ਬਹੁਤ ਕਤਲੇਆਮ ਹੋ ਰਿਹਾ ਸੀ। ਕੰਟਰੋਲ ਕਰਨ ਲਈ ਜਗਰਾਓਂ ਤੇ ਖੰਨਾ-ਦੋ ਪੁਲਿਸ ਜਿਲੇ ਨਵੇਂ ਬਣਾਉਣੇ ਪਏ ਸਨ।

ਅਜੇ ਦੋ-ਤਿੰਨ ਮਹੀਨੇ ਪਹਿਲਾਂ ਹੀ ਮੁੱਲਾਂਪੁਰ ਨੇੜੇ ਟਰੇਨ ਰੋਕ ਕੇ ਸੱਤਰ ਦੇ ਕਰੀਬ ਗਰੀਬ ਮਜ਼ਦੂਰਾਂ ਨੂੰ ਮਾਰਿਆ ਗਿਆ ਸੀ। ਇਸ ਨੂੰ ਸੋਹੀਆਂ ਰੇਲ ਕਾਂਡ ਕਿਹਾ ਜਾਂਦਾ ਹੈ। ਇਹ ਗਰੀਬ ਮਜ਼ਦੂਰ ਲੁਧਿਆਣੇ ਹੌਜਰੀਆਂ ਵਿਚ 7-7, 8-8 ਸੌ ਰੁਪਏ 'ਤੇ ਮਜ਼ਦੂਰੀ ਕਰਦੇ ਸਨ ਤੇ ਸ਼ਾਮ ਨੂੰ ਇਸੇ ਟਰੇਨ ਰਾਹੀਂ ਵਾਪਸ ਆਉਂਦੇ ਸਨ। ਇਕੱਲੇ ਜਗਰਾਓਂ ਸ਼ਹਿਰ ਦੇ ਰਹਿਣ ਵਾਲੇ 29 ਮ੍ਰਿਤਕ ਸਨ। ਦੱਸਦੇ ਹਨ ਕਿ ਸਸਕਾਰ ਵੇਲੇ ਸ਼ਮਸ਼ਾਨਘਾਟਾਂ ਵਿਚੋਂ ਬਾਲਣ ਮੁੱਕ ਗਿਆ ਸੀ।

ਲੁਧਿਆਣੇ ਤੱਕ ਕੁੰਢਾ ਸਿੰਘ ਵੀ ਮਾੜੇ ਹਾਲਾਤ ਬਾਰੇ ਹੀ ਗੱਲਾਂ ਕਰਦਾ ਆਇਆ, ਨਾਲੇ ਸਮਝਾਉਂਦਾ ਵੀ ਰਿਹਾ, "ਬੇਟਾ ਬਚ ਕੇ ਰਹੀਂ, ਐਵੇਂ ਕਿਸੇ ਪਿਛੇ ਲੱਗ ਕੇ ਮਾੜਾ ਰਾਹ ਨਾ ਫੜ ਲਈਂ। ਸਰਕਾਰਾਂ ਨੇ ਤਾਂ ਸਾਡੇ ਪੰਜਾਬ ਨਾਲ ਵਧੀਕੀਆਂ ਮੁੱਢੋਂ ਹੀ ਕੀਤੀਆਂ ਨੇ, ਪਰ ਆਹ ਬੇਦੋਸ਼ਿਆਂ ਦਾ ਖੂਨ ਵਹਾਉਣਾ ਵੀ ਕੋਈ ਧਰਮ ਨਹੀਂ। ਇਹ ਤਾਂ ਗੁਰੂਆਂ ਦੀਆਂ ਸਿੱਖਿਆਵਾਂ ਦੇ ਬਿਲਕੁਲ ਹੀ ਉਲਟ ਆ। ਜੋ ਗਰੀਬ ਮਾਰੇ ਗਏ ਹਨ, 'ਕੱਲੇ 'ਕੱਲੇ ਕਮਾਊ ਜੀਅ ਸਨ। ਉਨ੍ਹਾਂ ਦੇ ਬੱਚੇ ਤੇ ਪਰਿਵਾਰ ਕਿਵੇਂ ਪਲਣਗੇ? ਵਾਹਿਗੁਰੂ ਹੀ ਜਾਣੇ, ਇਹ ਲੋਕ ਕਿਹੜੇ ਰੱਬ ਨੂੰ ਖੁਸ਼ ਕਰਨ ਲੱਗੇ ਹਨ, ਬੇਦੋਸ਼ਿਆਂ ਨੂੰ ਮਾਰ ਕੇ?"

ਲੁਧਿਆਣੇ ਤੋਂ ਅਸੀਂ ਜਗਰਾਓਂ ਵਾਲੀ ਬੱਸ ਬੈਠ ਗਏ, ਪਰ ਚੌਕੀਮਾਨ ਦੇ ਅੱਡੇ ਤੋਂ ਥੋੜ੍ਹਾ ਅੱਗੇ ਪੁਲਿਸ ਨੇ ਬੱਸ ਡੱਕ ਲਈ ਤੇ ਵਾਪਸ ਲੁਧਿਆਣੇ ਮੁੜਨ ਦਾ ਹੁਕਮ ਜਾਰੀ ਕਰ ਦਿੱਤਾ। ਪਤਾ ਲੱਗਾ ਕਿ ਜਗਰਾਓਂ ਦੇ ਨੇੜੇ ਕੋਈ ਵਾਰਦਾਤ ਹੋ ਗਈ ਸੀ। ਡਰਾਈਵਰ ਨੇ ਦੱਸਿਆ ਕਿ "ਅਸੀਂ ਅੱਗੇ ਨਹੀਂ ਜਾ ਸਕਦੇ, ਵਾਪਸ ਜਾ ਰਹੇ ਹਾਂ। ਜੇ ਕੋਈ ਰਸਤੇ ਵਿਚ ਕਿਸੇ ਠਾਹਰ 'ਤੇ ਰੁਕਣਾ ਚਾਹੇ ਤਾਂ ਦੱਸ ਦਿਉ, ਉਤਾਰ ਦਿਆਂਗੇ।"

ਕੁਝ ਕੁ ਸਵਾਰੀਆਂ ਤਾਂ ਉਥੇ ਹੀ ਉਤਰ ਗਈਆਂ। ਇਕ ਥਾਂ ਖਾਲਸੇ ਨੇ ਬੱਸ ਰੁਕਵਾ ਕੇ ਮੈਨੂੰ ਵੀ ਉਤਾਰ ਲਿਆ ਤੇ ਖੇਤਾਂ ਵਿਚ ਬਣੇ ਇਕ ਘਰ ਵੱਲ ਨੂੰ ਲੈ ਤੁਰਿਆ। ਕੁੰਡਾ ਖੜਕਾਇਆ ਤਾਂ ਦੋ-ਤਿੰਨ ਕੁੱਤਿਆਂ ਨੇ ਅੰਦਰੋਂ ਹੀ ਸਾਡਾ ਸਵਾਗਤ ਕੀਤਾ। ਘਰ ਦੇ ਮਾਲਕ ਦੇ ਬੂਹਾ ਖੋਲ੍ਹਣ ਤੋਂ ਪਹਿਲਾਂ ਖਾਲਸੇ ਨੇ ਆਪਣੀ ਤਸਦੀਕ ਕਰਵਾ ਦਿੱਤੀ ਸੀ। ਉਹ ਕਿਸੇ ਬਾਬੇ ਦੇ ਭਗਤ ਸਨ ਤੇ ਖਾਲਸਾ ਉਸ ਬਾਬੇ ਨਾਲ ਪੰਜ-ਸੱਤ ਸਾਲ ਰਿਹਾ ਸੀ, ਜਿਸ ਸਦਕਾ ਉਸ ਪਰਿਵਾਰ ਦੇ ਨਾਲ ਜਾਣ ਪਛਾਣ ਹੋ ਗਈ ਸੀ।

ਸਾਨੂੰ ਘਰ ਦੇ ਪਿਛਲੇ ਪਾਸੇ ਇਕ ਬੈਠਕ ਵਿਚ ਦੋ ਮੰਜੇ ਡਾਹ ਦਿੱਤੇ। ਰੋਟੀ ਪਾਣੀ ਖੁਆਇਆ ਤੇ ਰਾਤ ਨੂੰ ਸੌਣ ਤੋਂ ਪਹਿਲਾਂ ਘਰ ਦਾ ਮਾਲਕ ਦੁੱਧ ਦਾ ਜੱਗ ਤੇ ਤਿੰਨ ਗਲਾਸ ਲੈ ਆਇਆ, ਜੋ ਅਸੀਂ ਗੱਲਬਾਤ ਦੌਰਾਨ ਤਿੰਨਾਂ ਨੇ ਪੀਤਾ। ਵਾਪਸ ਜਾਣ ਵੇਲੇ ਉਸ ਨੇ ਸਾਨੂੰ ਖਾਸ ਹਦਾਇਤ ਕੀਤੀ, "ਖਾਲਸਾ ਜੀ, ਰਾਤ ਵੇਲੇ ਜੇ ਪਿਸ਼ਾਬ ਵਗੈਰਾ ਕਰਨਾ ਹੋਇਆ ਤਾਂ ਖੱਬੇ ਪਾਸੇ ਵੱਲ ਨਾ ਜਾਇਓ। ਓਧਰ ਸਾਡੇ ਸ਼ਹੀਦਾਂ ਦੀ ਜਗ੍ਹਾ ਬਣੀ ਹੋਈ ਆ। ਬਹੁਤ ਸ਼ਕਤੀ ਆਲੀ ਥਾਂ ਏ। ਬਹੁਤ ਬੰਦਿਆਂ ਨੂੰ ਭੈ ਜਲ ਵਿਖਾਇਆ ਸ਼ਹੀਦਾਂ ਨੇ। ਅਜੇ ਪਿਛਲੇ ਮਹੀਨੇ ਹੀ ਮੇਰੀ ਭੂਆ ਦਾ ਪੁੱਤ ਆ ਗਿਆ ਸ਼ਰਾਬ ਨਾਲ ਟੁੰਨ ਹੋਇਆ। ਰਾਤ ਨੂੰ ਓਧਰ ਪਿਸ਼ਾਬ ਕਰ ਆਇਆ ਤੇ ਰਾਤ ਨੂੰ ਤਿੰਨ-ਚਾਰ ਵਾਰ ਮੰਜੇ ਤੋਂ ਡਿੱਗਿਆ। ਡਿੱਗਿਆ ਕਾਹਦਾ ਜੀ, ਸ਼ਹੀਦਾਂ ਨੇ ਪਲਟਾਅ ਪਲਟਾਅ ਮਾਰਿਆ।"

ਖਾਲਸੇ ਨੇ ਤਾਂ ਸੱਤ ਬਚਨ ਆਖ ਕੇ ਬੂਹਾ ਭੇੜ ਲਿਆ, ਪਰ ਮੈਂ ਅੰਦਰੋਂ ਅੰਦਰ ਡਰ ਗਿਆ। ਘੰਟੇ ਕੁ ਪਿਛੋਂ ਖਾਲਸਾ ਕਹਿੰਦਾ, ਚਲ ਪੁੱਤਰਾ ਛਰਲਾ ਛਰਲਾ ਮਾਰ ਆਈਏ। ਕੰਬਲੀ ਦੀ ਬੁੱਕਲ ਮਾਰ ਕੇ ਮੈਂ ਵੀ ਉਹਦੇ ਨਾਲ ਤੁਰ ਪਿਆ। ਉਹ ਤਾਂ ਖੱਬੇ ਪਾਸੇ ਸ਼ਹੀਦਾਂ ਦੀ ਮਟੀ ਵੱਲ ਨੂੰ ਸਿੱਧਾ ਹੋ ਗਿਆ ਤੇ ਮੈਨੂੰ ਵੀ ਇਸ਼ਾਰੇ ਨਾਲ ਉਧਰ ਜਾਣ ਦਾ ਹੁਕਮ ਸੀ। ਚੰਨ ਚਾਨਣੀ ਰਾਤ ਸੀ ਤੇ ਦਰਖਤਾਂ ਦੇ ਝੁੰਡ ਵਿਚ ਤਿੰਨ ਕੁ ਫੁੱਟ ਉਚੀ ਮਟੀ ਦੀ ਚਿੱਟੀ ਕਲੀ ਚਮਕ ਰਹੀ ਸੀ। ਮੈਂ ਤਾਂ ਡਰ ਨਾਲ ਕੰਬ ਰਿਹਾ ਸਾਂ, ਮੈਨੂੰ ਨਹੀਂ ਪਤਾ ਕਿ ਮੈਂ ਪਿਸ਼ਾਬ ਕੀਤਾ ਜਾਂ ਨਹੀਂ, ਪਰ ਮੇਰੇ ਵੇਖਦੇ ਵੇਖਦੇ ਖਾਲਸੇ ਨੇ ਸ਼ਹੀਦਾਂ ਦਾ ਕੇਸ਼ੀ ਇਸ਼ਨਾਨ ਕਰਵਾ ਦਿੱਤਾ ਸੀ। ਮੈਂ ਆਖਿਆ, "ਬਾਬਾ ਤੂੰ ਇਹ ਕੀ ਕੀਤਾ? ਨਾਲੇ ਅਗਲਾ ਦੱਸ ਕੇ ਗਿਆ ਸੀ ਕਿ ਬਹੁਤ ਸ਼ਕਤੀ ਵਾਲੀ ਮਟੀ ਆ।"

ਹੱਸ ਕੇ ਕਹਿੰਦਾ, "ਕੋਈ ਸ਼ਕਤੀ ਸੁਕਤੀ ਨੀ ਹੈਗੀ। ਐਵੇਂ ਲੋਕ ਅੰਧ ਵਿਸ਼ਵਾਸ ਵਿਚ ਫਸੇ ਹੋਏ ਆ। ਮੰਜੇ ਤੋਂ ਸ਼ਰਾਬੀ ਬੰਦੇ ਡਿੱਗਦੇ ਹੀ ਹੁੰਦੇ ਆ, ਉਹਦੀ ਵੱਧ ਪੀਤੀ ਹੋਵੇਗੀ। ਨਾਲੇ ਵੇਖ, ਕਿਵੇਂ ਢਾਈ-ਤਿੰਨ ਮਰਲੇ ਥਾਂ ਕਾਠ ਮਾਰਿਆ ਪਿਆ। ਜੇ ਇਹਨੂੰ ਸਾਫ ਕਰਕੇ ਕੋਈ ਸਬਜ਼ੀ ਭਾਜੀ ਬੀਜ ਲੈਣ ਤਾਂ ਛੇ ਮਹੀਨੇ ਮੌਜ ਕਰਨ; ਪਰ ਇਨ੍ਹਾਂ ਭੋਲੇ-ਭਾਲੇ ਲੋਕਾਂ ਨੂੰ ਸਾਧ ਆਪਣੇ ਮੱਕੜ ਜਾਲ ਵਿਚੋਂ ਨਿਕਲਣ ਨਹੀਂ ਦਿੰਦੇ। ਤੂੰ ਵੀ ਐਵੇਂ ਡਰੀ ਨਾ ਜਾਈਂ, ਜੋ ਲੱਤ ਭੰਨਣੀ ਹੋਈ, ਮੇਰੀ ਭੰਨਣਗੇ ਸ਼ਹੀਦ। ਮੈਂ ਕੀਰਤਨ ਸੋਹਲੇ ਦਾ ਪਾਠ ਕਰਦਾਂ ਤੇ ਤੂੰ ਸੁਣ ਕੇ ਅਰਾਮ ਨਾਲ ਸੌਂ।"

ਮੈਨੂੰ ਅਰਾਮ ਕਿੱਥੇ? ਉਹਨੇ ਤਾਂ ਦਸ ਕੁ ਮਿੰਟਾਂ ਪਿਛੋਂ ਸੀਟੀ ਘਰਾੜਾ ਚਾਲੂ ਕਰ ਦਿੱਤਾ, ਪਰ ਮੈਨੂੰ ਸਾਰੀ ਰਾਤ ਨੀਂਦ ਨੇ ਤੰਗ ਕੀਤਾ। ਜਦੋਂ ਵੀ ਅੱਖ ਲੱਗਦੀ ਤਾਂ ਕੋਈ ਡਰਾਉਣਾ ਸੁਪਨਾ ਪੋਹ-ਮਾਘ ਦੀ ਠੰਡ ਵਿਚ ਵੀ ਮੁੜਕੋ ਮੁੜਕੀ ਕਰ ਦਿੰਦਾ ਤੇ ਅੱਖ ਖੁੱਲ੍ਹ ਜਾਂਦੀ। ਸਾਰੀ ਰਾਤ ਮੇਰੇ ਡਰਾਉਣੇ ਸੁਪਨਿਆਂ ਦੇ ਨਾਲ ਨਾਲ ਕੁੰਢਾ ਸਿੰਘ ਦੇ ਘੁਰਾੜੇ ਨਿਰੰਤਰ ਚੱਲਦੇ ਰਹੇ।

ਲੋਕ ਧਾਰਾ

# ਇੱਕ ਬਾਤ ਕਰਤਾਰੋ ਪਾਵੇ

ਕਿਸੇ ਸਥੂਲ ਜਾਂ ਅਸਥੂਲ ਵਸਤੂ ਦੇ ਸਮੁੱਚੇ ਆਕਾਰ, ਕਿਰਦਾਰ, ਵਿਹਾਰ ਅਤੇ ਸੁਭਾਅ ਨੂੰ ਸਰਲ ਤੇ ਸਾਦੇ ਸ਼ਬਦਾਂ ਵਿਚ ਉਲੀਕੇ ਸ਼ਬਦ ਚਿੱਤਰ ਨੂੰ ਬੁਝਾਰਤ ਆਖਦੇ ਹਨ। ਬੁਝਾਰਤ ਵਿਚ ਵਸਤੂ ਦਾ ਨਾਂ ਲੁਪਤ ਹੁੰਦਾ ਹੈ। ਲੁਪਤ ਵਸਤੂ ਨੂੰ ਬੁੱਝਣਾ ਹੀ ਬੁੱਝਣ ਵਾਲੇ ਦੀ ਬੁੱਧੀ ਦੀ ਕਸੌਟੀ ਹੈ। ਪੰਜਾਬੀ ਵਿਚ ਬੁਝਾਰਤਾਂ ਨੂੰ ਬੁੱਝਣ ਵਾਲੀਆਂ ਬਾਤਾਂ, ਬਤੌਲੀ, ਬੁਝੱਕਾ, ਮੁਦਾਵਣੀ ਤੇ ਪਹੇਲੀ ਵੀ ਕਹਿੰਦੇ ਹਨ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬੀ ਲੋਕ ਸਾਹਿਤ ਅਸਲ ਵਿਚ ਕਿਸਾਨੀ ਲੋਕ ਸਾਹਿਤ ਹੀ ਹੈ। ਬੁਝਾਰਤਾਂ ਲੋਕ ਸਾਹਿਤ ਦਾ ਅਨਿੱਖੜਵਾਂ ਅੰਗ ਹਨ। ਪੁਰਾਤਨ ਸਮੇਂ ਤੋਂ ਹੀ ਕਿਸਾਨ ਪਰਿਵਾਰ ਵਿਚ ਆਥਣ ਸਮੇਂ ਰੋਟੀ-ਟੁੱਕ ਦੇ ਆਹਰ ਪਿਛੋਂ ਬਾਤਾਂ ਪਾਉਣ ਅਤੇ ਬਾਤਾਂ ਬੁੱਝਣ ਦੀ ਪਰੰਪਰਾ ਰਹੀ ਹੈ, ਜਿਸ ਸਦਕਾ ਪਰਿਵਾਰਕ ਮੈਂਬਰ ਕਿਸਾਨੀ ਜੀਵਨ ਤੇ ਖੇਤੀ ਦੇ ਮੁਢਲੇ ਕਿੱਤੇ ਨਾਲ ਜੁੜ ਜਾਂਦੇ ਹਨ।

ਜਦੋਂ ਬੁਝਾਰਤਾਂ ਪਾਉਣ ਦਾ ਅਖਾੜਾ ਜੰਮਦਾ ਹੈ ਤਾਂ ਕਿਸਾਨ ਦਾ ਪਰਿਵਾਰ ਸਮੁੱਚੇ ਰੂਪ ਵਿਚ ਜੁੜ ਕੇ ਬੈਠ ਜਾਂਦਾ ਹੈ। ਉਹ ਆਪਣੀਆਂ ਫਸਲਾਂ, ਪਸ਼ੂਆਂ ਅਤੇ ਖੇਤੀਬਾੜੀ ਦੇ ਸੰਦਾਂ ਨੂੰ ਵਧੇਰੇ ਕਰਕੇ ਬੁਝਾਰਤਾਂ ਦਾ ਵਿਸ਼ਾ ਬਣਾਉਂਦੇ ਹਨ। ਦਿਨੇ ਕਪਾਹ ਚੁਗ ਕੇ ਥੱਕੀਆਂ ਹੋਈਆਂ ਸੁਆਣੀਆਂ ਰਾਤੀਂ



**ਸੁਖਦੇਵ ਮਾਦਪੁਰੀ**
ਫੋਨ: 91-94630-34472

ਇਸ ਬਾਰੇ ਬੁਝਾਰਤਾਂ ਪਾ ਕੇ ਆਪਣਾ ਥਕੇਵਾਂ ਲਾਹੁੰਦੀਆਂ ਹਨ,

ਮਾਂ ਜੰਮੀ ਪਹਿਲਾਂ, ਬਾਪੂ ਜੰਮਿਆ ਪਿੱਛੋਂ
ਬਾਪੂ ਨੇ ਅੱਖ ਮਟਕਾਈ,
ਵਿਚੋਂ ਦਾਦੀ ਨਿਕਲ ਆਈ।

ਇਹ ਬੁਝਾਰਤ ਸੁਣ ਕੇ ਚਾਰੇ ਬੰਨੇ ਹਾਸਾ ਛਣਕ ਪੈਂਦਾ ਹੈ। ਕੋਈ ਸੁਝਵਾਨ ਸਰੋਤਾ ਹੀ ਵੜੇਵਾਂ ਬੀਜਣ ਤੋਂ ਲੈ ਕੇ ਕਪਾਹ ਖਿੜਨ ਤੀਕ ਦੀ ਕਹਾਣੀ ਦੱਸ ਕੇ ਉੱਤਰ ਦਿੰਦਾ ਹੈ। ਬੁਝਾਰਤ ਅੱਗੇ ਤੁਰਦੀ ਹੈ,

ਬੀਜੇ ਰੋੜ, ਜੰਮੇ ਝਾੜ,
ਲੱਗੇ ਨਿੰਬੂ, ਖਿੜੇ ਅਨਾਰ।
ਅਤੇ
ਚਿੱਟੀ ਭੌਂ ਤਿਲਾਂ ਦੇ ਬੰਨੇ
ਬੁਝਣੀ ਐ ਬੁੱਝ! ਨਹੀਂ ਲੈ ਜਾਊਂ ਖੰਨੇ।

ਕਪਾਹ ਦਾ ਜ਼ਿਕਰ ਸੁਣ ਕੇ ਕਿਸੇ ਚੋਗੀ ਦੀਆਂ ਅੱਖਾਂ ਅੱਗੇ ਖਿੜੀ ਹੋਈ ਕਪਾਹ ਦੇ ਖੇਤ ਦਾ ਨਜ਼ਾਰਾ ਅਤੇ ਚੁਗੇ ਜਾਣ ਪਿਛੋਂ ਖੇਤ ਦੀ ਤਰਸਯੋਗ ਹਾਲਤ ਆ ਲਟਕਦੀ ਹੈ,

ਆਤ ਭਮਾਤ ਮੇਰੀ ਮਾਸੀ ਵਸਦੀ
ਜਦ ਮੈਂ ਜਾਵਾਂ ਖਿੜ-ਖਿੜ ਹੱਸਦੀ
ਜਦ ਮੈਂ ਆਵਾਂ ਰੋ-ਰੋ ਮਰਦੀ।
ਅਤੇ
ਹੱਸਣਾ ਛੱਡੋ ਸਹੇਲੀਓ ਛੱਡ ਜਾਣਾ ਸੰਸਾਰ,
ਜੋ ਹੱਸਿਆ ਸੋ ਲੁੱਟਿਆ ਸਣੇ ਸਾਰੇ ਘਰ ਬਾਰ।

ਜਦੋਂ ਕਪਾਹ ਦੇ ਟੀਂਡੇ ਖਿੜਨ ਦੀ ਤਿਆਰੀ ਕਰਨ ਲੱਗਦੇ ਹਨ ਤਾਂ ਕਪਾਹ ਦੇ ਖੇਤ ਵਿਚ ਉਗੇ ਖਰਬੂਜ਼ਿਆਂ ਨੂੰ ਆਪਣੀ ਜਾਨ ਦਾ ਫਿਕਰ ਪੈ ਜਾਂਦਾ ਹੈ,

ਮੂੰਹ ਮੀਟ, ਮੂੰਹ ਮੀਟ ਸੱਜਣਾ
ਤੈਨੂੰ ਲੈਣ ਆਉਣਾ, ਮੈਨੂੰ ਨਹੀਂ ਛੱਡਣਾ।
ਅਤੇ
ਮੂੰਹ ਮੀਚ ਸਹੁਰੇ ਦਿਆ ਅਣਜਾਣਾ
ਆਉਣਗੇ, ਤੈਨੂੰ ਲੈ ਜਾਣਗੇ
ਛੱਡ ਕੇ ਮੈਨੂੰ ਵੀ ਨਹੀਂ ਜਾਣਾ।

ਜਿੱਥੇ ਕਪਾਹ ਦਾ ਜ਼ਿਕਰ ਆਉਂਦਾ ਹੈ, ਉਥੇ ਕਪਾਹ ਦੇ ਜਨਮ ਦਾਤੇ ਵੜੇਵੇਂ ਦੀ ਦੁਰਦਸ਼ਾ ਹਾਸਾ ਉਪਜਾਉਣ ਵਿਚ ਕੋਈ ਕਸਰ ਨਹੀਂ ਛੱਡਦੀ,

ਤਰਖਾਣੀਂ ਲੁਹਾਰੀਂ ਸੰਦ ਮਿਲੇ,
ਮਿਲੇ ਜੱਫੀਆਂ ਪਾ ਕੇ।
ਖੋਹ ਦਾਹੜੀ, ਪੱਟ ਮੁੱਛਾਂ,
ਛੱਡ ਨੰਗ ਬਣਾ ਕੇ।

ਕਿਸੇ ਬੁੱਝਣ ਵਾਲੇ ਦੀਆਂ ਅੱਖਾਂ ਅੱਗੇ ਮੱਕੀ ਦੇ ਲਹਿਰਾਉਂਦੇ ਖੇਤਾਂ ਦਾ ਨਜ਼ਾਰਾ ਵਿਖਾਈ ਦੇ ਜਾਂਦਾ ਹੈ। ਛੱਲੀ ਬਾਰੇ ਬੁਝਾਰਤਾਂ ਪਾਈਆਂ ਜਾਂਦੀਆਂ ਹਨ,

ਹਰੀ ਸੀ ਮਨ ਭਰੀ ਸੀ
ਲਾਲ ਮੋਤੀਆਂ ਜੜੀ ਸੀ,
ਬਾਬਾ ਜੀ ਦੇ ਖੇਤ ਵਿਚ
ਦੁਸ਼ਾਲਾ ਲਈ ਖੜੀ ਸੀ।
ਅਤੇ
ਸਾਡੇ ਘਰ ਇੱਕ ਬੱਚੀ ਆਈ
ਨਵੀਂ ਗੁੱਤ ਕਰਾ ਕੇ,
ਰੱਬ ਨੇ ਉਸ ਨੂੰ ਕੋਟੀ ਦਿੱਤੀ
ਨੌ ਸੌ ਬੀੜਾ ਲਾ ਕੇ।

ਮੱਕੀ ਦਾ ਨਾਂ ਸੁਣ ਕੇ ਕਿਸੇ ਨੂੰ ਕਣਕ ਦਾ ਦਾਣਾ ਯਾਦ ਆ ਜਾਂਦਾ ਹੈ, 'ਇੱਕ ਕੁੜੀ ਦੇ ਢਿੱਡ 'ਚ ਤੇੜ।'

ਛੋਲਿਆਂ ਦੇ ਬੂਟੇ ਨੂੰ ਭਲਾ ਕੌਣ ਭੁੱਲ ਸਕਦਾ ਹੈ,

ਅੰਬ ਦੀ ਜੜ੍ਹ ਵਿਚ ਨਿੰਬੂ ਜੰਮਿਆ
ਪੱਤੋ ਪੱਤ ਖਟਿਆਈ,
ਬਹੂ ਆਈ ਤੇ ਸਹੁਰਾ ਜੰਮਿਆ
ਪੋਤੇ ਦੇਣ ਵਧਾਈ।
ਅਤੇ
ਮੁਢ ਫਲਾਹੀ ਦਾ, ਫੁੱਲ ਗੁਲਾਬ ਦਾ
ਫਲ ਬਦਾਮ ਦਾ।
ਹੋਰ,
ਐਨੀ ਕੁ ਪਿੱਦੀ, ਪਿਦ-ਪਿਦ ਕਰਦੀ
ਨਾ ਹਗੇ ਨਾ ਮੂਤੇ, ਕਿੱਲ੍ਹ-ਕਿੱਲ੍ਹ ਮਰਦੀ।

ਗੰਨਿਆਂ ਦੀ ਸ਼ੌਕੀਨ ਆਪਣੀ ਮਨ ਪਸੰਦ ਬਾਰੇ ਬੁਝਾਰਤ ਪਾ ਦਿੰਦੀ ਹੈ,

ਇੱਕ ਬਾਤ ਕਰਤਾਰੋ ਪਾਵੇ
ਸੁਣ ਵੇ ਭਾਈ ਹਕੀਮਾ,
ਲੱਕੜੀਆਂ 'ਚੋਂ ਪਾਣੀ ਕੱਢਾਂ
ਚੁੱਕ ਬਣਾਵਾਂ ਵੀਮਾਂ।
ਅਤੇ
ਲੰਮ ਸਲੰਮਾ ਆਦਮੀ,
ਉਹਦੇ ਗਿੱਟੇ ਦਾਹੜੀ।

ਮਿੱਠੇ ਗੰਨੇ ਦਾ ਨਾਂ ਕੌੜੀ ਮਿਰਚ ਨੂੰ ਵੀ ਲੋਕ ਅਖਾੜੇ ਵਿਚ ਲਿਆ ਖੜਾ ਕਰਦਾ ਹੈ,

ਹਰੀ ਹਰੀ, ਲਾਲ ਲਾਲ
ਮੀਆਂ ਕਰੇ ਹਾਲ-ਹਾਲ।
ਜਾਂ
ਹਰੀ ਡੰਡੀ ਸੁਰਖ ਬਾਣਾ
ਵਖਤ ਪਿਆਂ ਚੂਰਨ ਖਾਣਾ।
ਅਤੇ
ਲਾਲ ਸੂਹੀ ਪੋਟਲੀ
ਮੈਂ ਵੇਖ-ਵੇਖ ਖੁਸ਼ ਹੋਈ,
ਹੱਥ ਲੱਗਾ ਤੇ ਪਿੱਟਣ ਲੱਗੀ
ਨੀ ਅੰਮਾ ਮੈਂ ਮੋਈ।

ਬਤਾਊਂ ਵੀ ਤਾਂ ਮਿਰਚਾਂ ਦੇ ਸਾਥੀ ਹੀ ਹਨ,

ਕਾਲਾ ਸੀ ਕਲੰਤਰ ਸੀ
ਮੈਂ ਵੇਖ-ਵੇਖ ਖੁਸ਼ ਹੋਈ,
ਹੱਥ ਲੱਗਾ ਤੇ ਪਿੱਟਣ ਲੱਗੀ
ਨੀ ਅੰਮਾ ਮੈਂ ਮੋਈ।

ਕਾਲਾ ਸੀ ਕਲੰਤਰ ਸੀ
ਕਾਲੇ ਪਿਉ ਦਾ ਪੁੱਤਰ ਸੀ,
ਆਡੋਂ ਪਾਣੀ ਪੀਂਦਾ ਸੀ
ਬਰੂਟੀ ਛਾਂਵੇਂ ਬਹਿੰਦਾ ਸੀ।
ਅਤੇ
ਸ਼ਾਮ ਵਰਣ ਮੁਖ ਬੰਸਰੀ
ਕੁੰਜ ਗਲੀ ਬਨ ਮਾਹਿ,
ਸਿਰ ਤੇ ਛਤਰ ਹੈ ਸੋਹੰਵਦਾ
ਕ੍ਰਿਸ਼ਨ ਮੁਰਾਰੀ ਨਾਹਿ।
ਅਤੇ
ਬਾਹਰੋਂ ਆਏ ਦੋ ਮਲੰਗ
ਹਰੀਆਂ ਟੋਪੀਆਂ, ਨੀਲੇ ਰੰਗ।

ਪਿਆਜ਼ ਬਾਰੇ ਬੁਝਾਰਤਾਂ ਇਸ ਤਰ੍ਹਾਂ ਹਨ,

ਬਾਤ ਦੀ ਬਤੇਈ
ਚਿੱਕੜ ਵਿਚ ਗਿੱਦੜ ਖੁੱਭਾ ਪੂਛ ਨੰਗ ਰਹੀ।

ਪਿਆਜ਼ ਦੇ ਛਿਲਕੇ ਵੀ ਤਾਂ ਬਾਤ ਪਾਉਣ ਵਾਲੇ ਨੂੰ ਕਿਸੇ ਬੁੱਝਣ ਵਾਲੇ ਦੀ ਕਮੀਜ਼ ਸਮਾਨ ਹਨ, 'ਇਕ ਆਦਮੀ ਦੇ ਸੱਠ ਝੱਗੇ।'

ਅਤੇ
ਇੱਕ ਮੇਰਾ ਭਾਈ ਗੱਟੂ,
ਧੌਣ ਮਰੋੜ, ਝਾਟਾ ਪੱਟੂ।

ਅਜਵੈਣ ਨੂੰ ਪਿਆਜ਼ ਦੇ ਕਿਆਰਿਆਂ ਦੀਆਂ ਵੱਟਾਂ 'ਤੇ ਬੀਜਣ ਦਾ ਰਿਵਾਜ ਹੈ। ਪਿਆਜ਼ ਬਾਰੇ ਬੁਝਾਰਤ ਸੁਣ ਅਜਵੈਣ ਦਾ ਝੱਟ ਖਿਆਲ ਆ ਜਾਂਦਾ ਹੈ,

ਹਰੀ ਡੰਡੀ ਸਬਜ਼ ਦਾਣਾ
ਭੀੜ ਪਈ ਮੰਗ ਖਾਣਾ।
ਅਤੇ
ਹਰੀ ਡੰਡੀ ਸਬਜ਼ ਦਾਣਾ
ਦੁਖ ਪਵੇ ਤਾਂ ਮੇਰਾ ਖਾਣਾ।

ਗਾਜਰਾਂ, ਮੂਲੀਆਂ ਬਾਰੇ ਵੀ ਬਾਤਾਂ ਪਾਈਆਂ ਜਾਂਦੀਆਂ ਹਨ,

ਵੇਖੋ ਯਾਰੋ ਰੰਨ ਦੀ ਅੜੀ
ਸਿਰ ਮੁਨਾ ਕੇ ਚੌਂਕੇ ਚੜ੍ਹੀ।
ਅਤੇ
ਨਿੱਕੀ ਜਿਹੀ ਛੜੀ
ਘੱਗਰੀ ਬੰਨ ਜ਼ਮੀਨ 'ਚ ਵੜੀ।
ਹੋਰ
ਕੁੱਕੜੀ ਚਿੱਟੀ, ਪੂਛ ਹਿਲਾਵੇ
ਦਮੜੀ-ਦਮੜੀ ਨੂੰ ਮਿਲ ਜਾਵੇ।
ਅਤੇ
ਮਾਂ ਜੰਮੀ ਝਾਟਾ ਖਿਲਾਰ,
ਧੀ ਹੋਈ ਮੁਟਿਆਰ,
ਐਸੇ ਦੋਹਤੇ ਜਮ ਪਏ
ਜਿਨ੍ਹਾਂ ਨਾਨੀ ਦਿੱਤੀ ਮਾਰ।

ਖਰਬੂਜ਼ਿਆਂ ਦੇ ਸ਼ੌਕੀਨ ਨੂੰ ਉਹ ਬੰਦਾ ਚੰਗਾ ਨਹੀਂ ਲੱਗਦਾ, ਜਿਸ ਨੂੰ ਖਰਬੂਜ਼ਿਆਂ ਬਾਰੇ ਜਾਣਕਾਰੀ ਨਾ ਹੋਵੇ,

ਗੋਲ ਮੋਲ ਝੱਕਰੀ, ਉਤੇ ਪੀਲਾ ਰੰਗ।
ਜਿਹੜਾ ਮੇਰੀ ਬਾਤ ਨਾ ਬੁੱਝੂ
ਉਹਦਾ ਪਿਓ ਨੰਗ।
ਅਤੇ
ਸਬਜ਼ ਕਟੋਰੀ, ਮਿੱਠਾ ਭੱਤ
ਲਵੋ ਸਹੇਲੀਓ, ਕਰੋ ਹੱਥ।

ਕਈ ਹਦਵਾਣਿਆਂ (ਤਰਬੂਜ਼ਾਂ) ਨੂੰ ਵੱਧ ਪਸੰਦ ਕਰਦੇ ਹਨ,

ਮਾਂ ਲੀਰਾਂ ਕਚੀਰਾਂ, ਪੁਤ ਘੋਨ ਮੋਨ।
ਅਤੇ
ਹਰੀ-ਹਰੀ ਵੇਲ, ਕਪਾਹ ਦੀਆਂ ਫਲੀਆਂ,
ਘਿਉ ਦੇ ਘੁਟ, ਮਿਸ਼ਰੀ ਦੀਆਂ ਡਲੀਆਂ।

ਚਿਬੜਾਂ ਦੀ ਵੇਲ ਦਾ ਵੀ ਕਿਸੇ ਨੇ ਕਿੰਨਾ ਸੋਹਣਾ ਜ਼ਿਕਰ ਕੀਤਾ ਹੈ,

ਬਹੂ ਆਈ ਆਪੇ, ਚਾਰ ਲਿਆਈ ਕਾਕੇ।
ਇੱਕ ਗੋਦੀ, ਇੱਕ ਮੋਢੇ,
ਇੱਕ ਬਾੜ ਕੰਨੀ ਝਾਕੇ
ਇੱਕ ਬਾਪੂ-ਬਾਪੂ ਆਖੇ।

ਕੱਦੂਆਂ ਦੀ ਵੇਲ ਦਾ ਜ਼ਿਕਰ ਵੇਖੋ,

ਖੇਤ ਵਿਚ ਇੱਕ ਬੀਬੀ ਖੜੀ,
ਚਾਰ ਉਸ ਦੇ ਕਾਕੇ
ਇੱਕ ਮੋਢੇ ਇੱਕ ਢਾਕੇ,
ਇੱਕ ਰਸਤੇ ਵੱਲ ਨੂੰ ਝਾਕੇ
ਇੱਕ ਬਾਪੂ-ਬਾਪੂ ਆਖੇ।

ਮੂੰਗਫਲੀ ਦੀ ਗੁੱਠੀ ਦੀ ਗਿਰੀ ਕਿਸੇ ਨੂੰ ਗੁਲਾਬੋ ਜੱਟੀ ਦਾ ਭੁਲੇਖਾ ਪਾ ਜਾਂਦੀ ਹੈ,

ਨਿੱਕੀ ਜਿਹੀ ਕੋਠੜੀ
ਵਿਚ ਬੈਠੀ ਗੁਲਾਬੋ ਜੱਟੀ।
ਅਤੇ
ਇੱਕ ਕੋਲੀ ਵਿਚ ਮਾਂ ਪਿਓ ਜੰਮੇ।
ਅਤੇ
ਨਿੱਕੀ ਜਿਹੀ ਡੱਬੀ ਵਿਚ ਮਾਂ ਤੇ ਪਿਓ ਸੁੱਤੇ।

ਸਣ ਦੇ ਪੱਕ ਚੁੱਕੇ ਖੇਤ ਦੇ ਕੋਲ ਮੱਝਾਂ ਚਾਰਦਾ ਪਾਲੀ ਹਵਾ ਦੇ ਬੁੱਲੇ ਨਾਲ ਇੱਕ ਅਨੋਖਾ ਜਿਹਾ ਰਾਗ ਸੁਣਦਾ ਹੈ। ਸੁਣ ਕੇ ਬੀਆਂ ਦੇ ਗੁੱਛੇ ਨੂੰ ਵੇਖ ਕੇ ਉਸ ਨੂੰ ਝੱਟ ਬੁਝਾਰਤ ਸੁੱਝ ਜਾਂਦੀ ਹੈ,

ਆਂਡੇ ਸੀ ਜਦ ਬੋਲਦੇ ਸੀ,
ਬੱਚੇ ਬੋਲਣੋਂ ਰਹਿ ਗਏ।
ਮੂਰਖਾਂ ਨੇ ਕੀ ਬੁਝਣੀ,
ਚਤਰ ਬੁਝਣੋਂ ਰਹਿ ਗਏ।
ਅਤੇ
ਬਾਤ ਪਾਵਾਂ ਬਤੋਲੀ ਪਾਵਾਂ
ਜਲ ਵਿਚ ਬੈਠੀ ਨ੍ਹਾਵੇ,
ਲੱਕੜੀਆਂ ਟੁਕ ਢੇਰੀ ਕੀਤੀ
ਚਮੜਾ ਸ਼ਹਿਰ ਵਿਕਾਵੇ।
ਹੋਰ
ਇੱਕ ਬਾਤ ਕਰਤਾਰੋ ਪਾਈਏ
ਬੈਠੀ ਜਲ ਵਿਚ ਨ੍ਹਾਵੇ,
ਹੱਡੀਆਂ ਉਹਦੀਆਂ ਬਲਣ ਮਸ਼ਾਲਾਂ
ਚੰਮ ਸ਼ਹਿਰ ਵਿੱਕ ਜਾਵੇ।

ਖੁੰਬਾਂ ਵੀ ਕਿਸੇ ਪਾਰਖੂ ਦੀ ਨਿਗਾਹ ਚੜ੍ਹ ਜਾਂਦੀਆਂ ਹਨ,

ਧਰਤ ਫੁੱਟੀ ਇੱਕ ਗੰਦਲ
ਰੋੜ ਮਰੋੜੀ ਜਾਣ,
ਜਾਂ ਤਾਂ ਬੁੱਝੇ ਸੁਘੜ ਸਿਆਣਾ
ਜਾਂ ਬੁੱਝੇ ਵਿਦਵਾਨ।

ਪਿੰਡੋਂ ਦੂਰ ਢੱਕੀ ਵਿਚ ਕੇਸੂ ਦੇ ਫੁੱਲ ਖਿੜਦੇ ਹਨ। ਖਿੜੇ ਸੂਹੇ-ਸੂਹੇ ਫੁੱਲ ਮੱਝਾਂ ਚਾਰਦੇ ਪਾਲੀ ਨੂੰ ਚੰਗੇ ਚੰਗੇ ਲੱਗਦੇ ਹਨ। ਸਿਵਾਏ ਉਸ ਤੋਂ ਉਨ੍ਹਾਂ ਨੂੰ ਕੋਈ ਮਾਣਦਾ ਨਹੀਂ। ਢੱਕੀ ਵਿਚ ਜਾਣ ਤੋਂ ਬਹੁਤੇ ਲੋਕੀਂ ਡਰਦੇ ਹਨ। ਪਿੰਡ ਦਾ ਹਕੀਮ ਕਦੇ-ਕਦੇ ਪਾਲੀ ਪਾਸੋਂ ਕਿਸੇ ਦਵਾਈ ਵਿਚ ਪਾਉਣ ਲਈ ਇਨ੍ਹਾਂ ਨੂੰ ਮੰਗਵਾਉਂਦਾ ਹੈ,

ਉਚੀ ਟਾਹਲੀ ਤੋਤਾ ਬੈਠਾ
ਗਰਦਨ ਉਹਦੀ ਕਾਲੀ,
ਆ ਕੇ ਬੁੱਝੂ ਪੰਡਿਤ ਪਾਧਾ
ਜਾਂ ਬੁੱਝੂ ਕੋਈ ਪਾਲੀ।

ਬਾਹਰ ਪਾਲੀਆਂ ਨੂੰ ਕਈ ਵਾਰੀ ਪੀਲੂਆਂ ਨਾਲ ਹੀ ਭੁੱਖ ਮਿਟਾਉਣੀ ਪੈਂਦੀ ਹੈ,

ਰੜੇ ਮੈਦਾਨ ਵਿਚ ਸ਼ੀਂਹ ਡਿੱਠਾ
ਹੱਡੀਆਂ ਕੌੜੀਆਂ ਮਾਸ ਮਿੱਠਾ।

ਕਿਸੇ ਭੱਤੇ ਵਾਲੀ ਦੇ ਮਲੂਕ ਜਿਹੇ ਪੈਰਾਂ ਵਿਚ ਭੱਖੜੇ ਦੇ ਕੰਡੇ ਚੁੱਭ ਜਾਂਦੇ ਹਨ। ਚੋਭ ਦੀ ਚੀਸ ਨਾਲ ਭੱਖੜੇ ਬਾਰੇ ਬੁਝਾਰਤ ਵੀ ਸਿਰਜੀ ਜਾਂਦੀ ਹੈ,

ਗੱਭਰੂ ਜੁਆਨ ਮੁੰਡਾ ਕੌਤਕੀ
ਜਾਂ
ਨਿੱਕਾ ਜਿਹਾ ਬਹਿਤਕਾ, ਸਿੰਗਾਂ ਤੋਂ ਨਾਰਾ,
ਜੇ ਮਾਰੇ ਤਾਂ ਕਰ ਦੇਵੇ ਕਾਰਾ।

ਖੇਤਾਂ ਵਿਚ ਖੜੀ ਕਾਹੀ ਤੇ ਬੱਬੜ ਵੀ ਬੁਝਾਰਤਾਂ ਦਾ ਵਿਸ਼ਾ ਬਣ ਗਈ ਹੈ,

ਵਿੰਗ ਤੜਿੰਗੀ ਲੱਕੜੀ ਉਤੇ ਬੈਠਾ ਕਾਜ਼ੀ,
ਭੇਡਾਂ ਦਾ ਸਿਰ ਮੁੰਨਦਾ ਮੀਢਾ ਹੋ ਗਿਆ ਰਾਜ਼ੀ।
ਜਾਂ
ਰੜੇ ਮੈਦਾਨ ਵਿਚ
ਬੁੜ੍ਹੀ ਸਿਰ ਖੰਡਾਈ ਬੈਠੀ ਏ।

ਅੱਕ ਦਾ ਜ਼ਿਕਰ ਵੀ ਤਾਂ ਪ੍ਰਸ਼ੰਸਾਯੋਗ ਹੈ,

ਅੰਬ ਅੰਬਾਲੇ ਦੇ, ਫੁੱਲ ਪਟਿਆਲੇ ਦੇ
ਰੂੰ ਜਗਰਾਵਾਂ ਦੀ, ਜੜ ਇੱਕੋ।

ਜੇ ਬੁਝਾਰਤਾਂ ਪਾਉਣ ਵਾਲਾ ਕੋਈ ਅਫੀਮੀ ਪੋਸਤੀ ਹੋਵੇ ਤਾਂ ਉਸ ਨੂੰ ਪੋਸਤ ਬਾਰੇ ਹੀ ਬੁਝਾਰਤਾਂ ਸੁਝਦੀਆਂ ਹਨ। ਡੋਡਿਆਂ ਬਾਰੇ ਬੁਝਾਰਤਾਂ ਸੁਣੋ,

ਹਰਾ ਪੱਤ, ਪੀਲਾ ਪੱਤ
ਉਤੇ ਬੈਠਾ ਘੁੱਕਰ ਜੱਟ।
ਜਾਂ
ਉਹ ਕਬੂਤਰ ਕੈਸਾ
ਜੀਹਦੀ ਚੁੰਝ ਉਤੇ ਪੈਸਾ।
ਹੱਥ ਕੁ ਟਾਂਡਾ, ਬਿਨ ਘੁਮਾਰ ਘੜਿਆ ਭਾਂਡਾ
ਐਸੀ ਘੜਨੀ ਕੋਈ ਨਾ ਘੜੇ
ਮਰਦ ਦੇ ਪੇਟ ਇਸਤਰੀ ਪੜੇ।

ਇਸੇ ਇਸਤਰੀ ਰੂਪੀ ਅਫੀਮ ਖਾਤਰ ਤਾਂ ਸਭ ਕੁਝ ਮਨਜ਼ੂਰ ਹੈ,

ਪੰਜ ਕੋਹ ਪੱਟਣੀ, ਪੰਜਾਹ ਕੋਹ ਠਾਣਾ
ਹੀਰ ਨਹੀਂ ਛੱਡਣੀ, ਕੈਦ ਹੋ ਜਾਣਾ।

ਸ਼ਾਇਦ ਇਸੇ ਕਰਕੇ ਹੀ ਪੋਸਤੀਆਂ ਨੂੰ ਕਮਲੇ ਸੱਦਦੇ ਹਨ,

ਲੱਕੜੀ 'ਤੇ ਟੋਪੀ ਤੇ ਟੋਪੀ ਵਿਚ ਚਾਵਲ
ਚਾਵਲ ਖਾਂਦੇ ਰਮਲੇ ਤੇ ਟੋਪੀ ਖਾਂਦੇ ਕਮਲੇ।

ਕਰੀਰਾਂ ਅਤੇ ਬੇਰੀਆਂ ਦੇ ਦਰੱਖਤਾਂ ਬਾਰੇ ਵੀ ਪਾਲੀ ਬੁਝਾਰਤਾਂ ਸਿਰਜ ਲੈਂਦੇ ਹਨ,

ਹਰਾ ਫੁੱਲ ਮੁੱਖ ਕੇਸਰੀ ਬਿਨਾ ਪੱਤਾਂ ਦੇ ਛਾਂ,
ਰਾਜਾ ਪੁੱਛੇ ਰਾਣੀ ਨੂੰ ਕੀ ਬਿਰਛ ਦਾ ਨਾਂ।
ਅਤੇ
ਜੜ੍ਹ ਹਰੀ ਫੁੱਲ ਕੇਸਰੀ
ਬਿਨ ਪੱਤਾਂ ਦੇ ਛਾਂ,
ਜਾਂਦਾ ਰਾਹੀ ਸੌਂ ਗਿਆ
ਤੱਕ ਕੇ ਗੂੜ੍ਹੀ ਛਾਂ।

ਬੇਰੀਆਂ ਨੂੰ ਬੂਰ ਪੈਣ ਸਮੇਂ ਮੋਤੀਆਂ ਦਾ ਭੁਲੇਖਾ ਪੈਂਦਾ ਹੈ, ਪਰ ਹਵਾ ਦਾ ਬੁੱਲਾ ਮੋਤੀ ਝਾੜ ਦਿੰਦਾ ਹੈ,

ਬਾਤ ਪਾਵਾਂ ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਮੋਤੀ,
ਸਾਰੇ ਮੋਤੀ ਝੜ ਗਏ
ਸਾਖ ਰਹੀ ਖੜੀ ਖੜੋਤੀ।

ਬੇਰੀਆਂ ਨੂੰ ਲਾਲ ਸੂਹੇ ਬੇਰ ਲੱਗਣ 'ਤੇ ਸਾਰਾ ਜਹਾਨ ਇੱਟਾਂ ਪੱਥਰ ਲੈ ਇਨ੍ਹਾਂ ਦੇ ਪੇਸ਼ ਪੈ ਜਾਂਦਾ ਹੈ,

ਹਰੀ ਸੀ ਮਨ ਭਰੀ ਸੀ
ਬਾਵਾ ਜੀ ਦੇ ਖੇਤ ਵਿਚ
ਦੁਸ਼ਾਲਾ ਲਈ ਖੜੀ ਸੀ।
ਜਦ ਤੋਂ ਪਹਿਨਿਆ ਸੂਹਾ ਬਾਣਾ
ਜਗ ਨ੍ਹੀਂ ਛੱਡਦਾ ਬੱਚੇ ਖਾਣਾ।

ਬੇਰ ਤੋੜਨ ਲੱਗਿਆਂ ਕੰਡੇ ਵੀ ਤਾਂ ਚੁਭ ਜਾਂਦੇ ਹਨ,

ਲਾਲ ਨੂੰ ਮੈਂ ਹੱਥ ਪਾਇਆ
ਡਿੰਗ ਨੇ ਮੈਨੂੰ ਦੰਦੀ ਵੱਢੀ।

ਬੇਰੀਆਂ ਉਤੇ ਪਸਰੀ ਅਮਰ ਵੇਲ ਨੂੰ ਤੱਕ ਕੇ ਕਿਸੇ ਨੂੰ ਕਲਕੱਤੇ ਦੀ ਯਾਦ ਤਾਜ਼ਾ ਹੋ ਜਾਂਦੀ ਹੈ,

ਇੱਕ ਦਰੱਖਤ ਕਲਕੱਤੇ
ਨਾ ਉਹਨੂੰ ਜੜ੍ਹ, ਨਾ ਪੱਤੇ।
ਅਤੇ
ਇੱਕ ਬਾਤ ਮੇਰੇ ਗਿਆਨ ਵਿਚ
ਧਰਤੀ ਨਾ ਅਸਮਾਨ ਵਿਚ
ਹੈਗੀ ਜਗ ਜਹਾਨ ਵਿਚ।

ਫਲਾਂ ਦੇ ਰੁੱਖਾਂ ਵਿਚੋਂ ਅੰਬਾਂ ਬਾਰੇ ਕਈ ਬੁਝਾਰਤਾਂ ਪ੍ਰਚਲਿਤ ਹਨ,

ਅਸਮਾਨੋਂ ਡਿੱਗਿਆ ਬੱਕਰਾ
ਉਹਦੇ ਮੂੰਹ 'ਚੋਂ ਨਿਕਲੀ ਲਾਲ,
ਢਿੱਡ ਪਾੜ ਕੇ ਦੇਖਿਆ
ਉਹਦੀ ਛਾਤੀ ਉਤੇ ਵਾਲ।
ਜਾਂ
ਪਿਉ ਪੁੱਤਰ ਦਾ ਇਕੋ ਨਾਮ
ਪੁੱਤਰ ਪੂੰਜਾ ਸ਼ਹਿਰ ਗਰਾਮ।
ਉਸ ਪੁੱਤਰ ਨੇ ਜਾਈ ਬੇਟੀ
ਬੇਟੀ ਜਲ ਮਿੱਟੀ ਵਿਚ ਲੇਟੀ।
ਉਸ ਬੇਟੀ ਨੇ ਜਾਇਆ ਬਾਪ
ਵੇਖੋ ਕੁਲਯੁਗ ਦਾ ਪਰਤਾਪ।
ਜਾਂ
ਅਸਮਾਨੋਂ ਡਿੱਗਾ ਬੱਕਰਾ
ਉਹਦੇ ਮੂੰਹ ਵਿਚ ਝੱਗ।
ਜਾਂ
ਅੱਧ ਅਸਮਾਨੀਂ ਬੱਕਰਾ
ਉਹਦੀ ਚੋ-ਚੋ ਪੈਂਦੀ ਰੱਤ,
ਅੰਦਰ ਉਹਦੀ ਖਲੜੀ
ਬਾਹਰ ਉਹਦੀ ਜੱਤ।
ਅਤੇ
ਅਸਮਾਨੋਂ ਡਿੱਗਾ ਸ਼ੇਰ ਦਾ ਬੱਚਾ
ਮੂੰਹ ਲਾਲ, ਕਲੇਜਾ ਕੱਚਾ।
ਅਤੇ
ਕੱਲਰ ਪਿਆ ਪਟਾਕਾ ਸੁਣ ਗਏ ਦੋ ਜਣੇ
ਜਿਨ੍ਹਾਂ ਨੇ ਸੁਣਿਆਂ ਉਨ੍ਹਾਂ ਨੇ ਚੁੱਕਿਆ ਨਾ
ਚੁੱਕ ਲੈ ਗਏ ਦੋ ਹੋਰ ਜਣੇ
ਉਨ੍ਹਾਂ ਖਾਧਾ ਨਾ, ਖਾ ਗਏ ਦੋ ਹੋਰ ਜਣੇ।

ਕੇਲੇ ਬਾਰੇ ਇੱਕ ਬੁਝਾਰਤ ਇੰਜ ਹੈ,

ਪੱਤੇ ਤੇ ਕੜਾਹ, ਨਹੀਂ ਖਾਣਾ ਤਾਂ ਫੜਾ।
ਅਤੇ
ਨਿੱਕਾ ਜਿਹਾ ਸਿਪਾਹੀ
ਉਹਦੀ ਖਿੱਚ ਕੇ ਤੰਬੀ ਲਾਹੀ
ਤੈਨੂੰ ਸ਼ਰਮ ਨਾ ਆਈ।

ਕੋਈ ਅਨਾਰ ਦੇ ਦਾਣਿਆਂ ਨੂੰ ਕਿਸੇ ਦੇ ਮੋਤੀ ਜਿਹੇ ਦੰਦਾਂ ਨਾਲ ਤੁਲਨਾ ਦਿੰਦਾ ਹੈ, 'ਮੂੰਹ ਬੰਦ ਢਿੱਡ ਵਿਚ ਦੰਦਾ' ਜਾਂ 'ਨਿੱਕੀ ਜਿਹੀ ਕੋਠੜੀ, ਮਖਾਣਿਆਂ ਨਾਲ ਭਰੀ।'

ਬਦਾਮਾਂ ਅਤੇ ਨਾਰੀਅਲ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਗਿਆ,

ਹੇਠਾਂ ਕਾਠ, ਉਤੇ ਕਾਠ
ਗੱਭੇ ਬੈਠਾ ਜਗਨ ਨਾਥ।
ਅਤੇ
ਦਰੱਖਤ ਦੇ ਸਿਰ 'ਤੇ ਰਹਿੰਦਾ
ਪਰ ਉਹ ਪੰਛੀ ਨਹੀਂ।
ਤਿੰਨ ਓਸ ਦੇ ਅੱਖਾਂ ਪਰ ਸ਼ਿਵਜੀ ਨਹੀਂ।
ਦੁੱਧ ਦੇਵੇ ਪਰ ਗਾਂ ਨਹੀਂ
ਜਟਾਂ ਵੀ ਹਨ ਪਰ ਸਾਧ ਨਹੀਂ।
ਪਾਣੀ ਦਾ ਭਰਿਆ ਪਰ ਘੜਾ ਨਹੀਂ।
ਜਾਂ
ਕਟੋਰੇ 'ਤੇ ਕਟੋਰਾ, ਬੇਟਾ ਬਾਪ ਤੋਂ ਗੋਰਾ।

ਜਿੱਥੇ ਕੁਦਰਤ ਨੇ ਸੰਗਤਰੇ ਦੀ ਸਿਰਜਣਾ ਕਰਨ ਵਿਚ ਆਪਣਾ ਕਮਾਲ ਵਿਖਾਇਆ ਹੈ, ਉਥੇ ਕਿਸੇ ਪੇਂਡੂ ਮਨ ਨੇ ਵੀ ਸੰਗਤਰੇ ਬਾਰੇ ਬੁਝਾਰਤ ਰਚਣ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ,

ਇੱਕ ਖੂਹ ਵਿਚ ਨੌਂ ਦੱਸ ਪਰੀਆਂ
ਜਦੋਂ ਤੱਕੋ ਸਿਰ ਜੋੜੀ ਖੜੀਆਂ,
ਜਦੋਂ ਖੋਹਲਿਆ ਖੂਹ ਦਾ ਪਾਟ
ਦਿਲ ਕਰਦੈ ਸਭ ਕਰ'ਜਾਂ ਚਾਟ।

ਬੁਝਾਰਤਾਂ ਪਾਉਣ ਸਮੇਂ ਪਸ਼ੂਆਂ ਤੇ ਜੀਵ ਜੰਤੂਆਂ ਨੂੰ ਵੀ ਯਾਦ ਕੀਤਾ ਜਾਂਦਾ ਹੈ।

ਸਨਅਤੀ ਵਿਕਾਸ ਸਦਕਾ ਖੇਤੀਬਾੜੀ ਦਾ ਮਸ਼ੀਨੀਕਰਨ ਹੋ ਗਿਆ ਹੈ। ਬਾਤਾਂ ਪਾਉਣ ਦੀ ਪਰੰਪਰਾ ਵੀ ਖਤਮ ਹੋ ਗਈ ਹੈ, ਜਿਸ ਸਦਕਾ ਸਾਡੇ ਬੱਚੇ, ਨੌਜਵਾਨ ਪੀੜ੍ਹੀ ਬੁਝਾਰਤਾਂ ਦੀ ਮੁਲਵਾਨ ਵਿਰਾਸਤ ਤੋਂ ਮਹਿਰੂਮ ਹੋ ਰਹੇ ਹਨ।

ਕਿਰਦਾਰ ਮੇਂ ਮੇਰੇ ਭਲੇ ਹੀ
ਅਦਾਕਾਰੀਆਂ ਨਹੀਂ ਹੈਂ।
ਖ਼ੁੱਦਾਰੀ ਹੈ, ਗਰੂਰ ਹੈ
ਪਰ ਮੱਕਾਰੀਆਂ ਨਹੀਂ ਹੈਂ।

ਭਰਮ-ਭੁਲੇਖੇ ਪਾ ਕੇ ਜਿਉਣਾ ਕਦੇ ਵੀ ਮੇਰੇ ਵੱਸ ਦਾ ਨਹੀਂ ਰਿਹਾ, ਕਿਉਂਕਿ ਭਰਮ ਦੁਰਬਲ ਸਮਝ ਹੈ। ਕੋਈ ਕਹੇ ਕਿ ਮੈਂ (ਸੋਮਾ ਸਬਲੋਕ) ਪੁੱਤਰ ਹਾਂ ਅਤੇ ਮੈਂ ਇਹੋ ਮੰਨ ਕੇ ਚੱਲਾਂ ਕਿ ਮੈਂ ਵਾਕਈ ਪੁੱਤਰ ਹਾਂ ਤਾਂ ਇਹ ਮੇਰੇ ਪੱਖ ਤੋਂ ਗਲਤ ਸੋਚ ਰੱਖਣਾ ਹੈ। ਸੱਚ ਇਹ ਹੈ ਕਿ ਮੈਂ ਇਨਸਾਨ ਹਾਂ, ਭਿੰਨ-ਭਿੰਨ ਇਨਸਾਨੀ ਰਿਸ਼ਤਿਆਂ ਦੇ ਰੂਪ ਵਿਚ ਜਿਉਂਦੀ ਹਾਂ, ਇਨ੍ਹਾਂ ਰਿਸ਼ਤਿਆਂ ਦਾ ਆਪੋ-ਆਪਣਾ ਵਜੂਦ ਹੈ, ਸਥਿਤੀ ਹੈ, ਮੰਗ ਹੈ, ਸਰੋਕਾਰ ਹੈ ਅਤੇ ਮੇਰਾ ਇਨ੍ਹਾਂ ਰਿਸ਼ਤਿਆਂ ਦੇ ਨਿਭਾ 'ਤੇ ਪੂਰਾ ਉਤਰਨ ਦਾ ਯਤਨ ਹੈ। ਮੈਂ ਕਿੰਨਾ ਖਰਾ ਉਤਰਦੀ ਹਾਂ, ਇਹ ਰਿਸ਼ਤਿਆਂ ਦੇ ਮਾਣ-ਸਨਮਾਨ 'ਤੇ ਨਿਰਭਰ ਕਰਦਾ ਹੈ। ਧੀ ਦੇ ਰੂਪ ਵਿਚ ਮੈਨੂੰ ਇਸ ਰਿਸ਼ਤੇ ਦਾ ਕਿੰਨਾ ਕੁ ਮਾਣ-ਸਨਮਾਨ ਮਹਿਸੂਸ ਕਰਵਾਇਆ ਗਿਆ? ਮੈਂ ਬਚਪਨ ਵਿਚ ਆਪਣੀ ਮਨੁੱਖੀ ਹੋਂਦ ਨੂੰ ਕਿਵੇਂ

**ਸੋਮਾ ਸਬਲੋਕ**
**ਫੋਨ: +91-98146-93992**

ਅਤੇ ਕਿੰਨਾ ਅਨੰਦਮਈ ਢੰਗ ਨਾਲ ਮਾਣ ਸਕੀ?

ਬਚਪਨ ਦੇ ਮੁਢਲੇ ਅਨੁਭਵ ਹੀ ਜੀਵਨਸ਼ੈਲੀ ਮਿਥ ਦਿੰਦੇ ਹਨ। ਮਨੁੱਖੀ ਬਿਰਤੀ ਦਾ ਨਿਰਮਾਣ ਜ਼ਿੰਦਗੀ ਦੇ ਪਹਿਲੇ 14 ਕੁ ਵਰ੍ਹਿਆਂ ਤੱਕ ਦੀ ਉਮਰ ਦੇ ਅਨੁਭਵਾਂ ਦੇ ਆਧਾਰ 'ਤੇ ਹੋ ਜਾਂਦਾ ਹੈ। ਜਿਸ ਤੱਥ ਅਨੁਸਾਰ ਬੌਧਿਕ ਬੇਸੁਰਤੀ ਦੇ ਮੁਢਲੇ 4-5 ਵਰ੍ਹਿਆਂ ਦੀ ਪਾਲਣਾ ਦਾ ਤਾਂ ਮੈਨੂੰ ਯਾਦ ਨਹੀਂ, ਹਾਂ! ਐਨਾ ਕੁ ਯਾਦ ਹੈ ਕਿ ਮੇਰੇ ਦਾਦਾ ਜੀ ਘਨ੍ਹੇੜੀ ਚੁੱਕ ਕੇ ਦੁਕਾਨ 'ਤੇ ਲੈ ਜਾਂਦੇ ਸਨ; ਜਾਂ ਬਾਅਦ ਵਿਚ ਬੇਜੀ ਦੇ ਦੱਸਣ ਅਨੁਸਾਰ, ਉਹ ਮੈਨੂੰ ਕੁੱਛੜ ਚੁੱਕ ਕੇ ਗੁਰਦੁਆਰੇ ਲਿਜਾਇਆ ਕਰਦੇ ਸਨ...ਮੇਰੇ ਕੱਪੜੇ ਧੋ ਕੇ ਛੱਤ 'ਤੇ ਸੁੱਕਣੇ ਨਹੀਂ ਸਨ ਪਾਏ ਜਾਂਦੇ, ਵਗੈਰਾ ਵਗੈਰਾ।

ਹਰ ਮਨੁੱਖ ਦੀ ਸ਼ਖਸੀਅਤ ਦਾ ਟੋਪੋਗ੍ਰਾਫੀਕਲ ਮਾਡਲ ਹੁੰਦਾ ਹੈ, ਉਸ ਦੀ ਚੇਤਨਾ ਦੇ ਤਿੰਨ ਪੱਧਰ ਹੁੰਦੇ ਹਨ-ਚੇਤਨ, ਉਪਚੇਤਨ ਅਤੇ ਅਵਚੇਤਨ। ਚੇਤਨ ਅਵਸਥਾ ਵਿਚ ਅਸੀਂ ਹਾਲਤਾਂ ਜਾਂ ਘਟਨਾਵਾਂ ਬਾਰੇ ਸਿਰਫ ਤਤਕਾਲੀ ਵਿਚਾਰ ਹੀ ਰੱਖਦੇ ਹਾਂ ਅਤੇ ਉਸ ਵੇਲੇ ਦੀਆਂ ਘਟਨਾਵਾਂ ਨੂੰ ਹੀ ਅਨੁਭਵ ਕਰਦੇ ਹਾਂ। ਕਿਸ਼ੋਰ ਅਵਸਥਾ ਜਾਂ ਜਵਾਨੀ ਦੇ ਮੁਢਲੇ ਪੜਾਅ ਵਿਚ ਮੇਰੀ ਚੇਤਨ ਅਵਸਥਾ ਬਹੁਤਾ ਕਰਕੇ ਨਾਂਹ-ਪੱਖੀ ਧਾਰਨਾ ਹੀ ਬਣਾ ਸਕੀ, ਕਿਉਂਕਿ ਪਿਤਰੀ ਸੱਤਾ ਦੀ ਤਾਨਾਸ਼ਾਹੀ ਨਾਲ ਅੰਤਾਂ ਦਾ ਵਾਸਤਾ ਪਿਆ। ਮੈਟ੍ਰਿਕ ਪਾਸ ਕਰਨ ਪਿਛੋਂ ਪਿਤਾ ਜੀ ਦਾ ਫਰਮਾਨ 'ਅੱਗੇ ਨਹੀਂ ਪੜ੍ਹਨਾ', ਨੇ ਮੇਰਾ ਦਿਮਾਗ ਘੁਮਾ ਦਿੱਤਾ, ਅੱਖਾਂ ਮੂਹਰੇ ਹਨੇਰਾ ਲਿਆ ਦਿੱਤਾ...ਡੌਰ-ਭੌਰ ਹੋਈ ਸੋਚਾਂ ਕਿ ਹੁਣ ਕਰਾਂਗੀ ਕੀ? 'ਚੁੱਲ੍ਹਾ-ਚੌਂਕਾ ਸਾਂਭ...ਮਾਂ ਨਾਲ ਘਰ ਦਾ ਕੰਮ ਕਰਿਆ ਕਰ...ਤੈਥੋਂ ਛੋਟੀਆਂ ਹੋਰ ਵੀ ਨੇ, ਉਨ੍ਹਾਂ ਦਾ ਵੀ ਦੇਖਣਾ ਏ।'

ਸੱਚੀਂ, ਮੈਂ ਅੰਦਰ ਤੱਕ ਹਿੱਲ ਗਈ, ਪਰ ਮੈਂ ਮਾਂ ਵਾਲੀ ਹਾਲਤ ਵਿਚ ਨਹੀਂ ਸੀ ਜਿਉਣਾ ਚਾਹੁੰਦੀ, ਇਕ ਅਜਿਹੀ ਹਾਲਤ, ਜਿਸ 'ਚ ਕੁੜੀ ਦੀ ਆਪਣੀ ਕੋਈ ਖਾਹਿਸ਼ ਹੀ ਨਹੀਂ, ਉਹ ਆਪਣੇ ਭਵਿਖ ਬਾਰੇ ਕੋਈ ਯੋਜਨਾ ਹੀ ਨਹੀਂ ਬਣਾ ਸਕਦੀ, ਆਪਣੀ ਰੁਚੀ ਅਨੁਸਾਰ ਜਿਉਣ ਦਾ ਕੋਈ ਢੰਗ ਹੀ ਨਹੀਂ ਲੱਭ ਸਕਦੀ! ਸੋਚਦੀ, ਕਿਵੇਂ ਕੁੜੀਆਂ ਨੂੰ ਆਪਣੀ ਚਲ ਸੰਪਤੀ ਸਮਝਦੇ ਨੇ, ਇਹ ਪਿਤਰੀ ਸੱਤਾ ਦੇ ਗੁਲਾਮ ਲੋਕ... ਆਪਣਾ ਅਖੌਤੀ ਪੁੰਨ ਕਮਾਉਣ ਲਈ ਉਨ੍ਹਾਂ ਨੂੰ ਦਾਨ ਵਿਚ ਦੇਣ ਲਈ ਹੀ ਪਾਲਦੇ ਨੇ ਇਹ; ਤੇ ਜਿਨ੍ਹਾਂ ਨੂੰ ਉਹ ਦਾਨ ਕੀਤੀ ਜਾਂਦੀ ਹੈ, ਉਹ ਲੋਕ ਉਸ ਨੂੰ ਦਾਨ, ਮਤਲਬ ਮੁਫਤ ਦੀ ਵਸਤੂ ਸਮਝ ਕੇ ਉਸ ਨਾਲ ਮਨ ਆਇਆ ਵਿਹਾਰ ਕਰਦੇ ਹਨ। ਮੈਨੂੰ ਕਿਸੇ ਤਰ੍ਹਾਂ ਦੀ ਵਸਤੂ ਬਣਨਾ ਗਵਾਰਾ ਨਹੀਂ ਸੀ, ਮੈਂ ਸਾਲਮ ਸਬੂਤ ਇਨਸਾਨ ਵਾਂਗ ਜੀਵਨ ਬਤੀਤ ਕਰਨਾ ਚਾਹੁੰਦੀ ਸੀ। ਇਸ ਪੜਾਅ 'ਤੇ ਮੈਨੂੰ ਘਰਦਿਆਂ ਦੀ ਇਹ ਗੱਲ ਬੜੀ ਬੇਤੁਕੀ ਲੱਗੀ ਕਿ 'ਤੈਨੂੰ ਲੋਹ-ਲੋਹ ਕੇ ਲਿਆ ਏ...ਬੜੇ ਚਾਵਾਂ ਨਾਲ ਪਾਲਿਆ ਏ।' ਆਪਣੀ ਸੂਰਤ 'ਚ ਤਾਂ ਮੈਨੂੰ ਕੋਈ ਚਾਅ ਨਜ਼ਰ ਨਹੀਂ ਆਏ! ਉਨ੍ਹਾਂ ਲਈ ਕੁੜੀ ਦਾ ਪੜ੍ਹਨਾ-ਲਿਖਣਾ ਕਿਸੇ ਕਲੰਕ ਤੋਂ ਘੱਟ ਨਹੀਂ ਸੀ।

ਕਈ ਦਿਨ ਦੁਖੀ ਰਹਿਣ ਪਿਛੋਂ ਦ੍ਰਿੜ ਨਿਸ਼ਚਾ ਕੀਤਾ ਕਿ ਪੜ੍ਹਨਾ ਤਾਂ ਜ਼ਰੂਰ ਹੈ, ਚਾਹੇ ਜੋ ਮਰਜ਼ੀ ਹੋਵੇ। ਕਿੰਨੀ ਕੁ ਸਖਤੀ ਕਰਨਗੇ? ਜਿਉਂਦਾ ਤਾਂ ਰੱਖਣਗੇ ਹੀ! ਮੇਰੀ ਸਕੂਲ ਸਮੇਂ ਦੀ ਇਕ ਸਹੇਲੀ ਨੇ ਉਸ ਕਾਲਜ ਵਿਚ ਦਾਖਲਾ ਲੈ ਲਿਆ ਸੀ।

# ਖਾਮੋਸ਼ ਬਗਾਵਤ

***ਸੋਮਾ ਸਬਲੋਕ ਦੀ ਇਸ ਲਿਖਤ ਵਿਚ ਔਰਤ ਦਾ ਉਹ ਦਰਦ ਸਮਾਇਆ ਹੋਇਆ ਹੈ, ਜਿਸ ਨੂੰ ਬਹੁਤ ਵਾਰ ਜ਼ੁਬਾਨ ਹੀ ਨਹੀਂ ਮਿਲਦੀ। ਇਸ ਲਿਖਤ ਵਿਚ ਉਸ ਨੇ ਆਪਣੇ ਕੁਝ ਅਜਿਹੇ ਅਨੁਭਵ ਸਾਂਝੇ ਕੀਤੇ ਹਨ, ਜਿਨ੍ਹਾਂ ਨੂੰ ਬਹੁਤ ਪਿਛਾਂਹ ਛੱਡ ਕੇ ਉਹ ਜ਼ਿੰਦਗੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਦੇ ਯੋਗ ਹੋ ਸਕੀ। ਇਹ ਅਸਲ ਵਿਚ ਜ਼ਿੰਦਗੀ ਦੀ ਗਹਿਗੱਚ ਲੜਾਈ ਦੀ ਕਹਾਣੀ ਹੈ। -ਸੰਪਾਦਕ***


ਉਹ ਕਦੇ-ਕਦੇ ਸਾਡੇ ਘਰ ਆ ਜਾਂਦੀ ਸੀ। ਉਸ ਦਾ ਇਸ ਸਮੇਂ ਮੈਨੂੰ ਮਿਲਣਾ ਘਰਦਿਆਂ ਨੂੰ ਪਸੰਦ ਨਹੀਂ ਸੀ। ਉਹ ਸੋਚਦੇ ਸਨ ਕਿ ਉਹ ਮੇਰੇ ਨਾਲ ਬਾਹਰਲੀਆਂ ਗੱਲਾਂ ਕਰੇਗੀ ਅਤੇ ਮੈਂ ਵਿਗੜ ਜਾਵਾਂਗੀ।

ਖੈਰ, ਮੇਰੀ ਉਸ ਸਹੇਲੀ ਨੇ ਮੇਰੀ ਮਦਦ ਕਰਨ ਦਾ ਭਰੋਸਾ ਦਿਵਾਇਆ। ਹੋਇਆ ਇਉਂ ਕਿ ਸਾਡੇ ਘਰ ਦੀ ਪਿਛਵਾੜੇ ਵਾਲੀ ਚਾਰ-ਦੀਵਾਰੀ ਦਾ ਹਿੱਸਾ ਮਿੱਟੀ ਦਾ ਸੀ, ਜਿਵੇਂ ਪੁਰਾਣੇ ਵੇਲੇ ਕੰਧਾਂ ਹੁੰਦੀਆਂ ਸਨ। ਮੈਂ ਉਸ ਦੇ ਇਕ ਸਿਰਿਓਂ ਮੋਰੀ ਕੱਢ ਲਈ ਅਤੇ ਇਉਂ ਉਸ ਥਾਣੀਂ ਨੋਟਸ ਪ੍ਰਾਪਤ ਕਰਦੀ। ਪੜ੍ਹਾਈ ਜਾਰੀ ਰੱਖਣ ਦੇ ਇਸ ਵਰਤਾਰੇ ਨੇ ਮੈਨੂੰ ਬੁਰੀ ਤਰ੍ਹਾਂ ਝੰਜੋੜਿਆ। ਕਈ ਵਾਰ ਤਾਂ ਮੈਨੂੰ ਆਪਣਾ ਆਪ ਅਪਰਾਧੀ ਜਿਹਾ ਲੱਗਿਆ ਕਰੇ, ਪਰ ਦੂਜੇ ਪਲ ਹੀ ਮੈਂ ਸੋਚਿਆ ਕਰਾਂ ਕਿ ਮੈਂ ਕੋਈ ਗੈਰ-ਇਖਲਾਕੀ ਕੰਮ ਨਹੀਂ ਕਰ ਰਹੀ। ਪੜ੍ਹਾਈ ਕਰਨਾ ਮੇਰਾ ਹੱਕ ਹੈ ਅਤੇ ਇਹ ਹੱਕ ਮੈਨੂੰ ਖੋਹਣਾ ਪੈ ਰਿਹਾ ਹੈ। ਜੇ ਉਪਚੇਤਨ ਅਵਸਥਾ ਦੀ ਗੱਲ ਕਰਾਂ ਤਾਂ ਇਸ ਅਵਸਥਾ ਨੂੰ ਮੈਂ ਚੇਤਨ ਅਵਸਥਾ ਦੀਆਂ ਦੁਸ਼ਵਾਰੀਆਂ ਯਾਦ ਕਰਦਿਆਂ ਬਿਤਾਇਆ, ਜ਼ਿਹਨ ਵਿਚ ਸਿਰ ਚੁੱਕਦੇ ਰਹਿੰਦੇ ਪ੍ਰਸ਼ਨਾਂ ਕਿ ਪਿਤਰੀ ਸੱਤਾ ਦੀ ਦੋਗਲੀ ਨੀਤੀ ਮਾਦਾ ਬੱਚੇ ਲਈ ਕਿਉਂ ਹੈ? ਕਿਉਂ ਉਸ ਦੇ ਅਗਾਂਹਵਧੂ ਕਦਮਾਂ ਵਾਸਤੇ ਜ਼ੰਜੀਰਾਂ ਤਿਆਰ ਕਰਦਾ ਹੈ ਇਹ ਸਮਾਜ? ਕਿਉਂ ਇਸ ਦਾ ਸੁਭਾਅ, ਇਸ ਦਾ ਵਰਤਾਰਾ ਹਾਥੀ ਦੇ ਦੰਦਾਂ ਜਿਹਾ ਹੈ, ਜੋ ਖਾਣ ਦੇ ਹੋਰ ਅਤੇ ਦਿਖਾਉਣ ਦੇ ਹੋਰ ਨੇ? ਇਨ੍ਹਾਂ ਅਤੇ ਅਜਿਹੇ ਹੋਰ ਸਵਾਲਾਂ ਦੇ ਜਵਾਬ ਆਪਣੀ ਅਗਲੇਰੀ ਜ਼ਿੰਦਗੀ ਦੀ ਵਿਹਾਰਕਤਾ ਵਿਚ ਕਿਵੇਂ ਦੇਣੇ ਨੇ? ਅਵਚੇਤਨ ਮਨ ਦੀਆਂ ਗੰਢਾਂ ਨੂੰ ਕਿਵੇਂ ਖੋਲਣਾ ਹੈ?...ਇਹ ਸਭ ਸੋਚਦੀ ਰਹਿੰਦੀ।

ਦਬੀਆਂ ਹੋਈਆਂ ਯਾਦਾਂ ਕਦੇ ਵੀ ਪੂਰਨ ਰੂਪ ਵਿਚ ਲੋਪ ਨਹੀਂ ਹੁੰਦੀਆਂ, ਬਹੁਤੀ ਵਾਰ ਇਹ ਜਾਗਰੂਕਤਾ ਦੇ ਪੱਧਰ ਤੋਂ ਪਰ੍ਹੇ ਰਹਿ ਕੇ ਵੀ ਕੰਮ ਕਰਦੀਆਂ ਰਹਿੰਦੀਆਂ ਹਨ। ਜਦੋਂ ਕਦੇ ਵੀ ਭੋਗੀਆਂ ਹੋਈਆਂ ਸਥਿਤੀਆਂ ਸਮਕਾਲੀ ਸਥਿਤੀਆਂ ਦੇ ਤੁਲ ਹੋਈਆਂ ਦਿਸਦੀਆਂ ਹਨ ਤਾਂ ਮਨ ਸਹਿਜੇ ਹੀ ਸਵੈਮਾਣ 'ਤੇ ਸੱਟ ਵੱਜੀ ਮਹਿਸੂਸ ਕਰਦਾ ਹੈ। ਸਵੈਮਾਣ ਇਹ ਕਿ ਜਦੋਂ ਮੈਂ ਪੜ੍ਹਨਾ ਚਾਹੁੰਦੀ ਸੀ, ਉਸ ਵਕਤ ਕਿਸੇ ਵੀ ਰਿਸ਼ਤੇਦਾਰ ਨੇ ਆਪ ਤਾਂ ਸਾਥ ਕੀ ਦੇਣਾ ਸੀ, ਸਗੋਂ ਪਿਤਾ ਜੀ ਦੀ ਨਾਂਹ ਦੇ ਨਾਲ ਨਾਂਹ ਦੀ ਗਰਦਾਨ ਪੜ੍ਹ ਕੇ ਖੜ੍ਹੇ ਹੋਏ ਸਨ, ਪਰ ਜਦੋਂ ਮੈਂ ਐਮ. ਏ. ਕਰ ਲਈ ਤਾਂ ਉਹੀ ਕਹਿਣ ਲੱਗੇ, 'ਚੰਗਾ ਹੋਇਆ, ਚਾਰ ਜਮਾਤਾਂ ਪੜ੍ਹ ਗਈ ਏ, ਪਿਉ ਨੀ ਬਾਂਹ ਬਣਸੀ, ਪਿਉ ਨਾ ਭਾਰ ਵੰਡੈਸੀ।' ਕ੍ਰੋਧ ਵਿਚ ਉਨ੍ਹਾਂ ਨੂੰ ਘੂਰ ਦਿੱਤਾ ਸੀ ਅਤੇ ਉਨ੍ਹਾਂ ਮੇਰੇ 'ਤੇ ਹੱਥੋਂ ਨਿਕਲੀ ਕੁੜੀ ਦਾ ਠੱਪਾ ਲਾ ਦਿੱਤਾ ਸੀ। ਮੇਰੀ ਪਰਵਾਹ ਨਾ ਕਰਨ ਵਾਲਿਆਂ ਦੀ ਮੈਨੂੰ ਵੀ ਕੋਈ ਪਰਵਾਹ ਨਹੀਂ ਸੀ। ਉਨ੍ਹਾਂ ਦੀਆਂ ਮਾਨਸਿਕ ਅਤੇ ਵਿਚਾਰਕ ਵਿਕਰਿਤੀਆਂ ਦੇ ਬਾਵਜੂਦ ਮੈਂ ਅਡੋਲ ਰਹੀ, ਕਿਉਂਕਿ ਮੈਨੂੰ ਸਮਾਜ ਵਿਚ ਰੂੜ੍ਹ ਪਾਤਰ ਵਜੋਂ ਵਿਚਰਨਾ ਸੁਖਾਇਆ ਨਹੀਂ ਕਿ ਉਹੀ ਚੌਕਾ-ਬਰਤਨ, ਬੱਚੇ ਪਾਲਣੇ-ਵਿਆਹੁਣੇ, ਖਾਣਾ-ਪੀਣਾ-ਸੌਣਾ, ਦੇਸੀ ਸੱਥਾਂ ਵਿਚ ਬਹਿਣਾ, ਸਿਉਣਾ ਪਿਰੋਣਾ...ਤੇ ਬਸ! ਹੋ ਗਿਆ ਜੀਵਨ ਫਤਿਹ। ਸਾਕ-ਸਕੀਰੀਆਂ ਪਾਲਣਾ ਵੀ ਮੇਰੇ ਵਸ ਦਾ ਰੋਗ ਕਦੇ ਨਹੀਂ ਰਿਹਾ ਅਤੇ ਨਾ ਹੀ ਮੈਨੂੰ ਕਦੇ ਵਿੰਗੇ-ਟੇਢੇ ਮੂੰਹਾਂ ਅਤੇ ਕਿਰਦਾਰਾਂ ਦੀ ਕੋਈ ਐਨੀ ਪਰਵਾਹ ਰਹੀ ਹੈ।

ਕਈ ਵਾਰ ਸੋਚਦੀ ਹਾਂ ਕਿ ਇਹ ਪਿੱਤਰੀ ਸੱਤਾ ਮਾਦਾ ਇਨਸਾਨ ਦੀ ਹਮਾਇਤ ਕਰਨ ਦੀ ਥੁੱਕਾਂ ਨਾਲ ਵੜੇ ਪਕਾਉਣ ਦੀ ਢੀਠਤਾ ਕਿਉਂ ਕਰਦੀ ਹੈ? ਕਿਉਂ ਇਹ ਸੱਤਾ ਆਪਣੇ ਸਿਰ ਆਪ ਹੀ ਸਿਹਰਾ ਬੰਨ੍ਹਦੀ ਹੈ ਕਿ ਇਹੋ ਕੁੜੀਆਂ ਨੂੰ ਅਨੁਸ਼ਾਸਨ ਸਿਖਾਉਂਦੀ ਹੈ? ਤੇ ਉਹ ਵੀ ਆਪਣੇ ਰਾਹੀਂ ਬਣਾਏ ਕੱਚ-ਘਰੜ ਮਾਪਦੰਡਾਂ ਮੁਤਾਬਕ? ਉਨ੍ਹਾਂ ਦੇ ਅਜਿਹੇ ਮਾਪਦੰਡ ਨਰ ਲਈ ਨਹੀਂ ਹਨ।

ਕੁੜੀਆਂ ਸਿਰ ਢਕ ਕੇ ਰੱਖਣ, ਕੁੜੀਆਂ ਝੱਲਿਆਂ ਵਾਲੇ ਕੱਪੜੇ ਪਹਿਨਣ, ਕੁੜੀਆਂ ਇਹ-ਉਹ ਨਾ ਖਾਣ, ਨਰ ਪਾਤਰ ਦੇ ਅੰਨ ਮੁਕਾਉਣ ਪਿਛੋਂ ਖਾਣ, ਕੁੜੀਆਂ ਘਰੋਂ ਬਾਹਰ ਨਾ ਨਿਕਲਣ ਤਾਂ ਜੋ ਮੁੰਡੇ ਕੋਈ ਖਰਾਬੀ ਨਾ ਕਰ ਦੇਣ। ਇਸ ਸੱਤਾ ਦੀ ਅਜਿਹੀ ਸੌੜੀ ਸੋਚ ਹੰਢਾਉਂਦੀ ਹੀ ਮੈਂ ਵੱਡੀ ਹੋਈ। ਸੋਚਦੀ ਸਾਂ ਅਤੇ ਹੁਣ ਵੀ ਸੋਚਦੀ ਹਾਂ ਕਿ ਕੁੜੀ ਨੂੰ ਆਪੇ ਥਾਪੇ ਅਨੁਸ਼ਾਸਨ ਵਿਚ ਰੱਖ ਕੇ ਪਿਤਰੀ ਸੱਤਾ ਆਪਣੀ ਇੱਜਤ ਰੁਲਣੋਂ ਬਚਾਉਂਦੀ ਹੈ, ਪਰ ਉਹ ਇਹ ਕਿਉਂ ਨਹੀਂ ਸੋਚਦੀ ਕਿ ਕੁੜੀਆਂ ਲਈ ਅਜਿਹੇ ਅਨੁਸ਼ਾਸਨ ਦੀ ਆੜ ਵਿਚ ਉਨ੍ਹਾਂ ਦੇ ਮੁੰਡੇ ਬਹੁਤੀ ਵਾਰ ਖਰਮਸਤ ਹੋ ਕੇ ਉਨ੍ਹਾਂ ਦੀ ਇੱਜਤ ਤਾਰ-ਤਾਰ ਨਹੀਂ ਕਰਦੇ? ਮੁੰਡਿਆਂ ਦੇ ਗਲਤ ਕੰਮਾਂ ਨਾਲ ਉਨ੍ਹਾਂ ਦੀ ਇੱਜਤ ਨਹੀਂ ਰੁਲਦੀ? ਗੈਰ-ਸਮਾਜੀ ਜਾਂ ਗੈਰ-ਇਖਲਾਕੀ ਕੰਮ ਕਰਕੇ ਕੀ ਉਹ ਉਨ੍ਹਾਂ ਦੀ ਇੱਜਤ ਨੂੰ ਚਾਰ ਚੰਨ ਲਾਉਂਦੇ ਹਨ? ਕੁੜੀਆਂ ਪ੍ਰਤੀ ਹੀ ਉਨ੍ਹਾਂ ਦੀ ਖੰਡਿਤ



*ਉਘੇ ਲਿਖਾਰੀ ਗੁਰਬਚਨ ਭੁੱਲਰ ਨਾਲ ਸੋਮਾ ਸਬਲੋਕ।*

ਮਾਨਸਿਕਤਾ ਕਿਉਂ? ਸ਼ਾਇਦ ਅਜਿਹਾ ਇਸ ਸੱਤਾ ਦੇ ਅੰਦਰੂਨੀ ਭੈਅ ਕਾਰਨ ਹੈ, ਜਿਸ ਨੂੰ ਇਹ ਪਤਾ ਹੈ ਕਿ ਜੀਵ ਵਿਗਿਆਨ ਅਨੁਸਾਰ ਨਰ ਨਾਲੋਂ ਮਾਦਾ ਵੱਧ ਤਾਕਤਵਰ ਹੈ ਅਤੇ ਉਚੇ ਮਨੋਬਲ ਦੀ ਮਾਲਕ ਹੈ। ਇਸ ਦੇ ਮਨੋਬਲ ਨੂੰ ਨਿਸਤੇਜ ਕਰਨ ਲਈ ਸੌ ਵਾਰ ਆਪਣੇ ਹੱਕ ਦਾ ਝੂਠ ਬੋਲ ਕੇ ਇਸ ਨੂੰ ਸੱਚ ਗਰਦਾਨਿਆ ਹੈ। ਮਨੋਵਿਗਿਆਨ ਦੱਸਦਾ ਹੈ ਕਿ ਇਕ ਇਨਸਾਨ ਦਾ ਦੂਜੇ ਇਨਸਾਨ 'ਤੇ ਵਿਸ਼ਵਾਸ ਕਰਦਿਆਂ ਉਸ ਨੂੰ ਇਖਲਾਕ ਦੀ ਪਛਾਣ ਕਰਵਾ ਦੇਣ ਨਾਲ ਅਨੁਸ਼ਾਸਨ ਖੁਦ-ਬਖੁਦ ਸਥਾਪਤ ਹੋ ਜਾਂਦਾ ਹੈ। ਮੇਰੀ ਜਾਚੇ, ਪਿਤਰੀ ਸੱਤਾ ਨੂੰ ਆਪਣੀ ਹੀ ਮਾਨਸਿਕਤਾ ਦੀ ਡੂੰਘਾਈ ਦਾ ਇਲਮ ਨਹੀਂ, ਇਹ ਵਿਰੋਧੀ ਲਿੰਗ ਦੀ ਮਾਨਸਿਕਤਾ ਨੂੰ ਕੀ ਸਮਝੇਗੀ!

ਮੈਂ ਬਚਪਨ ਦੇ ਦੋ ਵਾਕਿਆ ਕਦੇ ਨਹੀਂ ਭੁੱਲ ਸਕਦੀ। ਉਨ੍ਹਾਂ ਬਾਰੇ ਸੋਚ ਕੇ ਅੱਜ ਵੀ ਪਿਤਰੀ ਸੱਤਾ ਦੀ ਹਉਮੈ ਅਤੇ ਇਸ ਸੱਤਾ ਦੇ ਸ਼ਿਕਾਰ ਮਾਪਿਆਂ ਦੀ ਮਮਤਾ ਨੂੰ ਸਿਰੇ ਤੋਂ ਨਕਾਰਦੀ ਹਾਂ। ਕੁੜੀ ਨੂੰ ਸਿਰਫ ਰੋਟੀ ਖੁਆ ਦੇਣੀ ਮਮਤਾ ਨਹੀਂ, ਸਗੋਂ ਉਨ੍ਹਾਂ ਦੀਆਂ ਅਕਾਂਖਿਆਵਾਂ ਦਾ ਧਿਆਨ ਰੱਖਦਿਆਂ ਉਨ੍ਹਾਂ ਨੂੰ ਸੰਪੂਰਨ ਮਨੁੱਖ ਬਣਾਉਣਾ ਸੁਚੱਜੀ ਮਮਤਾ ਹੈ। ਉਨ੍ਹਾਂ ਦੇ ਪੱਖ ਤੋਂ ਇਸੇ ਅਹਿਸਾਸ ਦੀ ਘਾਟ ਮੈਨੂੰ ਰੜਕਦੀ ਰਹੀ ਹੈ। ਅਜਿਹੀ ਮਮਤਾ ਮੇਰੇ ਮੇਚ ਦੀ ਕਦੇ ਨਹੀਂ ਰਹੀ।

ਗੱਲ ਇਉਂ ਹੈ ਕਿ ਕੋਈ ਰਿਸ਼ਤੇਦਾਰ ਹਾਥੀ ਦੰਦ ਦੇ ਬਣੇ ਦੋ ਕੜੇ ਦੇ ਗਿਆ। ਜਦੋਂ ਪਿਤਾ ਜੀ ਨੇ ਉਹ ਕੜੇ ਮੇਰੀਆਂ ਬਾਹਵਾਂ ਵਿਚ ਪਾਏ ਦੇਖੇ ਤਾਂ ਉਨ੍ਹਾਂ ਨੇ ਬਾਹਵਾਂ ਵਿਚ ਪਾਏ ਹੋਇਆਂ ਨੂੰ ਹੀ ਮੁੱਕੇ ਮਾਰ ਕੇ ਭੰਨ ਦਿੱਤਾ। ਅਜਿਹਾ ਕਰਨ ਨਾਲ ਟੋਟੇ ਮੇਰੀ ਬਾਂਹ ਵਿਚ ਚੁਭ ਗਏ ਤੇ ਖੂਨ ਵਗਣ ਲੱਗ ਗਿਆ ਅਤੇ ਨਾਲ ਹੀ ਸਹਿਮ ਦੇ ਅੱਥਰੂ ਵੀ ਅੱਖਾਂ ਵਿਚੋਂ ਵਗ ਤੁਰੇ।

ਦੂਜਾ, ਮੈਂ ਜਾਲੀ ਦੇ ਕੱਪੜੇ ਤੇ ਧਾਗੇ ਨਾਲ ਕਢਾਈ ਕਰਕੇ ਕਮੀਜ਼ ਬਣਾਈ ਸੀ। ਇਹ ਕਢਾਈ ਲਹਿਰੀਏ ਦਾ ਡਿਜ਼ਾਈਨ ਸੀ, ਜਿਸ ਕਰਕੇ ਕੱਪੜਾ ਕਾਫੀ ਮੋਟਾ ਹੋ ਗਿਆ ਸੀ। ਪਿਤਾ ਜੀ ਨੇ ਜਦੋਂ ਉਹ ਕਮੀਜ਼ ਦੇਖੀ ਤਾਂ ਲੀਰੋ-ਲੀਰ ਕਰ ਦਿੱਤੀ। ਕੋਈ ਵੀ ਸੁਹਿਰਦ ਮਨ ਸਹਿਜੇ ਹੀ ਅੰਦਾਜ਼ਾ ਲਾ ਸਕਦਾ ਹੈ ਕਿ ਉਸ ਵਕਤ ਮੇਰੀ ਹਾਲਤ ਕੀ ਹੋਈ ਹੋਵੇਗੀ!

ਇਨ੍ਹਾਂ ਦੋ ਵਾਕਿਆਂ ਪਿਛੋਂ ਮੇਰਾ ਇਹ ਵਿਚਾਰ ਪੱਕਾ ਹੋ ਗਿਆ ਕਿ ਉਨ੍ਹਾਂ ਦੀ ਧਾਰਮਿਕਤਾ, ਨਾਥਾਂ ਦੇ ਡੇਰੇਦਾਰਾਂ ਅੱਗੇ ਧੂਫ-ਅਗਰਬੱਤੀਆਂ ਬਾਲਣਾ, ਸਿਰ 'ਤੇ ਰੁਮਾਲ ਰੱਖ ਕੇ ਉਨ੍ਹਾਂ ਦੀਆਂ ਫੋਟੋਆਂ ਅੱਗੇ ਬਹਿਣਾ ਤੇ ਬੁੜਬੁੜ ਕਰਨਾ, ਉਨ੍ਹਾਂ ਦਾ ਜਨਸੰਘ ਦੀ ਸਿਆਸਤ ਅੰਦਰ ਰੁਤਬਾ ਹੋਣਾ ਸ਼ਾਇਦ ਉਨ੍ਹਾਂ ਨੂੰ ਇਹੋ ਇਲਮ ਦਿੰਦਾ ਸੀ। ਇਹੋ ਕਾਰਨ ਸੀ ਕਿ ਮੈਂ ਘਰ ਵਿਚ ਹੁੰਦੇ ਧਾਰਮਿਕ ਕਰਮ-ਕਾਂਡਾਂ ਵਿਚ ਕਦੇ ਹਿੱਸਾ ਨਹੀਂ ਲਿਆ। ਮੈਂ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ। ਮੈਨੂੰ ਆਪਣੀ ਜ਼ਿਦ ਗਲਤ ਨਹੀਂ ਲੱਗੀ, ਕਿਉਂਕਿ ਮੈਂ ਸੋਚਦੀ ਸਾਂ ਕਿ ਮੈਂ ਕੋਈ ਚੋਰੀ ਨਹੀਂ ਕਰ ਰਹੀ, ਕੋਈ ਅਫਲਾਤੂਨੀ ਨਹੀਂ ਪੁਗਾ ਰਹੀ, ਕੋਈ ਅਵਾਰਾ ਸਰਗਰਮੀਆਂ ਨਹੀਂ ਕਰ ਰਹੀ; ਪੜ੍ਹਨਾ ਹੀ ਤਾਂ ਚਾਹੁੰਦੀ ਹਾਂ, ਅੱਗੇ, ਹੋਰ ਅੱਗੇ। ਇਹ ਉਹੀ ਪੜਾਅ ਸੀ, ਜਦੋਂ ਤਰਤੀਬ ਅਨੁਸਾਰ ਜ਼ਿੰਦਗੀ ਜਿਉਣ ਦਾ ਤਹੱਈਆ ਕੀਤਾ।

ਉਨ੍ਹੀਂ ਦਿਨੀਂ ਡਾ. ਸੁਰੇਂਦਰ ਅਜਨਾਤ (ਹੁਣ ਮੇਰੇ ਹਮਸਫਰ) ਪਿਤਾ ਜੀ ਦੇ ਨਾਲ ਸਾਡੇ ਘਰ ਆਉਂਦੇ ਹੁੰਦੇ ਸਨ। ਉਸ ਵਕਤ ਉਹ ਵੀ ਕਿਸੇ ਸਕੂਲ ਵਿਚ ਪੜ੍ਹਾਉਂਦਿਆਂ ਖੁਦ ਵੀ ਪ੍ਰਾਈਵੇਟ ਤੌਰ 'ਤੇ ਪੜ੍ਹ ਰਹੇ ਸਨ। ਸਾਲਾਨਾ ਪ੍ਰੀਖਿਆ ਦੇਣ ਜਾਣ ਲਈ ਵੀ ਮੈਂ ਇਹ ਝੂਠ ਬੋਲ ਕੇ ਜਾਂਦੀ ਕਿ ਨਾਨੀ ਦੇ ਘਰ ਚੱਲੀ ਹਾਂ, ਜਾਂ ਕਦੇ ਕਹਿੰਦੀ ਕਿ ਮਾਸੀ ਦੇ ਘਰ ਚੱਲੀ ਹਾਂ। ਫਟਾਫਟ ਕਾਲਜ ਨੂੰ ਆਪਣੀ ਸਹੇਲੀ ਨਾਲ ਵਗ ਜਾਣਾ ਤੇ ਡੇਢ-ਦੋ ਘੰਟੇ ਵਿਚ ਹੀ ਸਾਰਾ ਪੇਪਰ ਮੁਕਾ ਕੇ ਕਾਹਲੀ-ਕਾਹਲੀ ਘਰ ਮੁੜ ਆਉਣਾ। ਖੈਰ! ਚੰਗੇ ਨੰਬਰ ਲੈ ਕੇ ਮੈਂ ਪਾਸ ਹੋ ਗਈ ਸੀ। ਪਿਤਾ ਜੀ ਨੂੰ ਪਤਾ ਨਹੀਂ ਕਿਥੋਂ ਪਤਾ ਲੱਗ ਗਿਆ ਕਿ ਮੈਂ ਗਿਆਰਵੀਂ ਪਾਸ ਕਰ ਲਈ ਏ। ਉਹ ਅਜਨਾਤ ਜੀ ਨੂੰ ਕਹਿਣ ਲੱਗੇ ਕਿ ਇਹ ਕੁੜੀ ਸਾਡਾ ਕਹਿਣਾ ਨਹੀਂ ਮੰਨਦੀ, ਸਾਡੇ ਘਰਾਂ ਵਿਚ ਕੁੜੀਆਂ ਨੂੰ ਪੜ੍ਹਾਉਣ ਦਾ ਕੋਈ ਰਿਵਾਜ ਨਹੀਂ। ਇਹ ਹਟਦੀ ਨਹੀਂ ਅਜਿਹਾ ਕਰਨੋਂ, ਤੁਸੀਂ ਇਸ ਨੂੰ ਕੁਝ ਦੱਸ ਦਿਆ ਕਰੋ।

ਇਉਂ ਡਾ. ਅਜਨਾਤ ਨਾਲ ਵਿਚਾਰਕ ਸਾਂਝ ਸ਼ੁਰੂ ਹੋ ਗਈ। ਇਹ ਉਹ ਪੜਾਅ ਸੀ, ਜਦੋਂ ਤਰਤੀਬ ਅਨੁਸਾਰ ਜ਼ਿੰਦਗੀ ਜਿਉਣ ਦਾ ਤਹੱਈਆ ਕੀਤਾ। ਡਾ. ਅਜਨਾਤ ਦੀ ਆਪਣੇ ਸਾਹਮਣੇ ਮੌਜੂਦਗੀ ਨੂੰ ਅਗਲੇਰੇ ਜੀਵਨ ਦਾ ਸਾਰ ਅਤੇ ਸਾਥ ਬਣਾਉਣ ਦਾ ਯਤਨ ਵੀ ਅਰੰਭਿਆ। ਇਸ ਮਾਮਲੇ ਵਿਚ ਮੈਂ ਬੇਜੀ ਹੁਰਾਂ ਦੀ ਸੁਹਿਰਦ ਮਿੱਤਰਤਾ ਅਤੇ ਅਗਵਾਈ ਦਾ ਅਨੰਦ ਮਾਣਿਆ, ਕਿਉਂਕਿ ਉਹ ਡਾ. ਅਜਨਾਤ ਨੂੰ ਬੜੇ ਸਾਊ ਸ਼ਖਸ ਦਾ ਦਰਜਾ ਦਿੰਦੇ ਸਨ, ਜੋ ਉਨ੍ਹਾਂ ਦੀ ਪੋਤਰੀ ਵਾਸਤੇ ਸਹੀ ਸਾਥੀ ਸੀ। ਬੇਜੀ ਦੇ ਪਿਆਰ ਦਾ ਨਿੱਘ ਮੈਨੂੰ ਅੱਜ ਵੀ ਭਾਵੁਕ ਕਰਦਾ ਹੈ।

ਡਾ. ਅਜਨਾਤ ਨੇ ਮੈਨੂੰ ਆਪਣੇ ਵਿਚਾਰ ਕਲਮਬੱਧ ਕਰਨ ਦੀ ਪ੍ਰੇਰਨਾ ਦਿੱਤੀ। ਇਉਂ ਮੈਂ ਹਿੰਦੀ ਵਿਚ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ, ਜੋ 'ਰੋਜ਼ਾਨਾ ਵੀਰ ਪ੍ਰਤਾਪ' ਵਿਚ ਛਪਦੀਆਂ। ਇਨ੍ਹਾਂ ਕਹਾਣੀਆਂ ਵਿਚ ਨਾਸਤਿਕਤਾ ਦੀ ਛਾਪ ਹੁੰਦੀ। ਸ਼ਾਇਦ ਹੀ ਮੈਂ ਕਦੇ ਮੰਦਿਰ-ਗੁਰਦੁਆਰੇ ਗਈ ਹੋਵਾਂ ਜਾਂ ਵਰਤ ਆਦਿ ਰੱਖੇ ਹੋਣ। ਇਸੇ ਸਮੇਂ ਦੌਰਾਨ ਮੈਂ ਨੋਟ ਕੀਤਾ ਕਿ ਪਿਤਾ ਜੀ ਦਾ ਵਿਹਾਰ ਮੇਰੇ ਪ੍ਰਤੀ ਕੁਝ ਬਦਲ ਗਿਆ ਸੀ, ਓਨੀ ਕੁੜਿੱਤਣ ਨਹੀਂ ਸੀ ਰਹੀ। ਮੇਰੀ ਪੜ੍ਹਾਈ ਵਾਲੀ ਜ਼ਿਦ ਅੱਗੇ ਉਹ ਢੈਲੇ ਪੈ ਗਏ ਲਗਦੇ ਸਨ। ਗੱਲਾਂ-ਗੱਲਾਂ ਵਿਚ ਬੇਜੀ ਮੈਨੂੰ ਕਈ ਤਰ੍ਹਾਂ ਦੀ ਵਿਹਾਰਕ ਊਚ-ਨੀਚ ਤੋਂ ਆਗਾਹ ਕਰਦੇ ਰਹਿੰਦੇ।

ਸੰਨ 1974 ਵਿਚ ਮੈਂ ਬੀ. ਏ. ਭਾਗ-2 ਦੇ ਪੇਪਰਾਂ ਦੀ ਤਿਆਰੀ ਵਿਚ ਰੁਝੀ ਹੋਈ ਸਾਂ। ਇਸੇ ਸਾਲ ਡਾ. ਅਜਨਾਤ ਨੇ ਡਾ. ਕਾਵੂਰ ਨੂੰ ਮਿਲਣ ਪਿਛੋਂ ਪੰਜਾਬ ਵਿਚ ਇੰਡੀਅਨ ਰੈਸ਼ਨਲਿਸਟ ਐਸੋਸੀਏਸ਼ਨ ਦੀ ਬ੍ਰਾਂਚ ਸਥਾਪਤ ਕੀਤੀ ਸੀ। ਇਸ ਸਭਾ ਦਾ ਮੁੱਖ ਦਫਤਰ ਮਦਰਾਸ (ਚੇਨੱਈ) ਵਿਚ ਸੀ ਅਤੇ ਇਸ ਦੀ ਅੰਗਰੇਜ਼ੀ ਵਿਚ ਮਾਸਿਕ ਪੱਤ੍ਰਿਕਾ 'ਫਰੀ ਥੋਟ' ਨਿਕਲਦੀ ਸੀ। ਮੈਂ ਇਹ ਪੜ੍ਹਨੀ ਸ਼ੁਰੂ ਕੀਤੀ। ਇਸ ਪੱਤ੍ਰਿਕਾ ਵਿਚਲੇ ਵਿਚਾਰ ਪੜ੍ਹਦਿਆਂ ਤੁਲਨਾ ਕਰਦੀ ਸਾਂ ਉਨ੍ਹਾਂ ਵਿਚਾਰਾਂ ਨਾਲ, ਜੋ ਮੈਂ ਪਿਤਾ ਜੀ ਵਲੋਂ ਦਿੱਤੀਆਂ ਕਿਤਾਬਾਂ 'ਬੰਚ ਆਫ ਥੋਟਸ' (ਲੇਖਕ ਆਰ. ਐਸ. ਐਸ. ਆਗੂ ਐਮ.ਐਸ. ਗੋਲਵਲਕਰ), 'ਏਕਤਮ ਮਾਨਵਵਾਦ' ਆਦਿ ਵਿਚ ਪੜ੍ਹੇ ਸਨ ਅਤੇ ਉਮਰ ਦੇ ਹਿਸਾਬ ਨਾਲ ਮੈਂ ਜਿੰਨਾ ਕੁ ਉਨ੍ਹਾਂ ਨੂੰ ਸਮਝ ਸਕੀ ਸਾਂ।

ਕੁਝ ਸਮੇਂ ਪਿਛੋਂ ਡਾ. ਅਜਨਾਤ ਨੇ ਪੰਜਾਬ ਵਿਚ 'ਏਥੀਸਟ ਸੁਸਾਇਟੀ' ਦੀ ਬ੍ਰਾਂਚ ਸਥਾਪਤ ਕੀਤੀ। ਮੈਂ ਵੀ ਇਸ ਨਾਲ ਜੁੜ ਗਈ ਅਤੇ ਇਸ ਦੀ ਅਹੁਦੇਦਾਰ ਵੀ ਬਣੀ। ਨਾਰਵੇ ਦੇ ਫਿਲਾਸਫੀ ਦੇ ਪ੍ਰੋਫੈਸਰ ਫਿੰਗਰ ਹਿਓਰਤ ਨੇ ਆਪਣੀ ਖੋਜ ਪੁਸਤਕ 'ਏਥੀਇਜ਼ਮ ਇਨ ਇੰਡੀਆ' (ਭਾਰਤ ਵਿਚ ਨਾਸਤਕਵਾਦ) ਵਿਚ ਮੇਰੀਆਂ ਉਸ ਵੇਲੇ ਦੀਆਂ ਗਤੀਵਿਧੀਆਂ ਇਨ੍ਹਾਂ ਸੁਸਾਇਟੀਆਂ ਦੇ ਦਸਤਾਵੇਜ਼ਾਂ ਦੇ ਆਧਾਰ 'ਤੇ ਦਰਜ ਕੀਤੀਆਂ ਹਨ। ਇੰਜ ਅਸੀਂ ਇਸ ਵਿਚਾਰਧਾਰਾ ਦੀ ਵਿਗਿਆਨਕਤਾ, ਮਨੁੱਖਤਾ ਲਈ ਹਿਤਕਾਰਤਾ ਆਦਿ ਨੂੰ ਪਹਿਲ ਦਿੱਤੀ ਅਤੇ ਆਪਣੀ ਇਸੇ ਵਿਚਾਰਧਾਰਾ 'ਤੇ ਹੁਣ ਤੱਕ ਪਹਿਰਾ ਦੇ ਰਹੇ ਹਾਂ। ਇਸ ਵਿਚਾਰਧਾਰਾ ਅਧੀਨ ਰਚੇ ਸਾਹਿਤ ਕਾਰਨ ਕੋਰਟ ਕੇਸ ਵੀ ਭੁਗਤੇ ਹਨ ਤੇ ਜਿੱਤ ਹਾਸਲ ਕੀਤੀ ਹੈ।

ਮੇਰੀ ਅਤੇ ਡਾ. ਅਜਨਾਤ ਦੀ ਸ਼ਾਦੀ ਸ਼ਬਦੀ ਇਕਰਾਰਨਾਮੇ ਦੇ ਬਿਨਾ 'ਤੇ ਉਸ ਵੇਲੇ ਦੀਆਂ ਸਮੂਹ ਰਾਜਸੀ ਪਾਰਟੀਆਂ ਅਤੇ ਸਮਾਜਕ ਜਥੇਬੰਦੀਆਂ ਦੇ ਲੀਡਰਾਂ ਦੀ ਹਾਜ਼ਰੀ ਵਿਚ ਬਿਨਾ ਕਿਸੇ ਧਾਰਮਿਕ ਰਸਮ ਅਤੇ ਦਾਜ-ਦਹੇਜ ਦੇ ਹੋਈ। ਸਾਡੇ ਇਲਾਕੇ ਵਿਚ ਇਹ ਆਪਣੀ ਤਰ੍ਹਾਂ ਦਾ ਪਹਿਲਾ ਕਾਰਜ ਸੀ। ਵਿਆਹੁਤਾ ਜੀਵਨ ਦੌਰਾਨ ਹਰ ਤਰ੍ਹਾਂ ਦਾ ਸਾਕ ਨਿਭਾਉਂਦਿਆਂ, ਦੋਸਤੀ ਗੜੁੱਚਿਆ ਪਿਆਰ ਪਾਉਂਦਿਆਂ ਸਰਕਾਰੀ ਨੌਕਰੀ ਅਤੇ ਜੀਵਨ ਦੀਆਂ ਅਥਾਹ ਡੂੰਘਾਈਆਂ 'ਚ ਤੈਰਦਿਆਂ ਆਪਣੇ ਹਥਲੇ ਸਾਧਨਾਂ ਅਤੇ ਵਿਤ ਅਨੁਸਾਰ ਟੀਸੀ 'ਤੇ ਪਹੁੰਚੀ ਹਾਂ। ਦਿਸ਼ਾ ਭਰਮ ਤੋਂ ਮੁਕਤ ਰਹੀ ਹਾਂ। ਹੱਡ ਭੰਨਵੀਂ ਮਿਹਨਤ ਦਾ ਪੱਲਾ ਨਹੀਂ ਛੱਡਿਆ। ਡਾ. ਅਜਨਾਤ ਦੀ ਬੌਧਿਕ ਉਚਾਈ ਦਾ ਬਹੁਤ ਨਿੱਘ ਮਾਣਿਆ ਹੈ ਅਤੇ ਆਪਣੀ ਕਰਨੀ ਤੇ ਕਥਨੀ ਦਾ ਘੇਰਾ ਵਿਸ਼ਾਲ ਕਰਨ ਹਿਤ ਲਾਭ ਵੀ ਲਿਆ ਹੈ। ਉਨ੍ਹਾਂ ਦਾ ਪੈਰ-ਪੈਰ 'ਤੇ ਕਈ ਵਾਰ ਪਿਆਰ ਨਾਲ ਅਤੇ ਕਈ ਵਾਰ ਆਪਣੀ ਅਹਿਮੀਅਤ ਦੇ ਰੌਅ ਵਿਚ ਮੇਰਾ ਮਾਰਗ ਦਰਸ਼ਨ ਕਰਨਾ ਮੇਰੇ ਜੀਵਨ ਨੂੰ ਅਸਲ ਵਲ ਪ੍ਰੇਰਿਆ ਹੀ ਨਹੀਂ, ਉਸ ਲਈ ਮੌਕੇ ਵੀ ਉਪਲਬਧ ਕਰਵਾਏ ਹਨ। ਮੇਰੇ ਹਰ ਚੰਗੇ-ਮੰਦੇ ਵਿਹਾਰ ਪ੍ਰਤੀ ਉਨ੍ਹਾਂ ਦੀ ਸੰਜੀਦਗੀ ਕਈ ਵਾਰ ਮੈਨੂੰ ਇਮਾਨਦਾਰ ਪਛਤਾਵੇ ਦੇ ਆਲਮ ਵਿਚ ਵਿਚਰਨ ਲਈ ਮਜਬੂਰ ਕਰਦੀ ਹੈ। ਸਾਹਿਤਕ ਪਿੜਾਂ 'ਚ ਵਿਚਰਦੀ ਹਾਂ, ਪਰ ਕਿਸੇ ਖਾਸ ਪਿੜ ਦੀ ਝੰਡਾਬਰਦਾਰ ਬਣ ਕੇ ਨਹੀਂ। ਪੰਜਾਬੀ ਜ਼ੁਬਾਨ ਦੀ ਪਹਿਰੇਦਾਰੀ ਵਿਸ਼ਾਲ ਪਲੇਟਫਾਰਮ 'ਤੇ ਕਰਨ ਦੀ ਹਾਮੀ ਹਾਂ।

ਆਪਣੇ ਸੀਮਤ ਸਾਧਨਾਂ ਦੀ ਚਾਦਰ 'ਚ ਪੈਰ ਪਸਾਰਦਿਆਂ ਹੁਣ ਤੱਕ 31 ਕਿਰਤਾਂ ਨਾਲ ਸਾਹਿਤ ਦੀ ਸੇਵਾ ਕਰਨ ਦਾ ਉਪਰਾਲਾ ਕੀਤਾ ਹੈ, ਜਿਨ੍ਹਾਂ ਵਿਚ 3 ਕਾਵਿ ਸੰਗ੍ਰਿਹ, 2 ਕਹਾਣੀ ਸੰਗ੍ਰਿਹ, 5 ਵਾਰਤਕ ਦੀਆਂ ਕਿਤਾਬਾਂ, 14 ਅਨੁਵਾਦ ਦੀਆਂ ਕਿਤਾਬਾਂ ਅਤੇ 7 ਬਾਲ ਸਾਹਿਤ ਨਾਲ ਸਬੰਧਤ ਕਿਤਾਬਾਂ ਹਨ। ਲੋਕ ਕਵੀ ਗੁਰਦਾਸ ਰਾਮ ਆਲਮ ਦੇ ਸਮੁੱਚੇ ਕਾਵਿ ਦਾ ਅਨੁਵਾਦ ਅਤੇ ਸੰਪਾਦਨ ਕੀਤਾ ਹੈ। ਇਸੇ ਤਰ੍ਹਾਂ ਪੰਜਾਬ ਦੇ ਸਿੱਖਿਆ ਵਿਭਾਗ 'ਚ ਸਹਾਇਕ ਸਟੇਟ ਪ੍ਰਾਜੈਕਟ ਡਾਇਰੈਕਟਰ (ਪੈਡਾਗੋਜ਼ੀ) ਸਰਵ ਸਿੱਖਿਆ ਅਭਿਆਨ, ਪੰਜਾਬ ਦੇ ਅਹੁਦੇ 'ਤੇ ਡੈਪੂਟੇਸ਼ਨ ਦੇ ਆਧਾਰ 'ਤੇ ਕੰਮ ਕਰਦਿਆਂ ਕੋਈ 49 ਮਾਡਿਊਲਾਂ (ਸਮੇਤ ਦੋ-ਭਾਸ਼ੀ ਡਿਕਸ਼ਨਰੀ) ਦੀ ਸਿਰਜਣਾ/ਸੰਪਾਦਨਾ ਕੀਤੀ। ਕੋਈ 21 ਵਾਰ ਸਿੱਖਿਆ ਵਿਭਾਗ, ਪੰਜਾਬ ਦੀ ਕੌਮੀ ਪੱਧਰ 'ਤੇ ਪ੍ਰਤੀਨਿਧਤਾ ਕੀਤੀ। ਆਪਣੇ ਪਿਤਰੀ ਅਹੁਦੇ-ਲੈਕਚਰਰ ਪੰਜਾਬੀ ਤੋਂ ਸਾਲ 2016 ਵਿਚ ਰਿਟਾਇਰ ਹੋਈ ਹਾਂ। ਮਨੁੱਖ ਦੇ ਤੌਰ 'ਤੇ ਸਭ ਨੂੰ ਬਣਦਾ ਸਤਿਕਾਰ ਦੇਣਾ ਆਪਣਾ ਇਖਲਾਕੀ ਫਰਜ਼ ਸਮਝਦੀ ਹਾਂ। ਕਈਆਂ ਦੀ ਮੇਰੇ ਪ੍ਰਤੀ ਨਾਕਾਰ ਦੀ ਭਾਵਨਾ ਮੇਰੇ ਕਿਸੇ ਨਾ ਕਿਸੇ ਰੂਪ ਵਿਚ ਮੇਰੇ ਅੱਗੇ ਵਧਣ ਦਾ ਸਬਬ ਬਣੀ ਹੈ।

# ਰਾਜੀ ਖੁਸ਼ੀ ਦੀ ਚਿੱਠੀ

ਕਿਸੇ ਵੇਲੇ ਇੱਕ ਤੋਂ ਦੂਜੇ ਥਾਂ ਸਨੇਹਾ ਪਹੁੰਚਦਾ ਕਰਨ ਲਈ ਚਿੱਠੀਆਂ ਮੁੱਖ ਸਾਧਨ ਹੁੰਦੀਆਂ ਸਨ। ਹੱਥੀਂ ਲਿਖ ਕੇ ਕਿਸੇ ਦੇ ਹੱਥ ਦੇ ਕੇ ਭੇਜੀ ਚਿੱਠੀ ਨੂੰ ਰੁੱਕਾ ਕਹਿੰਦੇ ਸਨ। ਇੰਜ ਕਿਸੇ ਸਾਕ ਸਬੰਧੀ ਨੂੰ ਖੁਸ਼ੀ-ਗਮੀ ਦੀ ਖਬਰ ਭੇਜਣ ਲਈ ਕਿਸੇ ਖਾਸ ਬੰਦੇ ਦੇ ਹੱਥ, ਲਿਖ ਕੇ ਸੁਨੇਹਾ ਪਹੁੰਚਾਇਆ ਜਾਂਦਾ ਸੀ; ਉਹ ਸ਼ਖਸ ਆਪ ਜਾ ਕੇ ਦੂਰ ਦੁਰਾਡੇ ਪਿੰਡ ਉਹ ਰੁੱਕਾ ਪਹੁੰਚਦਾ ਕਰਦਾ ਸੀ। ਫਿਰ ਡਾਕ ਪ੍ਰਬੰਧ ਆ ਗਿਆ ਤੇ ਸੁਨੇਹੇ ਚਿੱਠੀਆਂ 'ਚ ਡਾਕ ਰਾਹੀਂ ਭੇਜੇ ਜਾਣ ਲੱਗੇ। ਡਾਕੀਆ ਘਰ ਘਰ ਡਾਕ ਵੰਡਿਆ ਕਰਦਾ ਸੀ। ਆਉਣ ਵਾਲੇ ਸੁੱਖ ਸਨੇਹੇ ਦੀ ਤਾਕ 'ਚ ਬੈਠੇ ਘਰ ਵਾਲਿਆਂ ਨੂੰ ਡਾਕੀਏ ਦੇ ਆਉਣ ਦੀ ਬੇਸਬਰੀ ਨਾਲ ਉਡੀਕ ਰਹਿੰਦੀ।



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਜਿਉਂ ਜਿਉਂ ਤਰੱਕੀ ਹੋਈ, ਡਾਕ ਦੀ ਥਾਂ ਸੁਨੇਹੇ ਭੇਜਣ ਦਾ ਸਿਲਸਿਲਾ ਟੈਲੀਫੋਨਾਂ 'ਤੇ ਹੋ ਗਿਆ ਅਤੇ ਚਿੱਠੀਆਂ ਲਿਖਣ ਲਿਖਾਉਣ ਦਾ ਰੁਝਾਨ ਹੌਲੀ ਹੌਲੀ ਖਤਮ ਹੋ ਜਾਣ ਕਿਨਾਰੇ ਜਾ ਪੁੱਜਾ। ਟੈਲੀਫੋਨਾਂ ਦੇ ਪਸਾਰ ਨੇ ਜਲਦ ਸੁਨੇਹੇ ਪਹੁੰਚਾਉਣ ਦਾ ਆਮ ਪਸਾਰਾ ਕਰ ਦਿੱਤਾ। ਚਿੱਠੀਆਂ 'ਚ ਜੋ ਗੱਲਾਂ ਘੋਟ ਘੋਟ, ਸੋਚ ਵਿਚਾਰ ਕੇ ਲਿਖੀਆਂ ਜਾਂਦੀਆਂ ਸਨ, ਉਨ੍ਹਾਂ ਦੀ ਥਾਂ ਟੈਲੀਫੋਨਾਂ ਨੇ ਝੱਟਪਟੀ ਨਾਲ ਬੈਨ ਦਿੱਤੀ। ਦਿਨਾਂ ਬੱਧੀ ਸੋਚ ਵਿਚਾਰ ਦੀ ਲੋੜ ਹੀ ਨਾ ਰਹੀ, ਜੀਅ ਕੀਤਾ ਜਿਹਨੂੰ ਮਰਜੀ ਫੋਨ ਕਰਕੇ ਗੱਲ ਕਰ ਲਓ; ਚੰਗੀ ਮਾੜੀ ਖਬਰ ਸਾਂਝੀ ਕਰ ਲਓ ਜਾਂ ਜਦੋਂ ਫੋਨ ਦੀ ਘੰਟੀ ਵੱਜੀ ਤਾਂ ਰਿਸੀਵਰ ਚੁੱਕ ਕੇ ਗੱਲ ਸੁਣ ਲਓ।

ਸਮੇਂ ਦੀ ਰਫਤਾਰ ਨੇ ਚਿੱਠੀਆਂ ਅਲੋਪ ਹੋਣ ਕਿਨਾਰੇ ਪਹੁੰਚਾ ਦਿੱਤੀਆਂ। ਟੈਲੀਫੋਨਾਂ ਤੋਂ ਅੱਗੇ ਹੁਣ ਉਨ੍ਹਾਂ ਦੀ ਥਾਂ ਟੈਕਸਟ ਮੈਸੇਜ ਤੇ ਈ-ਮੇਲਾਂ ਨੇ ਲੈ ਲਈ। ਜਦੋਂ ਮਰਜੀ ਜਿੱਥੇ ਮਰਜੀ ਬੈਠੇ ਟੈਕਸਟ ਮੈਸੇਜ ਭੇਜ ਦਿਓ ਜਾਂ ਈ-ਮੇਲ ਕਰ ਦਿਓ, ਅਗਲਾ ਆਪੇ ਸੁਨੇਹਾ ਪੜ੍ਹ ਕੇ ਤੁਹਾਨੂੰ ਜੁਆਬ ਦੇ ਦਏਗਾ।

ਨਵੀਂ ਤੋਂ ਨਵੀਂ ਤਕਨਾਲੋਜੀ ਦੀਆਂ ਕਾਢਾਂ ਨੇ ਸੁਨੇਹੇ ਪਹੁੰਚਦੇ ਕਰਨ ਦਾ ਅੱਜ ਤੌਰ ਤਰੀਕਾ ਹੀ ਬਦਲ ਕੇ ਰੱਖ ਦਿੱਤਾ ਹੈ। ਸ਼ਾਂਤ ਅਤੇ ਸਹਿਜ ਦਾ ਮਾਹੌਲ ਕਾਹਲ 'ਚ ਬਦਲ ਗਿਆ ਹੈ। ਹਰ ਗੱਲ ਤੱਤ ਭੜੱਤ ਹੋਣ ਲੱਗੀ ਹੈ। ਨਾ ਤੁਰ ਕੇ ਦੇਣ ਆਏ ਸਨੇਹੀ ਦੇ ਰੁੱਕੇ ਦੀ ਆਸ, ਨਾ ਡਾਕੀਏ ਦੀ ਚਿੱਠੀ ਦੀ ਆਸ ਤੇ ਨਾ ਫੋਨ ਦੀ ਘੰਟੀ ਵੱਜਣ ਦੀ ਝਾਕ; ਇਹ ਸਭ ਕੁਝ ਹੁਣ ਟੈਕਸਟ ਸੁਨੇਹਿਆਂ ਅਤੇ ਈ-ਮੇਲਾਂ 'ਤੇ ਪ੍ਰਚਲਿਤ ਹੋਈ ਜਾ ਰਿਹਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਪਰ ਜ਼ਿਕਰ ਕੀਤੇ ਸੁਨੇਹਾ ਭੇਜਣ ਦੇ ਪੁਰਾਤਨ ਸਾਧਨ ਉੱਕਾ ਹੀ ਖਤਮ ਹੋ ਗਏ ਹਨ।

ਖੈਰ! ਆਪਾਂ ਗੱਲ ਰਾਜੀ ਖੁਸ਼ੀ ਦੀ ਚਿੱਠੀ ਤੋਂ ਸ਼ੁਰੂ ਕੀਤੀ ਸੀ, ਮੁੜ ਉਧਰ ਹੀ ਆਉਂਦੇ ਹਾਂ। ਪਿਛਲੇ ਸਮਿਆਂ 'ਚ, ਖਾਸ ਕਰ ਪਿੰਡਾਂ ਵਿਚ ਹਰ ਕੋਈ ਪੜ੍ਹਿਆ ਲਿਖਿਆ ਨਹੀਂ ਸੀ ਹੁੰਦਾ ਤੇ ਇੰਜ ਹਰ ਕੋਈ ਚਿੱਠੀ ਆਪ ਲਿਖਣ ਤੇ ਪੜ੍ਹਨ ਦੇ ਸਮਰੱਥ ਨਹੀਂ ਸੀ ਹੁੰਦਾ। ਚਿੱਠੀ ਲਿਖਾਉਣ ਲਈ ਕਿਸੇ ਪੜ੍ਹੇ-ਲਿਖੇ ਆਂਢੀ ਗੁਆਂਢੀ ਦਾ ਓਟ ਆਸਰਾ ਲੈਣਾ ਪੈਂਦਾ ਸੀ, ਜੋ ਤੁਹਾਡੇ ਮਨ ਦੀਆਂ ਭਾਵਨਾਵਾਂ ਅਤੇ ਸੁਨੇਹਿਆਂ ਨੂੰ ਚਿੱਠੀ 'ਚ ਘਰੋੜ ਘਰੋੜ ਕੇ ਲਿਖ ਸਕੇ; ਇੰਜ ਹੀ ਆਈ ਚਿੱਠੀ ਪੜ੍ਹਾਉਣ ਲਈ ਵੀ ਉਨ੍ਹਾਂ ਕੋਲ ਹੀ ਜਾਣਾ ਪੈਂਦਾ ਸੀ।

ਪਿਛਲੀ ਸਦੀ ਦੇ ਪੰਜਾਹਵਿਆਂ 'ਚ ਦੂਜਾ ਵਿਸ਼ਵ ਯੁੱਧ ਖਤਮ ਹੋਣ ਪਿਛੋਂ ਇੰਗਲੈਂਡ ਵਿਚ ਕਾਰਖਾਨੇ ਧੜਾ ਧੜ ਚੱਲਣ ਲੱਗੇ। ਕਾਮਿਆਂ ਦੀ ਥੁੜ੍ਹ ਪੂਰੀ ਕਰਨ ਲਈ ਪੰਜਾਬ ਤੋਂ, ਖਾਸ ਕਰਕੇ ਦੁਆਬੇ ਦੇ ਪਿੰਡਾਂ ਵਿਚੋਂ ਨੌਜੁਆਨ ਗੱਭਰੂ ਇੰਗਲੈਂਡ ਨੂੰ ਵਹੀਰਾਂ ਘੱਤ ਤੁਰ ਪਏ। ਸੁਨੇਹੇ ਉਦੋਂ ਚਿੱਠੀਆਂ ਰਾਹੀਂ ਹੀ ਪਹੁੰਚਦੇ ਸਨ, ਡਾਕ ਪ੍ਰਬੰਧ ਬਹੁਤ ਵਧੀਆ ਸੀ; ਇੰਗਲੈਂਡ ਤੋਂ ਪੰਜਾਂ ਦਿਨਾਂ ਵਿਚ ਚਿੱਠੀ ਪਿੰਡ ਦੇ ਸਿਰਨਾਂਵੇਂ 'ਤੇ ਪਹੁੰਚ ਜਾਂਦੀ ਸੀ। ਇੱਥੋਂ ਤੱਕ ਕਿ ਚਿੱਠੀ ਭਾਰਤ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਤਸੀ ਤੀਜੇ ਦਿਨ ਪਹੁੰਚਦੀ ਹੋ ਜਾਂਦੀ ਸੀ।

ਇੰਗਲੈਂਡ ਪਹੁੰਚੇ ਪੰਜਾਬੀ ਸੂਰਮੇ ਧੜਾ ਧੜ ਫੌਂਡਰੀਆਂ 'ਚ ਕੰਮ ਕਰਕੇ ਪਿੱਛੇ ਆਪਣੇ ਸਾਂਝੇ ਪਰਿਵਾਰਾਂ ਨੂੰ ਮਨੀ ਆਰਡਰ ਭੇਜਣ ਲੱਗੇ; ਨਾਲ ਹੀ ਇੰਗਲੈਂਡ ਤੋਂ ਵਲੈਤ ਦੀ ਰਾਣੀ ਦੀ ਫੋਟੋ ਵਾਲੀਆਂ ਨੀਲੀਆਂ ਚਿੱਠੀਆਂ ਨੇ ਡਾਕੀਆਂ ਦੇ ਝੋਲੇ ਨੱਕੋ ਨੱਕ ਭਰਨ ਲਾ ਦਿੱਤੇ। ਇੰਗਲੈਂਡ ਦੀਆਂ ਫੌਂਡਰੀਆਂ 'ਚ ਕੱਲਮ 'ਕੱਲੇ ਲੋਹਾ ਢਾਲਦੇ ਤੇ ਸਖਤ ਮੁਸ਼ੱਕਤ ਕਰਦੇ ਆਪਣੇ ਲਾਡਲਿਆਂ ਨੂੰ ਪਿੱਛੇ ਬੈਠੇ ਘਰ ਦੇ, ਹੋਰ ਤਾਂ ਕੁਝ ਨਹੀਂ ਸੀ ਕਰ ਸਕਦੇ ਪਰ ਰਾਜੀ ਖੁਸ਼ੀ ਦੀਆਂ ਚਿੱਠੀਆਂ ਲਿਖ ਲਿਖਾ ਕੇ ਪਾਉਣ ਤੋਂ ਬਿਨਾ ਉਨ੍ਹਾਂ ਲਈ ਹੋਰ ਕੋਈ ਵੱਧ ਉਤਸ਼ਾਹ ਗੱਲ ਵੀ ਨਹੀਂ ਸੀ ਹੁੰਦੀ। ਚਿੱਠੀਆਂ 'ਚ ਗੱਲਾਂ ਆਮ ਲਿਖੀਆਂ ਹੁੰਦੀਆਂ ਸਨ ਕਿ ਕਾਕਾ ਸਾਡਾ ਫਿਕਰ ਨਾ ਕਰੀਂ, ਸਭ ਠੀਕ ਠਾਕ ਹੈ, ਆਪਣਾ ਖਿਆਲ ਰੱਖੀਂ, ਕੰਮ ਧਿਆਨ ਨਾਲ ਕਰੀਂ; ਪਰ ਨਾਲ ਹੀ ਅਗਲੀ ਸਤਰ 'ਚ ਇਹ ਲਿਖ ਦੇਣਾ ਕਿ ਆਪਣੀ ਬੂਰੀ ਝੋਟੀ ਤੋਕੜ ਹੋ ਗਈ ਹੈ, ਹੁਣ ਲਵੇਰਾ ਕੋਈ ਹੈ ਨਹੀਂ, ਗੁਆਂਢੀਆਂ ਦੀ ਸੀਬੋ ਕੇ ਘਰੋਂ ਲੱਸੀ ਲਿਆ ਕੇ ਪਤਲੀ ਕਰ ਸਵੇਰ ਦੇ ਸ਼ਾਹਵੇਲੇ ਦਾ ਸਾਰ ਲਈਦਾ ਹੈ। ਹੋਰ ਤੂੰ ਸਾਡਾ ਫਿਕਰ ਨਾ ਕਰੀਂ, ਕੰਮ ਕਰਦਾ ਸੱਟ ਫੇਟ ਤੋਂ ਬਚੀਂ, ਸੁਣਿਆ ਕੰਮ ਸਖਤ ਹਨ, ਇੰਗਲੈਂਡ ਵਿਚ। ਤੇਰਾ ਭੇਜਿਆ ਪੰਜ ਸੌ ਰੁਪਏ ਦਾ ਮਨੀ ਆਰਡਰ ਮਿਲ ਗਿਆ ਸੀ, ਪੈਸੇ ਥਾਂਉਂ ਥਾਂਈਂ ਲੱਗ ਗਏ ਹਨ। ਕੱਪੜੇ ਵਾਲੇ ਦਮੋਦਰ ਦਾ ਉਧਾਰ ਵੀ ਮੋੜ ਦਿੱਤਾ ਹੈ, ਚੂਨੀ ਦੀ ਹੱਟੀ ਤੋਂ ਉਧਾਰ ਆਏ ਪਿਛਲੇ ਮਹੀਨਿਆਂ ਦੇ ਸੌਦੇ ਦੇ ਪੈਸੇ ਵੀ ਸਾਰੇ ਦੇ ਦਿੱਤੇ ਹਨ, ਹੁਣ ਉਸ ਦਾ ਕੋਈ ਪੈਸਾ ਆਪਣੇ ਵਲ ਨਹੀਂ ਰਹਿੰਦਾ। ਅੱਗੋਂ ਤੋਂ ਜਿਹੜੀ ਘਰ ਵਰਤੋਂ ਲਈ ਚਾਹ ਪੱਤੀ, ਲੂਣ, ਖੰਡ, ਸਾਬਣ ਸੋਢਾ ਆਦਿ ਹੋਰ ਲੋੜ ਮੁਤਾਬਕ ਲਿਆਵਾਂਗੇ; ਚੂਨੀ ਕਹਿੰਦਾ ਸੀ ਪਈ ਤੁਸੀਂ ਫਿਕਰ ਨਾ ਕਰਿਓ ਮੈਂ ਪੈਸਾ ਪੈਸਾ ਲਿਖੀ ਜਾਊਂ, ਭਾਵੇਂ ਛੇ ਮਹੀਨਿਆਂ ਨੂੰ ਇਕੱਠੇ ਹੀ ਦੇ ਦਿਓ। ਕਾਕਾ ਇਹ ਵੀ ਬੜੀ ਮੌਜ ਐ ਉਹ ਉਧਾਰ ਦੇਣ ਲੱਗਾ ਹੁੱਤ ਨਹੀਂ ਕਰਦਾ। ਤੂੰ ਸਾਡਾ ਫਿਕਰ ਨਾ ਕਰੀਂ, ਅਸੀਂ ਔਖੇ ਸੌਖੇ ਸਾਰੀ ਜਾਵਾਂਗੇ। ਹਾਂ ਇੱਕ ਗੱਲ ਹੋਰ ਦੱਸ ਦਿਆਂ ਕਿ ਆਪਣਾ ਬੱਗਾ ਬੌਲਦ ਲੰਗਾ ਕੇ ਤੁਰਦਾ, ਲਗਦਾ ਉਸ ਦਾ ਚੂਲਾ ਉਤਰ ਗਿਆ। ਬਾਜੀਗਰ ਈਸ਼ਰ ਰੋਜ਼ ਆਉਂਦਾ, ਤੱਤੇ ਪਾਣੀ 'ਚ ਲੂਣ ਫਟਕੜੀ ਤੇ ਤੇਲ ਪਾ ਕੇ ਟਕੋਰ ਕਰ ਜਾਂਦਾ। ਰੱਬ ਖੈਰ ਕਰੇ ਰਾਮ ਆ ਜਾਏ, ਨਹੀਂ ਤਾਂ ਕਿਤੇ ਨਵਾਂ ਬੌਲਦ ਨਾ ਲੈਣਾ ਪੈ ਜਾਏ। ਇਹ ਵੀ ਹੋਰ ਖਰਚਾ ਆ ਜਾਣਾ; ਮੂਹਰੇ ਕਣਕ ਬੀਜਣ ਵਾਲੀ ਐ, ਬੌਲਦ ਬਿਨਾ ਤਾਂ ਸਰਨਾ ਹੀ ਨਹੀਂ! ਹਾਂ ਹੋਰ ਸਭ ਠੀਕ ਹੈ, ਸਾਡਾ ਫਿਕਰ ਨਾ ਕਰੀਂ, ਅਸੀਂ ਔਖੇ ਸੌਖੇ ਸਾਰੀ ਜਾਵਾਂਗੇ।



ਲੈ ਇਹ ਤਾਂ ਚੇਤਾ ਹੀ ਭੁੱਲ ਗਿਆ ਸੀ, ਐਤਕੀਂ ਬਰਸਾਤਾਂ 'ਚ ਮੀਂਹ ਬੜੇ ਪਏ, ਦਲਾਨ ਦੇ ਮਗਰਲੀ ਕੋਠੜੀ ਦੀ ਛੱਤ ਚੋ ਗਈ, ਗੁੜ ਤੇ ਸ਼ੱਕਰ ਵਾਲੀਆਂ ਮੱਟੀਆਂ 'ਚ ਚੋਏ ਦਾ ਪਾਣੀ ਪੈ ਕੇ ਗੁੜ ਸ਼ੱਕਰ ਖਰਾਬ ਹੋ ਗਿਆ। ਕਣਕ ਵਾਲੀ ਭੜੋਲੀ 'ਤੇ ਚੋਆ ਪੈ ਕੇ ਕਣਕ ਭੀ ਗਿੱਲੀ ਹੋ ਗਈ, ਜੋ ਬੀ ਲਈ ਰੱਖੀ ਸੀ। ਹੁਣ ਸ਼ਾਇਦ ਕਣਕ ਬੀਜਣ ਲਈ ਬੀ ਵੀ ਮੁੱਲ ਲੈਣਾ ਪਊ। ਕਾਕਾ ਅੱਗੇ ਤੈਨੂੰ ਤਾਂ ਨਹੀਂ ਦੱਸਿਆ ਕਿ ਤੂੰ ਫਿਕਰ ਕਰੇਂਗਾ। ਹੁਣ ਤੂੰ ਫਿਕਰ ਨਾ ਕਰੀ ਸਭ ਠੀਕ ਠਾਕ ਹੈ। ਦੱਸਣਾ ਭੁੱਲ ਗਏ ਹਾਂ ਸੱਚ, ਤੇਰੇ ਬਾਪੂ ਜੀ ਦੇ ਗੋਡੇ 'ਤੇ ਸੱਟ ਲੱਗ ਗਈ, ਹੁਣ ਅੱਗੇ ਨਾਲੋਂ ਰਾਮ ਐ, ਥੋੜਾ ਲੰਗ ਮਾਰ ਕੇ ਤੁਰਦੇ ਆ। ਡਾਕਟਰ ਕਹਿੰਦਾ ਸੀ, ਹੌਲੀ ਹੌਲੀ ਰਾਮ ਆਊ।

ਪੁੱਤਰ ਔਖਿਆਈਆਂ ਸੌਖਿਆਈਆਂ ਆਉਂਦੀਆਂ ਹੀ ਹਨ, ਅਸੀਂ ਕੱਟ ਲਵਾਂਗੇ ਤੂੰ ਸਾਡਾ ਫਿਕਰ ਨਾ ਕਰੀਂ, ਅਸੀਂ ਠੀਕ ਠਾਕ ਹਾਂ। ਜਦੋਂ ਬੱਦਲ ਹੁੰਦਾ ਤਾਂ ਦਿਲ ਧੁੜਕੂੰ ਧੁੜਕੂੰ ਕਰਨ ਲਗਦੈ ਕਿ ਕਿਤੇ ਮੂਹਰੇ ਦਲਾਨ ਦੀ ਛੱਤ ਨਾ ਚੋਣ ਲੱਗ ਜਾਏ; ਆਪਣੇ ਤਾਂ ਸਾਰੇ ਸੰਦੂਕ ਪੇਟੀਆਂ ਪਏ ਈ ਉਥੇ ਨੇ, ਸਾਰਾ ਕੱਪੜਾ ਲੱਤਾ ਉਨ੍ਹਾਂ 'ਚ ਈ ਹੈ। ਕੱਪੜੇ ਕਿਹੜਾ ਰੋਜ ਰੋਜ ਬਣਦੇ ਆ; ਕਿਤੇ ਦਲਾਨ ਕੱਚਾ ਢਾਹ ਕੇ ਪੱਕਾ ਪਾ ਲਈਏ ਤਾਂ ਰੋਜ ਰੋਜ ਦਾ ਫਿਕਰ ਮੁੱਕ ਜੂ, ਤੂੰ ਤਾਂ ਅੱਗੇ ਹੀ ਸਾਡਾ ਬਥੇਰਾ ਖਿਆਲ ਰੱਖਦਾਂ; ਪੈਸੇ ਜਿਹੜੇ ਭੇਜਦਾਂ ਸਭ ਡੁੱਬੀ ਬਣ ਜਾਂਦੇ ਆ, ਪਤਾ ਹੀ ਨਹੀਂ ਲੱਗਦਾ ਕਿੱਧਰ ਗਏ? ਤੂੰ ਸਾਡਾ ਫਿਕਰ ਨਾ ਕਰੀਂ, ਅਸੀਂ ਰਾਜੀ ਖੁਸ਼ੀ ਹਾਂ; ਕੰਮ ਤਕੜਾ ਹੋ ਕੇ ਕਰੀਂ।

ਧੰਤੀ ਆਈ ਸੀ, ਦੱਸਦੀ ਸੀ ਉਨ੍ਹਾਂ ਦੇ ਗੇਜੇ ਦਾ ਬੜਾ ਓਵਰ ਟੈਮ ਲਗਦਾ ਲੋਹੇ ਦੀ ਫੌਂਡਰੀ 'ਚ, ਉਨ੍ਹਾਂ ਨੇ ਤਾਂ ਸਾਰੇ ਕੱਚੇ ਢਾਹ ਕੇ ਪੱਕੇ ਪਾ ਲਏ, ਤੈਥੋਂ ਸਾਲ ਪਹਿਲਾਂ ਹੀ ਗਿਆ ਸੀ ਬਲੈਤ ਨੂੰ; ਓਹਨੇ ਤਾਂ ਘਰ ਦੇ ਸਾਰੇ ਧੋਣ ਧੋ ਦਿੱਤੇ। ਕਹਿੰਦੀ, ਉਹ ਤਾਂ ਸੱਤੇ ਦਿਨ ਬਾਰਾਂ ਬਾਰਾਂ ਘੰਟੇ ਕੰਮ ਕਰਦਾ, ਤਦੇ ਏਨੇ ਪੈਸੇ ਭੇਜੇ ਆ। ਕਾਕਾ ਪੈਸੇ ਤਾਂ ਤੂੰ ਵੀ ਬਥੇਰੇ ਭੇਜਦਾਂ ਪਰ ਖਰਚੇ ਈ ਨਹੀਂ ਪੇਸ਼ ਜਾਣ ਦਿੰਦੇ।

ਹਾਂ ਕਾਕਾ, ਇੱਕ ਗੱਲ ਹੋਰ ਦੱਸਣੀ ਭੁੱਲ ਗਏ, ਰੁੜਕੇ ਵਾਲੇ ਤੇਰੇ ਫੁੱਫੜ ਜੀ ਪੂਰੇ ਹੋ ਗਏ, ਪਿਛਲੇ ਹਫਤੇ ਉਸ ਦੇ ਦਾਗਾਂ 'ਤੇ ਗਏ ਸੀ, ਅਸੀਂ ਆਪਣਾ ਦੇਣ ਲੈਣ ਜੋ ਬਣਦਾ ਸੀ, ਕਰ ਦਿੱਤਾ, ਖਰਚਾ ਕਾਫੀ ਹੋ ਗਿਆ। ਸ਼ਰੀਕਾ ਵੀ ਨਹੀਂ ਟਿਕਣ ਦਿੰਦਾ, ਭਾਈਚਾਰੇ 'ਚ ਮੂੰਹ ਰੱਖਣ ਲਈ ਸਭ ਕੁਝ ਕਰਨਾ ਪੈਂਦਾ ਹੈ। ਖੜ੍ਹੇ ਪੈਰ ਖਰਚਾ ਆ ਗਿਆ ਕਰਕੇ ਬਿੱਸੀ ਲਾਗਣ ਨੂੰ ਭੇਜ ਕੇ ਪਾਖਰ ਸ਼ਾਹ ਤੋਂ ਵਿਆਜੂ ਪੈਸੇ ਲੈ ਕੇ ਬੁੱਤਾ ਸਾਰਿਆ। ਸੌ 'ਤੇ ਤਿੰਨ ਵਿਆਜ ਦੇ ਲਗਦੇ ਐ ਮਹੀਨੇ ਦੇ। ਕੀ ਕਰੀਏ ਤੇਰੇ ਫੁੱਫੜ ਨੇ ਕਿਹੜਾ ਰੋਜ ਰੋਜ ਮਰਨਾ; ਇਹ ਤਾਂ ਖਰਚਾ ਕਰਨਾ ਈ ਪੈਣਾ ਸੀ, ਨਹੀਂ ਤਾਂ ਅਸੀਂ ਨੱਕ ਦੇਣ ਜੋਗੇ ਨਹੀਂ ਸੀ ਰਹਿਣਾ ਸ਼ਰੀਕਾਂ 'ਚ।

ਤੇਰੇ ਫੁੱਫੜ ਦੇ 'ਕੱਠ 'ਤੇ ਖਰਚਾ ਤੇਰੀ ਭੂਆ ਦਾ ਵੀ ਬਥੇਰਾ ਹੋ ਗਿਆ। ਸਾਰੇ ਪਿੰਡ ਨੂੰ ਲੱਡੂ ਜਲੇਬੀਆਂ ਪਾਏ। ਰੋਟੀ ਬਣਾਉਣ ਲਈ ਗੁਰਾਇਆਂ ਦਾ ਮਸ਼ਹੂਰ ਹਲਵਾਈ ਚਾਨਣ ਕੀਤਾ ਸੀ; ਬੜਾ ਮਹਿੰਗਾ ਹਲਵਾਈ ਐ, ਪੈਸੇ ਠੋਕ ਕੇ ਲੈ ਕੇ ਗਿਆ, ਨਿੰਜ ਹੋਣਾ ਕਹਿੰਦਾ, ਇਨ੍ਹਾਂ ਨੂੰ ਬਥੇਰੇ ਬਲੈਤੋਂ ਪੈਸੇ ਆਉਂਦੇ ਆ। ਪੁੱਤ ਤੂੰ ਹੋਰ ਫਿਕਰ ਨਾ ਕਰੀਂ, ਅਸੀਂ ਠੀਕ ਠਾਕ ਹਾਂ।

ਹੁਣ ਦੱਸੋ! ਮੁੰਡਾ ਬਲੈਤ ਬੈਠਾ ਫਿਕਰ ਕਿਉਂ ਨਾ ਕਰੂ? ਫੁੱਫੜ ਵੀ ਮਰ ਗਿਆ, ਉਹਦੇ ਮਰਨੇ 'ਤੇ ਖਰਚਾ ਵੀ ਹੋ ਗਿਆ, ਉਧਾਰ ਪੈਸੇ ਲੈਣੇ ਪਏ, ਮੱਝ ਵੀ ਤੋਕੜ ਹੋ ਗਈ, ਬਲਦ ਦਾ ਚੂਲਾ ਉਤਰ ਗਿਆ, ਛੱਤਾਂ ਵੀ ਚੋਂਦੀਆਂ, ਬਾਪੂ ਵੀ ਲੰਗਾ ਕੇ ਤੁਰਨ ਲੱਗਾ; ਸਭ ਠੀਕ ਕੀ ਹੈ? ਰਾਜੀ ਖੁਸ਼ੀ ਕਾਹਦੇ ਹਨ? ਮੁੰਡਾ ਤਾਂ ਅਗਲੇ ਦੋ ਸਾਲ ਬਾਰਾਂ ਬਾਰਾਂ ਘੰਟੇ ਸੱਤੇ ਦਿਨ ਕੰਮ ਕਰੇ, ਉਸ ਨੇ ਤਾਂ ਵੀ ਨਹੀਂ ਟੁੱਟੇ ਲੜ ਪੂਰੇ ਕਰ ਸਕਣੇ।

ਅਜਿਹੀਆਂ ਹੁੰਦੀਆਂ ਸਨ ਪਿੰਡਾਂ ਦੇ ਪਰਿਵਾਰਾਂ ਦੀਆਂ, ਆਪਣੇ ਲਾਡਲੇ ਪੁੱਤਰਾਂ ਨੂੰ ਇੰਗਲੈਂਡ ਦੀਆਂ ਫੌਂਡਰੀਆਂ 'ਚ ਤੱਤੇ ਲੋਹੇ ਮੂਹਰੇ ਲੋਹਾ ਹੋਏ, ਲੋਹਾ ਢਾਲਦਿਆਂ ਨੂੰ ਲਿਖੀਆਂ ਰਾਜੀ ਖੁਸ਼ੀ ਦੀਆਂ ਚਿੱਠੀਆਂ। ਇਨ੍ਹਾਂ ਚਿੱਠੀਆਂ ਦੀਆਂ ਡੂੰਘੀਆਂ ਰਮਜ਼ਾਂ ਹੁੰਦੀਆਂ ਸਨ। ਇਕ ਆਮ ਕਿਸੇ ਪਾੜ੍ਹੇ ਤੋਂ ਲਿਖਾਈ ਚਿੱਠੀ ਅੱਗੇ ਪਿੱਛੇ ਸਾਰੇ ਟੱਬਰ ਦੇ ਜੀਵਨ ਬਿਰਤਾਂਤ 'ਤੇ ਸਹਿਜੇ ਹੀ ਬੜੀ ਬਾਰੀਕੀ ਨਾਲ ਝਲਕ ਪੁਆ ਦਿਆ ਕਰਦੀ ਸੀ।

ਜ਼ਮਾਨੇ ਬਦਲ ਗਏ, ਸਮੇਂ ਬਦਲ ਗਏ, ਹਾਲਾਤ ਬਦਲ ਗਏ, ਮੋਹ ਮੁਹੱਬਤਾਂ ਖੰਭ ਲਾ ਕੇ ਉਡ ਗਏ; ਚਿੱਠੀਆਂ ਲਿਖਣ ਲਿਖਾਉਣ ਦੀਆਂ ਝਾਕਾਂ ਮੁੱਕ ਗਈਆਂ; ਚਿੱਠੀਆਂ ਲਿਖਣ ਵਾਲੇ ਤੇ ਮੂਹਰੇ ਪੜ੍ਹਨ ਵਾਲੇ ਅਲੋਪ ਹੋ ਗਏ। ਕਿਤੇ ਜੇ ਕਿਸੇ ਹਾਲੇ ਭੀ ਉਹ ਸੱਠ ਸੱਤਰ ਸਾਲ ਪੁਰਾਣੀਆਂ ਹੱਥ ਲਿਖਤ ਚਿੱਠੀਆਂ ਸਾਂਭੀਆਂ ਹੋਣ ਤਾਂ ਉਹ ਆਉਣ ਵਾਲੇ ਸਮੇਂ 'ਚ ਭਵਿੱਖ ਦੀਆਂ ਪੀੜ੍ਹੀਆਂ ਲਈ ਇਤਿਹਾਸਕ ਦੁਰਲੱਭ ਵਸਤੂ ਹੋਣਗੀਆਂ। ਉਨ੍ਹਾਂ ਇਤਿਹਾਸਕ ਚਿੱਠੀਆਂ ਨੂੰ ਪੜ੍ਹ ਕੇ ਸਾਡੀਆਂ ਪਿਛਲੀਆਂ ਪੀੜ੍ਹੀਆਂ ਦੇ ਰਹਿਣ ਸਹਿਣ ਦੇ ਜੀਵਨ 'ਤੇ ਇੱਕ ਵਡਮੁੱਲੀ ਝਾਤ ਪੁਆ, ਸਾਨੂੰ ਸਾਡੇ ਪੇਂਡੂ ਪਿਛੋਕੜ ਦੇ ਦਰਸ਼ਨ ਕਰਵਾਉਣਗੀਆਂ। ਸਾਡਾ ਅਮੀਰ ਵਿਰਸਾ, ਸਾਦਾ ਰਹਿਣ ਸਹਿਣ ਅਤੇ ਸਹਿਜ ਅੰਦਾਜ਼ 'ਚ ਕਹੀਆਂ ਗੱਲਾਂ, ਜਿਨ੍ਹਾਂ ਦੇ ਡੂੰਘੇ ਤੇ ਗੂੜ੍ਹੇ ਮਤਲਬ ਸਨ, ਦਾ ਪ੍ਰਤੀਕ ਬਣਦੀਆਂ; ਇਹ ਵਡਮੁੱਲੀਆਂ 'ਰਾਜੀ ਖੁਸ਼ੀ ਦੀਆਂ ਚਿੱਠੀਆਂ' ਯਾਦ ਕਰ ਤੇ ਪੜ੍ਹ ਕੇ ਸਾਨੂੰ ਅਦੁੱਤੀ ਸਕੂਨ ਦਿੰਦੀਆਂ ਹਨ ਅਤੇ ਸਾਡੇ ਪਿਛੋਕੜ ਦੇ ਅਹਿਮ ਵਿਰਸੇ 'ਤੇ ਵੀ ਝਾਤ ਪਵਾਉਂਦੀਆਂ ਹਨ।




## ਕਾਵਿ ਜਗਤ

### ਤੇਰੇ ਸ਼ਹਿਰ ਵਿਚ

ਹੋ ਰਿਹਾ ਹੈ, ਨਰ-ਸੰਘਾਰ ਤੇਰੇ ਸ਼ਹਿਰ ਵਿਚ
ਸੜ ਰਹੇ ਨੇ ਘਰ, ਕਾਰੋਬਾਰ ਤੇਰੇ ਸ਼ਹਿਰ ਵਿਚ।

ਬੇਖਬਰ ਬਾਂਹ ਸਿਰਹਾਣੇ ਰੱਖ ਕੇ ਸੁੱਤਾ ਏਂ ਤੂੰ
ਮੱਚੀ ਪਈ ਏ ਹਾਹਾਕਾਰ ਤੇਰੇ ਸ਼ਹਿਰ ਵਿਚ।

ਆਹਲਣਿਆਂ ਵਿਚ ਪੰਛੀ ਵੀ ਸਹਿਮੇ ਬੈਠੇ ਨੇ
ਚੁਣ ਚੁਣ ਕਰ ਰਹੇ ਸ਼ਿਕਾਰ ਤੇਰੇ ਸ਼ਹਿਰ ਵਿਚ।

ਗਮਗੀਨ ਮਾਹੌਲ ਏ, ਧੂੰਆਂ-ਧਾਰ ਫਿਜ਼ਾਵਾਂ ਨੇ
ਚੁਫੇਰੇ ਛਾਇਆ ਏ ਅੰਧਕਾਰ ਤੇਰੇ ਸ਼ਹਿਰ ਵਿਚ।

ਨਫਰਤ ਦੇ ਨਾਹਰੇ ਗੂੰਜ ਰਹੇ ਨੇ ਚਾਰੇ ਹੀ ਪਾਸੇ
ਮੁਹੱਬਤ ਹੋ ਗਈ ਤਾਰ ਤਾਰ ਤੇਰੇ ਸ਼ਹਿਰ ਵਿਚ।

ਏਨਾ ਬੇ-ਯਕੀਨੀ ਦਾ ਆਲਮ ਉਸਰ ਗਿਆ ਹੈ
ਸਾਹ ਲੈਣਾ ਹੋਇਆ ਦੁਸ਼ਵਾਰ ਤੇਰੇ ਸ਼ਹਿਰ ਵਿਚ।

ਤੇਰੇ ਹੀ ਪਿਆਦੇ, ਤੇਰੇ ਹੀ ਮੁਸ਼ੀਰ ਕਰ ਰਹੇ ਨੇ
ਜ਼ਹਿਰ ਦਾ ਇਹ ਕਾਰੋਬਾਰ ਤੇਰੇ ਸ਼ਹਿਰ ਵਿਚ।

ਹਮਦਰਦੀ ਦੇ ਦੋ ਲਫਜ਼ ਵੀ ਨ੍ਹੀਂ ਸਰੇ ਤੇਰੇ ਕੋਲੋਂ
ਹੋ ਰਹੀਆਂ ਅਸਮਤਾਂ ਖੁਆਰ ਤੇਰੇ ਸ਼ਹਿਰ ਵਿਚ।

ਜੇ ਵਾੜ ਹੀ ਖੇਤ ਨੂੰ ਖਾਣ ਲੱਗ ਪਵੇਗੀ ਤਾਂ ਕੌਣ
ਰਾਖੇ ਦਾ ਕਰੇਗਾ ਇਤਬਾਰ ਤੇਰੇ ਸ਼ਹਿਰ ਵਿਚ।

ਅੱਜ ਦੇ ਨੀਰੋ ਮਸਤ ਬੈਠੇ ਬੰਸਰੀ ਵਜਾ ਰਹੇ ਨੇ
ਮੁਲਕ ਦੀ ਬੇੜੀ ਫਸੀ ਮੰਝਧਾਰ ਤੇਰੇ ਸ਼ਹਿਰ ਵਿਚ।

ਯਾਦ ਰੱਖ ਡੁੱਬੇਗੀ ਬੇੜੀ ਤਾਂ ਡੁੱਬਣਗੇ ਸਾਰੇ ਹੀ
ਛੁੱਟ ਜਾਣੈ ਤੈਥੋਂ ਵੀ ਪਤਵਾਰ ਤੇਰੇ ਸ਼ਹਿਰ ਵਿਚ।

ਨਾ ਕਰ ਤੂੰ ਇਤਨਾ ਵੀ ਮਜ਼ਬੂਰ ਬੇਵੱਸ ਲੋਕਾਂ ਨੂੰ
ਉਠਾ ਨਾ ਲੈਣ ਕਿਤੇ ਤਲਵਾਰ ਤੇਰੇ ਸ਼ਹਿਰ ਵਿਚ।

*-ਚੰਨ*
*ਫੋਨ: 908-788-8427*

---

### ਚੰਦਰੀ ਸਿਉਂਕ

ਬੰਦਾ ਭੇਜਿਆ ਰੱਬ ਨੇ ਖੁਦ ਰੂਪ ਦੇ ਕੇ,
ਪਰ ਉਸ ਨੇ ਧਰਤ ਅਸਮਾਨ ਵੰਡ ਲਏ।

ਸਰਬ ਸਾਂਝਾ ਧਰਮ ਇੱਕ ਮਨੁੱਖਤਾ ਦਾ,
ਚਤੁਰ ਬੰਦਿਆਂ ਆ ਭਗਵਾਨ ਵੰਡ ਲਏ।

ਉਚ ਨੀਚ, ਜਾਤ-ਪਾਤ ਦੇ ਪਾ ਕੇ ਪੁਆੜੇ,
ਫਿਰਕੇ ਧਰਮ ਵਿਚ ਇਨਸਾਨ ਵੰਡ ਲਏ।

ਧਰਤ ਮਾਂ ਜਾਏ ਇੱਕੋ ਕੁਦਰਤ ਦੇਵੇ ਲੋਰੀ,
ਲਾਲ ਲਹੂ ਇੱਕੋ, ਪਰ ਅਰਮਾਨ ਵੰਡ ਲਏ।

ਰਿਸ਼ੀ ਮੁਨੀ ਗੁਰੂ ਪੀਰ ਫਕੀਰ ਹੈਨ ਸਾਂਝੇ,
ਵੇਦ ਪੁਰਾਨ ਤੇ ਗੀਤਾ ਗਿਆਨ ਵੰਡ ਲਏ।

ਵੰਡਿਆ ਰਾਮ ਰਹੀਮ ਕਰੀਮ ਖੁਦਗਰਜ਼ਾਂ,
ਰਮਾਇਣ, ਗੁਰੂ ਗ੍ਰੰਥ ਤੇ ਕੁਰਾਨ ਵੰਡ ਲਏ।

ਛੱਡਿਆ ਕੱਖ ਨਾ ਪੱਲੇ ਰਲ ਠੇਕੇਦਾਰਾਂ,
ਅਮਨ ਸ਼ਾਂਤੀ ਗੁਰੂ-ਗਿਆਨ ਵੰਡ ਲਏ।

ਹੱਥ ਪਾ ਲਿਆ ਆਣ ਅੱਜ ਸ਼ਹੀਦਾਂ ਤਾਂਈਂ,
ਹਿੰਦੂ, ਸਿੱਖ, ਇਸਾਈ, ਮੁਸਲਮਾਨ ਵੰਡ ਲਏ।

ਤੜਕਾ ਲੱਗਾ ਹੈ ਖੂਬ ਫਿਰਕਾਪ੍ਰਸਤੀ ਵਾਲਾ,
ਖਾਣਾ ਪੀਣਾ, ਪੁਸ਼ਾਕ ਤੇ ਈਮਾਨ ਵੰਡ ਲਏ।

ਬੈਠਾ 'ਨੂਰਪੁਰੀ' ਕਿਉਂ ਐਵੇਂ ਭਕਾਈ ਮਾਰੇਂ,
ਦੇਖਦੇ ਦੇਖਦੇ ਇਨ੍ਹਾਂ ਸ਼ਮਸ਼ਾਨ ਵੰਡ ਲਏ।

*-ਸੇਵਾ ਸਿੰਘ ਨੂਰਪੁਰੀ*

---

### ਸੁਣ ਨੀਂ ਜਿੰਦੇ...

ਸ਼ਬਦਾਂ ਤਾਂਈਂ ਸੰਭਾਲ ਲੈ ਜਿੰਦੇ
ਸ਼ਬਦਾਂ ਨੂੰ ਕਦੀ ਮਰਨ ਨਾ ਦੇਵੀਂ।

ਜ਼ਖਮਾਂ ਨੂੰ ਸਦਾ ਰਿਸਦੇ ਰੱਖੀਂ
ਜ਼ਖਮਾਂ ਨੂੰ ਕਦੀ ਭਰਨ ਨਾ ਦੇਵੀਂ।

ਮਨ ਨੂੰ ਹੌਲਾ ਕਰਕੇ ਰੱਖੀਂ
ਬੋਝ ਉਠਾ ਕੇ ਤਰਨ ਨਾ ਦੇਵੀਂ।
ਆਪਣੇ ਆਪ 'ਚ ਬਣ ਜਰਵਾਣੀ
ਆਪੇ ਨੂੰ ਕਦੀ ਡਰਨ ਨਾ ਦੇਵੀਂ।

ਕੰਮ ਤੇਰਾ ਹੈ ਜਿੱਤਦੇ ਰਹਿਣਾ
ਮਨ ਨੂੰ ਕਦੀ ਹਰਨ ਨਾ ਦੇਵੀਂ।
ਜ਼ਿੰਦਗੀ ਦੀ ਅਨਮੋਲ ਹੈ ਖੇਤੀ
ਪਸ਼ੂਆਂ ਨੂੰ ਕਦੀ ਚਰਨ ਨਾ ਦੇਵੀਂ।

ਜਿਸ ਨਾਲ ਮੂੰਹ ਲੁਕੋਣਾ ਪੈ ਜਾਏ
ਐਸਾ ਕੰਮ ਕੋਈ ਕਰਨ ਨਾ ਦੇਵੀਂ।

ਰੱਬ ਤੈਨੂੰ 'ਸੁਰਜੀਤ' ਹੈ ਕੀਤਾ
ਝੂਠ ਜ਼ਮੀਰ ਨੂੰ ਜਰਨ ਨਾ ਦੇਵੀਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸੋਨੇ ਦੇ ਸਾਹ ਵਾਲਾ ਹਰੀ...





ਫਿਲਮ 'ਸਿਲਸਿਲਾ' (1981) ਦੇ ਗੀਤ ਅੱਜ ਵੀ ਓਨੇ ਹੀ ਮਕਬੂਲ ਹਨ ਜਿੰਨੇ ਇਸ ਦੇ ਰਿਲੀਜ਼ ਹੋਣ ਸਮੇਂ ਸਨ। ਅਮਿਤਾਭ ਬੱਚਨ, ਰੇਖਾ, ਜਯਾ ਬੱਚਨ ਤੇ ਸੰਜੀਵ ਕੁਮਾਰ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਸ ਫਿਲਮ ਵਿਚ ਵਿਸ਼ਾ ਵਸਤੂ ਪੱਖੋਂ ਤਾਜ਼ਗੀ ਸੀ। ਇਸ ਤਾਜ਼ਗੀ ਨੂੰ ਹੁਣ ਤਕ ਬਰਕਰਾਰ ਰੱਖਣ ਵਿਚ ਫਿਲਮ ਦੇ ਸੰਗੀਤ ਨੇ ਮੁੱਖ ਭੂਮਿਕਾ ਨਿਭਾਈ। ਇਹ ਸੰਗੀਤ ਸੰਤੂਰਵਾਦਕ ਸ਼ਿਵਕੁਮਾਰ ਸ਼ਰਮਾ ਤੇ ਬੰਸਰੀਨਵਾਜ਼ ਹਰੀਪ੍ਰਸਾਦ ਚੌਰਸੀਆ ਦੀ ਜੋੜੀ ਨੇ ਦਿੱਤਾ ਸੀ। ਦੋਵਾਂ ਦੀ ਦੋਸਤੀ 1960ਵਿਆਂ ਵਿਚ ਜਲੰਧਰ ਦੇ ਹਰਿਵੱਲਭ ਸੰਗੀਤ ਸੰਮੇਲਨ ਵਿਚ ਸ਼ਮੂਲੀਅਤ ਦੇ ਦਿਨਾਂ ਦੀ ਸੀ। ਦੋਵੇਂ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਚੰਗਾ ਨਾਮ ਕਮਾ ਚੁੱਕੇ ਸਨ, ਪਰ ਦੋਵਾਂ ਦੀ ਰੋਟੀ ਉਤੇ ਮੱਖਣ ਫਿਲਮ ਗੀਤਾਂ ਲਈ ਸਾਜ਼ਿੰਦਿਆਂ ਵਜੋਂ ਹੋਣ ਵਾਲੀ ਕਮਾਈ ਦੇ ਜ਼ਰੀਏ ਹੀ ਲੱਗਦਾ ਸੀ। ਫਿਲਮ ਸੰਗੀਤਕਾਰ ਦੋਵਾਂ ਨੂੰ ਮਾਣ-ਤਾਣ ਦਿੰਦੇ ਸਨ, ਪਰ ਸਿਰਫ ਓਨਾ ਕੁ ਹੀ ਜਿੰਨਾ ਕਿਸੇ ਚੰਗੇ ਸਾਜ਼ਿੰਦੇ

**ਸੁਰਿੰਦਰ ਸਿੰਘ ਤੇਜ**

ਨੂੰ ਮਿਲਣਾ ਚਾਹੀਦਾ ਹੈ। ਇਸ ਵਰਤਾਵੇ ਤੋਂ ਦੋਵੇਂ ਨਾਖੁਸ਼ ਸਨ।

ਇਸ ਨਾਖੁਸ਼ੀ ਨੂੰ ਫਿਲਮਸਾਜ਼ ਯਸ਼ ਚੋਪੜਾ ਨੇ ਪਛਾਣਿਆ। ਉਨ੍ਹਾਂ ਨੇ 'ਕਭੀ ਕਭੀ' (1976) ਜ਼ਰੀਏ ਸੰਗੀਤਕਾਰ ਖੱਯਾਮ ਨੂੰ ਫਿਲਮ ਸੰਗੀਤ ਦੇ ਖੇਤਰ ਵਿਚ ਵਾਪਸੀ ਲਈ ਮੰਚ ਮੁਹੱਈਆ ਕੀਤਾ ਸੀ। ਖੱਯਾਮ, ਯਸ਼ਰਾਜ ਫਿਲਮਜ਼ ਤੇ ਇਸ ਦੇ ਸਹਿਯੋਗੀਆਂ ਲਈ ਛੇ ਫਿਲਮਾਂ ਦਾ ਸੰਗੀਤ ਦੇ ਚੁੱਕੇ ਸਨ; ਪਰ 'ਸਵਾਲ' (1982) ਤੋਂ ਇਹ ਆਭਾਸ ਹੋ ਗਿਆ ਸੀ ਕਿ ਉਨ੍ਹਾਂ ਦੀਆਂ ਧੁਨਾਂ 'ਚ ਦੁਹਰਾਅ ਹਾਵੀ ਹੋ ਗਿਆ ਹੈ। 'ਕਭੀ ਕਭੀ' ਵਾਲੀ ਤਾਜ਼ਗੀ ਗਾਇਬ ਹੋ ਚੁੱਕੀ ਹੈ। ਤਾਜ਼ਗੀ ਦੀ ਤਲਾਸ਼ ਨੇ ਯਸ਼ ਚੋਪੜਾ ਨੂੰ ਸ਼ਿਵ-ਹਰੀ ਦੀ ਸੰਗੀਤਕਾਰ ਜੋੜੀ ਖੜ੍ਹੀ ਕਰਨ ਦੇ ਰਾਹ ਪਾਇਆ। ਇਹ ਤਜਰਬਾ ਕਾਮਯਾਬ ਸਾਬਤ ਹੋਇਆ। ਯਸ਼ਰਾਜ ਫਿਲਮਜ਼ ਨੂੰ ਅਗਲੇ ਇਕ ਦਹਾਕੇ ਲਈ ਸਥਾਈ ਸੰਗੀਤਕਾਰ ਜੋੜੀ ਮਿਲ ਗਈ। ਦੋਵੇਂ ਪੰਡਿਤ- ਸ਼ਿਵ ਕੁਮਾਰ ਸ਼ਰਮਾ ਤੇ ਹਰੀਪ੍ਰਸਾਦ ਚੌਰਸੀਆ, ਫਿਲਮ ਸੰਗੀਤ ਦੇ ਖੇਤਰ ਵਿਚ ਵੀ ਕੱਦਾਵਰ ਹਸਤੀਆਂ ਬਣ ਗਏ ਅਤੇ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਵੀ ਉਨ੍ਹਾਂ ਦੀਆਂ ਐਲਬਮਾਂ ਧੜਾਧੜ ਵਿਕਣ ਲੱਗੀਆਂ।

ਅਜਿਹੀਆਂ ਦਰਜਨਾਂ ਕਹਾਣੀਆਂ ਨਾਲ ਲੈਸ ਹੈ ਸੀਨੀਅਰ ਪੱਤਰਕਾਰ ਸਤਿਆ ਸਰਨ ਦੀ ਕਿਤਾਬ 'ਬ੍ਰੈਥ ਆਫ ਗੋਲਡ' (ਸੋਨੇ ਦਾ ਸਾਹ)। ਇਹ ਕਿਤਾਬ ਹਰੀਪ੍ਰਸਾਦ ਚੌਰਸੀਆ ਦੀ ਜੀਵਨ ਕਹਾਣੀ ਹੈ। ਕਿਤਾਬ ਅੰਦਰਲੀ ਲੇਖਣੀ ਓਨੀ ਹੀ ਪੁਰਸੋਜ਼ ਤੇ ਲੈਅਦਾਰ ਹੈ ਜਿੰਨਾ ਹਰੀਪ੍ਰਸਾਦ ਦਾ ਬੰਸਰੀਵਾਦਨ। ਉਹ ਇਸ ਵੇਲੇ ਦੇਸ਼ ਦਾ ਸਿਰਮੌਰ ਬੰਸਰੀਨਵਾਜ਼ ਹੈ। ਦਰਅਸਲ, ਪੰਡਿਤ ਪੰਨਾ ਲਾਲ ਘੋਸ਼ ਤੋਂ ਬਾਅਦ ਹਰੀਪ੍ਰਸਾਦ ਚੌਰਸੀਆ ਦੂਜਾ ਅਜਿਹਾ ਬੰਸਰੀਵਾਦਕ ਹੈ ਜਿਸ ਨੇ ਮੁਰਲੀ/ਵੰਝਲੀ/ਬੰਸਰੀ ਨੂੰ ਰੂਹਾਨੀਅਤ ਪਰ ਮਾਇਕ ਗੁਰਬਤ ਦੇ ਦਾਇਰੇ ਵਿਚੋਂ ਕੱਢ ਕੇ ਇਨਸਾਨੀਅਤ ਤੇ ਆਲਮੀਅਤ ਦਾ ਸਾਜ਼ ਬਣਾਇਆ। ਇਸ ਕਾਰਜ ਵਿਚਲੀ ਉਸ ਦੀ ਪ੍ਰਗਤੀ ਦੀ ਹਮਕਦਮੀ ਕੌਮੀ ਐਜਾਜ਼ ਵੀ ਕਰਦੇ ਰਹੇ। ਪਹਿਲਾਂ ਪਦਮਸ੍ਰੀ, ਫਿਰ ਪਦਮ ਭੂਸ਼ਨ, ਫਿਰ ਪਦਮ ਵਿਭੂਸ਼ਨ। ਦੁਨੀਆਂ ਭਰ ਦੀਆਂ ਗੈਰ ਸਰਕਾਰੀ ਸੰਸਥਾਵਾਂ ਵਲੋਂ ਦਿੱਤੇ ਗਏ ਸਨਮਾਨਾਂ ਦੀ ਫਹਿਰਿਸਤ ਤਾਂ ਲੱਠੇ ਦੇ ਥਾਨ ਜਿੰਨੀ ਲੰਮੀ ਹੈ। ਇਹ ਮੁਕਾਮ ਹਾਸਿਲ ਕਰਨ ਲਈ ਚੌਰਸੀਆ ਨੂੰ ਜੋ ਜੱਦੋਜਹਿਦ, ਜੋ ਸਾਧਨਾ ਕਰਨੀ ਪਈ, ਉਸ ਨੂੰ ਜਾਨਦਾਰ ਤਰਤੀਬ ਦਿੰਦੀ ਹੈ ਸਤਿਆ ਸਰਨ ਦੀ ਕਿਤਾਬ।

ਚੌਰਸੀਆ ਬਾਰੇ ਇਹ ਚੌਥੀ ਕਿਤਾਬ ਹੈ। ਪਹਿਲੀਆਂ ਤਿੰਨ ਵੀ ਨਾਮਵਰਾਂ ਨੇ ਲਿਖੀਆਂ। ਪਹਿਲੀ ਕਲਾ ਪਾਰਖੂ ਪੱਤਰਕਾਰ ਉਮਾ ਵਾਸੂਦੇਵ ਨੇ, ਦੂਜੀ ਸੰਗੀਤ ਸਾਧਕ ਸੁਰਜੀਤ ਸਿੰਘ ਨੇ ਅਤੇ ਤੀਜੀ ਵਿਦੇਸ਼ੀ ਸੰਗੀਤ ਸ਼ਾਸਤਰੀ ਜੌਹਨ ਮੈਕਲੌਲਿਨ ਨੇ। 'ਫੈਮਿਨਾ' ਰਸਾਲੇ ਦੀ ਸਾਬਕਾ ਸੰਪਾਦਕ ਤੇ ਸ਼ਾਸਤਰੀ ਸੰਗੀਤ ਦੀ ਗਿਆਨਵਾਨ ਸਤਿਆ ਸਰਨ ਨੂੰ ਕਿਤਾਬ ਲਿਖਣ ਲਈ ਹਰੀਪ੍ਰਸਾਦ ਦੇ ਬੇਟੇ ਰਾਜੀਵ ਚੌਰਸੀਆ ਨੇ ਮਨਾਇਆ ਤਾਂ ਜੋ "ਪੰਡਿਤ ਜੀ ਦੇ ਜੀਵਨ ਤੇ ਯੋਗਦਾਨ ਨੂੰ ਸਰਲ ਸ਼ਬਦਾਵਲੀ ਤੇ ਰੌਚਿਕ ਲਹਿਜੇ 'ਚ ਸੰਗੀਤ ਪ੍ਰੇਮੀਆਂ ਤਕ ਪਹੁੰਚਾਇਆ ਜਾ ਸਕੇ।" ਸਤਿਆ ਨੇ ਇਹ ਕੰਮ ਬਾਖੂਬੀ ਕੀਤਾ ਹੈ।

ਪਹਿਲੀ ਜੁਲਾਈ 1938 ਨੂੰ ਅਲਾਹਾਬਾਦ (ਪ੍ਰਯਾਗਰਾਜ) ਵਿਚ ਜਨਮਿਆ ਹਰੀਪ੍ਰਸਾਦ ਛੇ ਵਰ੍ਹਿਆਂ ਦਾ ਸੀ ਜਦੋਂ ਮਾਂ ਗੁਜ਼ਰ ਗਈ। ਪਿਤਾ ਛੇਦੀ ਲਾਲ ਨੇ ਬੇਟੀ ਤੇ ਦੋ ਬੇਟਿਆਂ (ਹਰੀਪ੍ਰਸਾਦ ਵਿਚਕਾਰਲੀ ਔਲਾਦ ਸੀ) ਦੀ ਪਰਵਰਿਸ਼ ਦੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਲੈਂਦਿਆਂ ਦੁਬਾਰਾ ਵਿਆਹ ਨਹੀਂ ਕਰਾਇਆ। ਛੇਦੀ ਲਾਲ ਭਲਵਾਨ ਸੀ, ਅਖਾੜਾ ਚਲਾਉਂਦਾ ਸੀ, ਦੁੱਧ ਵੀ ਵੇਚਦਾ ਸੀ, ਪਰ ਬੱਚਿਆਂ ਲਈ ਰੋਟੀ-ਟੁੱਕ ਆਪਣੇ ਹੱਥੀਂ ਬਣਾਉਂਦਾ ਸੀ। ਉਹ ਸਨੇਹੀ ਪਿਤਾ ਸੀ, ਪਰ ਅਨੁਸ਼ਾਸਨ ਦਾ ਪੱਕਾ ਪਾਬੰਦ। ਹਰੀਪ੍ਰਸਾਦ ਦਾ ਜੀਵਨ ਟੀਚਾ ਉਸ ਨੇ ਉਸ ਦੇ ਜਨਮ ਵੇਲੇ ਤੋਂ ਹੀ ਮਿਥ ਰੱਖਿਆ ਸੀ: ਭਲਵਾਨੀ। ਅਖਾੜੇ ਵਿਚ ਰੋਜ਼ਾਨਾ ਛੇ ਘੰਟੇ ਬਿਤਾਉਣੇ ਹਰੀਪ੍ਰਸਾਦ ਲਈ ਲਾਜ਼ਮੀ ਸਨ। ਅਜਿਹੀ ਲਾਜ਼ਮੀਅਤ ਦੇ ਬਾਵਜੂਦ ਹਰੀਪ੍ਰਸਾਦ ਦਾ ਮਨ ਕਦੇ ਵੀ ਅਖਾੜੇ ਵਿਚ ਨਹੀਂ ਲੱਗਿਆ। ਉਸ ਨੂੰ ਮੁਹੱਲੇ ਦੇ ਮੰਦਿਰ ਵਿਚ ਪਿਤਾ ਦੇ ਨਾਲ ਨਾਲ ਭਜਨ ਗਾਉਣੇ ਚੰਗੇ ਲੱਗਦੇ ਸਨ। ਪਿਤਾ ਬੇਸੁਰਾ ਹੁੰਦਾ, ਪੁੱਤਰ ਸੁਰ ਸਹੀ ਕਰ ਦਿੰਦਾ। ਇਸ ਪ੍ਰਤਿਭਾ ਨੂੰ ਮੁਹੱਲੇਦਾਰ ਤਾਂ ਸਮਝ ਗਏ, ਪਰ ਛੇਦੀ ਲਾਲ ਨੇ ਇਸ ਉਤੇ ਕਦੇ ਗੌਰ ਨਹੀਂ ਕੀਤਾ। ਗੌਰ ਇਕ ਗੁਆਂਢਣ ਨੇ ਕੀਤਾ।

ਉਦੋਂ ਹਰੀਪ੍ਰਸਾਦ ਬਾਰ੍ਹਾਂ ਕੁ ਵਰ੍ਹਿਆਂ ਦਾ ਸੀ। ਉਨ੍ਹਾਂ ਦੇ ਐਨ ਗੁਆਂਢ ਵਿਚ ਸੰਗੀਤ ਅਧਿਆਪਕ ਰਾਜਾ ਰਾਮ ਆ ਵਸਿਆ। ਉਸ ਦੀ ਕੋਈ ਔਲਾਦ ਨਹੀਂ ਸੀ। ਉਸ ਦੀ ਪਤਨੀ ਆਪਣੇ ਪਤੀ ਦੇ ਸ਼ਾਗਿਰਦਾਂ 'ਤੇ ਹੀ ਮਾਂ ਵਾਲਾ ਸਨੇਹ ਨਿਛਾਵਰ ਕਰਦੀ ਸੀ। ਹਰੀਪ੍ਰਸਾਦ ਨੇ ਉਸ ਦਾ ਧਿਆਨ ਖਿੱਚਣ ਲਈ ਅਸਰਦਾਰ ਢੰਗ ਚੁਣਿਆ। ਉਹ ਮੱਝਾਂ ਦੀ ਦੇਖਭਾਲ ਕਰਨ ਵੇਲੇ ਉਚੀ-ਉਚੀ ਭਜਨ ਗਾਉਣ ਲੱਗਾ। ਗੁਆਂਢਣ ਨੂੰ ਉਸ ਦੀ ਆਵਾਜ਼ ਸੁਰੀਲੀ ਲੱਗੀ। ਉਸ ਨੇ ਇਸ ਦੀ ਦੱਸ ਪਤੀ ਨੂੰ ਪਾਈ। ਰਾਜਾ ਰਾਮ ਨੇ ਹਰੀਪ੍ਰਸਾਦ ਨੂੰ ਆਪਣੇ ਘਰ ਬੁਲਾ ਲਿਆ। ਸੰਗੀਤ ਸਿਖਾਉਣ ਦੀ ਪੇਸ਼ਕਸ਼ ਕੀਤੀ ਪਰ ਹਰੀਪ੍ਰਸਾਦ ਨੂੰ ਪਿਤਾ ਦੇ ਗੁੱਸੇ ਦਾ ਡਰ ਸਤਾਉਣ ਲੱਗਾ। ਅਖੀਰ ਉਸ ਨੇ ਚੋਰੀ ਸੰਗੀਤ ਸਿੱਖਣ ਦਾ ਫੈਸਲਾ ਕਰ ਲਿਆ। ਰਾਜਾ ਰਾਮ ਸੁਰ ਫੜਨ ਦੀ ਹਰੀਪ੍ਰਸਾਦ ਦੀ ਕਾਬਲੀਅਤ ਤੋਂ ਪ੍ਰਭਾਵਿਤ ਸੀ, ਪਰ ਮਹਿਸੂਸ ਕਰਦਾ ਸੀ ਕਿ ਉਚੀ ਆਵਾਜ਼ ਵਿਚ ਗਾਉਂਦਿਆਂ ਉਹ ਸੁਰੋਂ ਭਟਕ ਜਾਂਦਾ ਹੈ। ਇਸ ਲਈ ਉਸ ਨੂੰ ਗਾਇਕੀ ਦੀ ਥਾਂ ਸਾਜ਼ਿੰਦਗੀ ਅਪਨਾਉਣ ਦਾ ਮਸ਼ਵਰਾ ਦਿੱਤਾ ਗਿਆ। ਇਸ ਲਈ ਬੰਸਰੀ ਦੀ ਚੋਣ ਫਾਈਨਲ ਹੋ ਗਈ।

ਹਰੀਪ੍ਰਸਾਦ ਮੱਝਾਂ ਸਾਂਭਣ ਦੇ ਬਹਾਨੇ ਦਿਨੇ ਰਾਜਾ ਰਾਮ ਦੇ ਘਰ ਸੁਰ ਸੰਗੀਤ ਦੀ ਸਿੱਖਿਆ ਗ੍ਰਹਿਣ ਕਰਦਾ। ਫਿਰ ਸ਼ਾਮ ਨੂੰ ਅਖਾੜੇ ਵਿਚ ਅਭਿਆਸ ਤੋਂ ਬਾਅਦ ਧੂੜ ਮਿੱਟੀ ਤੇ ਪਸੀਨੇ ਤੋਂ ਮੁਕਤ ਹੋਣ ਦੇ ਬਹਾਨੇ ਗੰਗਾ ਨਦੀ ਦਾ ਪੂਰਾ ਘਾਟ ਪਾਰ ਕਰਕੇ ਦੂਜੇ ਕਿਨਾਰੇ ਤਕ ਜਾਂਦਾ। ਉਥੇ ਤਰਬੂਜ਼ਾਂ ਤੇ ਖੀਰਿਆਂ ਦੇ ਖੇਤਾਂ ਵਿਚ ਬਹਿ ਕੇ ਉਹ ਬੰਸਰੀ ਵਜਾਉਣ ਦਾ ਅਭਿਆਸ ਕਰਦਾ। ਡੇਢ ਸਾਲ ਦੇ ਅੰਦਰ ਉਹ ਬੰਸਰੀ 'ਤੇ ਖੁਦ ਧੁਨਾਂ ਰਚਣ ਲੱਗਾ। ਇਹ ਹੁਨਰ ਉਸ ਨੂੰ ਸੰਗੀਤ ਸ਼ਾਸਤਰੀ ਭੋਲਾ ਨਾਥ ਪ੍ਰਸੰਨ ਦੇ ਸੰਗੀਤਕ ਅਖਾੜੇ ਵਿਚ ਲੈ ਗਿਆ। ਸ਼ਿਸ਼ ਵਜੋਂ ਸੇਵਾ ਕਰ ਕੇ ਉਸ ਨੇ ਅੱਠ ਵਰ੍ਹੇ ਸੰਗੀਤ ਦੀ ਤਾਲੀਮ ਲਈ। ਇਸੇ ਤਾਲੀਮ ਨੇ ਉਸ ਨੂੰ ਆਕਾਸ਼ਬਾਣੀ ਦੇ ਕਟਕ ਕੇਂਦਰ ਵਿਚ ਨੌਕਰੀ ਦਿਵਾਈ। ਇਸ ਨੌਕਰੀ ਨੇ ਛੇਦੀ ਲਾਲ ਦਾ ਗੁੱਸਾ ਠੰਢਾ ਕਰ ਦਿੱਤਾ, ਘਰ ਵਿਚ ਦਮਲਾ ਨਾਮ ਦੀ ਜੀਵਨ ਸਾਥਣ ਦੀ ਆਮਦ ਸੰਭਵ ਬਣਾਈ ਅਤੇ ਸੰਗੀਤਕਾਰੀ ਵਾਲਾ ਰਾਹ ਖੋਲ੍ਹਿਆ।

ਕਟਕ ਵਿਚਲਾ ਕਿਆਮ ਹਰੀਪ੍ਰਸਾਦ ਲਈ ਫਲਦਾਇਕ ਸਾਬਤ ਹੋਇਆ। ਉਸ ਨੇ ਉੜੀਆ ਸੰਗੀਤ ਸ਼ਾਸਤਰੀ ਭੁਬਨੇਸ਼ਵਰ ਮਿਸ਼ਰਾ ਨਾਲ ਮਿਲ ਕੇ ਭੁਬੇਨ-ਹਰੀ ਦੀ ਜੋੜੀ ਬਣਾਈ। ਕਈ ਉੜੀਆ ਫਿਲਮਾਂ ਲਈ ਸੰਗੀਤ ਦਿੱਤਾ। ਬੰਸਰੀਵਾਦਕ ਦੇ ਰੂਪ ਵਿਚ ਉਸ ਦੀਆਂ ਆਜ਼ਾਦ ਐਲਬਮਾਂ ਆਉਣੀਆਂ ਸ਼ੁਰੂ ਹੋ ਗਈਆਂ। ਸ਼ਿਵਕੁਮਾਰ ਸ਼ਰਮਾ ਨਾਲ ਦੋਸਤੀ ਹੋਈ। ਤਬਲਾਨਵਾਜ਼ ਉਸਤਾਦ ਅੱਲ੍ਹਾ ਰੱਖਾ ਤੇ ਜ਼ਾਕਿਰ ਹੁਸੈਨ ਨਾਲ ਪਹਿਲਾਂ ਤੁਆਰੁਫ ਤੇ ਫਿਰ ਜੁਗਲਬੰਦੀ ਹੋਈ। ਬੰਬਈ ਵੱਲ ਉਡਾਣ ਸੰਭਵ ਹੋਈ। ਹਰ ਨਾਮੀਂ ਫਿਲਮ ਸੰਗੀਤਕਾਰ ਨਾਲ ਸਾਜ਼ਿੰਦੇ ਵਜੋਂ ਕੰਮ ਕੀਤਾ। ਮਾਇਕ ਤੋਟਾਂ ਦੂਰ ਹੋਈਆਂ, ਪਰ ਸੀਨੇ ਵਿਚ ਅਧੂਰੇ ਹੋਣ ਦੀ ਕਸਕ ਜ਼ੋਰ ਫੜਦੀ ਗਈ। ਇਹ ਭਾਵਨਾ ਤੀਬਰ ਹੁੰਦੀ ਗਈ ਕਿ ਮਾਇਕ ਹੋੜ ਵਿਚ ਸੰਗੀਤ ਕਿਤੇ ਪਿੱਛੇ ਛੁੱਟਦਾ ਜਾ ਰਿਹਾ ਹੈ। ਪਹਿਲੀ ਪਤਨੀ ਦੋ ਬੇਟੇ-ਵਿਨੈ ਤੇ ਅਜੈ ਛੱਡ ਕੇ ਚੱਲ ਵਸੀ ਸੀ, ਦੂਜੀ ਪਤਨੀ ਅਨੁਰਾਧਾ ਨੇ ਪਤੀ ਦਾ ਦਰਦ ਪਛਾਣਿਆ। ਅਨੁਰਾਧਾ ਖੁਦ ਸੰਗੀਤ ਦੀ ਸ਼ੈਦਾਈ ਸੀ। ਉਸ ਨੇ ਹਰੀਪ੍ਰਸਾਦ ਨੂੰ ਘਰ ਦੀਆਂ ਜ਼ਿੰਮੇਵਾਰੀਆਂ ਭੁੱਲ ਕੇ ਆਪਣੀ ਸੰਗੀਤਕ ਸੁੱਧ ਲੈਣ ਦੀ ਸਲਾਹ ਦਿੱਤੀ। ਇਹ ਸਲਾਹ ਹਰੀਪ੍ਰਸਾਦ ਨੂੰ ਅੰਨਪੂਰਨਾ ਦੇਵੀ ਦੇ ਫਲੈਟ ਦੇ ਦਰ 'ਤੇ ਲੈ ਗਈ। ਅੰਨਪੂਰਨਾ ਦੇਵੀ ਉਨ੍ਹੀਂ ਦਿਨੀਂ ਸੰਗੀਤਕ ਦੁਨੀਆਂ ਨਾਲੋਂ ਨਾਤਾ ਤੋੜ ਚੁੱਕੀ ਸੀ। ਉਹ ਆਪਣੇ ਪਤੀ ਪੰਡਿਤ ਰਵੀਸ਼ੰਕਰ ਨਾਲ ਤਲਾਕ ਦੀ ਲੜਾਈ ਲੜ ਰਹੀ ਸੀ। ਸੁਰਬਹਾਰ ਨਾਲ ਉਸ ਦਾ ਅੰਤਾਂ ਦਾ ਮੋਹ ਸੀ, ਪਰ ਰਵੀਸ਼ੰਕਰ ਅੰਦਰ ਉਪਜੀ ਅਸੁਰੱਖਿਆ ਨੇ ਅੰਨਪੂਰਨਾ ਦੇਵੀ ਨੂੰ ਸੰਗੀਤ ਸਭਾਵਾਂ ਤੋਂ ਦੂਰ ਰਹਿਣ ਦੇ ਰਾਹ ਪਾ ਦਿੱਤਾ ਸੀ। ਉਹ ਖੁਦ ਚੁਣੀ ਜਲਾਵਤਨੀ ਭੋਗ ਰਹੀ ਸੀ। ਉਸ ਦੇ ਦੋ-ਤਿੰਨ ਸ਼ਿਸ ਜ਼ਰੂਰ ਸਨ, ਪਰ ਨਵੇਂ ਸ਼ਾਗਿਰਦਾਂ ਲਈ ਉਸ ਦੇ ਦਰ ਬੰਦ ਸਨ। ਹਰੀਪ੍ਰਸਾਦ ਲਈ ਵੀ ਉਸ ਨੇ ਦਰ ਨਾ ਖੋਲ੍ਹਿਆ। ਉਹ ਹਰ ਹਫਤੇ ਉਸ ਦਰ 'ਤੇ ਜਾਂਦਾ ਰਿਹਾ। ਤਿੰਨ ਵਰ੍ਹਿਆਂ ਤਕ ਅੰਤ ਇਹ ਸਾਧਨਾ ਪੂਰੀ ਹੋਈ। ਅੰਨਪੂਰਨਾ ਨੇ ਹਰੀਪ੍ਰਸਾਦ ਤੋਂ ਕੁਝ ਧੁਨਾਂ ਸੁਣੀਆਂ। 'ਤੂੰ ਤਾਂ ਆਪ ਉਸਤਾਦ ਏਂ, ਮੈਂ ਤੈਨੂੰ ਕੀ ਸਿਖਾਵਾਂ?' ਇਹ ਉਸ ਦੀ ਟਿੱਪਣੀ ਸੀ। ਹਰੀਪ੍ਰਸਾਦ ਨੇ ਮੁੱਢ ਤੋਂ ਸਭ ਕੁਝ ਸਿਖਾਏ ਜਾਣ ਦੀ ਬੇਨਤੀ ਕੀਤੀ। ਫਿਰ ਅੱਠ ਵਰ੍ਹੇ ਤਾਲੀਮ ਚੱਲਦੀ ਰਹੀ। ਬਾਬਾ ਅਲਾਊਦੀਨ ਦੇ ਘਰਾਣੇ ਵਾਲਾ ਵਜਦ ਇਸੇ ਸਾਧਨਾ ਦੇ ਜ਼ਰੀਏ ਹਰੀਪ੍ਰਸਾਦ ਦੀ ਬੰਸਰੀਨਵਾਜ਼ੀ ਦਾ ਅੰਗ ਬਣ ਗਿਆ।

ਬੜੇ ਕਿੱਸੇ ਹਨ ਕਿਤਾਬ ਵਿਚ। ਉਸ ਨੇ ਹਰੀਪ੍ਰਸਾਦ ਨੂੰ 'ਉਤਮ ਕਲਾਕਾਰ, ਮੱਧਮ ਇਨਸਾਨ' ਵਾਲੇ ਲਬਾਦੇ ਤਕ ਹੀ ਸੀਮਤ ਰੱਖਿਆ ਹੈ। ਇਹੋ ਮੂਲ ਤੱਤ ਇਸ ਕਿਤਾਬ ਨੂੰ ਪੜ੍ਹਨਯੋਗ ਬਣਾਉਂਦਾ ਹੈ।

# ਮਨੀਸ਼ਾ ਦਾ 'ਮਸਕਾ'



ਕੈਂਸਰ ਦੀ ਬਿਮਾਰੀ ਕਾਰਨ ਕਾਫੀ ਸਮੇਂ ਤੱਕ ਅਦਾਕਾਰੀ ਤੋਂ ਦੂਰ ਰਹੀ ਮਨੀਸ਼ਾ ਕੋਇਰਾਲਾ ਹੁਣ ਠੀਕ ਹੋ ਕੇ ਹੌਲੀ-ਹੌਲੀ ਅਦਾਕਾਰੀ ਵਿਚ ਰੁਝ ਰਹੀ ਹੈ। ਪਿਛਲੇ ਸਾਲ ਉਹ ਫਿਲਮ 'ਪ੍ਰਸਥਾਨਮ' ਵਿਚ ਨਜ਼ਰ ਆਈ ਸੀ ਅਤੇ ਹੁਣ ਮਨੀਸ਼ਾ ਨੂੰ ਵੈੱਬ ਸੀਰੀਜ਼ 'ਮਸਕਾ' ਵਿਚ ਲਿਆ ਗਿਆ ਹੈ।

ਬੋਲ-ਚਾਲ ਦੀ ਭਾਸ਼ਾ ਵਿਚ ਮੱਖਣ ਨੂੰ ਮਸਕਾ ਕਿਹਾ ਜਾਂਦਾ ਹੈ ਅਤੇ ਮੁੰਬਈ ਦੇ ਈਰਾਨੀ ਹੋਟਲਾਂ ਵਿਚ ਬਣੇ ਮਸਕਾ, ਬਰੁਨ ਮਸਕਾ ਆਦਿ ਦੀ ਬਦੌਲਤ ਮੁੰਬਈ ਵਿਚ ਮਸਕਾ ਸ਼ਬਦ ਬੜਾ ਹਰਮਨਪਿਆਰਾ ਹੋਇਆ ਹੈ। ਵੈੱਬ ਸੀਰੀਜ਼ 'ਮਸਕਾ' ਵਿਚ ਮਨੀਸ਼ਾ ਨੂੰ ਪਾਰਸੀ ਔਰਤ ਦੀ ਭੂਮਿਕਾ ਸੌਂਪੀ ਗਈ ਹੈ ਅਤੇ ਇਥੇ ਉਸ ਦੇ ਕਿਰਦਾਰ ਦਾ ਨਾਂ ਡਾਇਨਾ ਰੁਸਤਮ ਈਰਾਨੀ ਹੈ ਅਤੇ ਉਸ ਨੂੰ ਈਰਾਨੀ ਹੋਟਲ ਦੀ ਮਾਲਕਣ ਵੀ ਦਿਖਾਇਆ ਗਿਆ ਹੈ। ਇਸ ਵੈੱਬ ਸੀਰੀਜ਼ ਵਿਚ ਸਿਰਫ ਮਨੀਸ਼ਾ ਹੀ ਨਾਮੀ ਕਲਾਕਾਰ ਹੈ ਅਤੇ ਬਾਕੀ ਸਭ ਉਭਰਦੇ ਕਲਾਕਾਰ ਹਨ।

ਇਸ ਵੈੱਬ ਸੀਰੀਜ਼ ਵਿਚ ਪ੍ਰੀਤ ਕਮਾਨੀ ਅਤੇ ਸ਼ਰਲੀ ਸੇਤੀਆ ਵੀ ਅਦਾਕਾਰੀ ਦੇ ਜਲਵੇ ਦਿਖਾ ਰਹੇ ਹਨ। ਪ੍ਰੀਤ ਦੇ ਹਿੱਸੇ ਇਸ ਵਿਚ ਮਨੀਸ਼ਾ ਦੇ ਪੁੱਤਰ ਦੀ ਭੂਮਿਕਾ ਨਿਭਾਉਣਾ ਆਇਆ ਹੈ; ਅਜਿਹਾ ਪੁੱਤਰ ਜੋ ਫਿਲਮ ਸਟਾਰ ਬਣਨ ਦੇ ਸੁਪਨੇ ਦੇਖਦਾ ਰਹਿੰਦਾ ਹੈ। ਉਹ ਕੰਮਕਾਰ ਨਹੀਂ ਕਰਦਾ, ਇਸ ਲਈ ਮਾਂ ਨੂੰ ਪੁਸ਼ਤੈਨੀ ਹੋਟਲ ਚਲਾ ਕੇ ਘਰ ਚਲਾਉਣਾ ਪੈਂਦਾ ਹੈ। ਇਸ ਸੀਰੀਜ਼ ਦੇ ਨਾਲ-ਨਾਲ ਮਨੀਸ਼ਾ ਇਕ ਹੋਰ ਵੈੱਬ ਸੀਰੀਜ਼ 'ਫ੍ਰੀਡਮ' ਵਿਚ ਵੀ ਅਦਾਕਾਰੀ ਕਰ ਰਹੀ ਹੈ।

# ਭੱਟ ਭੈਣਾਂ ਦੀ ਮੜ੍ਹਕ: ਸੜਕ-2



ਆਲੀਆ ਭੱਟ ਨੇ ਆਪਣਾ 27ਵਾਂ ਜਨਮ ਦਿਨ ਕੇਕ ਕੱਟ ਕੇ ਮਨਾਇਆ। 'ਬ੍ਰਹਮ ਸ਼ਾਸਤਰ' ਇਸ ਸਮੇਂ ਉਸ ਦੀ ਰਣਬੀਰ ਕਪੂਰ ਨਾਲ ਆਉਣ ਵਾਲੀ ਖਾਸ ਫਿਲਮ ਹੈ। ਇਹ ਫਿਲਮ ਇਸ ਸਾਲ ਦੇ ਅਖੀਰ ਵਿਚ 4 ਦਸੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਸ ਦੀ ਹੋਰ ਫਿਲਮਾਂ (ਸੜਕ-2, ਗੰਗਾਬਾਈ ਕਾਠੀਆਵਾੜੀ ਅਤੇ ਆਰ.ਆਰ.ਆਰ.) ਬਣ ਰਹੀਆਂ ਹਨ। 'ਸੜਕ-2' ਦਾ ਨਿਰਦੇਸ਼ਕ, ਉਸ ਦਾ ਪਿਤਾ ਮਹੇਸ਼ ਭੱਟ ਹੈ ਜਿਹੜਾ ਤਕਰੀਬਨ ਵੀਰ ਵਰ੍ਹਿਆਂ ਦੇ ਵਕਫੇ ਬਾਅਦ ਫਿਲਮ ਨਿਰਦੇਸ਼ਨ ਦੇ ਖੇਤਰ ਵਿਚ ਆ ਰਿਹਾ ਹੈ। ਇਸ ਫਿਲਮ ਤੋਂ ਉਸ ਨੂੰ ਬਹੁਤ ਆਸਾਂ ਹਨ।

ਫਿਲਮ 'ਸੜਕ-2' ਰਵੀ ਦੀ ਕਹਾਣੀ ਹੈ ਜੋ ਡਿਪਰੈਸ਼ਨ ਦੀ ਬਿਮਾਰੀ ਤੋਂ ਪੀੜਤ ਹੈ। ਇਸ ਫਿਲਮ ਵਿਚ ਨਕਲੀ ਆਸ਼ਰਮਾਂ ਦੀ ਸਿਆਸਤ ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹ ਫਿਲਮ ਇਸੇ ਸਾਲ 10 ਜੁਲਾਈ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਯਾਦ ਰਹੇ ਕਿ ਫਿਲਮ 'ਸੜਕ' 1991 ਵਿਚ ਰਿਲੀਜ਼ ਹੋਈ ਸੀ ਅਤੇ ਹੁਣ ਇਸ ਦਾ ਦੂਜਾ ਭਾਗ ਬਣਾਇਆ ਜਾ ਰਿਹਾ ਹੈ। ਉਸ ਫਿਲਮ ਵਿਚ ਸੰਜੇ ਦੱਤ ਅਤੇ ਪੂਜਾ ਭੱਟ ਦੀਆਂ ਮੁੱਖ ਭੂਮਿਕਾਵਾਂ ਸਨ। ਹੁਣ 'ਸੜਕ-2 ਵਿਚ ਸੰਜੇ ਦੱਤ ਅਤੇ ਪੂਜਾ ਭੱਟ ਤਾਂ ਹਨ ਹੀ, ਇਸ ਫਿਲਮ ਵਿਚ ਆਲੀਆ ਭੱਟ ਅਤੇ ਅਦਿੱਤਿਆ ਰਾਏ ਕਪੂਰ ਨੂੰ ਵੀ ਲਿਆ ਗਿਆ ਹੈ। ਆਪਣੀ ਦੀਦੀ ਪੂਜਾ ਭੱਟ ਨੂੰ ਉਹ ਆਪਣਾ ਗੁਰੂ, ਉਸਤਾਦ, ਅਧਿਆਪਕ ਮੰਨਦੀ ਹੈ ਅਤੇ ਆਪਣੇ ਕੰਮ ਵਲ ਵਾਹਵਾ ਧਿਆਨ ਦਿੰਦੀ ਹੈ।

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100%
OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੋਰ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com